*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 14, ਅੰਕ-3, ਮਾਰਚ 2024 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਜਮਹੂਰੀਅਤ ਦੇ ਖਾਤਮੇ ਵੱਲ ਵਧਦੇ ਕਦਮ...



ਦੁਨੀਆ ਭਰ ਦੇ ਲੋਕਾਂ ਨੇ ਕਈ ਦਹਾਕੇ ਲੜ ਕੇ ਵੱਖ-ਵੱਖ ਕਿਸਮ ਦੀਆਂ ਜਮਹੂਰੀਅਤਾਂ ਹਾਸਲ ਕੀਤੀਆਂ, ਸਾਮਰਾਜੀ ਮੁਲਕਾਂ ਦੇ ਜੂਲੇ ਨੂੰ ਲਾਹੁਣ ਵਾਸਤੇ ਹਜ਼ਾਰਾਂ ਦੇਸ਼ ਭਗਤਾਂ ਨੇ ਕੁਰਬਾਨੀਆਂ ਦਿੱਤੀਆਂ, ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵੱਡੀਆਂ ਇਨਕਲਾਬੀ ਤਬਦੀਲੀਆਂ ਤੇ ਬਸਤੀਵਾਦੀ ਹੁਕਮਰਾਨਾਂ ਨੂੰ ਮੁਲਕਾਂ 'ਚੋਂ ਕੱਢਣ ਦੇ ਰਹੇ ਹਨ, ਇਸ 'ਚ ਦੇਸ਼ ਭਗਤਾਂ, ਗ਼ਦਰੀ ਬਾਬਿਆਂ ਤੇ ਭਗਤ ਸਿੰਘ ਤੇ ਉਨ੍ਹਾਂ ਦੇ ਨੌਜਵਾਨ ਸਾਥੀਆਂ ਨੇ ਆਪਾਂ ਵਾਰ ਕੇ ਲੜਾਈਆਂ ਲੜੀਆਂ, ਭਾਰਤ 'ਚ ਅਜ਼ਾਦੀ ਤੋਂ ਬਾਅਦ ਜਮਹੂਰੀਅਤ ਦੇ ਕਾਇਦੇ ਕਾਨੂੰਨ ਲੋਕਾਂ ਨੂੰ ਸੰਘਰਸ਼ ਕਰਨ, ਲੜਾਈ ਲੜਨ ਤੇ ਆਪਣੀਆਂ ਆਵਾਜ਼ਾਂ ਉਠਾਉਣ ਲਈ ਦੇਸ਼ 'ਚ ਸਥਾਨ ਪ੍ਰਦਾਨ ਕਰਦੇ ਰਹੇ। ਹਾਲਾਂਕਿ ਐਮਰਜੈਂਸੀ ਵਰਗੇ ਕਾਲੇ ਦੌਰ ਦੀ ਲੜਨ ਵਾਲੇ ਲੋਕਾਂ ਨੇ ਦੇਖੇ, ਪਰ ਜਿਸ ਕਿਸਮ ਨਾਲ ਵਰ੍ਹਾ 2014 ਤੋਂ ਲੋਕਾਂ ਦੀ ਆਵਾਜ਼ ਨੂੰ ਦਬਾਉਣ ਲਈ ਅਜੋਕੀ ਮੋਦੀ ਸਰਕਾਰ ਨੇ ਰਾਹ ਅਖਤਿਆਰ ਕੀਤਾ, ਉਸ ਦਾ ਸਭ ਤੋਂ ਕਰੂਪ ਚਿਹਰਾ 13 ਫਰਵਰੀ 2024 ਨੂੰ ਸ਼ੰਭੂ ਤੇ ਖਨੌਰੀ ਬਾਰਡਰਾਂ ਉਤੇ ਦੇਖਿਆ ਗਿਆ, ਇਸ ਤੋਂ ਹਫ਼ਤਾ ਪਹਿਲਾਂ ਦੇਸ਼ ਦੇ ਅੰਦਰ ਹੀ ਨਵੀਆਂ ਕੰਡਿਆਲੀਆਂ ਸਰਹੱਦਾਂ ਬਣਾ ਦਿੱਤੀ, ਇਹ ਦਿਖਾ ਦਿੱਤਾ ਕਿ ਅਜੋਕਾ ਹੁਕਮਰਾਨ ਹਰੇਕ ਆਵਾਜ਼ ਨੂੰ ਦਬਾਉਣ ਲਈ ਪੂਰੀ ਤਿਆਰੀ 'ਚ ਹੈ, ਪਜ ਜੋ 'ਜਮਹੂਰੀਅਤ' ਦਾ ਰੂਪ ਸੰਘਰਸ਼ੀ ਕਿਸਾਨਾਂ ਉਪਰ ਗੋਲੀਆਂ, ਅੱਥਰੂ ਗੈਸ ਤੇ ਹਰੇਕ ਕਿਸਮ ਦੇ ਅੱਤਿਆਚਾਰ ਰਾਹੀਂ ਦਿਖਾਇਆ, ਲੋਕਾਂ ਦੇ ਚੇਤਿਆਂ 'ਚ ਮੁੜ ਜ਼ਿਲ੍ਹਿਆਂਵਾਲੇ ਬਾਗ ਦਾ ਸਾਕਾ ਯਾਦ ਆ ਗਿਆ, ਇਕ ਕਿਸਮ ਨਾਲ ਅਜੋਕੇ ਹੁਕਮਰਾਨਾ ਨੇ ਬਚੀ ਖੁਚੀ ਜਮਹੂਰੀਅਤ ਦਾ ਭੋਗ ਪਾ ਦਿੱਤਾ, ਇਹ ਵੀ ਦਰਸਾ ਦਿੱਤਾ ਕਿ ਅਜੋਕਾ ਹੁਕਮਰਾਨ ਕਿੰਨਾ ਡਾਢਾ ਹੈ ਉਹ ਮੰਗੀਆਂ ਮੰਗਾਂ ਨੂੰ ਲਾਗੂ ਕਰਵਾਉਣ ਦੇ ਰਾਹ 'ਚ ਵੀ ਕਿਸ ਕਿਸਮ ਦੀ ਰੋਕ ਤੇ ਤਬਾਹੀ ਲਿਆ ਸਕਦਾ ਹੈ, ਭਾਰਤ ਜਿਥੇ ਇਕ ਵਾਰੀ ਧਾਰਮਿਕ ਵੰਡੀਆਂ 'ਚ ਵੱਧ ਰਿਹਾ, ਆਰਥਿਕ ਮੰਦਵਾੜਾ ਲੋਕਾਂ ਦੀ ਜਾਨ ਕੱਢ ਰਿਹਾ ਹੈ ਤੇ ਲੋਕਾਂ ਦੀਆਂ ਆਵਾਜ਼ਾਂ ਨੂੰ ਦਬਾਉਣ ਲਈ ਕਾਲੇ ਕਾਨੂੰਨ ਹਕੂਮਤੀ ਚਿਹਰਾ ਦਿਖਾ ਰਹੇ ਹਨ, ਇਹ ਸ਼ਾਇਰ ਪਾਸ਼ ਦੀਆਂ ਲਾਈਨਾਂ 'ਚ "ਸਾਡੇ ਸਮਿਆਂ 'ਚ ਹੀ ਹੋਣਾ ਸੀ" ਵਾਂਗ ਵਾਪਰ ਰਿਹਾ ਹੈ। ਦੁਨੀਆ ਭਰ ਦੇ ਕਈ ਵਿਦਵਾਨ ਤੇ ਲਿਖਤਾਂ ਪਹਿਲਾਂ ਹੀ ਵੱਖ ਵੱਖ ਰਿਪੋਰਟਾਂ 'ਚ ਖਦਸ਼ੇ ਜ਼ਾਹਿਰ ਕਰ ਚੁੱਕੇ ਹਨ ਕਿ ਭਾਰਤ 'ਚ ਜਮਹੂਰੀਅਤ ਦਾ ਪੱਧਰ ਗਿਰ ਗਿਆ ਹੈ, ਲੋਕਪੱਖੀ ਵਿਦਵਾਨਾਂ, ਪੱਤਰਕਾਰਾਂ, ਖੱਬੇਪੱਖੀ ਚਿੰਤਕਾਂ ਨੂੰ ਜੇਲ੍ਹਾਂ 'ਚ ਛੁਟਿਆ ਜਾ ਰਿਹਾ ਹੈ, ਸਿਰਫ਼ ਸੱਤਾ ਦੀ ਸਲਾਮਤੀ ਵਾਲੀਆਂ ਆਵਾਜ਼ਾਂ ਨੂੰ ਨਫ਼ਰਤ ਫੈਲਾਉਣ ਦੀ ਆਗਿਆ ਦਿੱਤੀ ਜਾ ਰਹੀ ਹੈ।

ਹੁਣ ਜਦੋਂ ਭਾਰਤ ਆਪਣੀ ਨਵੀਂ ਪਾਰਲੀਮੈਂਟ ਬਣਾਉਣ ਲਈ ਵੋਟਾਂ ਦੇ ਦੌਰ 'ਚ ਪ੍ਰਵੇਸ਼ ਕਰਨ ਜਾ ਰਿਹਾ ਹੈ, ਹਕੂਮਤੀ ਰੂਪ ਪਹਿਲਾਂ ਹੀ ਜਮਹੂਰੀਅਤ ਦਾ ਇਕ ਕਿਸਮ ਨਾਲ ਭੋਗ ਪਾਉਣ ਜਾ ਰਹੀ ਹੈ, ਸੱਤਾ ਉਪਰ ਕਬਜ਼ੇ ਲਈ ਹਰੇਕ ਕਿਸਮ ਦੀ ਨਫ਼ਰਤੀ ਰਾਜਨੀਤੀ ਪੱਕੀ ਕੀਤੀ ਜਾ ਰਹੀ ਹੈ, ਭਾਰਤ ਦਾ ਭਵਿੱਖ ਹੀ ਨਹੀਂ ਬਲਕਿ ਏਸ਼ੀਆ ਦਾ ਖਿੱਤਾ ਇਸ ਮੋਦੀ ਹਕੂਮਤ ਦੇ ਹੋਰ ਅਗਾਂਹ ਸੱਤਾ 'ਚ ਰਹਿਣ ਨਾਲ ਨਵੇਂ ਸੰਕਟਾਂ ਨੂੰ ਜਨਮ ਦੇਵੇਗਾ।

ਨਵੀਆਂ ਚੁਣੌਤੀਆਂ ਜਿਹੜੀਆਂ ਲੜਨ ਵਾਲੇ ਲੋਕਾਂ ਸਾਹਮਣੇ ਆ ਗਈਆਂ ਹਨ, ਉਨ੍ਹਾਂ ਚੁਣੌਤੀਆਂ ਨੂੰ ਸਰ ਕਰਨ ਲਈ ਬਚੇਖੁਚੇ ਜਮਹੂਰੀਅਤ ਹਿੱਸੇ, ਲੜਨ ਵਾਲੇ ਰਾਜਨੀਤਕ ਵਰਗਾਂ, ਸੰਘਰਸ਼ਸ਼ੀਲ ਯੂਨੀਅਨਾਂ ਦੇ ਇਕਜੁਟ ਹੋ ਕੇ ਲੜਨ ਤੋਂ ਬਿਨਾਂ ਕੋਈ ਗੁਜ਼ਾਰਾ ਨਹੀਂ, ਜਿਹੜਾ ਸਬਕ ਅਸੀਂ ਕਿਸਾਨ ਅੰਦੋਲਨ 'ਚ ਵਰ੍ਹਾ 2021 ਤੋਂ ਸਿੱਖਿਆ ਸੀ, ਉਸ ਤੋਂ ਬਿਨਾਂ ਕੋਈ ਹੋਰ ਰਸਤਾ ਨਹੀਂ। ਜੇ ਇਹ ਰਸਤਾ ਅਖਤਿਆਰ ਨਾ ਕੀਤਾ ਤਾਂ ਹੁਣ ਕੰਡਿਆਲੀਆਂ ਤਾਰਾਂ 'ਤੇ ਲਾਠੀਆਂ ਹੀ ਜਮਹੂਰੀਅਤ ਨੂੰ ਰੋਕਣ ਲਈ ਬਹੁਤ ਹਨ, ਫਿਰ ਕੋਈ ਕਿਸੇ ਲਈ ਆਵਾਜ਼ ਉਠਾਉਣ ਵਾਲਾ ਸੰਘਰਸ਼ ਕਰਨ ਵਾਲਾ ਨਹੀਂ ਅੱਗੇ ਆਵੇਗਾ ਜੇ ਅਸੀਂ ਇਕਜੁਟ ਹੋ ਕੇ ਇਕ ਦੇਸ਼ ਪੱਧਰੀ ਟਾਕਰਾ ਖੜ੍ਹਨਾ ਨਾ ਕੀਤਾ ਇਹ ਹੀ ਸਮੇਂ ਦੀ ਮੰਗ ਹੈ।

**- ਸੰਪਾਦਕੀ ਬੋਰਡ**

**ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਵਲੋਂ ਪਹਿਲਾਂ ਦੀ ਤਰ੍ਹਾਂ 2024 ਦਾ ਇਕ ਰੋਜ਼ਾ ਪੁਸਤਕ ਮੇਲਾ ਮਾਰਚ ਦੇ ਤੀਜੇ ਜਾਂ ਚੌਥੇ ਐਤਵਾਰ ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਡਾ. ਭੁੱਲਰ ਵਾਲਾ ਪਲਾਜ਼ਾ ਵਿਖੇ ਪਹਿਲਾਂ ਵਾਲੇ ਸਥਾਨ 'ਤੇ ਹੀ ਲੱਗੇਗਾ।**

**ਹੋਰ ਜਾਣਕਾਰੀ ਲਈ**
**ਮਾ. ਭਜਨ ਸਿੰਘ 403-455-4220**
**ਹਰਚਰਨ ਪਰਹਾਰ 403-681-8689**
**'ਤੇ ਸੰਪਰਕ ਕਰੋ**


















NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'

ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ

Payment Plans Available



www.careinc.ca

Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca



14 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | ਵਿਨੀਪੈੱਗ | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |

ALPHAONE PHYSIOTHERAPY CHIRO & MASSAGE

ਐਕਸੀਡੈਂਟ 'ਚ ਲੱਗੀਆਂ ਸੱਟਾਂ ਜਾਂ ਕਿਸੇ ਵੀ ਤਰ੍ਹਾਂ ਦੀਆਂ ਜੋੜਾਂ ਦੀਆਂ ਦਰਦਾਂ ਦਾ ਪੱਕਾ ਇਲਾਜ ਕਰਾਉਣ ਲਈ ਮਿਲੋ

ਦਰਦ ਦਾ ਪੱਕਾ ਦੁਸ਼ਮਣ

to book Call

403-768-3000

ਸਾਹਮਣੇ ਗੋਬਿੰਦ ਸਰਵਰ ਸਕੂਲ

108, 78 Saddlepeace Manor NE , Calgary | info@alphaphysio.ca

The Chaat Bar & Parontha Place



403-460-0405 | 403-478-8324

2030-6004 Country Hills Blvd, NE
Calgary AB T3N 1A8

info@chaatbar.ca | www.chaatbar.ca

Contact For Catering

Harpreet Parmar CPA, CGA

Chartered Professional Accountant

• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business

Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)

Ph: (403) 271-5100, Fax: (403) 271-5171

Email: hparmar@hppcorp.ca
Website: www.hppcorp.ca



HARPINDER SIDHU
(403) 404-3500

Punjab Insurance Inc.

Super Visa Insurance

Your Expert Advisor for SUPER VISA INSURANCE

• Life Insurance • Mortgage Insurance • Critical Illness Insurance • Disability Insurance • RESP, RRSP

303, 7- Westwinds Cres. NE Calgary AB, Canada T3J5H2

Website : www.calgaryinsurancequotes.com



**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।



















**Reliance /Legal Group LLP**
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਕਿਸਾਨ ਅੰਦੋਲਨ-2 : ਸੰਭਾਵਨਾਵਾਂ ਅਤੇ ਸਮੱਸਿਆਵਾਂ



ਬੂਟਾ ਸਿੰਘ
ਮਹਿਮੂਦਪੁਰ
94634-74342



*ਵਿਚਾਰਧਾਰਕ ਅਣਹੋਂਦ ਤੇ ਇਕਜੁਟਤਾ ਦੀ ਘਾਟ ਕਈ ਵਾਰੀ ਜਿੱਤੀਆਂ ਲੜਾਈਆਂ ਨੂੰ ਵੀ ਹਾਰ 'ਚ ਤਬਦੀਲ ਕਰ ਸਕਦੀ ਹੈ, ਇਹ ਦੁਨੀਆ ਦੇ ਇਤਿਹਾਸ ਦੇ ਪੰਨਿਆਂ ਉਪਰ ਵੱਡੇ ਚਿੰਤਕਾਂ ਮਾਰਕਸ, ਲੈਨਿਨ, ਮਾਓ ਤੇ ਭਗਤ ਸਿੰਘ ਹੋਰਾਂ ਨੇ ਵਾਰ ਵਾਰ ਲਿਖਿਆ ਹੈ, ਇਤਿਹਾਸ 'ਚ ਬਹੁਤ ਵਾਰੀ ਇਹ ਵਾਪਰਿਆ। ਹੁਣ ਦੇ ਦੌਰ 'ਚ ਬੜਾ ਅਸਾਨ ਹੈ ਜਦੋਂ ਹਕੂਮਤਾਂ ਕੋਲ ਰਾਜ ਕਰਦੇ ਸਮੇਂ ਇਕ ਬਰਾਬਰ ਲੋਕਾਂ 'ਚ ਵੀ ਆਪਣੇ ਵਿਚਾਰਾਂ ਲਈ ਜਥੇਬੰਦੀਆਂ, ਮੀਡੀਆ, ਸੋਸ਼ਲ ਮੀਡੀਆ ਤੇ ਸਰਕਾਰੀ ਤੰਤਰਜਾਲ ਮੌਜੂਦ ਹੈ ਜੋ ਹਰੇਕ ਕਿਸਮ ਨਾਲ ਸੰਘਰਸ਼ਾਂ ਨੂੰ ਖਦੇੜਨ ਦੀ ਸਮਰੱਥਾ ਰੱਖਦਾ ਹੈ, ਇਨ੍ਹਾਂ ਸਥਿਤੀਆਂ ਨੂੰ ਸਮਝਣ ਲਈ ਕਿਸਾਨ ਅੰਦੋਲਨ-2 ਦੀ ਲਿਖਤ ਅਹਿਮ ਪਹਿਲੂ ਉਧੇੜਦੀ ਹੈ। -ਸੰਪਾਦਕ*

ਕਿਸਾਨ ਅੰਦੋਲਨ ਇਕ ਵਾਰ ਫਿਰ ਸੁਰਖ਼ੀਆਂ 'ਚ ਹੈ ਅਤੇ 'ਗ਼ੈਰਰਾਜਨੀਤਕ' ਧੜੇ ਦੇ ਆਗੂਆਂ ਦੀ ਸਰਕਾਰ ਨਾਲ ਗੱਲਬਾਤ ਹੁਣ ਤੱਕ ਬੇਸਿੱਟਾ ਰਹੀ ਹੈ। ਇਸ ਦੌਰਾਨ ਬੇਕਿਰਕ ਜਬਰ ਨਾਲ ਸੈਂਕੜੇ ਕਿਸਾਨ ਫੱਟੜ ਹੋ ਚੁੱਕੇ ਹਨ। ਬੁਰੀ ਤਰ੍ਹਾਂ ਫੱਟੜ 46 ਕਿਸਾਨ ਰਾਜਿੰਦਰ ਹਸਪਤਾਲ ਪਟਿਆਲਾ ਵਿਚ ਜੇਰੇ-ਇਲਾਜ ਹਨ, ਜਿਨ੍ਹਾਂ ਵਿੱਚੋਂ 18 ਕਿਸਾਨਾਂ ਦੇ ਜਿਸਮਾਂ ਉੱਪਰ ਗੋਲੀਆਂ ਲੱਗੀਆਂ ਹਨ। ਇਕ ਨੌਜਵਾਨ ਸ਼ੁਭਕਰਨ ਸਿੰਘ ਗੋਲੀ ਲੱਗਣ ਨਾਲ ਮਾਰਿਆ ਗਿਆ, ਇਕ ਕਿਸਾਨ ਕਰਨੈਲ ਸਿੰਘ ਹਸਪਤਾਲ ਵਿਚ ਦਮ ਤੋੜ ਗਿਆ ਅਤੇ ਤਿੰਨ ਕਿਸਾਨਾਂ ਦੀਆਂ ਅੱਖਾਂ ਦੀ ਜੋਤ ਖ਼ਤਮ ਹੋ ਗਈ। ਇਕ ਨੌਜਵਾਨ ਪ੍ਰਿਤਪਾਲ ਸਿੰਘ ਨੂੰ ਅਗਵਾ ਕਰਕੇ ਹਰਿਆਣਾ ਪੁਲਿਸ ਨੇ ਐਨੀ ਬੇਕਿਰਕੀ ਨਾਲ ਤਸ਼ੱਦਦ ਕੀਤਾ ਕਿ ਉਸ ਦੀਆਂ ਲੱਤਾਂ ਤੇ ਜਬਾੜਾ ਤੋੜਨ ਦੇ ਨਾਲ-ਨਾਲ ਪੂਰਾ ਜਿਸਮ ਜ਼ਖ਼ਮੀ ਕੀਤਾ ਹੋਇਆ ਹੈ ਜੋ ਪੀਜੀਆਈ ਚੰਡੀਗੜ੍ਹ ਵਿਚ ਦਾਖ਼ਲ ਹੈ। ਖਨੌਰੀ ਬਾਰਡਰ ਉੱਪਰ ਕਿਸਾਨਾਂ ਨੂੰ ਸਿੱਧੀਆਂ ਗੋਲੀਆਂ ਮਾਰਨ ਸਮੇਂ ਸੁੱਰਖਿਆ ਬਲਾਂ ਦੇ ਭੇਖ 'ਚ ਗ਼ੈਰਕਾਨੂੰਨੀ ਹਥਿਆਰਾਂ ਨਾਲ ਲੈਸ ਭਗਵਾ ਗੁੰਡਿਆਂ ਵੱਲੋਂ ਹਮਲੇ 'ਚ ਸ਼ਾਮਲ ਹੋਣ ਦੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ। ਹਰਿਆਣਾ ਦੇ ਕਿਸਾਨਾਂ ਨੂੰ ਅੰਦੋਲਨ ਵਿਚ ਸ਼ਾਮਲ ਹੋਣ ਤੋਂ ਰੋਕਣ ਲਈ ਵਿਆਪਕ ਪੈਮਾਨੇ 'ਤੇ ਜਬਰ ਅਤੇ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ। ਬੇਸ਼ੱਕ ਕਿਸਾਨਾਂ ਉੱਪਰ ਨੈਸ਼ਨਲ ਸਕਿਊਰਿਟੀ ਐਕਟ ਲਾਉਣ ਦਾ ਫ਼ੈਸਲਾ ਖੱਟਰ ਸਰਕਾਰ ਨੇ ਵਾਪਸ ਲੈ ਲਿਆ ਪਰ ਕਿਸਾਨਾਂ ਨੂੰ ਘਰਾਂ 'ਚ ਬੰਦ ਰੱਖਣ ਦਾ ਸਿਲਸਿਲਾ ਜਾਰੀ ਹੈ। ਕਿਸਾਨਾਂ ਦੇ ਹੌਸਲੇ ਪਸਤ ਕਰਨ ਲਈ ਹਰਿਆਣਾ ਅਤੇ ਦਿੱਲੀ ਦੀਆਂ ਹੱਦਾਂ ਉੱਪਰ ਉਸਾਰੇ ਕੰਕਰੀਟ ਦੇ ਬੈਰੀਕੇਡਾਂ, ਹਾਈਵੇਅ ਉੱਪਰ ਗੱਡੇ ਕਿੱਲਾਂ, ਕੰਡਿਆਲੀ ਤਾਰ ਦੀਆਂ ਵਾੜਾਂ, ਜੰਗੀ ਪੈਮਾਨੇ 'ਤੇ ਕੇਂਦਰੀ ਸੁੱਰਖਿਆ ਬਲਾਂ ਤੇ ਪੁਲਿਸ ਦੀ ਤਾਇਨਾਤੀ ਅਤੇ ਸ਼ਾਂਤਮਈ ਕਿਸਾਨਾਂ ਉੱਪਰ ਡਰੋਨਾਂ ਨਾਲ ਗੋਲਾਬਾਰੀ ਤੇ ਪੈਲੇਟ ਗੰਨਾਂ ਦੇ ਮੰਜ਼ਰ ਦੇਖ ਕੇ ਪੂਰੀ ਦੁਨੀਆ ਨੂੰ ਪਤਾ ਲੱਗ ਗਿਆ ਹੈ ਕਿ ਭਗਵਾ ਹਕੂਮਤ ਨੇ ਕਿਸਾਨ ਅੰਦੋਲਨ ਨੂੰ ਕੁਚਲਣ ਲਈ ਆਪਣੇ ਹੀ ਮੁਲਕ ਦੇ ਅੰਦਰ ਆਪਣੇ ਹੀ ਲੋਕਾਂ ਵਿਰੁੱਧ ਸਰਹੱਦ ਖੜ੍ਹੀ ਕਰਕੇ ਕਿਸ ਤਰ੍ਹਾਂ ਦਾ ਦਹਿਸ਼ਤਵਾਦੀ ਯੁੱਧ ਵਿੱਢਿਆ ਹੋਇਆ ਹੈ।

ਜਦੋਂ ਐੱਸ.ਕੇ.ਐੱਮ. (ਸੰਯੁਕਤ ਕਿਸਾਨ ਮੋਰਚਾ) ਮੁੜ ਅੰਦੋਲਨ ਖੜ੍ਹਾ ਕਰਨ ਲਈ ਯਤਨਸ਼ੀਲ ਹੈ, ਇਸ ਦੌਰਾਨ ਇਸ ਸਾਂਝੇ ਮੰਚ ਤੋਂ ਵੱਖ ਹੋਈਆਂ ਕੁਝ ਕਿਸਾਨ ਜਥੇਬੰਦੀਆਂ 'ਤੇ ਆਧਾਰਤ 'ਗ਼ੈਰਰਾਜਨੀਤਕ ਸੰਯੁਕਤ ਕਿਸਾਨ ਮੋਰਚੇ' ਅਤੇ ਪੰਧੇਰ ਗਰੁੱਪ ਤੇ ਹੋਰ ਰਾਜਾਂ ਦੀਆਂ ਜਥੇਬੰਦੀਆਂ ਦੇ 'ਕਿਸਾਨ ਮਜ਼ਦੂਰ ਫੋਰਮ' ਨੇ 13 ਫਰਵਰੀ ਨੂੰ ਦਿੱਲੀ ਵੱਲ ਕੂਚ ਕਰਨ ਦਾ ਯਤਨ ਕੀਤਾ। ਪਿਛਲੇ ਕਿਸਾਨ ਅੰਦੋਲਨ ਦੀ ਤਾਕਤ ਤੋਂ ਭੈਭੀਤ ਆਰ.ਐੱਸ.ਐੱਸ.-ਭਾਜਪਾ ਨੇ ਦਿੱਲੀ ਦੀਆਂ ਹੱਦਾਂ ਉੱਪਰ ਵੀ ਫੋਰਸ ਦੀ ਵੱਡੀ ਨਫ਼ਰੀ ਲਗਾ ਕੇ ਪੱਕੇ ਬੈਰੀਕੇਡ ਬਣਾ ਲਏ ਅਤੇ ਆਪਣੇ ਹਰਿਆਣੇ ਦੇ ਸੂਬੇਦਾਰ ਖੱਟਰ ਨੂੰ ਅੱਗੇ ਲਾ ਕੇ ਕਿਸਾਨਾਂ ਦੇ ਇਸ ਕੂਚ ਨੂੰ ਅਗਾਊਂ ਮਜ਼ਬੂਤ ਪੇਸ਼ਬੰਦੀ ਰਾਹੀਂ ਸ਼ੰਭੂ ਤੇ ਖਨੌਰੀ ਬਾਰਡਰਾਂ ਉੱਪਰ ਰੋਕ ਲਿਆ। ਇਸ ਐਕਸ਼ਨ ਨਾਲ, ਐੱਸ.ਕੇ.ਐੱਮ. ਦੇ ਸਮਾਂਤਰ, ਕਿਸਾਨਾਂ ਨਾਲ ਸੱਤਾ ਦੇ ਟਕਰਾਅ ਦਾ ਇਕ ਚਰਚਿਤ ਮੁਹਾਜ਼ ਪੰਜਾਬ-ਹਰਿਆਣਾ ਦੇ ਸ਼ੰਭੂ ਅਤੇ ਖਨੌਰੀ ਬਾਰਡਰ ਬਣ ਗਏ। ਅਵਾਮ ਨੂੰ ਟਿੱਚ ਸਮਝਣ ਵਾਲੀ ਆਰ.ਐੱਸ.ਐੱਸ.-ਭਾਜਪਾ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਹੈ ਕਿ ਭਾਰਤ ਦਾ ਸੰਵਿਧਾਨ ਨਾਗਰਿਕਾਂ ਨੂੰ ਆਪਣੇ ਮੰਗਾਂ-ਮਸਲਿਆਂ ਲਈ ਪੁਰਅਮਨ ਅੰਦੋਲਨ ਕਰਨ ਦਾ ਹੱਕ ਦਿੰਦਾ ਹੈ। ਅੰਦੋਲਨਾਂ ਪ੍ਰਤੀ ਦੁਸ਼ਮਣਾਂ ਵਾਲਾ ਵਤੀਰਾ ਦੱਸਦਾ ਹੈ ਕਿ ਬੇਸ਼ੱਕ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਭਗਵਾ ਹਕੂਮਤ ਲਈ ਇਹ ਇਕ ਹੱਦ ਤੱਕ ਕਸੂਤੀ ਹਾਲਤ ਹੈ, ਪਰ ਆਪਣੇ ਫਾਸ਼ੀਵਾਦੀ ਖ਼ਾਸੇ ਅਨੁਸਾਰ ਭਗਵਾ ਹਕੂਮਤ ਮੁਲਕ ਦੇ ਲੋਕਾਂ ਨੂੰ ਅਧਿਕਾਰ ਵਿਹੂਣੇ ਬੇਜ਼ੁਬਾਨ ਗ਼ੁਲਾਮ ਬਣਾ ਕੇ ਰੱਖਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ।

2024 ਦੀਆਂ ਚੋਣਾਂ ਸਿਰ 'ਤੇ ਹੋਣ ਕਾਰਨ ਲਗਾਤਾਰ ਬੇਤਹਾਸ਼ਾ ਜਬਰ ਕਰਦੇ ਰਹਿਣਾ ਸਰਕਾਰ ਲਈ ਸਮੱਸਿਆ ਬਣ ਸਕਦਾ ਸੀ। ਇਸ ਕਰਕੇ, ਜਬਰ ਦੇ ਹੱਲੇ ਨੂੰ ਮੱਠਾ ਪਾ ਕੇ ਗੱਲਬਾਤ ਦੇ ਗੇੜਾਂ ਦੌਰਾਨ ਤਿਲਕਾਊ ਪੇਸ਼ਕਸ਼ਾਂ ਦੁਆਰਾ ਅੰਦੋਲਨ ਨੂੰ ਸੱਟ ਮਾਰਨ ਦੀ ਚਾਲ ਖੇਡੀ ਗਈ। 8 ਫਰਵਰੀ ਤੋਂ ਸ਼ੁਰੂ ਹੋ ਕੇ ਗੱਲਬਾਤ ਦੇ ਚਾਰ ਗੇੜ 'ਚ ਮੰਗਾਂ ਨੂੰ ਲੈ ਕੇ ਕੋਈ ਸਹਿਮਤੀ ਨਹੀਂ ਬਣੀ। 'ਆਮ ਆਦਮੀ ਸਰਕਾਰ' ਦਾ ਮੁੱਖ ਮੰਤਰੀ ਭਗਵੰਤ ਮਾਨ ਗੱਲਬਾਤ 'ਚ ਵਿਚੋਲਗੀ ਕਰ ਰਿਹਾ ਹੈ ਅਤੇ ਖ਼ੁਦ ਨੂੰ 'ਕਿਸਾਨਾਂ ਦਾ ਵਕੀਲ' ਕਹਿ ਰਿਹਾ ਹੈ। ਵਿਚੋਲਗੀ ਦੀ ਇਸ ਕਵਾਇਦ ਦਾ ਵਾਹਦ ਮਨੋਰਥ ਆਪਣੀਆਂ ਨਾਕਾਮੀਆਂ ਤੋਂ ਧਿਆਨ ਹਟਾਉਣਾ ਅਤੇ ਕਿਸਾਨਾਂ ਤੇ ਪੰਜਾਬ ਪ੍ਰਤੀ ਫੋਕੀ ਹਮਦਰਦੀ ਦਿਖਾ ਕੇ ਇਸ ਨੂੰ ਆਪਣੇ ਸੌੜੇ ਰਾਜਨੀਤਕ ਹਿਤ 'ਚ ਭੁਗਤਾਉਣਾ ਹੈ। ਜਿੱਥੋਂ ਤੱਕ ਪੰਜਾਬ ਅਤੇ ਕਿਸਾਨਾਂ ਨੂੰ ਬਚਾਉਣ ਦਾ ਸਵਾਲ ਹੈ, ਖੱਟੜ ਦੀ ਸ਼ਿਸ਼ਕੇਰੀ ਹਰਿਆਣਾ ਪੁਲਿਸ ਵੱਲੋਂ ਪੰਜਾਬ ਦੇ ਖੇਤਰ ਵਿਚ ਘੁਸ ਕੇ ਕਿਸਾਨਾਂ ਉੱਪਰ ਡਰੋਨਾਂ ਤੇ ਹੋਰ ਤਰੀਕਿਆਂ ਨਾਲ ਲਗਾਤਾਰ ਗੋਲੀਬਾਰੀ ਕਰਨ, ਇਕ ਨੌਜਵਾਨ ਦਾ ਕਤਲ ਕਰ ਦੇਣ ਅਤੇ ਇਕ ਨੂੰ ਅਗਵਾ ਕਰਕੇ ਬੇਕਿਰਕ ਤਸ਼ੱਦਦ ਕਰਨ ਦੇ ਬਹੁਤ ਹੀ ਗੰਭੀਰ ਮਾਮਲਿਆਂ 'ਚ ਵੀ ਭਗਵੰਤ ਮਾਨ ਨੇ ਚੁੱਪ ਧਾਰੀ ਹੋਈ ਹੈ। ਪੰਜਾਬ ਪੁਲਿਸ ਦੇ ਅਧਿਕਾਰੀਆਂ ਨੇ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਅਤੇ ਪੁਲਿਸ ਅਧਿਕਾਰੀਆਂ ਵਿਰੁੱਧ ਕਤਲ ਦਾ ਮੁਕੱਦਮਾ ਦਰਜ ਕਰਨ ਤੋਂ ਨਾਂਹ ਕਰ ਦਿੱਤੀ ਹੈ। ਪਰਿਵਾਰ ਅਤੇ ਸ਼ੰਭੂ-ਖਨੌਰੀ ਮੋਰਚਿਆਂ ਵਾਲੀਆਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਉਦੋਂ ਤੱਕ ਮ੍ਰਿਤਕ ਸ਼ੁਭਕਰਨ ਸਿੰਘ ਦਾ ਸਸਕਾਰ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਤਲ ਦਾ ਮੁਕੱਦਮਾ ਦਰਜ ਨਹੀਂ ਕੀਤਾ ਜਾਂਦਾ। ਕਤਲ ਅਤੇ ਬੇਕਿਰਕ ਜਬਰ ਪ੍ਰਤੀ ਨਿਹਾਇਤ ਸੰਵੇਦਨਹੀਣ ਭਗਵੰਤ ਮਾਨ ਸਰਕਾਰ ਪੰਜਾਬ ਦੇ ਕਾਰਜ-ਖੇਤਰ ਦੀ ਘੋਰ ਉਲੰਘਣਾ ਕਰਨ ਤੇ ਜਬਰ ਢਾਹੁਣ ਵਾਲੀ ਖੱਟੜ ਸਰਕਾਰ ਦੀ ਜਵਾਬਦੇਹੀ ਅਤੇ ਨਿਆਂ ਦੇ ਸਵਾਲਾਂ ਨੂੰ ਇਕ ਕਰੋੜ ਰੁਪਏ ਦੇ ਮੁਆਵਜ਼ੇ ਤੇ ਨੌਕਰੀ ਰਾਹੀਂ ਰਫ਼ਾ-ਦਫ਼ਾ ਕਰਨਾ ਚਾਹੁੰਦੀ ਹੈ।

ਦੂਜੇ ਪਾਸੇ, 2020 ਵਾਲੇ ਅੰਦੋਲਨ ਦੇ ਮੁਕਾਬਲੇ ਕਿਸਾਨ ਜਥੇਬੰਦੀਆਂ ਦੇ ਆਪਸੀ ਮੱਤਭੇਦਾਂ, ਆਪਮੁਹਾਰਤਾ ਤੇ ਸੰਕੀਰਣ ਰੁਝਾਨਾਂ ਦੇ ਲਿਹਾਜ਼ ਨਾਲ ਹੁਣ ਸਥਿਤੀ ਪਹਿਲਾਂ ਨਾਲੋਂ ਜ਼ਿਆਦਾ ਚੁਣੌਤੀ ਭਰੀ ਹੈ। ਪਿਛਲੇ ਕਿਸਾਨ ਅੰਦੋਲਨ ਸਮੇਂ ਇਕ ਹੀ ਅਗਵਾਈ ਕੇਂਦਰ ਨੇ ਅੰਦੋਲਨ ਨੂੰ ਇਕਜੁੱਟ ਬਣਾਈ ਰੱਖਿਆ ਸੀ ਅਤੇ ਕੁਝ ਤਾਕਤਾਂ ਦੇ ਆਪਣੇ ਸੰਕੀਰਣ ਰਾਜਨੀਤਕ ਏਜੰਡਿਆਂ ਲਈ ਅੰਦੋਲਨ ਨੂੰ ਲੀਹੋਂ ਲਾਹੁਣ ਦੇ ਯਤਨ ਨਾਕਾਮ ਰਹੇ ਸਨ। ਬਾਕੀ ਮੋਰਚੇ ਤੋਂ ਅਲਹਿਦਾ ਬੈਠਾ ਪੰਨੂ-ਪੰਧੇਰ ਗਰੁੱਪ ਉਦੋਂ 26 ਜਨਵਰੀ ਦੇ ਟਰੈਕਟਰ ਮਾਰਚ ਦਾ ਰੂਟ ਬਦਲਣ ਤੋਂ ਸਿਵਾਏ ਹੋਰ ਕਾਰਗਰ ਦਖ਼ਲਅੰਦਾਜ਼ੀ ਨਹੀਂ ਸੀ ਕਰ ਸਕਿਆ। ਓੜਕ ਅੰਦੋਲਨ ਦੀ ਮੁੱਖ ਮੰਗ – ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣਾ – ਮੰਨੀ ਗਈ ਸੀ। ਇਸ ਵਾਰ, ਕਿਸਾਨ ਜਥੇਬੰਦੀਆਂ ਦਾ ਇਕ ਹਿਸਾ 'ਗ਼ੈਰਰਾਜਨੀਤਕ' ਦੇ ਨਾਂ ਹੇਠ ਅੱਡ ਰਹਿ ਕੇ ਅਤੇ 'ਕਿਸਾਨ ਮਜ਼ਦੂਰ ਫੋਰਮ' ਨਾਲ ਮਿਲ ਕੇ ਐੱਸ.ਕੇ.ਐੱਮ. ਤੋਂ ਵੱਖਰਾ ਅੰਦੋਲਨ ਚਲਾ ਰਿਹਾ ਹੈ।

ਇਹ ਸਚਾਈ ਹੈ ਕਿ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਦੀ ਇਤਿਹਾਸਕ ਪ੍ਰਾਪਤੀ ਦੇ ਬਾਵਜੂਦ ਕੁਝ ਆਗੂਆਂ ਦੀ ਚੋਣਾਂ 'ਚ ਕੁੱਦਣ ਅਤੇ ਐੱਸ.ਕੇ.ਐੱਮ. ਦੀ ਪ੍ਰਾਪਤੀ ਨੂੰ ਵੋਟਾਂ 'ਚ ਬਦਲਣ ਦੀ ਲਾਲਸਾ ਮੋਰਚੇ ਨੂੰ ਖਿੰਡਾਉਣ ਦਾ ਕਾਰਨ ਬਣੀ ਸੀ, ਪਰ ਇਹ ਹਕੀਕਤ ਵੀ ਧਿਆਨ 'ਚ ਰਹਿਣੀ ਚਾਹੀਦੀ ਹੈ ਕਿ ਸੰਜੀਦਾ ਕੋਸ਼ਿਸ਼ਾਂ ਨਾਲ ਐੱਸ.ਕੇ.ਐੱਮ. ਨੂੰ ਮੁੜ ਸੁਰਜੀਤ ਕਰਨਾ ਸੰਭਵ ਹੋਇਆ ਹੈ। ਕੁਝ ਸੁਹਿਰਦ ਜਥੇਬੰਦੀਆਂ ਦੇ ਮੋਰਚੇ ਨੂੰ ਇਕਜੁੱਟ ਕਰਨ ਦੇ ਲਗਾਤਾਰ ਯਤਨਾਂ ਨਾਲ ਰਾਜੇਵਾਲ ਦੀ ਅਗਵਾਈ ਹੇਠਲਾ ਧੜਾ ਆਪਣੀ ਗ਼ਲਤੀ ਮੰਨ ਕੇ ਮੁੜ ਐੱਸ.ਕੇ.ਐੱਮ. ਦਾ ਹਿੱਸਾ ਬਣਿਆ। ਜਦਕਿ 'ਗ਼ੈਰਰਾਜਨੀਤਕ' ਧੜੇ ਨਾਲ ਐੱਸ.ਕੇ.ਐੱਮ. ਆਗੂਆਂ ਦੇ ਗੱਲਬਾਤ ਦੇ ਯਤਨਾਂ 'ਚ ਕੋਈ ਖ਼ਾਸ ਪ੍ਰਾਪਤੀ ਨਹੀਂ ਹੋਈ। ਏਕਤਾ ਵਿਚ ਇਕ ਵੱਡਾ ਅੜਿੱਕਾ 26 ਜਨਵਰੀ ਨੂੰ ਲਾਲ ਕਿਲੇ ਵੱਲ ਆਪਮੁਹਾਰਾ ਕੂਚ ਕਰਨ ਵਾਲਿਆਂ ਦੀ ਆਪਣੀ ਉਸ ਕਾਰਵਾਈ ਨੂੰ ਸਹੀ ਠਹਿਰਾਉਣਾ ਵੀ ਹੈ। ਐੱਸ.ਕੇ.ਐੱਮ. ਨਾਲ ਇਕਜੁੱਟ ਹੋਣ ਦੀ ਬਜਾਏ, ਉਪਰੋਕਤ ਦੋ ਫੋਰਮਾਂ ਨੇ 13 ਫਰਵਰੀ ਦੇ ਦਿੱਲੀ ਕੂਚ ਦਾ ਪ੍ਰੋਗਰਾਮ ਦੇ ਦਿੱਤਾ। ਜਦਕਿ ਇਸੇ ਸਮੇਂ ਐੱਸ.ਕੇ.ਐੱਮ. ਨੇ ਟਰੇਡ ਯੂਨੀਅਨਾਂ ਨਾਲ ਮਿਲਕੇ 'ਭਾਰਤ ਬੰਦ' ਦਾ ਸੱਦਾ ਦਿੱਤਾ ਹੋਇਆ ਸੀ।

ਹੁਣ ਪ੍ਰੈੱਸ ਕਾਨਫਰੰਸ ਕਰਕੇ ਡੱਲੇਵਾਲ-ਪੰਧੇਰ ਦੀ ਅਗਵਾਈ ਵਾਲੇ ਦੋਹਾਂ ਫੋਰਮਾਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਵੱਲੋਂ ਐੱਸ.ਕੇ.ਐੱਮ. ਆਗੂਆਂ ਨਾਲ ਲਗਾਤਾਰ 14 ਮੀਟਿੰਗਾਂ ਕੀਤੀਆਂ ਗਈਆਂ, ਪਰ ਐੱਸ.ਕੇ.ਐੱਮ. ਦੀ ਲੀਡਰਸ਼ਿਪ ਸਾਂਝਾ ਅੰਦੋਲਨ ਵਿੱਢਣ ਲਈ ਨਹੀਂ ਮੰਨੀ। ਜਾਪਦਾ ਇਵੇਂ ਹੈ ਕਿ ਡੱਲੇਵਾਲ-ਪੰਧੇਰ ਵਾਲੇ ਫੋਰਮ ਆਪਣੇ ਵੱਲੋਂ ਤੈਅ ਕੀਤੇ 13 ਫਰਵਰੀ ਦੇ 'ਦਿੱਲੀ ਵੱਲ ਕੂਚ' ਪ੍ਰੋਗਰਾਮ ਉੱਪਰ ਐੱਸ.ਕੇ.ਐੱਮ. ਆਗੂਆਂ ਨੂੰ ਸਹਿਮਤ ਕਰਨਾ ਚਾਹੁੰਦੇ ਸਨ ਜੋ ਉਨ੍ਹਾਂ ਨੇ ਸਵੀਕਾਰ ਨਹੀਂ ਕੀਤਾ। ਇਸ ਵਿਵਾਦ ਨਾਲ ਏਕਤਾ ਨੂੰ ਲੈ ਕੇ ਘਚੋਲਾ ਹੋਰ ਵਧ ਗਿਆ ਹੈ। ਉਮੀਦ ਹੈ ਕਿ ਐੱਸ.ਕੇ.ਐੱਮ. ਦੀ ਲੀਡਰਸ਼ਿਪ ਇਸ ਦੇ ਤੱਥ ਜ਼ਰੂਰ ਸਪਸ਼ਟ ਕਰੇਗੀ ਕਿ ਇਨ੍ਹਾਂ ਮੀਟਿੰਗਾਂ ਦਾ ਏਜੰਡਾ ਕੀ ਸੀ ਅਤੇ ਇਹ ਅਸਫ਼ਲ ਕਿਉਂ ਹੋਈਆਂ? ਚਿੰਤਾਜਨਕ ਪੱਖ ਇਹ ਵੀ ਹੈ ਕਿ ਮੌਕਾ ਤਾੜ ਕੇ ਹੁਣ ਕੱਟੜਪੰਥੀ ਤਾਕਤਾਂ ਵੀ ਪੰਜਾਬ ਦੀ ਲੋਕ ਬੇਚੈਨੀ ਅੰਦਰ 'ਸਿੱਖ ਬਨਾਮ ਕਾਮਰੇਡ' ਦਾ ਬਿਰਤਾਂਤ ਘੁਸੇੜਕੇ ਆਪਣੀ ਰਾਜਨੀਤਕ ਪ੍ਰਸੰਗਿਕਤਾ ਬਣਾਉਣ ਅਤੇ ਪੰਜਾਬ ਦੇ ਲੋਕਾਂ 'ਚ ਘਚੋਲਾ ਖੜ੍ਹਾ ਕਰਨ ਲਈ ਮੁੜ ਸਰਗਰਮ ਹੁੰਦੀਆਂ ਨਜ਼ਰ ਆ ਰਹੀਆਂ ਹਨ। ਮੌਜੂਦਾ ਸਥਿਤੀ 'ਚ, ਨੇੜ ਭਵਿੱਖ ਵਿਚ ਐੱਸ.ਕੇ.ਐੱਮ. ਅਤੇ ਉਪਰੋਕਤ ਦੋ ਫੋਰਮਾਂ ਦੀ ਏਕਤਾ ਲਈ ਕੀ ਯਤਨ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਦਾ ਕੀ ਨਤੀਜਾ ਨਿੱਕਲਦਾ ਹੈ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ।

ਇਹ ਕਥਿਤ ਗ਼ੈਰਰਾਜਨੀਤਕ, ਜ਼ਿਆਦਾਤਰ ਉਹੀ ਕਿਸਾਨ ਜਥੇਬੰਦੀਆਂ ਹਨ ਜਿਨ੍ਹਾਂ ਨੇ ਕਿਸਾਨ ਅੰਦੋਲਨ ਉੱਪਰ ਸਿੱਖ ਰਾਜ ਦਾ ਏਜੰਡਾ ਥੋਪਣ ਲਈ ਤਾਹੂ ਤਾਕਤਾਂ ਨਾਲ ਮਿਲ ਕੇ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਤੈਅ ਕੀਤੇ ਰੂਟ ਉੱਪਰ ਨਾ ਜਾ ਕੇ 26 ਜਨਵਰੀ 2021 ਦੇ ਟਰੈਕਟਰ ਮਾਰਚ 'ਚ ਖ਼ਲਲ ਪਾਇਆ ਸੀ। ਲੱਖਾ ਸਿਧਾਣਾ ਹੁਣ ਵੀ ਇਸ ਅੰਦੋਲਨ 'ਚ ਦਾਖ਼ਲ ਹੋ ਕੇ ਅਤੇ ਆਪਣੇ ਸਟਾਈਲ ਅਨੁਸਾਰ ਆਪਮੁਹਾਰੇ ਸੱਦੇ ਦੇ ਕੇ ਲਾਹਾ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਪੰਨੂ-ਪੰਧੇਰ ਗਰੁੱਪ ਤਾਂ ਦਿੱਲੀ ਅੰਦੋਲਨ ਸਮੇਂ ਵੀ ਸੰਯੁਕਤ ਕਿਸਾਨ ਮੋਰਚੇ ਦਾ ਹਿਸਾ ਨਹੀਂ ਸੀ ਬਣਿਆ। ਜਗਜੀਤ ਸਿੰਘ ਡੱਲੇਵਾਲ ਦਾ ਆਰ.ਐੱਸ.ਐੱਸ. ਪੱਖੀ 'ਭਾਰਤੀ ਕਿਸਾਨ ਸੰਘ' ਨਾਲ ਰਿਸ਼ਤਾ ਹੈ ਅਤੇ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਉਸ ਦਾ ਵਿਹਾਰ ਵੀ ਸਵਾਲਾਂ ਦੇ ਘੇਰੇ 'ਚ ਰਿਹਾ ਹੈ। ਉਹ 'ਸਵਾਮੀਨਾਥਨ ਰਿਪੋਰਟ ਲਾਗੂ ਕਰੋ' ਦੀ ਮੰਗ ਉੱਪਰ ਮਰਨ ਵਰਤ ਰੱਖ ਕੇ ਸਰਕਾਰੀ ਵਾਅਦੇ ਮੰਨ ਕੇ ਮਰਨ ਵਰਤ ਵਾਪਸ ਵੀ ਲੈਂਦਾ ਰਿਹਾ ਹੈ। ਇਸ ਲਈ, ਕਿਸਾਨ ਜਥੇਬੰਦੀਆਂ ਦੇ ਇਕਜੁੱਟ ਹੋਣ ਦੀ ਸੰਜੀਦਾ ਚਾਹਤ ਰੱਖਣ ਵਾਲੇ ਪੰਜਾਬ ਹਿਤੈਸ਼ੀਆਂ ਤੇ ਕਿਸਾਨ ਹਿਤੈਸ਼ੀਆਂ ਨੂੰ ਸੋਸ਼ਲ ਮੀਡੀਆ 'ਤੇ ਚਲਾਏ ਜਾ ਰਹੇ ਸੌੜੇ ਬਿਰਤਾਂਤਾਂ ਦੇ ਪ੍ਰਭਾਵ ਹੇਠ ਆਪਣੀ ਰਾਇ ਬਣਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਦੀ ਬਜਾਏ ਉਨ੍ਹਾਂ ਨੂੰ ਕਿਸਾਨ ਜਥੇਬੰਦੀਆਂ ਦੀ ਏਕਤਾ ਦੇ ਮਸਲੇ ਬਾਬਤ ਉਪਰੋਕਤ ਤੱਥਾਂ ਦੀ ਆਜ਼ਾਦਾਨਾ ਘੋਖ-ਪੜਤਾਲ ਕਰਕੇ ਆਪਣੀ ਰਾਇ ਬਣਾਉਣੀ ਚਾਹੀਦੀ ਹੈ।

ਦਸੰਬਰ 2021 'ਚ ਮੋਦੀ ਵਜ਼ਾਰਤ ਵੱਲੋਂ ਕੀਤੇ ਵਾਅਦਿਆਂ ਉੱਪਰ ਭਰੋਸਾ ਕਰਕੇ ਇਤਿਹਾਸਕ ਕਿਸਾਨ ਅੰਦੋਲਨ ਮੁਲਤਵੀ ਕਰ ਦਿੱਤਾ ਗਿਆ ਸੀ। ਬੇਸ਼ੱਕ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦੀ ਮੁੱਖ ਮੰਗ ਮੰਨੀ ਗਈ ਸੀ, ਪਰ ਬਾਕੀ ਮੰਗਾਂ ਸੰਬੰਧੀ ਕੀਤੇ ਵਾਅਦਿਆਂ 'ਚੋਂ ਮੋਦੀ ਵਜ਼ਾਰਤ ਨੇ ਇਕ ਵੀ ਵਾਅਦਾ



ਲਾਗੂ ਨਹੀਂ ਕੀਤਾ। ਇੱਥੋਂ ਤੱਕ ਕਿ ਕਿਸਾਨਾਂ ਉੱਪਰ ਦਰਜ ਕੀਤੇ ਕੇਸ ਵੀ ਵਾਪਸ ਨਹੀਂ ਲਏ ਗਏ। ਐੱਮ.ਐੱਸ.ਪੀ. ਬਾਰੇ ਤੈਅ ਕਰਨ ਲਈ ਬਣਾਈ ਗਈ ਕਮੇਟੀ ਵਿਚ ਸਰਕਾਰ ਨੇ ਉਹ ਸ਼ਖ਼ਸ ਸ਼ਾਮਲ ਕੀਤੇ ਜੋ ਐੱਮ.ਐੱਸ.ਪੀ. ਦੇ ਘੋਰ ਵਿਰੋਧੀ ਅਤੇ ਉਨ੍ਹਾਂ ਤਿੰਨ ਖੇਤੀ ਕਾਨੂੰਨਾਂ ਦੇ ਹਮਾਇਤੀ ਹਨ ਜੋ ਸਰਕਾਰ ਨੂੰ ਕਿਸਾਨ ਅੰਦੋਲਨ ਦੇ ਦਬਾਅ ਹੇਠ ਵਾਪਸ ਲੈਣੇ ਪਏ। ਐੱਮ.ਐੱਸ.ਪੀ. ਦੀ ਗਾਰੰਟੀ ਦਿੰਦਾ ਕਾਨੂੰਨ ਬਣਾਉਣਾ, ਕਿਸਾਨਾਂ ਦੀ ਆਮਦਨ ਦੁੱਗਣੀ ਕਰਨਾ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨਾ, ਕਿਸਾਨਾਂ ਦੇ ਕਰਜ਼ੇ ਉੱਪਰ ਲੀਕ ਮਾਰਨਾ, ਡਬਲਯੂ.ਟੀ.ਓ. ਵਿੱਚੋਂ ਬਾਹਰ ਆਉਣਾ, ਬੁਢਾਪੇ 'ਚ ਮਜ਼ਦੂਰਾਂ-ਕਿਸਾਨਾਂ ਨੂੰ ਪੈਨਸ਼ਨ ਆਦਿ ਕਿਸਾਨ ਅੰਦੋਲਨ ਦੀਆਂ ਵੱਡੀਆਂ ਮੰਗਾਂ ਹਨ। ਇਨ੍ਹਾਂ ਤੋਂ ਇਲਾਵਾ, ਕਾਲੇ ਕਾਨੂੰਨ, ਮਜ਼ਦੂਰਾਂ, ਟਰੇਡ ਯੂਨੀਅਨਾਂ ਤੇ ਛੋਟੇ ਕਾਰੋਬਾਰੀਆਂ ਦੇ ਮੰਗਾਂ-ਮਸਲੇ ਹਨ। ਇਨ੍ਹਾਂ ਮੰਗਾਂ ਰਾਹੀਂ ਆਰ.ਐੱਸ.ਐੱਸ.-ਭਾਜਪਾ ਹਕੂਮਤ ਦੇ ਲੋਕ ਵਿਰੋਧੀ ਅਤੇ ਕਾਰਪੋਰੇਟ ਹਿਤੈਸ਼ੀ ਚਿਹਰੇ ਨੂੰ ਬੇਪਰਦ ਕਰਦਿਆਂ ਦੂਰਅੰਦੇਸ਼ੀ ਵਾਲਾ ਵਿਸ਼ਾਲ ਅੰਦੋਲਨ ਖੜ੍ਹਾ ਕਰਨਾ ਸਮੇਂ ਦਾ ਤਕਾਜ਼ਾ ਹੈ।

ਇਹ ਹਕੀਕਤ ਧਿਆਨ 'ਚ ਰੱਖਣੀ ਜ਼ਰੂਰੀ ਹੈ ਕਿ ਐੱਮ.ਐੱਸ.ਪੀ. ਦਾ ਗਾਰੰਟੀ ਕਾਨੂੰਨ, ਕਰਜ਼ਾ ਮਾਫ਼ੀ, ਮਜ਼ਦੂਰਾਂ-ਕਿਸਾਨਾਂ ਲਈ ਪੈਨਸ਼ਨ ਵਰਗੀਆਂ ਜੋ ਵੱਡੀਆਂ ਮੰਗਾਂ ਚੁੱਕ ਕੇ ਇਹ ਅੰਦੋਲਨ ਵਿੱਢਿਆ ਗਿਆ ਹੈ ਉਹ ਕੁਝ ਕਿਸਾਨ ਜਥੇਬੰਦੀਆਂ ਦੁਆਰਾ ਚੋਣਾਂ ਮੌਕੇ ਸੀਮਤ ਅੰਦੋਲਨ ਨਾਲ ਪੂਰੀਆਂ ਹੋਣੀਆਂ ਸੰਭਵ ਨਹੀਂ ਹਨ। ਇਨ੍ਹਾਂ ਮੰਗਾਂ ਲਈ ਲੰਮਾ ਚੱਲਣ ਵਾਲਾ ਵਿਸ਼ਾਲ ਇਕਜੁੱਟ ਸੰਘਰਸ਼ ਜ਼ਰੂਰੀ ਹੈ।

ਮੀਡੀਆ ਰਿਪੋਰਟਾਂ ਅਨੁਸਾਰ 'ਗੈਰ-ਰਾਜਨੀਤਕ ਮੋਰਚੇ' ਅਤੇ 'ਕਿਸਾਨ ਮਜ਼ਦੂਰ ਫੋਰਮ' ਦੇ ਵਫ਼ਦ ਦੀ ਸਰਕਾਰ ਨਾਲ ਚਾਰ ਗੇੜਾਂ ਦੀ ਗੱਲਬਾਤ 'ਚ ਕਿਸਾਨੀ ਦੀਆਂ ਮੁੱਖ ਮੰਗਾਂ ਫੋਕਸ ਹੁੰਦੀਆਂ ਨਜ਼ਰ ਨਹੀਂ ਆਈਆਂ। ਗੱਲਬਾਤ 'ਚ ਕੇਂਦਰੀ ਮੰਤਰੀ ਪੂਰੇ ਮੁਲਕ ਦੇ ਕਿਸਾਨਾਂ ਲਈ ਐੱਮ.ਐੱਸ.ਪੀ. ਦੀ ਮੰਗ ਨੂੰ ਪੂਰੇ ਮੁਲਕ ਦੀ ਬਜਾਏ ਪੰਜਾਬ ਉੱਪਰ ਕੇਂਦਰਤ ਕਰਨ 'ਚ ਕਾਮਯਾਬ ਹੋ ਗਏ। ਸਵਾਮੀਨਾਥਨ ਦੇ ਸੀ2+50% ਫਾਰਮੂਲੇ ਅਨੁਸਾਰ ਐੱਮ.ਐੱਸ.ਪੀ. ਤੈਅ ਕਰਨ ਉੱਪਰ ਕੋਈ ਚਰਚਾ ਨਹੀਂ ਹੋਈ ਜਾਪਦੀ। ਸਰਕਾਰ ਨੇ ਇਨ੍ਹਾਂ ਆਗੂਆਂ ਨੂੰ ਐੱਸ.ਕੇ.ਐੱਮ. ਦੀ 23 ਫ਼ਸਲਾਂ ਲਈ ਐੱਮ.ਐੱਸ.ਪੀ. ਦੀ ਜ਼ਾਮਨੀ ਦਿੰਦਾ ਕਾਨੂੰਨ ਬਣਾਉਣ ਦੀ ਮੁੱਖ ਮੰਗ ਤੋਂ ਤਿਲਕਾ ਕੇ ਪੰਜ ਫ਼ਸਲਾਂ ਉੱਪਰ ਐੱਮ.ਐੱਸ.ਪੀ. ਅਤੇ ਇਸ ਵਾਸਤੇ ਸਰਕਾਰੀ ਏਜੰਸੀਆਂ ਨਾਲ ਪੰਜ ਸਾਲ ਲਈ ਠੇਕਾ ਕਰਨ ਦੀ ਪੇਸ਼ਕਸ਼ ਅਤੇ ਫ਼ਸਲੀ ਚੱਕਰ ਬਦਲਣ ਦੇ ਸ਼ਾਤਰ ਫਾਰਮੂਲੇ 'ਚ ਉਲਝਾ ਲਿਆ। ਪੰਜ ਫ਼ਸਲਾਂ ਉੱਪਰ ਐੱਮ.ਐੱਸ.ਪੀ. ਦਾ ਇਹ ਫਾਰਮੂਲਾ ਬਦਲਵੇਂ ਰੂਪ 'ਚ ਉਹੀ 'ਠੇਕਾ ਖੇਤੀ' ਹੈ ਜੋ ਕਿਸਾਨ ਜਥੇਬੰਦੀਆਂ ਪਹਿਲਾਂ ਹੀ ਰੱਦ ਕਰ ਚੁੱਕੀਆਂ ਹਨ। ਇਹ ਵੀ ਸਭ ਨੂੰ ਪਤਾ ਹੈ ਕਿ ਸਵਾਲ ਫ਼ਸਲੀ ਵੰਨ-ਸੁਵੰਨਤਾ ਦਾ ਨਹੀਂ ਹੈ, ਸਗੋਂ ਮੁੱਖ ਸਵਾਲ ਘੱਟੋਘੱਟ ਸਮਰਥਨ ਮੁੱਲ ਉੱਪਰ ਕਿਸਾਨਾਂ ਦੀ ਸਾਰੀ ਫ਼ਸਲ ਸਰਕਾਰ ਵੱਲੋਂ ਖ਼ਰੀਦਣ ਦੀ ਜ਼ਾਮਨੀ ਦਾ ਹੈ ਜਦਕਿ ਸਰਕਾਰ ਸਰਕਾਰੀ ਏਜੰਸੀਆਂ ਰਾਹੀਂ ਖ਼ਰੀਦ ਦੀ ਵਿਵਸਥਾ/ਮੰਡੀਕਰਨ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਚਾਹੁੰਦੀ ਹੈ। ਕਿਸਾਨ ਫਿਰ ਹੀ ਹੋਰ ਫ਼ਸਲਾਂ ਬੀਜਣੀਆਂ ਸ਼ੁਰੂ ਕਰਨਗੇ ਜੇ ਸਰਕਾਰ ਐੱਮ.ਐੱਸ.ਪੀ. ਉੱਪਰ ਖ਼ਰੀਦੇ ਜਾ ਰਹੇ ਕਣਕ-ਝੋਨੇ ਜਿੰਨੀ ਜਾਂ ਇਸ ਤੋਂ ਵੱਧ ਕਮਾਈ ਬਾਕੀ ਫ਼ਸਲਾਂ ਦੀ ਸਰਕਾਰੀ ਖ਼ਰੀਦ ਰਾਹੀਂ ਯਕੀਨੀ ਬਣਾਉਂਦੀ ਹੈ। ਸਵਾਲ ਘਾਟੇ ਵਾਲੇ ਖੇਤੀ ਕਿੱਤੇ ਨੂੰ ਟਿਕਾਊ ਕਿੱਤੇ 'ਚ ਬਦਲਣ ਦਾ ਹੈ। ਇਸ ਬਾਰੇ ਹਕੂਮਤ ਚੁੱਪ ਹੈ। ਆਖ਼ਿਰਕਾਰ ਇਨ੍ਹਾਂ ਆਗੂਆਂ ਨੇ ਵਿਚਾਰ ਕਰਕੇ ਉਪਰੋਕਤ ਸਰਕਾਰੀ ਪੇਸ਼ਕਸ਼ ਠੁਕਰਾ ਕੇ ਸ਼ੰਭੂ ਅਤੇ ਖਨੌਰੀ ਦੋਹਾਂ ਬਾਰਡਰਾਂ ਉੱਪਰ ਅੰਦੋਲਨ ਜਾਰੀ ਰੱਖਿਆ ਹੋਇਆ ਹੈ। ਫ਼ਿਲਹਾਲ, ਇਨ੍ਹਾਂ ਬਾਰਡਰਾਂ ਉੱਪਰ ਟਰੈਕਟਰ ਮਾਰਚ, ਮੋਮਬੱਤੀ ਮਾਰਚ, ਕਾਲੀਆਂ ਪੱਟੀਆਂ ਬੰਨ੍ਹ ਕੇ ਰੋਸ ਪ੍ਰਦਰਸ਼ਨ ਕਰਨ, ਡਬਲਯੂਟੀਓ ਅਤੇ ਮੋਦੀ-ਖੱਟਰ ਦੇ ਪੁਤਲੇ ਸਾੜਨ ਆਦਿ ਦੇ ਉਹੀ ਐਕਸ਼ਨ ਕੀਤੇ ਜਾ ਰਹੇ ਹਨ ਜੋ ਐੱਸ.ਕੇ.ਐੱਮ. ਕਰਦਾ ਰਿਹਾ ਹੈ। ਹੁਣ ਦੇਖਣਾ ਇਹ ਹੈ ਕਿ ਇਹ ਆਗੂ ਹੁਣ ਮੰਗਾਂ ਮੰਨਵਾਉਣ ਲਈ ਆਪਣੇ ਕੂਚ ਨੂੰ ਦਿੱਲੀ ਤੱਕ ਲੈ ਕੇ ਜਾਂਦੇ ਹਨ ਜਾਂ ਕਿਸੇ ਹੋਰ ਰੂਪ 'ਚ ਅੰਦੋਲਨ ਜਾਰੀ ਰੱਖਦੇ ਹਨ। ਇਸ ਲਿਹਾਜ਼ ਨਾਲ ਇਹ ਦੇਖਣਾ ਦਿਲਚਸਪ ਹੈ ਕਿ ਡੱਲੇਵਾਲ-ਪੰਧੇਰ ਅਤੇ ਇਨ੍ਹਾਂ ਨਾਲ ਜੁੜੇ ਕੁਝ ਸਾਬਕਾ ਐੱਸ.ਕੇ.ਐੱਮ. ਵਾਲੇ ਆਗੂ ਅਗਲਾ ਪ੍ਰੋਗਰਾਮ ਕੀ ਦਿੰਦੇ ਹਨ। 'ਦਿੱਲੀ ਕੂਚ' ਬਾਰੇ ਇਹ ਆਗੂ 27-28 ਫਰਵਰੀ ਦੀ ਚਰਚਾ ਉਪਰੰਤ ਕੀ ਫ਼ੈਸਲਾ ਲੈਂਦੇ ਹਨ, ਇਹ 29 ਫਰਵਰੀ ਨੂੰ ਪਤਾ ਲੱਗੇਗਾ।

ਲੋਕਸਭਾ ਚੋਣਾਂ 2024 ਤੋਂ ਐਨ ਪਹਿਲਾਂ ਵਾਅਦਾਖ਼ਿਲਾਫ਼ੀ ਕਰਨ ਵਾਲੀ ਸਰਕਾਰ ਨੂੰ ਘੇਰਨਾ ਅਤੇ ਦਬਾਅ ਪਾ ਕੇ ਮੰਗਾਂ ਮੰਨਵਾਉਣ ਦੇ ਯਤਨ ਕਰਨਾ ਗ਼ਲਤ ਨਹੀਂ ਹੈ, ਪਰ ਲੀਡਰਸ਼ਿਪ ਦੀ ਪਹੁੰਚ ਅਤੇ ਅੰਦੋਲਨ ਦਾ ਤਰੀਕਾ ਵੱਧ ਤੋਂ ਵੱਧ ਜਥੇਬੰਦੀਆਂ ਨੂੰ ਨਾਲ ਲੈ ਕੇ ਮਜ਼ਬੂਤ ਲੋਕ ਤਾਕਤ ਉਸਾਰਨ ਦਾ ਹੋਣਾ ਚਾਹੀਦਾ ਹੈ। ਬੇਸ਼ੱਕ, 'ਗ਼ੈਰਰਾਜਨੀਤਕ ਮੋਰਚੇ' ਅਤੇ 'ਕਿਸਾਨ ਮਜ਼ਦੂਰ ਫੋਰਮ' ਨੇ ਕਿਸਾਨ ਅੰਦੋਲਨ ਦੀਆਂ ਉਹੀ ਵੱਡੀਆਂ ਮੰਗਾਂ ਚੁੱਕੀਆਂ ਹਨ ਜੋ ਪੂਰੀਆਂ ਹੋਣੀਆਂ ਬਾਕੀ ਹਨ, ਪਰ ਉਨ੍ਹਾਂ ਦੀ ਪਹੁੰਚ ਅਤੇ ਅੰਦੋਲਨ ਦਾ ਤਰੀਕਾ ਸੰਯੁਕਤ ਕਿਸਾਨ ਮੋਰਚੇ ਨੂੰ ਉਸ ਦੀ ਪਹਿਲਾਂ ਵਾਲੀ ਵਿਸ਼ਾਲਤਾ 'ਚ ਮੁੜ-ਸੁਰਜੀਤ ਕਰਨ ਵਾਲਾ ਨਹੀਂ ਜਾਪਦਾ ਸਗੋਂ ਅੰਦੋਲਨ ਦੇ ਘੇਰੇ ਨੂੰ ਸੁੰਗੇੜਨ ਵਾਲਾ ਹੈ। ਇਸ ਦੇ ਪ੍ਰਮੁੱਖ ਆਗੂ ਵਾਰ-ਵਾਰ ਇਹ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਦੇਖ ਲੈਣਾ, ਹੁਣ ਬਾਕੀ ਜਥੇਬੰਦੀਆਂ ਵੀ ਸਾਡੇ ਮੋਰਚੇ 'ਚ ਆਉਣ ਲਈ ਮਜਬੂਰ ਹੋ ਜਾਣਗੀਆਂ। ਇਸ ਪਿੱਛੇ ਭਾਵਨਾ ਬਾਕੀ ਕਿਸਾਨ ਜਥੇਬੰਦੀਆਂ ਨੂੰ ਇਕਜੁੱਟ ਕਰਨ ਵਾਲੀ ਨਹੀਂ ਸਗੋਂ ਖ਼ੁਦ ਨੂੰ ਜ਼ਿਆਦਾ ਲੜਾਕੂ ਦਿਖਾਉਣ ਦੀ ਰਹੀ ਹੈ। ਅਜੇ ਤੱਕ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਇਹ ਆਗੂ ਆਪਣੇ ਅੰਦੋਲਨ ਦਾ ਦਾਇਰਾ ਵਿਸ਼ਾਲ ਕਰਨ ਦੇ ਨਜ਼ਰੀਏ ਤੋਂ ਐੱਸ.ਕੇ.ਐੱਮ. ਨੂੰ ਨਾਲ ਲੈਣ ਲਈ ਆਪਣੇ ਇਸ ਰਵੱਈਏ 'ਚ ਕੋਈ ਤਬਦੀਲੀ ਕਰਨਾ ਚਾਹੁੰਦੇ ਹਨ।

ਇਸ ਧੜੇ ਦੀ ਸਾਂਝੇ ਅੰਦੋਲਨ ਦੀ ਜ਼ਰੂਰਤ ਨਾਲ ਬੇਮੇਲ ਬਿਆਨਬਾਜ਼ੀ ਦੇ ਬਾਵਜੂਦ ਸੰਯੁਕਤ ਕਿਸਾਨ ਮੋਰਚੇ ਨੇ ਸੰਜਮੀ ਪਹੁੰਚ ਅਖ਼ਤਿਆਰ ਕਰਕੇ ਹਕੂਮਤ ਵੱਲੋਂ ਦਿੱਲੀ ਕੂਚ ਨੂੰ ਰੋਕਣ ਲਈ ਵਿੱਢੇ ਜਬਰ ਦਾ ਸੰਜੀਦਗੀ ਨਾਲ ਵਿਰੋਧ ਕੀਤਾ ਹੈ। ਭਾਵੇਂ ਐੱਸ.ਕੇ.ਐੱਮ. ਦੀਆਂ ਵਿਰੋਧੀ ਤਾਕਤਾਂ ਗ਼ਲਤ ਤੇ ਬੇਬੁਨਿਆਦ ਪ੍ਰਚਾਰ ਕਰਕੇ ਪੰਜਾਬ ਦੇ ਲੋਕਾਂ ਦੇ ਇਕ ਹਿੱਸੇ 'ਚ ਐੱਸ.ਕੇ.ਐੱਮ. ਵਿਰੁੱਧ ਸ਼ੰਕੇ ਖੜ੍ਹੇ ਕਰ ਰਹੀਆਂ ਹਨ, ਇਸ ਦੌਰਾਨ ਭਾਵਕ ਹੋ ਕੇ ਕੁਝ ਲੋਕ ਇਹ ਵੀ ਕਹਿ ਰਹੇ ਹਨ ਕਿ ਐੱਸ.ਕੇ.ਐੱਮ. ਦੇ ਆਗੂ ਬਾਰਡਰਾਂ ਉੱਪਰ ਜਾ ਕੇ ਇਸ ਅੰਦੋਲਨ 'ਚ ਸ਼ਾਮਲ ਕਿਉਂ ਨਹੀਂ ਹੁੰਦੇ। ਪਰ ਮੋਰਚੇ ਦੀ ਲੀਡਰਸ਼ਿਪ ਨੇ ਬੇਲੋੜੇ ਵਾਦਵਿਵਾਦ ਤੋਂ ਗੁਰੇਜ਼ ਕਰਦਿਆਂ ਜਬਰ ਦੇ ਸਵਾਲ ਉੱਪਰ ਸਟੈਂਡ ਲੈ ਕੇ ਅਤੇ ਸਾਂਝੇ ਕਿਸਾਨ ਅੰਦੋਲਨ ਦੀ ਜ਼ਰੂਰਤ ਨੂੰ ਫੋਕਸ ਕਰਕੇ ਖੁੱਲ੍ਹਦਿਲੀ, ਸੂਝ-ਬੂਝ ਤੇ ਪ੍ਰਪੱਕਤਾ ਦਾ ਸਬੂਤ ਦਿੱਤਾ ਹੈ। ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਪੰਜਾਬ) ਨੇ ਜਬਰ ਵਿਰੁੱਧ 14 ਫਰਵਰੀ ਨੂੰ ਵਿਰੋਧ ਪ੍ਰਦਰਸ਼ਨ ਕੀਤੇ। ਐੱਸ.ਕੇ.ਐੱਮ. ਵੱਲੋਂ ਜਬਰ ਦਾ ਗੰਭੀਰ ਨੋਟਿਸ ਲੈਂਦਿਆਂ ਹੰਗਾਮੀ ਮੀਟਿੰਗ ਕਰਕੇ ਤਿੰਨ ਘੰਟੇ ਲਈ ਟੋਲ ਪਲਾਜ਼ੇ ਪਰਚੀ-ਮੁਕਤ ਕੀਤੇ ਗਏ। ਬੀਕੇਯੂ. (ਏਕਤਾ-ਉਗਰਾਹਾਂ) ਵੱਲੋਂ ਆਪਣਾ 24 ਫਰਵਰੀ ਦਾ ਪ੍ਰੋਗਰਾਮ ਰੱਦ ਕਰਕੇ ਰੇਲਾਂ ਰੋਕੀਆਂ ਗਈਆਂ ਅਤੇ ਪੰਜਾਬ ਦੇ ਤਿੰਨ ਮੁੱਖ ਭਾਜਪਾ ਆਗੂਆਂ ਦੇ ਘਰਾਂ ਅੱਗੇ ਦਿਨ-ਰਾਤ ਧਰਨੇ ਲਗਾਏ ਗਏ। 18 ਫਰਵਰੀ ਦੀ ਮੀਟਿੰਗ ਕਰਕੇ ਐੱਸ.ਕੇ.ਐੱਮ. (ਪੰਜਾਬ ਚੈਪਟਰ) ਨੇ ਕੇਂਦਰ ਦੇ ਜਾਬਰ ਰਵੱਈਏ ਵਿਰੁੱਧ 20 ਤੋਂ 22 ਫਰਵਰੀ ਤੱਕ ਪੂਰੇ ਪੰਜਾਬ ਵਿਚ ਟੋਲ ਪਲਾਜ਼ੇ 'ਪਰਚੀ ਮੁਕਤ' ਰੱਖੇ ਅਤੇ ਭਾਜਪਾ ਦੇ ਸਰਕਾਰੀ ਅਹੁਦੇਦਾਰਾਂ ਦੇ ਘਿਰਾਓ ਕੀਤੇ। 26 ਫਰਵਰੀ ਨੂੰ ਡਬਲਯੂ.ਟੀ.ਓ. ਵਿਰੁੱਧ ਹਾਈਵੇ ਮਾਰਗਾਂ ਉੱਪਰ ਖੜ੍ਹੇ ਕੀਤੇ ਹਜ਼ਾਰਾਂ ਟਰੈਕਟਰਾਂ ਵਾਲੇ ਪ੍ਰਦਰਸ਼ਨਾਂ ਅਤੇ ਪੁਤਲੇ ਸਾੜ ਪ੍ਰਦਰਸ਼ਨਾਂ ਵਿਚ ਵੀ ਜਬਰ ਦਾ ਵਿਆਪਕ ਵਿਰੋਧ ਕੀਤਾ ਗਿਆ।

ਫਿਰ ਵੀ, ਐੱਸ.ਕੇ.ਐੱਮ. ਦਾ ਇਹ ਪ੍ਰਤੀਕਰਮ ਮੌਜੂਦਾ ਹਕੂਮਤੀ ਹਮਲੇ ਦੇ ਮੁਕਾਬਲੇ ਅਜੇ ਊਣਾ ਹੈ ਅਤੇ ਇਹ ਜਾਬਰ ਹਮਲੇ ਨਾਲ ਬਣ ਚੁੱਕੇ ਹਾਲਾਤ 'ਚ ਕਾਫ਼ੀ ਨਹੀਂ ਜਾਪਦਾ। ਅਜਿਹਾ ਕਿਓਂ ਹੈ, ਉਮੀਦ ਹੈ ਇਸ ਬਾਰੇ ਐੱਸ.ਕੇ.ਐੱਮ. ਦੇ ਆਗੂ ਸਪਸ਼ਟ ਜ਼ਰੂਰ ਕਰਨਗੇ। ਪੰਧੇਰ-ਡੱਲੇਵਾਲ ਵਾਲੇ ਫੋਰਮਾਂ ਦੇ ਰਵੱਈਏ ਅਤੇ ਉਨ੍ਹਾਂ ਦੇ ਅੰਦੋਲਨ ਦੇ ਤਰੀਕੇ ਨਾਲ ਮੱਤਭੇਦ ਦੇ ਬਾਵਜੂਦ ਐੱਸ.ਕੇ.ਐੱਮ. ਅਤੇ ਹੋਰ ਇਨਸਾਫ਼ਪਸੰਦ ਤਾਕਤਾਂ ਨੂੰ ਫਾਸ਼ੀਵਾਦੀ ਹਕੂਮਤੀ ਹਮਲੇ ਵਿਰੁੱਧ ਵੱਡੀ ਲਾਮਬੰਦੀ ਕਰਨ ਲਈ ਹੋਰ ਵੀ ਜ਼ੋਰਦਾਰ ਹੰਭਲਾ ਮਾਰਨਾ ਚਾਹੀਦਾ ਹੈ ਜੋ ਫਾਸ਼ੀਵਾਦੀ ਹਕੂਮਤ ਲਈ ਸਖ਼ਤ ਚੇਤਾਵਨੀ ਬਣੇ।

ਆਰ.ਐੱਸ.ਐੱਸ.-ਭਾਜਪਾ ਸਰਕਾਰ ਨੇ ਤਾਨਾਸ਼ਾਹ ਬੈਰੀਕੇਡਿੰਗ ਅਤੇ ਬੇਤਹਾਸ਼ਾ ਜਬਰ ਕਰਕੇ ਇਕ ਵਾਰ ਫਿਰ ਇਹ ਇਸ਼ਾਰਾ ਕਰ ਦਿੱਤਾ ਹੈ ਕਿ ਪੂਰੀ ਤਰ੍ਹਾਂ ਵਾਜਬ, ਪੁਰਅਮਨ ਅੰਦੋਲਨ ਨੂੰ ਕੁਚਲਣ ਲਈ ਉਹ ਕਿਸ ਹੱਦ ਤੱਕ ਜਾ ਸਕਦੀ ਹੈ। ਦਰਅਸਲ, ਅੰਦੋਲਨ ਕਰਨ ਦਾ ਜਮਹੂਰੀ ਹੱਕ ਹੰਕਾਰੀ ਹੋਈ ਹਕੂਮਤ ਦੇ ਘਾਤਕ ਹਮਲੇ ਦੀ ਮਾਰ ਹੇਠ ਹੈ। ਇਤਿਹਾਸਕ ਕਿਸਾਨ ਅੰਦੋਲਨ ਨੇ ਰਾਜਾਂ ਦੇ ਅਧਿਕਾਰ-ਖੇਤਰ ਦਾ ਸਵਾਲ ਉਠਾਉਂਦਿਆਂ ਕੇਂਦਰ ਦੇ ਖੇਤੀ ਸੰਬੰਧੀ ਕਾਨੂੰਨ ਬਣਾਉਣ ਦੇ ਗ਼ੈਰਸੰਵਿਧਾਨਕ ਅਮਲ ਨੂੰ ਚੁਣੌਤੀ ਦਿੱਤੀ ਸੀ। ਉਸ ਮੁੱਦੇ ਨੂੰ ਗੰਭੀਰਤਾ ਨਾਲ ਉਠਾਉਣਾ ਹੁਣ ਹੋਰ ਵੀ ਜ਼ਿਆਦਾ ਜ਼ਰੂਰੀ ਹੋ ਗਿਆ ਹੈ। ਪੰਜਾਬ ਦੀਆਂ ਹੱਦਾਂ ਦੇ ਅੰਦਰ ਆ ਕੇ ਬੈਰੀਕੇਡ ਲਗਾਉਣਾ ਆਰ.ਐੱਸ.ਐੱਸ.-ਭਾਜਪਾ ਦੀ ਕੇਂਦਰੀਕਰਨ ਦੀ ਉਸੇ ਨੀਤੀ ਦਾ ਹਿਸਾ ਹੈ ਜਿਸ ਦੇ ਤਹਿਤ ਇਸ ਸਰਕਾਰ ਨੇ 50 ਕਿਲੋਮੀਟਰ ਤੱਕ ਸਰਹੱਦੀ ਖੇਤਰ ਨੂੰ ਬੀ.ਐੱਸ.ਐੱਫ. ਦੇ ਅਧਿਕਾਰ ਹੇਠ ਲਿਆਉਣ, ਭਾਖੜਾ-ਬਿਆਸ ਇੰਤਜ਼ਾਮੀਆ ਬੋਰਡ ਵਿੱਚੋਂ ਪੰਜਾਬ ਦੀ ਮੈਂਬਰੀ ਖ਼ਤਮ ਕਰਨ, ਚੰਡੀਗੜ੍ਹ ਵਿਚ ਕੇਂਦਰ ਦੇ ਸਰਵਿਸ ਰੂਲ ਲਾਗੂ ਕਰਨ, ਪੰਜਾਬ ਵਿਚ ਕੌਮੀ ਜਾਂਚ ਏਜੰਸੀ ਦਾ ਦਫ਼ਤਰ ਖੋਲ੍ਹਣ ਵਰਗੀਆਂ ਉੱਪਰੋਥਲੀ ਮਨਮਾਨੀਆਂ ਕਰਕੇ ਰਾਜਾਂ ਦੇ ਨਾਮਨਿਹਾਦ ਅਧਿਕਾਰਾਂ ਪੱਖੋਂ ਪੰਜਾਬ ਦੇ ਗਲੇ ਨੂੰ ਹੱਥ ਪਾਇਆ ਸੀ। ਪੰਜਾਬ ਨੂੰ ਇਸ ਕਰਕੇ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦੀ ਨਮੋਸ਼ੀ ਅਤੇ ਇਸ ਵਿਚ ਪੰਜਾਬ ਦੇ ਕਿਸਾਨਾਂ ਵੱਲੋਂ ਨਿਭਾਈ ਆਗੂ ਭੂਮਿਕਾ ਭਗਵਾ ਭਗਵਾ ਹਕੂਮਤ ਨੂੰ ਬਹੁਤ ਚੁਭਦੀ ਹੈ।

ਇਸ ਦੇ ਮੱਦੇਨਜ਼ਰ ਸਵਾਲ ਇਹ ਵੀ ਹੈ ਕਿ ਇਸ ਸਮੇਂ ਮੁਲਕ ਨੂੰ ਜਿਸ ਤਰ੍ਹਾਂ ਦਾ ਫਾਸ਼ੀਵਾਦ ਦਾ ਖ਼ਤਰਾ ਦਰਪੇਸ਼ ਹੈ, ਕੀ ਇਨ੍ਹਾਂ ਹਾਲਾਤ ਵਿਚ ਕੁਝ ਜਥੇਬੰਦੀਆਂ ਵੱਲੋਂ ਕੋਈ ਵੱਖਰਾ, ਸੀਮਤ ਅੰਦੋਲਨ ਵਿੱਢ ਕੇ ਕਿਸੇ ਮੰਗ ਉੱਪਰ ਸਰਕਾਰ ਤੋਂ ਵਾਅਦਾ ਕਰਵਾ ਲੈਣਾ ਮਹੱਤਵਪੂਰਨ ਹੈ ਜਾਂ ਫਿਰਕੂ ਨਫ਼ਰਤ ਦੇ ਬਿਰਤਾਂਤ ਤੇ ਫਿਰਕੂ ਪਾਲਾਬੰਦੀ ਨੂੰ ਟੱਕਰ ਦੇਣ ਲਈ ਮੁਲਕ ਪੱਧਰ ਦੇ ਅੰਦੋਲਨ ਰਾਹੀਂ ਲੋਕਾਂ ਦੇ ਅਸਲ ਮੁੱਦਿਆਂ ਨੂੰ ਉਭਾਰਨਾ ਅਤੇ ਹਕੂਮਤ ਦੇ ਫਾਸ਼ੀਵਾਦੀ ਏਜੰਡੇ ਨੂੰ ਪਿੱਛੇ ਧੱਕਣ ਲਈ ਸਮਾਜ ਦੇ ਵੱਧ ਤੋਂ ਵੱਧ ਵਰਗਾਂ ਨੂੰ ਨਾਲ ਲੈ ਕੇ ਵਿਸ਼ਾਲ ਲੋਕ ਲਾਮਬੰਦੀ ਵਾਲਾ ਟਿਕਾਊ ਅੰਦੋਲਨ ਉਸਾਰਕੇ ਫਾਸ਼ੀਵਾਦੀ ਹਕੂਮਤ ਨੂੰ ਘੇਰਨਾ ਵਧੇਰੇ ਸਾਰਥਕ ਹੋ ਸਕਦਾ ਹੈ? ਪਾਰਲੀਮੈਂਟਰੀ ਵਿਰੋਧੀ-ਧਿਰ ਆਪਣੇ ਮੌਕਾਪ੍ਰਸਤ ਜਮਾਤੀ ਕਿਰਦਾਰ ਕਾਰਨ ਹਿੰਦੂਤਵ ਫਾਸ਼ੀਵਾਦ ਦੇ ਏਜੰਡੇ ਦਾ ਬਦਲ ਪੇਸ਼ ਕਰਨ ਦੇ ਮੂਲੋਂ ਹੀ ਨਾਕਾਬਿਲ ਹੈ। ਇਨ੍ਹਾਂ ਹਾਲਾਤ 'ਚ ਐੱਸ.ਕੇ.ਐੱਮ. ਵਰਗੇ ਵਿਆਪਕ ਲਾਮਬੰਦੀ ਵਾਲੇ ਲੋਕ ਅੰਦੋਲਨਾਂ ਦੀ ਭੂਮਿਕਾ ਹੋਰ ਵੀ ਜ਼ਿਆਦਾ ਮਹੱਤਵਪੂਰਨ ਬਣ ਜਾਂਦੀ ਹੈ। ਅਜਿਹੇ ਅੰਦੋਲਨ ਅਵਾਮ 'ਚ ਮੁੱਢਲੀ ਜਮਹੂਰੀ ਰਾਜਨੀਤਕ ਚੇਤਨਾ ਜਗਾਉਣ ਦਾ ਸਾਧਨ ਬਣਦੇ ਹਨ ਅਤੇ ਲੋਕਾਂ 'ਚ ਹਕੂਮਤ ਦੀਆਂ ਮਨਮਾਨੀਆਂ ਵਿਰੁੱਧ ਲੜਨ ਲਈ ਉਤਸ਼ਾਹ ਪੈਦਾ ਹੁੰਦਾ ਹੈ।

ਆਰ.ਐੱਸ.ਐੱਸ.-ਭਾਜਪਾ ਦੇ ਘਾਤਕ ਹਮਲੇ ਨੂੰ ਵਿਸ਼ਾਲ, ਸਾਂਝੇ ਅਤੇ ਤਹੱਮਲ ਵਾਲੇ ਲੰਮੇ ਅੰਦੋਲਨ ਨਾਲ ਹੀ ਠੱਲ ਪਾਈ ਜਾ ਸਕਦੀ ਹੈ। ਪਿਛਲੇ ਦਿਨੀਂ ਐੱਸ.ਕੇ.ਐੱਮ. ਅਤੇ ਟਰੇਡ ਯੂਨੀਅਨਾਂ ਵੱਲੋਂ ਉਲੀਕਿਆ ਸਾਂਝਾ ਸੰਘਰਸ਼ ਇਸ ਦਿਸ਼ਾ 'ਚ ਪੂਰੇ ਮੁਲਕ ਲਈ ਇਕ ਆਸ ਦੀ ਕਿਰਨ ਹੈ। 16 ਫਰਵਰੀ ਨੂੰ ਐੱਸ.ਕੇ.ਐੱਮ. ਦੇ 'ਗ੍ਰਾਮੀਣ ਭਾਰਤ ਬੰਦ' ਅਤੇ ਟਰੇਡ ਯੂਨੀਅਨਾਂ ਦੇ 'ਭਾਰਤ ਬੰਦ' ਦੇ ਸਾਂਝੇ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ। ਪਿੰਡਾਂ ਤੋਂ ਇਲਾਵਾ, ਸ਼ਹਿਰਾਂ ਦੇ ਲੋਕਾਂ, ਸਨਅਤੀ ਮਜ਼ਦੂਰਾਂ, ਹੋਰ ਮਿਹਨਤਕਸ਼ਾਂ ਅਤੇ ਸਰਕਾਰੀ ਮੁਲਾਜ਼ਮਾਂ ਨੇ ਵੀ ਬੰਦ ਵਿਚ ਉਤਸ਼ਾਹ ਨਾਲ ਹਿਸਾ ਲਿਆ। ਇਹ ਹੁੰਗਾਰਾ ਇਸ ਦਾ ਸਬੂਤ ਹੈ ਕਿ ਮੋਦੀ ਸਰਕਾਰ ਦੀਆਂ ਆਰਥਕ ਨੀਤੀਆਂ ਵਿਰੁੱਧ ਮੁਲਕ ਦੇ ਲੋਕਾਂ 'ਚ ਕਾਫ਼ੀ ਅਸੰਤੁਸ਼ਟੀ ਅਤੇ ਬੇਚੈਨੀ ਹੈ। ਜੇ ਇਸ ਬੇਚੈਨੀ ਨੂੰ ਕੋਈ ਢੁਕਵਾਂ ਮੰਚ ਮਿਲੇ ਤਾਂ ਮੁਲਕ ਪੱਧਰ ਦੀ ਇਹ ਸਾਂਝੀ ਲਾਮਬੰਦੀ ਜਾਬਰ ਹਕੂਮਤ ਵਿਰੁੱਧ ਲੋਕ ਜਮਹੂਰੀ ਰਾਜਨੀਤਕ ਲਹਿਰ ਦਾ ਮੁੱਢ ਬੰਨਣ 'ਚ ਸਾਰਥਕ ਭੂਮਿਕਾ ਨਿਭਾ ਸਕਦੀ ਹੈ। 26 ਫਰਵਰੀ ਨੂੰ ਆਬੂਧਾਬੀ ਵਿਚ ਹੋ ਰਹੀ ਡਬਲਯੂਟੀਓ (ਸੰਸਾਰ ਵਪਾਰ ਸੰਸਥਾ) ਦੀ ਮੀਟਿੰਗ ਦੇ ਮੌਕੇ 'ਤੇ ਐੱਸ.ਕੇ.ਐੱਮ. ਵੱਲੋਂ ਪੂਰੇ ਭਾਰਤ ਵਿਚ ਮੁੱਖ ਸੜਕਾਂ ਉੱਪਰ ਟਰੈਕਟਰ ਖੜ੍ਹੇ ਕਰਕੇ ਅਤੇ ਵੱਡੇ-ਵੱਡੇ ਪੁਤਲੇ ਸਾੜ ਕੇ ਵਿਰੋਧ ਪ੍ਰਦਰਸ਼ਨ ਕੀਤੇ ਗਏ ਅਤੇ ਆਲਮੀ ਕਾਰਪੋਰੇਟ ਸਰਮਾਏ ਦੀ ਇਸ ਸੰਸਥਾ ਵਿੱਚੋਂ ਬਾਹਰ ਆਉਣ ਦੀ ਮੰਗ ਕੀਤੀ ਗਈ। 'ਗ਼ੈਰਰਾਜਨੀਤਕ ਮੋਰਚੇ' ਅਤੇ 'ਕਿਸਾਨ ਮਜ਼ਦੂਰ ਫੋਰਮ' ਨੇ ਵੀ ਇਸ ਮੌਕੇ ਪ੍ਰਦਰਸ਼ਨ ਕੀਤੇ। ਭਾਰਤ ਪੱਧਰ 'ਤੇ ਐੱਸ.ਕੇ.ਐੱਮ. ਨੇ ਅੰਦੋਲਨ ਦੇ ਅਗਲੇ ਪੜਾਅ ਵਜੋਂ 14 ਮਾਰਚ ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ 'ਮਹਾਂ ਪੰਚਾਇਤ' ਕਰਨ ਦਾ ਪ੍ਰੋਗਰਾਮ ਉਲੀਕਿਆ ਹੈ। ਐੱਸ.ਕੇ.ਐੱਮ. ਦੇ ਇਹ ਜਨਤਕ ਐਕਸ਼ਨ ਇਸ ਕਰਕੇ ਵੀ ਮਹੱਤਵਪੂਰਨ ਹਨ ਕਿ ਇਨ੍ਹਾਂ ਨੇ ਲੋਕ ਸਭਾ ਦੀਆਂ ਆਮ ਚੋਣਾਂ ਤੋਂ ਐਨ ਪਹਿਲਾਂ ਲੋਕਾਂ ਦੀ ਜ਼ਿੰਦਗੀ ਦੇ ਬੁਨਿਆਦੀ ਮੁੱਦਿਆਂ ਨੂੰ 21 ਮੁੱਖ ਮੰਗਾਂ ਦੇ ਰੂਪ 'ਚ ਉਭਾਰ ਕੇ ਅਤੇ ਹੁਣ ਭਾਰਤ ਦੀ ਆਰਥਿਕਤਾ ਉੱਪਰ ਡਬਲਯੂਟੀਓ ਰਾਹੀਂ ਸਾਮਰਾਜੀ ਕਬਜ਼ੇ ਦੇ ਮੁੱਦੇ ਨੂੰ ਉਭਾਰਕੇ ਰਾਜਨੀਤਕ ਦ੍ਰਿਸ਼ ਉੱਪਰ ਕਾਮਯਾਬੀ ਨਾਲ ਫੋਕਸ ਕੀਤਾ ਹੈ ਅਤੇ ਕਾਰਪੋਰੇਟ ਸਰਮਾਏ ਦੀ ਦਲਾਲ ਹਕੂਮਤ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਹੈ।

ਜੇ ਕਿਸਾਨਾਂ ਤੇ ਹੋਰ ਮਿਹਨਤਕਸ਼ ਲੋਕਾਂ ਦੇ ਅਸਲ ਮੁੱਦਿਆਂ ਉੱਪਰ ਲਾਮਬੰਦੀ ਦਾ ਇਹ ਵੇਗ ਬਰਕਰਾਰ ਰਹਿੰਦਾ ਹੈ ਤਾਂ ਲੰਮੇ ਸਮੇਂ 'ਚ ਇਹ ਕੁਝ ਮਹੱਤਵਪੂਰਨ ਮੰਗਾਂ ਮੰਨਣ ਲਈ ਸਰਕਾਰ ਨੂੰ ਮਜਬੂਰ ਕਰ ਸਕਦਾ ਹੈ। ਇਹ ਧਾਰਮਿਕ ਮੁੱਦਿਆਂ 'ਤੇ ਆਧਾਰਤ ਫਿਰਕੂ ਪਾਲਾਬੰਦੀ ਦੇ ਜ਼ਹਿਰੀਲੇ ਅਸਰ ਨੂੰ ਵੀ ਕਾਫ਼ੀ ਖ਼ੋਰਾ ਲਾ ਸਕਦਾ ਹੈ ਜੋ ਵੋਟ ਸਿਆਸਤ ਅੰਦਰ ਆਰ.ਐੱਸ.ਐੱਸ.-ਭਾਜਪਾ ਦਾ 'ਬ੍ਰਹਮਅਸਤਰ' ਹੈ।





### ਮੁਲਾਜ਼ਮਾਂ ਖਿਲਾਫ਼ ਵਿਵਾਦਤ ਕਾਨੂੰਨ-124

# ਫੋਰਡ ਸਰਕਾਰ ਨੂੰ ਅਦਾਲਤਾਂ 'ਚ ਹਾਰ, ਕਾਨੂੰਨ 'ਤੇ ਲੱਗੇਗੀ ਰੋਕ



ਡਾ: ਹਰਦੀਪ ਸਿੰਘ ਅਟਵਾਲ
(ਓਨਟਾਰੀਓ)




*ਪੂੰਜੀਵਾਦ ਖੁੱਲ੍ਹੇਆਮ ਕੈਨੇਡਾ ਵਰਗੇ ਦੇਸ਼ 'ਚ ਲੋਕਾਂ ਤੇ ਕਰਮਚਾਰੀਆਂ ਨੂੰ ਮਿਲੀਆਂ ਸਹੂਲਤਾਂ ਖੋਹਣ ਦੇ ਰਾਹ ਪੈ ਗਿਆ ਹੈ। ਰੋਜ਼ ਨਵੇਂ ਕਾਇਦੇ ਕਾਨੂੰਨ ਬਣਾਏ ਜਾ ਰਹੇ ਹਨ, ਪੁਰਾਣੇ ਬਦਲੇ ਜਾ ਰਹੇ ਹਨ, ਟਰੇਡਾਂ ਯੂਨੀਅਨਾਂ ਅੱਗੇ ਲੜਾਈ ਲਈ ਵੱਡੇ ਸਵਾਲ ਉਤਪੰਨ ਹੋ ਰਹੇ ਹਨ, ਉਸ ਨੂੰ ਸਮਝਣਾ ਤੇ ਸਹੀ ਪੱਖਾਂ ਉਪਰ ਜਾਣਕਾਰੀ ਜ਼ਰੂਰੀ ਹੈ, ਇਹ ਲਿਖਤ ਉਨ੍ਹਾਂ ਪੱਖਾਂ ਨੂੰ ਉਧੇੜਦੀ ਹੈ ਜੋ ਅਜਿਹੀ ਕੈਨੇਡੀਅਨ ਸਰਕਾਰਾਂ ਦੇ ਪੂੰਜੀਵਾਦ ਵਲ ਵਧਦੇ ਕਦਮਾਂ ਨੂੰ ਦਰਸਾਉਂਦੀ ਹੈ। - ਸੰਪਾਦਕ*

ਇੱਕ ਪਾਸੇ, ਕੈਨੇਡੀਅਨ ਕਾਮੇ ਗੈਰ-ਰੁਜ਼ਗਾਰ ਅਤੇ ਮਹਿੰਗਾਈ ਦੀ ਸਮੱਸਿਆ ਨਾਲ ਜੂਝ ਰਹੇ ਹਨ, ਦੂਜੇ ਪਾਸੇ ਓਨਟਾਰੀਓ ਸਰਕਾਰ ਕਾਮਿਆਂ ਦੀਆਂ ਤਨਖਾਹਾਂ ਵਿੱਚ ਕਟੌਤੀ ਲਈ ਨਵੇਂ ਕਾਨੂੰਨ ਬਣਾ ਰਹੀ ਹੈ। ਇਸ ਦੀ ਮਿਸਾਲ ਹੈ, ਨਵਾਂ ਵਿਵਾਦਤ ਕਾਨੂੰਨ-124 ਜਿਸ ਦਾ ਉਦੇਸ਼ ਜਨਤਕ ਖੇਤਰ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ 'ਕੈਪ' ਲਗਾਉਣਾ ਹੈ। ਪਿਛਲੇ ਚਾਰ ਸਾਲ ਤੋਂ ਵੱਧ ਸਮੇਂ ਤੋਂ ਫੋਰਡ ਸਰਕਾਰ ਅਤੇ ਕਰਮਚਾਰੀ ਯੂਨੀਅਨਾਂ ਇਸ ਕਾਨੂੰਨ ਨੂੰ ਲੈ ਕੇ ਅਦਾਲਤਾਂ ਵਿੱਚ ਆਹਮੋ-ਸਾਹਮਣੇ ਹਨ। ਹੁਣ, ਓਨਟਾਰੀਓ ਦੀ ਸਿਖਰਲੀ ਅਦਾਲਤ ਦੁਆਰਾ ਫਰਵਰੀ 2024, ਸੋਮਵਾਰ ਨੂੰ ਜਾਰੀ ਕੀਤੇ ਗਏ, ਇੱਕ ਫੈਸਲੇ ਵਿੱਚ, ਫੋਰਡ ਸਰਕਾਰ ਦੀ ਇਸ ਦੇ ਤਨਖਾਹ ਰੋਕ ਵਿਵਾਦਗ੍ਰਸਤ ਕਾਨੂੰਨ ਬਿੱਲ 124 - ਦੀ ਅਪੀਲ ਨੂੰ ਰੱਦ ਕਰ ਦਿੱਤਾ। ਫੋਰਡ ਸਰਕਾਰ ਨੇ ਕਿਹਾ ਹੈ ਕਿ ਹੁਣ ਉਹ ਇਸ ਫੈਸਲੇ ਅਨੁਸਾਰ ਕਾਨੂੰਨ ਨੂੰ ਰੱਦ ਕਰੇਗੀ।

2019 ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਫੋਰਡ ਸਰਕਾਰ ਨੇ ਇਸ ਐਕਟ ਲਈ ਮਤਾ ਪਾਸ ਕਰਕੇ, ਇਸਨੂੰ ਇੱਕ ਕਾਨੂੰਨ ਬਣਾ ਦਿੱਤਾ ਹੈ - ਜਿਸਨੇ ਤਿੰਨ ਸਾਲਾਂ ਲਈ ਜਨਤਕ ਖੇਤਰ ਦੀ ਉਜਰਤ ਨੂੰ ਇੱਕ ਪ੍ਰਤੀਸ਼ਤ ਪ੍ਰਤੀ ਸਾਲ ਸੀਮਿਤ ਕੀਤਾ ਹੈ - ਦੁਆਰਾ ਜਨਤਕ ਖੇਤਰ ਦੇ ਖਰਚਿਆਂ ਨੂੰ ਸੀਮਤ ਕਰਨ ਲਈ ਪੇਸ਼ ਕੀਤਾ ਗਿਆ ਸੀ। ਇੱਕ ਵੱਖਰੇ ਫੈਸਲੇ ਵਿੱਚ, ਤਿੰਨ-ਜੱਜਾਂ ਦੇ ਇੱਕ ਪੈਨਲ ਨੇ ਅਦਾਲਤ ਦੇ ਮੂਲ ਫੈਸਲੇ ਨਾਲ ਸਹਿਮਤੀ ਪ੍ਰਗਟਾਈ ਜਿਸ ਵਿੱਚ ਕਿਹਾ ਗਿਆ ਹੈ ਕਿ ਬਿੱਲ 124 ਸਮੂਹਿਕ ਸੌਦੇਬਾਜ਼ੀ ਦੇ ਅਧਿਕਾਰਾਂ ਵਿੱਚ 'ਕਾਫ਼ੀ' ਦਖਲਅੰਦਾਜ਼ੀ ਹੈ। ਓਨਟਾਰੀਓ ਕੋਰਟ ਆਫ ਅਪੀਲ ਨੇ ਹੇਠਲੀ ਅਦਾਲਤ ਦੇ ਫੈਸਲੇ ਨਾਲ ਸਹਿਮਤੀ ਪ੍ਰਗਟਾਈ ਅਤੇ ਉਸ ਫੈਸਲੇ ਨੂੰ ਬਰਕਰਾਰ ਰੱਖਿਆ ਜਿਸ ਨੇ ਆਖਰਕਾਰ ਕਾਨੂੰਨ ਨੂੰ ਰੱਦ ਕਰ ਦਿੱਤਾ। ਫੋਰਡ ਸਰਕਾਰ ਨੇ ਕਿਹਾ ਹੈ ਕਿ ਉਹ ਇਸ ਫੈਸਲੇ ਕਾਨੂੰਨ ਨੂੰ ਰੱਦ ਕਰੇਗੀ।

ਇਸ ਕਾਨੂੰਨ ਨੇ ਓਨਟਾਰੀਓ ਵਿੱਚ 2,500 ਤੋਂ ਵੱਧ ਜਨਤਕ ਖੇਤਰ ਦੀਆਂ ਸਮੂਹਿਕ ਸੌਦੇਬਾਜ਼ੀ ਯੂਨਿਟਾਂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਯੂਨੀਅਨਾਂ ਅਤੇ ਮਜ਼ਦੂਰ ਸਮੂਹਾਂ ਦੇ ਇੱਕ ਸੰਗ੍ਰਹਿ ਦੁਆਰਾ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਹੈ। ਖਾਸ ਤੌਰ 'ਤੇ ਅਦਾਲਤ ਦੇ ਫੈਸਲੇ ਨੇ ਪਾਇਆ ਕਿ ਤਨਖਾਹ ਰੋਕੂ ਕਾਨੂੰਨ ਗੈਰ-ਸੰਵਿਧਾਨਕ ਸੀ ਕਿਉਂਕਿ ਇਹ ਲਾਗੂ ਹੋਣ ਤੋਂ ਪਹਿਲਾਂ ਸਹੀ ਢੰਗ ਨਾਲ ਸਲਾਹ ਕਰਨ ਵਿੱਚ ਅਸਫਲ ਰਿਹਾ ਸੀ ਅਤੇ ਕਿਸੇ ਵੀ ਸਮੂਹਿਕ ਸਮਝੌਤਿਆਂ ਨੂੰ ਐਕਟ ਤੋਂ ਬਾਹਰ ਰੱਖਣ ਲਈ ਕੋਈ 'ਅਰਥਪੂਰਨ' ਵਿਧੀ ਨਹੀਂ ਸੀ। 2022 ਦੇ ਅਖੀਰ ਵਿੱਚ, ਕਾਨੂੰਨ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ ਗਿਆ ਸੀ।

ਓਨਟਾਰੀਓ ਦੀ ਸਿਖਰਲੀ ਅਦਾਲਤ ਨੇ ਸੋਮਵਾਰ ਦੇ ਇਸ ਫੈਸਲੇ ਵਿੱਚ ਕਿਹਾ, 'ਇਸ ਕੇਸ ਦੇ ਹਾਲਾਤ ਦੂਜੇ ਮਾਮਲਿਆਂ ਤੋਂ ਵੱਖਰੇ ਹਨ ਜਿੱਥੇ ਮਜ਼ਦੂਰੀ ਰੋਕ ਕਾਨੂੰਨ ਨੂੰ ਸੰਵਿਧਾਨਕ ਮੰਨਿਆ ਜਾਂਦਾ ਸੀ ਕਿਉਂਕਿ, ਇੱਥੇ, ਐਕਟ ਪਾਸ ਹੋਣ ਤੋਂ ਪਹਿਲਾਂ ਕੋਈ ਸਾਰਥਕ ਸੌਦੇਬਾਜ਼ੀ ਜਾਂ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ ਸੀ।'

ਐਕਟ ਸਮੂਹਿਕ ਸੌਦੇਬਾਜ਼ੀ ਦੀ ਪ੍ਰਕਿਰਿਆ ਵਿੱਚ ਗੱਲਬਾਤ ਲਈ ਖੁੱਲ੍ਹੇ ਛੱਡੇ ਗਏ ਦਾਇਰੇ ਅਤੇ ਹੋਰ ਖੇਤਰਾਂ ਨੂੰ ਮਹੱਤਵਪੂਰਨ ਤੌਰ 'ਤੇ ਸੀਮਤ ਕਰਦਾ ਹੈ। ਆਪਣੇ ਫੈਸਲੇ ਵਿੱਚ, ਓਨਟਾਰੀਓ ਦੀ ਅਪੀਲ ਕੋਰਟ ਨੇ ਸੰਕੇਤ ਦਿੱਤਾ ਕਿ ਬਿੱਲ 124 ਪੇਸ਼ ਕੀਤੇ ਜਾਣ ਤੋਂ ਪਹਿਲਾਂ ਯੂਨੀਅਨਾਂ ਨਾਲ 'ਮਹੱਤਵਪੂਰਨ' ਸਮਝੌਤਿਆਂ ਦੀ ਘਾਟ ਇੱਕ ਮੁੱਖ ਕਾਰਨ ਸੀ ਜਿਸ ਕਾਰਨ ਕਾਨੂੰਨ ਨੇ ਚਾਰਟਰ ਅਧਿਕਾਰਾਂ ਦੀ ਉਲੰਘਣਾ ਕੀਤੀ ਸੀ। ਅਦਾਲਤ ਦੇ ਫੈਸਲੇ ਨੇ ਇਹ ਵੀ ਨੋਟ ਕੀਤਾ ਕਿ ਫੋਰਡ ਸਰਕਾਰ ਨੇ 'ਸਿੱਖਿਆ ਖੇਤਰ ਵਿੱਚ ਸਮੂਹਿਕ ਸਮਝੌਤੇ ਦੀ ਸ਼ੁਰੂਆਤ ਦੀ ਉਮੀਦ ਵਿੱਚ' ਕਾਨੂੰਨ ਪੇਸ਼ ਕੀਤਾ, ਭਾਵ ਯੂਨੀਅਨਾਂ ਵਿਵਾਦਪੂਰਨ ਕਾਨੂੰਨ ਦੇ ਲਾਗੂ ਹੋਣ ਤੋਂ ਪਹਿਲਾਂ ਕੋਈ ਬੇਨਤੀ ਕਰਨ ਵਿੱਚ ਅਸਮਰੱਥ ਸਨ।

'ਬਹੁਤ ਸਾਰੇ, ਕਈ ਮਾਮਲਿਆਂ ਵਿੱਚ ਸਮੂਹਿਕ ਸੌਦੇਬਾਜ਼ੀ ਐਕਟ ਲਾਗੂ ਹੋਣ ਤੋਂ ਪਹਿਲਾਂ ਸ਼ੁਰੂ ਹੋ ਜਾਣੀ ਚਾਹੀਦੀ ਸੀ', ਜਸਟਿਸ ਲੀਜ਼ ਫਾਵਰੋ ਨੇ ਫੈਸਲੇ ਵਿੱਚ ਬਹੁਮਤ ਲਈ ਲਿਖਿਆ। ਫੈਸਲੇ ਨੇ ਇਸ਼ਾਰਾ ਕੀਤਾ ਕਿ ਖਜ਼ਾਨਾ ਬੋਰਡ ਵਿੱਚ ਜਨਤਕ ਖੇਤਰ ਦੀ ਸੌਦੇਬਾਜ਼ੀ ਦੇ ਨਿਰਦੇਸ਼ਕ ਨੇ ਵੀ 'ਸਵੀਕਾਰ' ਕੀਤਾ ਕਿ ਸਿੱਖਿਆ ਯੂਨੀਅਨਾਂ ਨਾਲ ਸੌਦੇਬਾਜ਼ੀ ਕਾਨੂੰਨ ਦੇ ਸਮੇਂ ਲਈ ਇੱਕ 'ਮੁੱਖ ਵਿਚਾਰ' ਸੀ।

'ਇਹ ਸਮਾਂ ਸਪੱਸ਼ਟ ਕਰਦਾ ਹੈ ਕਿ ਇਹ ਸਾਰਥਕ ਸੌਦੇਬਾਜ਼ੀ ਅਤੇ ਗੱਲਬਾਤ ਦੀ ਮਿਆਦ ਦੇ ਬਾਅਦ ਪੇਸ਼ ਨਹੀਂ ਕੀਤਾ ਗਿਆ ਸੀ, ਜਿਸ ਨਾਲ ਜਵਾਬਦਾਤਾਵਾਂ (ਯੂਨੀਅਨਾਂ) ਦੇ ਸਮੂਹਿਕ ਸੌਦੇਬਾਜ਼ੀ ਦੇ ਅਧਿਕਾਰਾਂ 'ਤੇ ਐਕਟ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕਦਾ ਸੀ', ਜਸਟਿਸ ਫੈਵਰੋ ਨੇ ਲਿਖਿਆ।

ਆਪਣੇ ਫੈਸਲੇ ਵਿੱਚ, ਓਨਟਾਰੀਓ ਦੀ ਅਪੀਲ ਕੋਰਟ ਨੇ ਸੰਕੇਤ ਦਿੱਤਾ ਕਿ ਬਿੱਲ 124 ਪੇਸ਼ ਕੀਤੇ ਜਾਣ ਤੋਂ ਪਹਿਲਾਂ ਯੂਨੀਅਨਾਂ ਦੇ ਨਾਲ 'ਮਹੱਤਵਪੂਰਣ' ਸਮਝੌਤੇ ਦੀ ਘਾਟ ਇੱਕ ਮੁੱਖ ਕਾਰਨ ਸੀ ਜਿਸ ਕਾਰਨ ਇਹ ਕਾਨੂੰਨ ਚਾਰਟਰ ਅਧਿਕਾਰਾਂ ਦੀ ਉਲੰਘਣਾ ਕੀਤੀ ਸੀ।

ਇੱਥੇ ਵਰਣਨਯੋਗ ਹੈ ਕਿ 7 ਨਵੰਬਰ, 2019 ਨੂੰ ਫੋਰਡ ਸਰਕਾਰ ਦੇ ਇਸ ਬਿੱਲ 124 ਨੂੰ ਕ੍ਰਾਊਨ ਦੀ ਮਨਜ਼ੂਰੀ ਮਿਲੀ ਅਤੇ ਕਾਨੂੰਨ ਬਣ ਗਿਆ। ਇਸ ਕਾਨੂੰਨ ਦੇ ਅਨੁਸਾਰ, ਕੁਝ ਜਨਤਕ ਖੇਤਰ ਵਿੱਚ ਕੋਈ ਵੀ ਸਮੂਹਿਕ ਸਮਝੌਤਾ ਜਾਂ ਆਰਬਿਟਰੇਸ਼ਨ ਅਵਾਰਡ 'ਸੰਚਾਲਨ ਮਿਆਦ' ਦੇ ਹਰੇਕ 12 ਮਹੀਨਿਆਂ ਲਈ ਔਸਤਨ ਇੱਕ ਪ੍ਰਤੀਸ਼ਤ ਤੋਂ ਵੱਧ ਮਜ਼ਦੂਰੀ ਮੁਆਵਜ਼ੇ ਵਿੱਚ ਵਾਧਾ ਪ੍ਰਦਾਨ ਨਹੀਂ ਕਰ ਸਕਦਾ ਹੈ। ਕਾਨੂੰਨ ਲਾਜ਼ਮੀ ਤੌਰ 'ਤੇ 3 ਸਾਲਾਂ ਦੀ 'ਸੰਚਾਲਨ ਮਿਆਦ' ਦੀ ਇੱਕ ਲੜੀ ਲਾਗੂ ਕਰਦਾ ਹੈ। ਇਸ ਲਈ ਵਾਧਾ 3 ਸਾਲਾਂ ਲਈ ਹਰ ਸਾਲ 1% ਤੱਕ ਸੀਮਿਤ ਹੈ, ਇਸ ਵਿੱਚ ਤਨਖਾਹ ਸ਼ਾਮਲ ਹੈ। ਇਹ ਤਨਖਾਹ ਅਤੇ ਕੁੱਲ ਮੁਆਵਜ਼ਾ ਕੈਪਸ ਹਨ। ਸੰਜਮ ਦੀ ਮਿਆਦ ਦੇ ਦੌਰਾਨ ਤਨਖ਼ਾਹਾਂ ਵਿੱਚ ਵਾਧਾ ਹੁੰਦਾ ਹੈ ਅਤੇ ਕੁੱਲ ਮੁਆਵਜ਼ਾ ਕੁਝ ਅਪਵਾਦਾਂ ਦੇ ਅਧੀਨ 1% ਪ੍ਰਤੀ ਸਾਲ ਸੀਮਿਤ ਕੀਤਾ ਜਾਂਦਾ ਹੈ। ਉਹਨਾਂ ਲਈ 'ਸੰਚਾਲਨ ਦੀ ਮਿਆਦ' ਉਸ ਸਮੇਂ ਦੀ ਮਿਆਦ ਦੇ ਤੌਰ 'ਤੇ ਜਿੱਥੇ ਤਨਖਾਹ ਦੀ ਪਾਬੰਦੀ ਜਾਂ ਸੀਮਾ ਹੁੰਦੀ ਹੈ। ਇਹ 'ਸੰਚਾਲਨ ਪੀਰੀਅਡ' 3 ਸਾਲਾਂ ਤੱਕ ਚੱਲਦੇ ਹਨ। 'ਸੰਚਾਲਨ ਦੀ ਮਿਆਦ' ਦੀ ਸ਼ੁਰੂਆਤ ਸਮੂਹਿਕ ਸਮਝੌਤੇ ਜਾਂ ਆਰਬਿਟਰੇਸ਼ਨ ਅਵਾਰਡਾਂ ਦੀਆਂ ਪ੍ਰਭਾਵੀ ਤਾਰੀਖਾਂ 'ਤੇ ਨਿਰਭਰ ਕਰਦੀ ਹੈ।

ਇਹ ਕਾਨੂੰਨ ਵਿਆਪਕ ਜਨਤਕ ਖੇਤਰ 'ਤੇ ਲਾਗੂ ਕੀਤਾ ਗਿਆ ਹੈ, ਜਿਸ ਵਿੱਚ ਸ਼ਾਮਲ ਹਨ: ਹਸਪਤਾਲ, 'ਕਰਾਊਨ' ਏਜੰਸੀਆਂ, ਸਕੂਲ ਬੋਰਡ, ਯੂਨੀਵਰਸਿਟੀਆਂ, ਕਾਲਜ, ਲੰਮੇ ਸਮੇਂ ਦੀ ਦੇਖਭਾਲ ਘਰ, ਅਨਾਥ ਆਸ਼ਰਮ, ਬੱਚਿਆਂ ਦੀ ਸਹਾਇਤਾ ਸੁਸਾਇਟੀਆਂ ਅਤੇ ਹੋਰ ਬੋਰਡ, ਕਾਰਪੋਰੇਸ਼ਨਾਂ, ਦਫ਼ਤਰ ਜਾਂ ਸੰਸਥਾਵਾਂ ਜੋ ਨਹੀਂ ਲੈਂਦੀਆਂ। ਲਾਭ ਜਾਂ ਲਾਭ ਦੇ ਉਦੇਸ਼ ਲਈ ਗਤੀਵਿਧੀਆਂ 'ਤੇ ਅਤੇ 2018 ਵਿੱਚ ਓਨਟਾਰੀਓ ਸਰਕਾਰ ਤੋਂ ਫੰਡਿੰਗ ਵਿੱਚ ਘੱਟੋ-ਘੱਟ $1,000,000 ਪ੍ਰਾਪਤ ਕੀਤੇ।

ਕਰਮਚਾਰੀ ਪਹਿਲਾਂ ਤੋਂ ਮੌਜੂਦ ਗ੍ਰੇਡਾਂ 'ਤੇ ਜਾ ਸਕਦੇ ਹਨ ਜਾਂ ਮੈਰਿਟ ਵਿੱਚ ਵਾਧਾ ਪ੍ਰਾਪਤ ਕਰ ਸਕਦੇ ਹਨ, ਪਰ ਗ੍ਰੇਡਾਂ ਨੂੰ ਸੰਚਾਲਨ ਅਵਧੀ ਦੇ ਦੌਰਾਨ ਲਗਾਏ ਗਏ ਸਾਲਾਨਾ 1% ਕੈਪਸ ਤੋਂ ਵੱਧ ਨਹੀਂ ਵਧਾਇਆ ਜਾਣਾ ਚਾਹੀਦਾ ਹੈ।

ਮੰਤਰਾਲਾ ਅਸਲ ਵਿੱਚ ਇਹ ਘੋਸ਼ਣਾ ਕਰਨ ਲਈ ਇੱਕ ਆਦੇਸ਼ ਦੇ ਸਕਦਾ ਹੈ ਕਿ ਇੱਕ ਸਮੂਹਿਕ ਸਮਝੌਤਾ ਨਵੇਂ ਐਕਟ ਦੇ ਵਿਰੁੱਧ ਹੈ। ਸਰਕਾਰ ਰੁਜ਼ਗਾਰਦਾਤਾ ਨੂੰ ਸਮੂਹਿਕ ਸੌਦੇਬਾਜ਼ੀ ਜਾਂ ਮੁਆਵਜ਼ੇ ਬਾਰੇ ਜਾਣਕਾਰੀ ਦੇਣ ਲਈ ਵੀ ਨਿਰਦੇਸ਼ ਦੇ ਸਕਦੀ ਹੈ। ਕਾਨੂੰਨ ਰੁਜ਼ਗਾਰਦਾਤਾਵਾਂ ਨੂੰ ਉਜਰਤ ਰੋਕਾਂ ਨੂੰ ਪੂਰਾ ਕਰਨ ਤੋਂ ਪਹਿਲਾਂ ਜਾਂ ਬਾਅਦ ਵਿੱਚ ਵੱਡੇ ਮੁਆਵਜ਼ੇ ਵਿੱਚ ਵਾਧਾ ਪ੍ਰਦਾਨ ਕਰਨ ਤੋਂ ਮਨ੍ਹਾ ਕਰਦਾ ਹੈ। ਕਈ ਕਰਮਚਾਰੀ ਯੂਨੀਅਨਾਂ ਨੇ ਇਸ ਕਾਨੂੰਨ ਨੂੰ ਸੰਵਿਧਾਨਕ ਤੌਰ 'ਤੇ ਚੁਣੌਤੀ ਦਿੱਤੀ।

12 ਦਸੰਬਰ, 2019 ਨੂੰ ਚਾਰ ਓਨਟਾਰੀਓ ਟੀਚਿੰਗ ਯੂਨੀਅਨਾਂ ਨੇ ਘੋਸ਼ਣਾ ਕੀਤੀ ਕਿ ਉਹ ਬਿੱਲ 124 ਵਿਰੁੱਧ ਕਾਨੂੰਨੀ ਚੁਣੌਤੀ ਸ਼ੁਰੂ ਕਰ ਰਹੀਆਂ ਹਨ। ਯੂਨੀਅਨਾਂ ਦਾ ਤਰਕ ਹੈ ਕਿ ਬਿੱਲ 124 ਸੂਬੇ ਵਿੱਚ ਕਾਮਿਆਂ ਦੇ ਸੌਦੇਬਾਜ਼ੀ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ।

ਪ੍ਰੋਵਿੰਸ ਦੇ ਵਿੱਤੀ ਅਧਿਕਾਰੀ ਦੇ ਅਨੁਸਾਰ, ਓਨਟਾਰੀਓ ਦੇ ਜਨਤਕ ਖੇਤਰ ਵਿੱਚ ਤਨਖ਼ਾਹ ਦੇ ਬੰਦੋਬਸਤ ਔਸਤ ਇੱਕ ਪ੍ਰਤੀਸ਼ਤ ਹੈ। ਹਰੇਕ ਜਨਤਕ ਖੇਤਰ ਦੀ ਯੂਨੀਅਨ ਬਿੱਲ 124 ਦੀਆਂ ਸ਼ਰਤਾਂ ਅਧੀਨ ਤਿੰਨ ਸਾਲਾਂ ਲਈ ਹਰ ਸਾਲ ਇੱਕ ਪ੍ਰਤੀਸ਼ਤ ਤਨਖਾਹ ਵਾਧੇ ਲਈ ਪਾਬੰਦ ਹੈ।

12 ਸਤੰਬਰ, 2022 ਨੂੰ ਓਨਟਾਰੀਓ ਸੁਪੀਰੀਅਰ ਕੋਰਟ ਆਫ਼ ਜਸਟਿਸ ਫੋਰਡ ਸਰਕਾਰ ਵਿਰੁੱਧ ਓਨਟਾਰੀਓ ਇੰਗਲਿਸ਼ ਕੈਥੋਲਿਕ ਟੀਚਰਜ਼ ਐਸੋਸੀਏਸ਼ਨ ਸਮੇਤ ਕਈ ਯੂਨੀਅਨਾਂ ਦੁਆਰਾ ਲਿਆਂਦੇ ਗਏ ਇੱਕ ਕੇਸ ਦੀ ਸੁਣਵਾਈ ਸ਼ੁਰੂ ਕੀਤੀ। ਕੇਸ ਦੀ ਦਲੀਲ ਹੈ ਕਿ ਬਿੱਲ 124 ਗੈਰ-ਸੰਵਿਧਾਨਕ ਹੈ। 29 ਨਵੰਬਰ, 2022 ਨੂੰ, ਓਨਟਾਰੀਓ ਦੀ ਉੱਚ ਅਦਾਲਤ ਦੇ ਜੱਜ ਜਸਟਿਸ ਮਾਰਕਸ ਕੋਹੇਨ ਨੇ ਬਿੱਲ 124 ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ।

ਜਸਟਿਸ ਕੋਹੇਨੇਨ ਨੇ ਪਾਇਆ ਕਿ ਪ੍ਰਤੀ ਸਾਲ ਇੱਕ ਪ੍ਰਤੀਸ਼ਤ ਦੀ ਸੀਮਾ ਕਰਮਚਾਰੀਆਂ ਅਤੇ ਯੂਨੀਅਨਾਂ ਲਈ ਤਨਖਾਹਾਂ ਅਤੇ ਜਨਤਕ ਖੇਤਰ ਦੇ ਕਰਮਚਾਰੀਆਂ ਲਈ ਇਕਰਾਰਨਾਮੇ ਦੀ ਗੱਲਬਾਤ ਦੇ ਹੋਰ ਤੱਤਾਂ ਲਈ ਸੌਦੇਬਾਜ਼ੀ ਦੇ ਅਧਿਕਾਰਾਂ ਨੂੰ ਸੀਮਤ ਕਰਦੀ ਹੈ।

"ਇਹ ਯੂਨੀਅਨਾਂ ਨੂੰ ਗੈਰ-ਮੁਦਰਾ ਲਾਭਾਂ ਦੇ ਵਿਰੁੱਧ ਤਨਖਾਹ ਦੀ ਮੰਗ ਕਰਨ ਤੋਂ ਰੋਕਦਾ ਹੈ, ਸਮੂਹਿਕ ਸੌਦੇਬਾਜ਼ੀ ਪ੍ਰਕਿਰਿਆ ਨੂੰ ਸਟਾਫ ਦੀ ਘਾਟ ਨੂੰ ਹੱਲ ਕਰਨ ਤੋਂ ਰੋਕਦਾ ਹੈ, ਹੜਤਾਲ ਦੇ ਅਧਿਕਾਰ ਦੀ ਉਪਯੋਗਤਾ ਵਿੱਚ ਦਖਲਅੰਦਾਜ਼ੀ ਕਰਦਾ ਹੈ, ਹਿੱਤ ਸੁਰੱਖਿਆ ਦੀ ਸੁਤੰਤਰਤਾ ਵਿੱਚ ਦਖਲਅੰਦਾਜ਼ੀ ਕਰਦਾ ਹੈ, ਅਤੇ ਮਾਲਕ ਅਤੇ ਕਰਮਚਾਰੀ ਵਿਚਕਾਰ ਸ਼ਕਤੀ ਸੰਤੁਲਨ ਵਿੱਚ ਦਖਲਅੰਦਾਜ਼ੀ ਕਰਦਾ ਹੈ।" ਜੱਜ ਦੇ ਫੈਸਲੇ ਨੇ ਕਿਹਾ।

ਉਸੇ ਦਿਨ ਓਨਟਾਰੀਓ ਸਰਕਾਰ ਨੇ ਘੋਸ਼ਣਾ ਕੀਤੀ ਕਿ ਉਹ ਇਸ ਫੈਸਲੇ ਵਿਰੁੱਧ ਅਪੀਲ ਕਰੇਗੀ। 29 ਦਸੰਬਰ, 2022 ਨੂੰ, ਫੋਰਡ ਸਰਕਾਰ ਦੇ ਵਕੀਲਾਂ ਨੇ ਓਨਟਾਰੀਓ ਦੀ ਅਦਾਲਤ ਵਿੱਚ ਵਿਵਾਦਗ੍ਰਸਤ ਤਨਖਾਹ ਰੋਕ ਕਾਨੂੰਨ ਨੂੰ ਰੱਦ ਕਰਨ ਵਾਲੇ ਫੈਸਲੇ ਨੂੰ ਉਲਟਾਉਣ ਲਈ ਅਪੀਲ ਪੱਤਰ ਦਾਇਰ ਕੀਤੇ ਅਤੇ ਵਿਵਾਦਗ੍ਰਸਤ ਤਨਖਾਹ ਰੋਕ ਕਾਨੂੰਨ ਨੂੰ ਬਹਾਲ ਕਰਨ ਦੀ ਅਪੀਲ ਕੀਤੀ।

ਬਿੱਲ 124, ਜਿਸ ਨੇ ਜਨਤਕ ਖੇਤਰ ਦੀਆਂ ਉਜਰਤਾਂ ਨੂੰ ਤਿੰਨ ਸਾਲਾਂ ਦੀ ਮਿਆਦ ਲਈ ਇੱਕ ਪ੍ਰਤੀਸ਼ਤ ਪ੍ਰਤੀ ਸਾਲ ਸੀਮਤ ਕੀਤਾ ਸੀ, ਨੂੰ ਨਵੰਬਰ ਵਿੱਚ ਗੈਰ-ਸੰਵਿਧਾਨਕ ਕਰਾਰ ਦੇ ਦਿੱਤਾ ਗਿਆ ਸੀ ਜਦੋਂ ਯੂਨੀਅਨਾਂ ਨੇ ਦਲੀਲ ਦਿੱਤੀ ਸੀ ਕਿ ਇਹ ਸਮੂਹਿਕ ਸੌਦੇਬਾਜ਼ੀ ਦੇ ਉਨ੍ਹਾਂ ਦੇ ਸੰਵਿਧਾਨਕ ਅਧਿਕਾਰ ਵਿੱਚ ਕਾਫ਼ੀ ਦਖਲਅੰਦਾਜ਼ੀ ਕਰਦਾ ਹੈ।

ਜਿਵੇਂ ਕਿ ਸੂਬਾ ਜਨਤਕ ਖੇਤਰ ਦੀਆਂ ਤਨਖਾਹਾਂ ਨੂੰ ਸੀਮਤ ਕਰਕੇ ਪ੍ਰਾਪਤ ਕੀਤੀ ਬੱਚਤ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਦਾ ਹੈ, ਸਰਕਾਰ ਇਹ ਦਲੀਲ ਦੇ ਰਹੀ ਹੈ ਕਿ ਸੰਵਿਧਾਨ ਯੂਨੀਅਨ ਦੇ ਗੱਲਬਾਤ ਕਰਨ ਦੇ ਅਧਿਕਾਰ ਦੀ ਰੱਖਿਆ ਕਰਦਾ ਹੈ ਪਰ ਸੌਦੇਬਾਜ਼ੀ ਪ੍ਰਕਿਰਿਆ ਦੇ ਨਤੀਜੇ ਦੀ ਨਹੀਂ।

ਹੁਣ, ਪ੍ਰੋਵਿੰਸ ਦੇ ਵਾਚਡੌਗ ਨੇ ਅੰਦਾਜ਼ਾ ਲਗਾਇਆ ਹੈ ਕਿ ਓਨਟਾਰੀਓ ਆਪਣੀ ਅਪੀਲ ਵਿੱਚ ਅਸਫਲ ਰਿਹਾ ਹੈ ਅਤੇ ਇਸਦੀ ਬੈਕ-ਪੇ ਵਿੱਚ $8 ਬਿਲੀਅਨ ਤੋਂ ਵੱਧ ਖਰਚ ਹੋ ਸਕਦਾ ਹੈ।

ਇਸ ਕਾਨੂੰਨ ਦੇ ਮਾੜੇ ਨਤੀਜੇ ਜਨਤਕ ਖੇਤਰ ਵਿੱਚ ਵੀ ਆਉਣੇ ਸ਼ੁਰੂ ਹੋ ਗਏ ਸਨ। ਇੱਥੋਂ ਤੱਕ ਕਿ, ਇਨ੍ਹਾਂ ਨੂੰ ਸਿਹਤ ਮੰਤਰੀ ਨੂੰ ਦਿੱਤੇ ਅੰਦਰੂਨੀ ਬ੍ਰੀਫਿੰਗ ਦਸਤਾਵੇਜ਼ਾਂ ਵਿੱਚ ਦੇਖਿਆ ਅਤੇ ਰਿਪੋਰਟ ਕੀਤਾ ਗਿਆ ਸੀ। ਪ੍ਰੀਮੀਅਰ ਡੱਗ ਫੋਰਡ ਦੇ ਵਿਵਾਦਗ੍ਰਸਤ ਤਨਖਾਹ ਰੋਕ ਕਾਨੂੰਨ ਨੇ ਓਨਟਾਰੀਓ ਦੀ ਸਿਹਤ-ਸੰਭਾਲ ਪ੍ਰਣਾਲੀ ਵਿੱਚ ਸਟਾਫਿੰਗ ਸੰਕਟ ਵਿੱਚ ਯੋਗਦਾਨ ਪਾਇਆ। ਸਿਹਤ-ਸੰਭਾਲ ਪ੍ਰਣਾਲੀ ਵਿੱਚ 'ਰਿਟੇਨਸ਼ਨ ਮੁੱਦਿਆਂ' ਨਾਲ ਨਜਿੱਠਣ ਵਾਲੇ ਮੰਤਰੀ ਦੇ ਬਾਈਂਡਰ ਦੇ ਇੱਕ ਹਿੱਸੇ ਨੇ ਕਿਹਾ ਕਿ 'ਬਿਲ 124 ਦੁਆਰਾ ਉਜਰਤ ਅਸਮਾਨਤਾ ਬਾਰੇ ਚਿੰਤਾਵਾਂ' ਉਜਰਤ ਅਸਮਾਨਤਾਵਾਂ ਦੇ ਨਾਲ ਇੱਕ ਯੋਗਦਾਨ ਪਾਉਣ ਵਾਲਾ ਕਾਰਕ ਸੀ। ਇੱਕ ਹੋਰ ਬ੍ਰੀਫਿੰਗ ਨੋਟ ਵਿੱਚ, ਮੰਤਰਾਲੇ ਨੇ ਮੰਨਿਆ ਕਿ ਮਹਾਂਮਾਰੀ ਦੇ ਦੌਰਾਨ ਓਨਟਾਰੀਓ ਦੇ ਸਿਹਤ-ਸੰਭਾਲ ਸਟਾਫ ਦੀਆਂ ਸਮੱਸਿਆਵਾਂ ਵਿਗੜ ਗਈਆਂ ਹਨ।

11 ਜਨਵਰੀ, 2023 ਨੂੰ, ਅੰਦਰੂਨੀ ਦਸਤਾਵੇਜ਼ਾਂ ਬਾਰੇ ਪੁੱਛੇ ਜਾਣ 'ਤੇ, ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਪਣੀ ਸਰਕਾਰ ਦੇ ਵਿਸ਼ਲੇਸ਼ਣ ਨੂੰ 'ਸਹੀ ਨਹੀਂ' ਕਿਹਾ। ਉਸਨੇ ਕਿਹਾ ਕਿ ਪ੍ਰਾਂਤ ਬੇਲੋੜ ਖਰਚ ਨਹੀਂ ਕਰ ਸਕਦਾ ਕਿਉਂਕਿ ਲੋਕਾਂ 'ਤੇ ਟੈਕਸ ਲਗਾਇਆ ਜਾਂਦਾ ਹੈ।

1 ਅਪ੍ਰੈਲ, 2023 ਨੂੰ, ਬਿੱਲ 124 ਵਿੱਚ ਉੱਚ ਤਨਖਾਹ ਵਾਧੇ ਨੂੰ 'ਆਰਬਿਟਰੇਟਰ' ਨਰਸਾਂ ਲਈ ਬੰਦ ਕਰ ਦਿੱਤਾ ਗਿਆ ਸੀ ਜੋ ਓਨਟਾਰੀਓ ਨਰਸਜ਼ ਐਸੋਸੀਏਸ਼ਨ ਦੁਆਰਾ ਨੁਮਾਇੰਦਗੀ ਕਰਦੀਆਂ ਹਨ। ਤਿੰਨ ਸਾਲਾਂ ਦੀ ਮਿਆਦ ਲਈ 3 ਫੀਸਦੀ ਤਨਖਾਹ ਵਾਧੇ 'ਤੇ ਰੱਖੇ ਜਾਣ ਦੀ ਬਜਾਏ, ਨਰਸਾਂ ਨੂੰ ਹੁਣ ਇਕਰਾਰਨਾਮੇ ਦੀ ਮਿਆਦ ਲਈ ਕੁੱਲ 6.75 ਫੀਸਦੀ ਮਿਲੇਗਾ। ਯੂਨੀਅਨ ਅਨੁਸਾਰ ਅਦਾਇਗੀਆਂ ਪਹਿਲਾਂ ਹੀ ਹੋ ਚੁੱਕੀਆਂ ਹਨ। WSIB ਵਰਕਰਾਂ, LCBO ਸਟਾਫ਼ ਅਤੇ ਹੋਰ ਹਸਪਤਾਲ ਕਰਮਚਾਰੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਕਈ ਹੋਰ ਯੂਨੀਅਨਾਂ, ਅਗਲੇ ਹਫ਼ਤਿਆਂ ਵਿੱਚ ਉਸੇ ਬੈਕ-ਡੇਟ ਤਨਖਾਹ ਸਮਝੌਤਿਆਂ ਲਈ ਸਹਿਮਤ ਹਨ। WSIB ਵਰਕਰਾਂ, LCBO ਸਟਾਫ਼ ਅਤੇ ਹੋਰ ਹਸਪਤਾਲ ਕਰਮਚਾਰੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਕਈ ਹੋਰ ਯੂਨੀਅਨਾਂ, ਅਗਲੇ ਹਫ਼ਤਿਆਂ ਵਿੱਚ ਸਮਾਨ ਬੈਕ-ਡੇਟ ਤਨਖਾਹ ਸਮਝੌਤਿਆਂ ਲਈ ਸਹਿਮਤ ਹਨ।

20 ਜੂਨ, 2023 ਨੂੰ ਓਨਟਾਰੀਓ ਕੋਰਟ ਆਫ ਅਪੀਲ ਵਿੱਚ ਸੁਣਵਾਈ ਸ਼ੁਰੂ ਹੋਈ ਕਿਉਂਕਿ ਫੋਰਡ ਸਰਕਾਰ ਨੇ ਬਿੱਲ 124 ਨੂੰ ਰੋਕਣ ਦੇ ਫੈਸਲੇ ਨੂੰ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕੀਤੀ।

ਹੁਣ, ਵੱਖ-ਵੱਖ ਅਦਾਲਤਾਂ ਦੁਆਰਾ ਕਾਨੂੰਨ ਨੂੰ ਰੋਕ ਦਿੱਤਾ ਗਿਆ ਹੈ। ਫਿਲਹਾਲ ਮੁਲਾਜ਼ਮਾਂ ਅਤੇ ਉਨ੍ਹਾਂ ਦੀਆਂ ਯੂਨੀਅਨਾਂ ਨੇ ਸੁੱਖ ਦਾ ਸਾਹ ਲਿਆ ਹੈ। ਪਰ ਇਹ ਕੋਈ ਆਖਰੀ ਲੋਕ-ਵਿਰੋਧੀ ਅਤੇ ਮੁਲਾਜ਼ਮ ਵਿਰੋਧੀ ਕਾਨੂੰਨ ਨਹੀਂ ਹੈ, ਫੋਰਡ ਸਰਕਾਰ ਸਾਰੇ ਜਨਤਕ ਖੇਤਰ ਦੇ ਨਿੱਜੀਕਰਨ ਲਈ ਵੱਖ-ਵੱਖ ਤਰੀਕੇ ਲੱਭ ਰਹੀ ਹੈ।

# ਕੈਨੇਡਾ ਵਿੱਚ ਆਟੋ-ਚੋਰੀ ਦੇ ਮਾਮਲੇ, ਸਰਕਾਰ ਵੱਲੋਂ ਇਸ ਵਿਰੁੱਧ ਮਜ਼ਬੂਤ ਯੋਜਨਾਬੰਦੀ

*ਦੇਖਣ ਨੂੰ ਸਵਰਗ ਜਾਪਦੇ ਮੁਲਕ 'ਚ ਵੀ ਜਿਸ ਕਿਸਮ ਦੀ ਅੰਦਰੂਨੀ ਵਿਵਸਥਾ ਸਮਾਜਿਕ ਪੱਧਰ ਉਤੇ ਬਣ ਚੁੱਕੀ ਹੈ ਜਿਹੜੀ ਹੁਕਮਰਾਨਾ ਨੇ ਹੋਰ ਮਜ਼ਬੂਤ ਹੋਣ ਦਾ ਰਾਹ ਖੋਲ੍ਹ ਰਹੀ ਹੈ ਤੇ ਦੂਸਰਾ ਸਮਾਜ ਦੇ ਨਿਘਾਰ ਦੀਆਂ ਪਰਤਾਂ ਨੂੰ ਕੇਂਦਰੀ ਬਣਾ ਕੇ ਇਕ ਖੌਫ਼ ਪੈਦਾ ਕਰਨ ਲਈ ਨਵੇਂ ਆਸਾਰ ਮੁਹੱਈਆ ਕਰਵਾਉਣ ਲਈ ਅਰਾਜਕਤਾਵਾਦੀ ਰਸਤਾ ਪ੍ਰਦਾਨ ਕਰ ਰਹੇ ਹਨ, ਉਸ ਦੀਆਂ ਅਲਾਮਤਾਂ ਦਾ ਉਲੇਖ ਕਰਦੀ ਲਿਖਤ ਹੈ ।*

ਮਾਂਟਰੀਅਲ (ਸਰੋਕਾਰਾਂ ਦੀ ਆਵਾਜ਼ ਬਿਊਰੋ) : ਹਾਲ ਹੀ ਦੇ ਮਹੀਨਿਆਂ ਵਿੱਚ, ਕੈਨੇਡਾ ਵਿੱਚ ਆਟੋ-ਚੋਰੀ ਅਪਰਾਧ ਲਗਾਤਾਰ ਵੱਧ ਰਹੇ ਹਨ, ਲੁਟੇਰੇ ਦਿਨ-ਦਿਹਾੜੇ ਵੀ ਅਪਰਾਧ ਕਰਨ ਤੋਂ ਨਹੀਂ ਝਿਜਕਦੇ। ਸਰਕਾਰ, ਜਨਤਾ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ, ਇਸ ਮੁੱਦੇ 'ਤੇ ਵਿਚਾਰ-ਵਟਾਂਦਰੇ ਤੋਂ ਬਾਅਦ ਸਰਕਾਰ ਨੇ ਇਨ੍ਹਾਂ ਅਪਰਾਧਾਂ 'ਤੇ ਰੋਕ ਲਗਾਉਣ ਲਈ ਨਵੀਂ ਯੋਜਨਾ ਬਣਾਉਣ ਦਾ ਫੈਸਲਾ ਕੀਤਾ ਹੈ। ਕੈਨੇਡਾ ਪੁਲਿਸ ਨੂੰ ਇਨ੍ਹਾਂ ਅਪਰਾਧਾਂ ਨੂੰ ਰੋਕਣ ਲਈ ਹੋਰ ਫੰਡ ਮਿਲਣਗੇ। ਕੈਨੇਡਾ ਦੀ ਸਰਕਾਰ ਨੇ ਆਟੋ ਚੋਰੀ ਵਿੱਚ ਹਾਲ ਹੀ ਵਿੱਚ ਹੋਏ ਵਾਧੇ ਦਾ ਮੁਕਾਬਲਾ ਕਰਨ ਲਈ 'ਫੈਡਰਲ ਫੰਡਿੰਗ' ਵਿੱਚ $15 ਮਿਲੀਅਨ ਦਾ ਐਲਾਨ ਕੀਤਾ ਹੈ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਹਰ ਸਾਲ ਅੰਦਾਜ਼ਨ 90,000 ਕਾਰਾਂ ਚੋਰੀ ਹੁੰਦੀਆਂ ਹਨ, ਜਿਸ ਦੇ ਨਤੀਜੇ ਵਜੋਂ ਕੈਨੇਡੀਅਨ ਬੀਮਾ ਪਾਲਿਸੀ ਧਾਰਕਾਂ ਅਤੇ ਟੈਕਸਦਾਤਾਵਾਂ ਨੂੰ ਲਗਭਗ $1 ਬਿਲੀਅਨ ਦਾ ਨੁਕਸਾਨ ਹੁੰਦਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਵਿੱਚ ਕਾਰ ਉਤਪਾਦਨ ਕੰਪਨੀਆਂ ਦੇ ਆਟੋ ਵਰਕਰਾਂ ਵੱਲੋਂ ਲੰਬੀਆਂ ਹੜਤਾਲਾਂ ਕਾਰਨ ਨਵੀਆਂ ਕਾਰਾਂ ਦੀ ਘਾਟ ਹੈ। ਇੰਸ਼ੋਰੈਂਸ ਬਿਊਰੋ ਆਫ ਕੈਨੇਡਾ ਦੇ ਅਨੁਸਾਰ, 2022 ਸਾਲ ਵਿੱਚ ਲਗਭਗ 105,000 ਵਾਹਨ ਚੋਰੀ ਹੋਏ ਸਨ।

ਓਨਟਾਰੀਓ ਸੂਬੇ ਵਿੱਚ, 2028 ਤੋਂ 2022 ਤੱਕ, ਆਟੋ-ਚੋਰੀ ਵਿੱਚ ਲਗਭਗ 90 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। 2022 ਵਿੱਚ, ਇਹ ਦੱਸਿਆ ਗਿਆ ਸੀ ਕਿ ਪਿਛਲੇ ਸਾਲ, ਓਨਟਾਰੀਓ ਵਿੱਚ, 27,800 ਤੋਂ ਵੱਧ ਵਾਹਨ ਚੋਰੀ ਹੋਏ ਸਨ, ਹਰ ਰੋਜ਼ ਲਗਭਗ 75 ਵਾਹਨ ਚੋਰੀ ਹੋਏ ਸਨ। ਪੀਲ ਪੁਲਿਸ ਦੇ ਅੰਕੜਿਆਂ ਮੁਤਾਬਕ 2020 ਤੋਂ ਪੀਲ ਦੇ ਖੇਤਰ 'ਚ ਆਟੋ ਚੋਰੀ ਦੀਆਂ ਘਟਨਾਵਾਂ 'ਚ 145 ਫੀਸਦੀ ਦਾ ਵਾਧਾ ਹੋਇਆ ਹੈ। ਹਾਲਾਂਕਿ, ਇਹ ਸਿਰਫ ਰਿਪੋਰਟ ਕੀਤੇ ਗਏ ਮਾਮਲੇ ਹਨ। ਪੀਲ ਪੁਲਿਸ ਦੇ ਅੰਕੜਿਆਂ ਮੁਤਾਬਕ 2020 ਤੋਂ ਪੀਲ ਦੇ ਖੇਤਰ 'ਚ ਆਟੋ ਚੋਰੀ ਦੀਆਂ ਘਟਨਾਵਾਂ 'ਚ 145 ਫੀਸਦੀ ਦਾ ਵਾਧਾ ਹੋਇਆ ਹੈ। ਹਾਲਾਂਕਿ, ਇਹ ਸਿਰਫ ਜਨਤਾ ਦੁਆਰਾ ਚੋਰੀ ਦੇ ਰਿਪੋਰਟ ਕੀਤੇ ਗਏ ਮਾਮਲੇ ਹਨ। ਪੀਲ ਰੀਜਨਲ ਪੁਲਿਸ ਨੇ ਆਟੋ ਚੋਰੀ ਦੇ 8,279 ਮਾਮਲੇ ਦਰਜ ਕੀਤੇ ਹਨ, ਜੋ ਇਸ ਖੇਤਰ ਲਈ ਰਿਕਾਰਡ ਤੋੜ ਸਾਲ ਹੈ, ਹਾਲਾਂਕਿ 2022 ਵਿਚ ਇਹ ਗਿਣਤੀ 6,042 ਅਤੇ 2020 ਵਿਚ 3,376 ਸੀ। ਇਕੱਲੇ ਪੀਲ ਵਿਚ, ਉਸੇ ਚਾਰ ਸਾਲਾਂ ਦੀ ਮਿਆਦ ਦੌਰਾਨ 118 ਪ੍ਰਤੀਸ਼ਤ ਦਾ ਵਾਧਾ ਹੋਇਆ ਸੀ। ਇਸੇ ਤਰ੍ਹਾਂ ਦੇ ਵਾਧੇ ਡਰਹਮ, ਹਾਲਟਨ, ਟੋਰਾਂਟੋ ਅਤੇ ਓਟਾਵਾ ਸਮੇਤ ਸੂਬੇ ਦੇ ਹੋਰ ਪ੍ਰਮੁੱਖ ਅਧਿਕਾਰ ਖੇਤਰਾਂ ਵਿੱਚ ਵੇਖੇ ਗਏ।

ਮਾਂਟਰੀਅਲ ਵਿੱਚ ਇੱਕ ਨਿਊਜ਼ ਕਾਨਫਰੰਸ ਵਿੱਚ, ਪਬਲਿਕ ਸੇਫਟੀ ਮੰਤਰੀ



ਡੋਮਿਨਿਕ ਲੇਬਲੈਂਕ, ਟਰਾਂਸਪੋਰਟ ਮੰਤਰੀ ਪਾਬਲੋ ਰੌਡਰਿਗਜ਼, ਮਾਂਟਰੀਅਲ ਦੀ ਮੇਅਰ ਵੈਲੇਰੀ ਪਲਾਂਟੇ, ਆਰਸੀਐਮਪੀ ਕਮਿਸ਼ਨਰ ਮਾਈਕ ਡੂਹੇਮ ਅਤੇ ਮਾਂਟਰੀਅਲ ਦੇ ਪੁਲਿਸ ਮੁਖੀ ਫੈਡੀ ਡੇਗਰ ਨੇ ਕਿਹਾ ਕਿ $9.1 ਮਿਲੀਅਨ ਸੂਬਾਈ, ਖੇਤਰੀ ਅਤੇ ਮਿਉਂਸਪਲ ਬਲਾਂ ਨੂੰ ਅਲਾਟ ਕੀਤੇ ਜਾਣਗੇ। ਗੰਭੀਰ ਅਤੇ ਸੰਗਠਿਤ ਅਪਰਾਧ (CPCSOC) ਦਾ ਮੁਕਾਬਲਾ ਕਰਨ ਲਈ ਯੋਗਦਾਨ ਪ੍ਰੋਗਰਾਮ। ਤਾਂ ਜੋ ਇਹ 'ਸੁਰੱਖਿਆ ਬਲ' ਇਨ੍ਹਾਂ ਅਪਰਾਧਾਂ ਨੂੰ ਕੁਸ਼ਲਤਾ ਨਾਲ ਰੋਕ ਸਕਣ। ਇਸ ਤੋਂ ਇਲਾਵਾ, ਇੰਟਰਪੋਲ ਦੇ ਸਾਂਝੇ ਟਰਾਂਸਨੈਸ਼ਨਲ ਵਾਹਨ ਅਪਰਾਧ ਪ੍ਰੋਜੈਕਟ ਨੂੰ ਦੁਨੀਆ ਭਰ ਵਿੱਚ ਚੋਰੀ ਹੋਏ ਵਾਹਨਾਂ ਅਤੇ ਪੁਰਜ਼ਿਆਂ ਨੂੰ ਮੁੜ ਪ੍ਰਾਪਤ ਕਰਨ ਲਈ ਜਾਣਕਾਰੀ ਸਾਂਝੀ ਕਰਨ ਵਿੱਚ ਵਾਧਾ ਕਰਨ ਲਈ $3.5 ਮਿਲੀਅਨ ਪ੍ਰਾਪਤ ਹੋਣਗੇ। ਅਧਿਕਾਰੀਆਂ ਨੇ ਕਿਹਾ ਕਿ ਸਰਕਾਰ ਦੇ ਘਰੇਲੂ ਅਤੇ ਅੰਤਰਰਾਸ਼ਟਰੀ ਭਾਈਵਾਲਾਂ ਦਾ ਸਮਰਥਨ ਜਾਰੀ ਰੱਖਣ ਲਈ ਹੋਰ 2.4 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾਵੇਗਾ।

ਲੇਬਲੈਂਕ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ, 'ਦੇਸ਼ ਭਰ ਦੀਆਂ ਸਥਾਨਕ ਪੁਲਿਸ ਸੇਵਾਵਾਂ ਆਟੋ ਚੋਰੀ ਦਾ ਮੁਕਾਬਲਾ ਕਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।' 'ਜਿਵੇਂਕਿ ਹਾਲ ਹੀ ਵਿੱਚ ਹੋਏ 'ਸਮਿਟ ਔਨ ਕੰਬਟਿੰਗ ਆਟੋ ਥੈਫਟ' ਵਿੱਚ ਉਜਾਗਰ ਕੀਤਾ ਗਿਆ ਸੀ, ਇਸ ਅਪਰਾਧ ਨਾਲ ਕੁਸ਼ਲਤਾ ਨਾਲ ਮੁਕਾਬਲਾ ਕਰਨ ਲਈ ਸਹਿਯੋਗ ਜ਼ਰੂਰੀ ਹੈ। ਅੱਜ ਅਸੀਂ ਜੋ ਨਿਵੇਸ਼ ਕਰ ਰਹੇ ਹਾਂ, ਉਹ ਪੁਲਿਸ ਸੇਵਾਵਾਂ ਨੂੰ ਉਨ੍ਹਾਂ ਦੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਯੋਗ ਬਣਾਏਗਾ। ਚੋਰੀ ਹੋਏ ਵਾਹਨਾਂ ਦੇ ਨਿਰਯਾਤ ਨਾਲ ਲੜਨ ਵਿੱਚ ਮਦਦ ਲਈ ਇਸ ਮਹੀਨੇ ਦੇ ਸ਼ੁਰੂ ਵਿੱਚ ਸੰਮੇਲਨ ਵਿੱਚ $28 ਮਿਲੀਅਨ ਦੀ ਸ਼ੁਰੂਆਤੀ ਫੰਡਿੰਗ ਦਾ ਐਲਾਨ ਕੀਤਾ ਗਿਆ ਸੀ। ਸਰਕਾਰ ਨੇ ਕਿਹਾ ਕਿ ਇਹ ਪੈਸਾ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਪਿਲਫਰਡ ਆਟੋ ਦੇ ਨਾਲ ਕੰਟੇਨਰਾਂ ਦਾ ਪਤਾ ਲਗਾਉਣ ਅਤੇ ਖੋਜ ਕਰਨ ਦੀ ਵਧੇਰੇ ਸਮਰੱਥਾ ਪ੍ਰਦਾਨ ਕਰੇਗਾ। ਪਲਾਂਟੇ ਨੇ ਘੋਸ਼ਣਾ ਦੌਰਾਨ ਕਿਹਾ ਕਿ ਹਰ ਕਾਰ ਚੋਰੀ ਦੇ ਪਿੱਛੇ, ਵਾਹਨ ਮਾਲਕਾਂ, ਸੈਲਾਨੀਆਂ ਅਤੇ ਮਹਾਨਗਰ ਦੀ ਸਾਖ ਲਈ ਗੰਭੀਰ ਪ੍ਰਭਾਵ ਹੁੰਦੇ ਹਨ।

ਕਾਰ ਚੋਰੀਆਂ ਬਹੁਤ ਸਾਰੇ ਨੌਜਵਾਨਾਂ ਲਈ ਅਪਰਾਧਿਕ ਨੈਟਵਰਕ ਦਾ ਇੱਕ ਗੇਟਵੇ ਹਨ, ਅਤੇ ਸਾਨੂੰ ਠੋਸ ਕਾਰਵਾਈ ਕਰਨ ਦੀ ਲੋੜ ਹੈ। ਅੱਜ ਐਲਾਨ ਕੀਤਾ ਗਿਆ ਫੰਡ ਨਿਸ਼ਚਿਤ ਤੌਰ 'ਤੇ SPVM (ਸਰਵਿਸ ਡੀ ਪੁਲਿਸ ਡੇ ਲਾ ਵਿਲੇ ਡੀ ਮਾਂਟਰੀਅਲ), ਹੋਰ ਪੁਲਿਸ ਬਲਾਂ ਦੀ ਹੜਤਾਲ ਫੋਰਸ ਨੂੰ ਮਜ਼ਬੂਤ ਕਰੇਗਾ। ਅਤੇ ਭਾਈਵਾਲ ਸ਼ਾਮਲ ਹਨ। ਅਸੀਂ ਕੈਨੇਡਾ ਸਰਕਾਰ ਦੇ ਇਸ ਉਪਰਾਲੇ ਨੂੰ ਸਲਾਮ ਕਰਦੇ ਹਾਂ ਅਤੇ ਇਸ ਸੰਕਟ ਵਿਰੁੱਧ ਪ੍ਰਭਾਵਸ਼ਾਲੀ ਢੰਗ ਨਾਲ ਲੜਨ ਲਈ ਲਾਮਬੰਦ ਰਹਾਂਗੇ।










# ਰਿਆਸਤੀ ਜ਼ੁਲਮ ਦੀ ਬਾਤ ਪਾਉਣ ਵਾਲਾ ਦੀਵਾਨ ਸਿੰਘ ਮਫ਼ਤੂਨ

**ਗੁਰਪ੍ਰਵੇਸ਼ ਸਿੰਘ ਢਿੱਲੋਂ**

ਸੰਨ 1947 'ਚ ਆਜ਼ਾਦ ਹੋਣ ਸਮੇਂ ਭਾਰਤ ਵਿੱਚ 550 ਤੋਂ ਜ਼ਿਆਦਾ ਰਿਆਸਤਾਂ ਸਨ। ਇਨ੍ਹਾਂ 'ਚੋਂ ਕਈ ਰਿਆਸਤਾਂ ਤਾਂ ਯੂਰਪ ਦੇ ਮੁਲਕਾਂ ਤੋਂ ਵੀ ਵੱਡੀਆਂ ਅਤੇ ਕਈ ਪਸ਼ੂਆਂ ਦੀ ਚਰਾਂਦ ਤੋਂ ਵੀ ਛੋਟੀਆਂ ਸਨ। ਰਿਆਸਤਾਂ ਦੇ ਰਾਜਿਆਂ ਦੀ ਜੀਵਨ-ਸ਼ੈਲੀ ਅਤੇ ਸ਼ੌਕਾਂ ਨਾਲ ਸਬੰਧਿਤ ਸੁਆਦਲੇ ਕਿੱਸੇ ਅੱਜ ਵੀ ਬਜ਼ੁਰਗ ਸੱਥਾਂ-ਢਾਣੀਆਂ 'ਚ ਚਟਕਾਰੇ ਲੈ-ਲੈ ਸੁਣਾਉਂਦੇ ਹਨ। ਦੱਸਦੇ ਹਨ ਕਿ ਜੂਨਾਗੜ੍ਹ ਦੇ ਨਵਾਬ ਨੂੰ ਕੁੱਤਿਆਂ ਨਾਲ ਏਨਾ ਮੋਹ ਸੀ ਕਿ ਉਸ ਨੇ ਆਪਣੀ ਪਿਆਰੀ ਕੁੱਤੀ 'ਰੌਸ਼ਨ' ਦਾ ਵਿਆਹ 'ਬੌਬੀ' ਨਾਮੀ ਇੱਕ ਲੈਬਰੇਡੌਰ ਨਾਲ ਰਚਾਇਆ ਅਤੇ ਇਸ ਵਿਆਹ 'ਚ ਡੇਢ ਲੱਖ ਮਹਿਮਾਨਾਂ ਨੇ ਹਾਜ਼ਰੀ ਭਰੀ ਸੀ। ਮੁਜ਼ਾਰਿਆਂ ਤੋਂ ਮੋਟਾ ਮਾਲੀਆ ਉਗਰਾਹ ਕੇ ਇਹ ਰਾਜੇ ਪਰਜਾ ਦੇ ਖ਼ੂਨ-ਪਸੀਨੇ ਦੀ ਕਮਾਈ ਸਿਰੋਂ ਆਪਣੇ ਅਜੀਬੋ-ਗਰੀਬ ਸ਼ੌਕ ਪੂਰਦੇ ਸਨ। ਅਜਿਹੀਆਂ ਵਧੀਕੀਆਂ ਕਾਰਨ ਹੀ ਹਿੰਦੋਸਤਾਨ ਵਿੱਚ ਰਜਵਾੜਿਆਂ ਖ਼ਿ ?ਲਾਫ਼ 1920ਵਿਆਂ ਦੌਰਾਨ ਪਰਜਾ ਮੰਡਲ ਲਹਿਰ ਦੀ ਸ਼ੁਰੂਆਤ ਹੋਈ। ਲੋਕ-ਜਾਗ੍ਰਿਤੀ ਨੂੰ ਉੱਜਲ ਕਰਨ ਲਈ ਕਈ ਅਜਿਹੇ ਅਖ਼ਬਾਰ ਵੀ ਛਪਣ ਲੱਗੇ ਜਿਨ੍ਹਾਂ ਰਿਆਸਤਾਂ ਅੰਦਰ ਹੁੰਦੀ ਧੱਕੇਸ਼ਾਹੀ ਦੇ ਪਾਜ ਉਧੇੜੇ। ਇਨ੍ਹੀਂ ਦਿਨੀਂ ਹੀ ਸੰਨ 1924 ਵਿੱਚ ਦੀਵਾਨ ਸਿੰਘ ਮਫ਼ਤੂਨ ਨੇ ਦਿੱਲੀ ਤੋਂ ਉਰਦੂ ਪੱਤਰਕਾਰੀ ਦਾ ਇੱਕ ਸ਼ਾਹਕਾਰ ਅਖ਼ਬਾਰ 'ਰਿਆਸਤ' ਕੱਢਿਆ ਜਿਸ ਦੇ ਚਰਚੇ ਲੰਡਨ ਦੀ 'ਫਲੀਟ ਸਟਰੀਟ' ਤੱਕ ਸਨ। ਇਸ ਅਖ਼ਬਾਰ ਦੇ ਕਾਲਮਾਂ ਰਾਹੀਂ ਮਫ਼ਤੂਨ ਨੇ ਨਾ ਕੇਵਲ ਰਿਆਸਤਾਂ 'ਚ ਪਰਜਾ ਨਾਲ ਹੁੰਦੀ ਧੱਕੇਸ਼ਾਹੀ ਬਾਰੇ ਦੱਸਿਆ ਸਗੋਂ ਸ਼ਾਹੀ ਪਰਿਵਾਰਾਂ ਅੰਦਰ ਚੱਲ ਰਹੀ ਖ਼ਾਨਾਜੰਗੀ ਨੂੰ ਵੀ ਉਜਾਗਰ ਕਰਦੇ ਰਹੇ।

ਉਰਦੂ ਪੱਤਰਕਾਰੀ ਦੇ ਖੇਤਰ ਦੀ ਅਜ਼ੀਮ ਸ਼ਖ਼ਸੀਅਤ ਦੀਵਾਨ ਸਿੰਘ ਮਫ਼ਤੂਨ ਦਾ ਜਨਮ ਉਨ੍ਹਾਂ ਸਮਿਆਂ 'ਚ 'ਸ਼ਿਰਾਜ-ਏ-ਹਿੰਦ' ਅਖਵਾਉਂਦੇ ਜ਼ਿਲ੍ਹੇ ਗੁੱਜਰਾਂਵਾਲਾ ਦੇ ਸ਼ਹਿਰ ਹਾਫ਼ ?ਜ਼ਾਬਾਦ 'ਚ ਹੋਇਆ। ਦੀਵਾਨ ਸਿੰਘ ਦੀ ਵਿੱਦਿਅਕ ਯੋਗਤਾ ਬਹੁਤੀ ਨਹੀਂ ਸੀ। ਪਿਤਾ ਦੀ ਬੇਵਕਤੀ ਮੌਤ ਅਤੇ ਆਰਥਿਕ ਮਜਬੂਰੀਆਂ ਕਾਰਨ ਉਹ ਪੰਜ ਜਮਾਤਾਂ ਹੀ ਪੜ੍ਹ ਸਕੇ। ਪੜ੍ਹਨ-ਲਿਖਣ ਦੇ ਜਨੂੰਨ ਅਤੇ ਜੀਵਨ ਭਰ ਦੀ ਘਾਲਣਾ ਸਦਕਾ ਹੀ ਉਹ ਉਰਦੂ ਪੱਤਰਕਾਰੀ ਦੀਆਂ ਪਹਿਲੀਆਂ ਸਫ਼ਾਂ 'ਚ ਆ ਗਏ। ਅਬੋਹਰ ਵਿਖੇ ਕੰਪਾਊਂਡਰ ਵਜੋਂ ਨੌਕਰੀ ਸ਼ੁਰੂ ਕਰਨ ਮਗਰੋਂ ਉਨ੍ਹਾਂ ਨੂੰ ਉਰਦੂ ਸਾਹਿਤ ਅਤੇ ਭਾਸ਼ਾ ਦੀ ਅਜਿਹੀ ਚੇਟਕ ਲੱਗੀ ਕਿ ਆਪਣੀ ਛੇ ਰੁਪਏ ਮਹੀਨਾ ਤਨਖ਼ਾਹ ਵਿੱਚੋਂ ਇੱਕ ਰੁਪਿਆ ਉਰਦੂ ਦੇ ਰਸਾਲਿਆਂ ਅਤੇ ਅਖ਼ਬਾਰਾਂ 'ਤੇ ਖ਼ਰਚ ਦਿੰਦੇ ਸਨ। ਸ਼ਾਇਦ ਹੀ ਉਸ ਵੇਲੇ ਉਰਦੂ ਦਾ ਕੋਈ ਅਜਿਹਾ ਪਰਚਾ ਜਾਂ ਰਸਾਲਾ ਹੋਵੇਗਾ ਜਿਸ ਦਾ ਉਨ੍ਹਾਂ ਅਧਿਐਨ ਨਾ ਕੀਤਾ ਹੋਵੇ।

ਦੀਵਾਨ ਸਿੰਘ ਮਫ਼ਤੂਨ ਦੇ ਮੈਡੀਕਲ ਖੇਤਰ 'ਚੋਂ ਪੱਤਰਕਾਰੀ ਵੱਲ ਆਉਣ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਅਬੋਹਰ ਅਤੇ ਮੋਗਾ 'ਚ ਮੈਡੀਕਲ ਪ੍ਰੈਕਟਿਸ ਕਰਨ ਮਗਰੋਂ ਉਨ੍ਹਾਂ ਨੇ ਮਾਨਸਾ ਵਿਖੇ ਅੱਖਾਂ ਦਾ ਹਸਪਤਾਲ ਖੋਲ੍ਹਿਆ ਜਿੱਥੇ ਮੋਤੀਆ ਬਿੰਦ ਦੇ ਕਈ ਸਫ਼ਲ ਆਪ੍ਰੇਸ਼ਨ ਕੀਤੇ। ਇਸ ਹਸਪਤਾਲ ਤੋਂ ਉਨ੍ਹਾਂ ਨੂੰ ਤਿੰਨ-ਚਾਰ ਸੌ ਰੁਪਏ ਮਹੀਨਾ ਕਮਾਈ ਸੀ। ਇੱਕ ਦਿਨ ਖ਼ਾਲਸਾ ਅਖ਼ਬਾਰ 'ਚ ਮਫ਼ਤੂਨ ਦੇ ਛਪੇ ਲੇਖ ਤੋਂ ਪ੍ਰਭਾਵਿਤ ਹੋ ਕੇ ਅਖ਼ਬਾਰ ਦੇ ਮੈਨੇਜਰ ਭਾਈ ਮੂਲ ਸਿੰਘ ਨੇ ਉਨ੍ਹਾਂ ਨੂੰ ਸੱਠ ਰੁਪਏ ਮਹੀਨਾ ਤਨਖ਼ਾਹ 'ਤੇ ਖ਼ਾਲਸਾ ਅਖ਼ਬਾਰ ਸੰਪਾਦਿਤ ਕਰਨ ਦੀ ਪੇਸ਼ਕਸ਼ ਕੀਤੀ। ਚਿੱਠੀ ਮਿਲਣ 'ਤੇ ਉਹ ਹੱਦੋਂ ਪਰ੍ਹੇ ਖ਼ੁਸ਼ ਹੋਏ ਪਰ ਇੱਕ ਸਫ਼ਲ ਕਿੱਤੇ ਤੋਂ ਦੂਜੇ ਅਨਿਸ਼ਚਿਤ ਕਿੱਤੇ ਵੱਲ ਜਾਣ ਦੀ ਦੁਚਿੱਤੀ ਨੇ ਉਨ੍ਹਾਂ ਨੂੰ ਬੇਹਾਲ ਕਰ ਦਿੱਤਾ। ਆਖ਼ਰ ਆਪਣੇ ਇੱਕ ਸ਼ੁਭ ਚਿੰਤਕ ਭਗਤ ਲਕਸ਼ਮਨ ਸਿੰਘ ਦੇ ਕਹਿਣ 'ਤੇ ਉਨ੍ਹਾਂ ਭਾਈ ਮੂਲ ਸਿੰਘ ਦੀ ਪੇਸ਼ਕਸ਼ ਸਵੀਕਾਰ ਕਰ ਲਈ। ਮਫ਼ਤੂਨ ਦੀ ਲੇਖਣੀ ਲੋਹਾ ਸੀ,



ਪਰ ਪੱਤਰਕਾਰੀ ਦੇ ਤਜਰਬੇ ਦੀ ਕਮੀ ਅਤੇ ਕਾਨੂੰਨ ਤੋਂ ਅਣਜਾਣ ਹੋਣ ਕਾਰਨ ਉਨ੍ਹਾਂ ਦੀਆਂ ਲਿਖਤਾਂ ਜਲਦ ਹੀ ਅਖ਼ਬਾਰ ਲਈ ਮੁਕੱਦਮਿਆਂ 'ਚ ਫਸਣ ਦਾ ਕਾਰਨ ਬਣ ਗਈਆਂ। ਚਾਰ ਮਹੀਨੇ ਦੀ ਨੌਕਰੀ ਮਗਰੋਂ ਉਨ੍ਹਾਂ ਨੂੰ ਅਖ਼ਬਾਰ ਤੋਂ ਵੱਖ ਕਰ ਦਿੱਤਾ ਗਿਆ। ਮਹੀਨੇ ਦੇ ਸੈਂਕੜੇ ਰੁਪਏ ਕਮਾਉਣ ਵਾਲੇ ਦੀਵਾਨ ਸਿੰਘ ਇਕਦਮ ਵਿਹਲੇ ਹੋ ਗਏ, ਪਰ ਉਹ ਨਾਉਮੀਦ ਨਾ ਹੋਏ। ਕਿਸੇ ਮਿੱਤਰ ਦੀ ਸਲਾਹ 'ਤੇ ਉਨ੍ਹਾਂ ਉਸ ਵੇਲੇ ਦੀ ਉਰਦੂ ਪੱਤਰਕਾਰੀ ਦੇ ਸਿਖ਼ਰ ਮੰਨੇ ਜਾਂਦੇ 'ਹਮਦਮ' ਅਖ਼ਬਾਰ ਦੇ ਸੰਪਾਦਕ ਸੱਯਦ ਜਾਲਬ ਨੂੰ ਗੁਰੂ ਧਾਰਨ ਦੀ ਠਾਣ ਲਈ। ਸੱਯਦ ਜਾਲਬ ਨੂੰ ਕਈ ਖ਼ਤ ਲਿਖ, ਮਾਮੂਲੀ ਤਨਖ਼ਾਹ 'ਤੇ ਕੰਮ ਕਰਨ ਦੀਆਂ ਬੇਨਤੀਆਂ ਭੇਜੀਆਂ, ਪਰ ਜਾਲਬ ਵੱਲੋਂ ਕੋਈ ਜਵਾਬ ਨਾ ਆਇਆ। ਅਖੀਰ ਮਫ਼ਤੂਨ ਹੋਰੀਂ ਰੇਲਗੱਡੀ ਚੜ੍ਹ ਸਿੱਧਾ ਲਖਨਊ 'ਚ 'ਹਮਦਮ' ਦੇ ਦਫ਼ਤਰ ਪਹੁੰਚ ਗਏ, ਪਰ ਜਾਲਬ ਨੇ ਫਿਰ ਵੀ ਉਨ੍ਹਾਂ ਨਾਲ ਹੌਸਲਾ-ਵਧਾਊ ਸਲੂਕ ਨਾ ਕੀਤਾ ਅਤੇ ਅਸਾਮੀ ਨਾ ਹੋਣ ਕੀ ਗੱਲ ਆਖ ਕੇ ਪੱਲਾ ਝਾੜ ਦਿੱਤਾ। ਪੱਤਰਕਾਰੀ ਲਈ ਸ਼ੈਦਾਈ ਹੋਏ ਮਫ਼ਤੂਨ ਨੇ ਇਹ ਜਵਾਬ ਮਿਲਣ 'ਤੇ ਵੀ ਹਾਰ ਨਾ ਮੰਨੀ ਅਤੇ ਮੁਫ਼ਤ 'ਚ ਨੌਕਰੀ ਕਰਨ ਦੀ ਪੇਸ਼ਕਸ਼ ਕਰ ਦਿੱਤੀ। ਸਵੇਰੇ ਉਹ ਅਖ਼ਬਾਰ 'ਚ ਕੰਮ ਕਰਦੇ ਅਤੇ ਰਾਤ ਨੂੰ ਕਿਸੇ ਦਵਾਈਆਂ ਦੀ ਦੁਕਾਨ 'ਤੇ ਗੁਜ਼ਰੇ ਲਈ 15 ਰੁਪਏ ਮਹੀਨਾ 'ਤੇ ਨੌਕਰੀ ਕਰਦੇ। ਇਸ ਤਰ੍ਹਾਂ ਉਨ੍ਹਾਂ ਨੇ ਪੱਤਰਕਾਰੀ ਦੀਆਂ ਬਾਰੀਕੀਆਂ ਨੂੰ ਬੜੀ ਲਗਨ ਨਾਲ ਆਪਾ ਤਿਆਗ ਕੇ ਸਿੱਖਿਆ।

ਅਖ਼ਬਾਰ 'ਰਿਆਸਤ' ਵਿੱਚ ਹਰ ਹਫ਼ਤੇ ਦੋ ਕਾਲਮ 'ਨਾਕਾਬਿਲੇ ਫ਼ਰਾਮੋਸ਼' (ਜਿਹੜਾ ਮਫ਼ਤੂਨ ਦੀ ਨਿੱਜੀ ਜ਼ਿੰਦਗੀ ਦੇ ਤਜ਼ਰਬਿਆਂ 'ਤੇ ਆਧਾਰਿਤ ਸੀ) ਅਤੇ 'ਜਜ਼ਬਾਤੇ ਮਸ਼ਰਿਕ' (ਜਿਹੜਾ ਉਰਦੂ ਸਾਹਿਤ ਨਾਲ ਸਬੰਧਿਤ ਸੀ) ਛਪਦੇ ਸਨ। ਇਨ੍ਹਾਂ ਕਾਲਮਾਂ ਨੂੰ ਬਾਅਦ ਵਿੱਚ ਕਿਤਾਬ ਦੇ ਰੂਪ 'ਚ ਵੀ ਛਾਪਿਆ ਗਿਆ। 'ਨਾਕਾਬਿਲੇ ਫ਼ਰਾਮੋਸ਼' ਉਨ੍ਹਾਂ ਦੀ ਆਤਮਕਥਾ ਹੈ। ਇਸ ਕਿਤਾਬ ਦਾ ਪੰਜਾਬੀ ਵਿੱਚ ਉਲਥਾ ਨਵਯੁਗ ਪਬਲਿਸ਼ਰਜ਼ ਦਿੱਲੀ ਨੇ ਛਾਪਿਆ ਹੈ। ਅਜੋਕੇ ਜ਼ਮਾਨੇ 'ਚ ਖੋਜੀ ਪੱਤਰਕਾਰੀ ਦੀ ਜਾਚ ਸਿੱਖਣ ਲਈ ਇਸ ਆਤਮਕਥਾ ਤੋਂ ਬਿਹਤਰ ਕੋਈ ਹੋਰ ਸੋਮਾ ਨਹੀਂ ਹੋ ਸਕਦਾ।

ਆਪਣੀਆਂ ਤਿੱਖੀਆਂ ਲਿਖਤਾਂ ਸਦਕਾ ਉਨ੍ਹਾਂ ਨੇ ਆਮ ਜਨਤਾ 'ਚ ਹਰਮਨ ਪਿਆਰਤਾ ਖੱਟੀ ਅਤੇ ਰਜਵਾੜਿਆਂ ਦਾ ਵੈਰ ਵੀ ਖ਼ੂਬ ਕਮਾਇਆ। ਇਨ੍ਹਾਂ ਰਾਜਿਆਂ ਦੀਆਂ ਨਾਰਾਜ਼ਗੀਆਂ ਕਾਰਨ ਉਨ੍ਹਾਂ ਨੂੰ 15 ਵਾਰ ਗ੍ਰਿਫ਼ਤਾਰ ਹੋਣਾ ਅਤੇ ਅੱਠ ਵਾਰ ਜੇਲ੍ਹ ਜਾਣਾ ਪਿਆ। ਭੋਪਾਲ ਦੇ ਨਵਾਬ ਨਾਲ ਮਫ਼ਤੂਨ ਦਾ ਮੁਕੱਦਮਾ ਛੇ ਸਾਲ ਚੱਲਦਾ ਰਿਹਾ ਅਤੇ ਮਹਾਰਾਜਾ ਪਟਿਆਲਾ

**(ਬਾਕੀ ਸਫ਼ਾ 13 'ਤੇ)**












# ਧਰਤੀ ਦਾ ਫੁੱਲ ਅਸੀਂ ਆਪਣਾ ਲਾਲ ਗੁਆ ਬੈਠੇ..!

ਚੰਡੀਗੜ੍ਹ : ਬਠਿੰਡਾ ਜ਼ਿਲ੍ਹੇ ਦੇ ਪਿੰਡ ਬੱਲ੍ਹੋ ਦਾ ਸ਼ੁਭਕਰਨ ਸਿੰਘ ਖਨੌਰੀ ਬਾਰਡਰ 'ਤੇ ਚੱਲ ਰਹੇ ਕਿਸਾਨ ਮੋਰਚੇ ਦਾ ਪਹਿਲਾ 'ਖੇਤੀ ਸ਼ਹੀਦ' ਬਣ ਗਿਆ ਹੈ। ਜਦੋਂ ਉਹ ਦੋ ਵਰ੍ਹੇ ਪਹਿਲਾਂ 'ਦਿੱਲੀ ਮੋਰਚਾ' ਜਿੱਤ 'ਤੇ ਮੁੜਿਆ, ਉਦੋਂ ਪਰਿਵਾਰ ਨੂੰ ਚੰਗੇ ਦਿਨਾਂ ਦੀ ਆਸ ਬੱਝੀ ਸੀ। ਉਸ ਨੂੰ ਪਹਿਲਾਂ ਗੁਰਬਤ ਨੇ ਪਿਛਾਂਹ ਸੁੱਟੀ ਰੱਖਿਆ ਅਤੇ ਹੁਣ ਜ਼ਿੰਦਗੀ ਨੇ ਪਲਟਣੀ ਮਾਰ ਦਿੱਤੀ। 21 ਵਰ੍ਹਿਆਂ ਦੇ ਸ਼ੁਭਕਰਨ ਨੇ ਆਪਣੀ ਮੌਤ ਤੋਂ ਦੋ ਘੰਟੇ ਪਹਿਲਾਂ ਪਿੰਡ ਬਿਰਧ ਦਾਦੀ ਨੂੰ ਫੋਨ ਕਰਕੇ ਕਿਹਾ, 'ਬੇਬੇ ਤੂੰ ਖਿਆਲ ਰੱਖੀ, ਅਸੀਂ ਮੋਰਚਾ ਜਿੱਤ ਕੇ ਮੁੜਾਂਗੇ।' ਉਸ ਦੇ ਮੋਰਚੇ ਤੋਂ ਮੁੜਨ ਤੋਂ ਪਹਿਲਾਂ ਹੀ ਅੱਜ ਮੌਤ ਦੀ ਖ਼ਬਰ ਆ ਗਈ, ਉਹੀ ਦਾਦੀ ਹੁਣ ਬੇਹੋਸ਼ੀ 'ਚ ਮੰਦੇ ਹਾਲ ਪਈ ਹੈ। ਬਚਪਨ ਉਮਰੇ ਹੀ ਜ਼ਿੰਦਗੀ ਨੇ ਸ਼ੁਭਕਰਨ ਨੂੰ ਪਰਖਣਾ ਸ਼ੁਰੂ ਕਰ ਦਿੱਤਾ ਸੀ। ਦਸ ਵਰ੍ਹਿਆਂ ਦੀ ਉਮਰ 'ਚ ਆਪਣੀ ਮਾਂ ਤੋਂ ਵਿਰਵਾ ਹੋ ਗਿਆ। ਦੋ ਭੈਣਾਂ ਦੇ ਇਕਲੌਤੇ ਭਰਾ ਦਾ ਪਾਲਣ ਪੋਸ਼ਣ ਦਾਦੀ ਪ੍ਰੀਤਮ ਕੌਰ ਨੇ ਕੀਤਾ।



75 ਵਰ੍ਹਿਆਂ ਦੀ ਦਾਦੀ ਪ੍ਰੀਤਮ ਕੌਰ ਕੋਲ ਆਸਾਂ ਉਮੀਦਾਂ ਦੀ ਪੰਡ ਬਚੀ ਸੀ। ਹੁਣ ਉਸ ਕੋਲ ਸਿਰਫ ਕਰਜ਼ੇ ਦੀ ਪੰਡ ਬਚੀ ਹੈ। ਜ਼ਿੰਦਗੀ ਦੇ ਆਖਰੀ ਮੋੜ 'ਤੇ ਖੜੀ ਦਾਦਾ ਮਾਂ ਹੁਣ ਇਕੱਲੀ ਕਿਵੇਂ ਇਸ ਪਿੰਡ ਨੂੰ ਚੁੱਕੇਗੀ। ਵੇਰਵਿਆਂ ਅਨੁਸਾਰ ਸਾਢੇ ਤਿੰਨ ਏਕੜ ਜ਼ਮੀਨ ਚੋਂ ਦੋ ਏਕੜ ਜ਼ਮੀਨ ਉਦੋਂ ਵਿਕ ਗਈ ਜਦੋਂ ਬੈਂਕ ਦਾ ਕਰਜ਼ਾ ਲਾਹੁਣਾ ਪਿਆ ਅਤੇ ਵੱਡੀ ਭੈਣ ਜਸਵੀਰ ਕੌਰ ਦਾ ਵਿਆਹ ਕਰਨਾ ਪਿਆ। ਛੋਟੀ ਭੈਣ ਗੁਰਪ੍ਰੀਤ ਕੌਰ ਹਾਲੇ ਕੁਆਰੀ ਹੈ। ਜਦੋਂ ਸ਼ੁਭਕਰਨ ਦੀ ਮੌਤ ਦੀ ਖ਼ਬਰ ਸੁਣੀ, ਉਸ ਨੂੰ ਦੰਦਲਾਂ ਪੈਣੀਆਂ ਸ਼ੁਰੂ ਹੋ ਗਈਆਂ। ਬਾਪ ਚਰਨਜੀਤ ਸਿੰਘ ਪ੍ਰਾਈਵੇਟ ਬੱਸ 'ਤੇ ਕੰਡਕਟਰ ਹੈ। ਘਰ ਦਾ ਤੋਰਾ ਪਿਉ ਪੁੱਤ ਤੋਰ ਰਹੇ ਸਨ। ਬਾਪ ਚਰਨਜੀਤ ਸਿੰਘ ਅੱਜ ਘਰ ਦੇ ਇੱਕ ਖੂੰਜੇ 'ਚ ਬੁੱਝਿਆ ਬੈਠਾ ਸੀ ਜਿਸ ਦੇ ਘਰ ਦਾ ਚਿਰਾਗ ਹਕੂਮਤ ਨੇ ਸਮੇਂ ਤੋਂ ਪਹਿਲਾਂ ਹੀ ਬੁਝਾ ਦਿੱਤਾ। ਇਸ ਵੇਲੇ ਸ਼ੁਭਕਰਨ ਦੇ ਪਰਿਵਾਰ 'ਤੇ ਬੈਂਕਾਂ ਦਾ ਕਰੀਬ ਦਸ ਲੱਖ ਦਾ ਕਰਜ਼ਾ ਹੈ। ਗਰੀਬੀ ਦੀ ਤਸਵੀਰ ਉਸ ਦੇ ਘਰ ਤੋਂ ਸਾਫ ਦਿੱਖਦੀ ਹੈ। ਜਦੋਂ ਕਰਜ਼ੇ ਦੀ ਪੰਡ ਵੇਲ ਵਾਂਗੂ ਵਧੀ ਤਾਂ ਸ਼ੁਭਕਰਨ ਨੂੰ ਆਪਣੀ ਦਸਵੀਂ ਦੀ ਪੜਾਈ ਵਿਚਕਾਰੇ ਛੱਡਣੀ ਪਈ।

ਜਿਹੜਾ ਘਰ ਸ਼ੁਭਕਰਨ ਨੂੰ ਆਪਣਾ ਥੰਮ ਸਮਝਦਾ ਸੀ, ਅੱਜ ਉਹੀ ਆਪਣਾ ਲਾਲ ਗੁਆ ਬੈਠਾ ਹੈ। ਸ਼ੁਭਕਰਨ ਦਾ ਦਾਦਾ ਹਿੰਮਤ ਸਿੰਘ ਸਾਬਕਾ ਫੌਜੀ ਸੀ ਜਿਸ ਦਾ ਦੇਹਾਂਤ ਹੋ ਚੁੱਕਾ ਹੈ। ਅਕਸਰ ਚਰਚੇ ਹੁੰਦੇ ਸਨ ਕਿ ਦਾਦਾ ਸਰਹੱਦ 'ਤੇ ਲੜਿਆ ਤੇ ਪੋਤਾ ਕਿਸਾਨ ਮੋਰਚੇ 'ਤੇ ਡਟਿਆ ਹੈ। ਸ਼ੁਭਕਰਨ ਏਨੀ ਦਲੇਰੀ ਨਾਲ ਖਨੌਰ ਬਾਰਡਰ 'ਤੇ ਖੜਿਆ ਕਿ ਹਰਿਆਣੇ ਵਾਲੇ ਪਾਸਿਓ ਆਈ ਮੌਤ ਨੇ ਉਸ ਨੂੰ ਪਲਾਂ ਵਿਚ ਦਬੋਚ ਲਿਆ। ਕਿਸਾਨੀ ਘੋਲਾਂ 'ਚ ਉਤਰਨ ਵਾਲੇ ਇਸ ਨੌਜਵਾਨ ਦਾ ਤਪਦਾ ਚਿਹਰਾ ਦੇਖ ਇੰਜ ਲੱਗਦਾ ਸੀ ਕਿ ਜਿਵੇਂ ਉਹ ਕਿਸੇ ਗਮਲੇ ਦਾ ਨਹੀਂ, ਬਲਕਿ ਧਰਤੀ ਦਾ ਫੁੱਲ ਹੋਵੇ। ਦਾਦੀ ਪ੍ਰੀਤਮ ਕੌਰ ਆਖਦੀ ਹੈ ਕਿ ਹੁਣ ਤਾਂ ਪੋਤਰੇ ਦੀ ਤਸਵੀਰ ਹੀ ਕੋਲ ਬਚੀ ਹੈ। ਸ਼ੁਭਕਰਨ ਕਿਸਾਨੀ ਘੋਲ ਨੂੰ ਹੀ ਆਪਣੇ ਦੁੱਖਾਂ ਦੀ ਦਾਰੂ ਸਮਝਦਾ ਸੀ ਅਤੇ ਇਨ੍ਹਾਂ ਘੋਲਾਂ ਚੋਂ ਹੀ ਘਰ ਦੇ ਚੰਗੇ ਦਿਨਾਂ ਦੇ ਸੁਪਨੇ ਦੇਖਦਾ ਸੀ।

ਰਿਸ਼ਤੇਦਾਰਾਂ ਨੇ ਦੱਸਿਆ ਕਿ ਮੋਰਚੇ ਚੋਂ ਆਪਣੇ ਛੋਟੀ ਭੈਣ ਨੂੰ ਫੋਨ ਕਰਕੇ ਧਰਵਾਸ ਅਤੇ ਹੌਸਲਾ ਦਿੰਦਾ ਸੀ। ਅੱਜ ਇਸ ਭੈਣ ਦਾ ਜਹਾਨ ਸੁੰਨਾ ਹੋ ਗਿਆ ਅਤੇ ਘਰ 'ਚ ਪਸਰੀ ਸੁੰਨ ਉਸ ਨੂੰ ਵੱਢ ਵੱਢ ਖਾ ਰਹੀ ਸੀ। ਇਨ੍ਹਾਂ ਭੈਣਾਂ ਦੇ ਵੀ ਆਪਣੇ ਇਕਲੌਤੇ ਭਰਾ ਦੇ ਸਿਹਰੇ ਬੰਨਣ ਦੇ ਅਰਮਾਨ ਹੋਣਗੇ ਜਿਹੜੇ ਕੇਂਦਰ ਦੀ ਹਕੂਮਤੀ ਜਿੱਦ ਨੇ ਮਸਲ ਦਿੱਤੇ। ਕਿਸਾਨ ਆਗੂ ਆਖਦੇ ਹਨ ਕਿ ਇਸ ਜਵਾਨ ਦੀ ਸ਼ਹੀਦੀ ਅਜਾਈ ਨਹੀਂ ਜਾਣ ਦਿਆਂਗੇ। ਪਿੰਡ ਦੇ ਮੋਹਤਬਾਰ ਗੁਰਪ੍ਰੀਤ ਸਿੰਘ ਰਾਜੂ ਨੇ ਦੱਸਿਆ ਕਿ ਖਨੌਰੀ ਮੋਰਚੇ 'ਤੇ 13 ਫਰਵਰੀ ਤੋਂ ਹੀ ਸ਼ੁਭਕਰਨ ਡਟਿਆ ਹੋਇਆ ਸੀ। ਪਹਿਲਾਂ ਉਸ ਨੇ ਦਿੱਲੀ ਮੋਰਚੇ ਵੀ ਪੂਰੀ ਹਾਜ਼ਰੀ ਭਰੀ ਸੀ।

-ਚਰਨਜੀਤ ਭੁੱਲਰ

# City of Vancouver named a street the 'Komagata Maru Place street'








Vancouver (Staff Correspondent) : The Komagata-maru historical event got due recognition as the City of Vancouver has installed the Komagata-Maru Place street signs. This street have a direct view where the Komagata Maru ship was detained 200 Metres away in the water. City mayor Ken Sim unveiled the signs This was requested many times by the public and Descendants of the Komagata Maru, to recognize the Komagata Maru passengers.

On this occasion, Raj Singh Toor, Vice-president of the Komagata-Maru society said that "Komagata Maru Place Street Signs is a great tribute to those passengers who suffered a lot during the tragedy. We can't undo the past but we can move forward and leave a legacy for the future generations by educating them about the past". He thanked Mayor Ken Sim, councillors and City Staff for recognising the Punjabi Folk who suffered a lot in the British colonial era. He also shared his grandfather's painful story about Komagata Maru in the event.

Raj Singh Toor told the press that he put forward the request to the City of Vancouver in 2018 for a street naming to recognize the Komagata Maru passengers. He also spoke in the Councils meetings advocating for this along with numerous meetings with Civic Asset Naming Committee and City Staff in 2022. He suggested the City of Vancouver staff renaming the Canada Place street name to Komagata-Maru Place street in memory of the Komagata maru passengers because Komagata Maru Place street have a direct view where the Komagata Maru detained 200 metres away in the water.

"In 2023, the City of Vancouver staff agreed that acknowledging the Komagata Maru incident would provide a meaningful opportunity for the community to reflect on systemic racism in Canada and in March 2023, City of Vancouver Mayor and Council voted that the primary street Canada Place be provided a secondary honorary name Komagata Maru Place in memory of the Komagata Maru passengers to increase awareness of the struggles that many went through and to inspire people to fight discrimination and foster inclusion to help us create a better future ' Toor told.

He added that it took 5 long years to request and advocate for the City of Vancouver to recognize the Komagata Maru passengers with this Komagata Maru Place street naming. He thanked City Mayor Ken Sim and Councillors, Arvinder Bhullar, Sandra Singh and many other City Staff for recognizing the Komagata Maru passengers by creating Komagata Maru Place.


Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com




WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194









SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

# ਖੇਤੀ ਸੰਕਟ ਅਤੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੀ ਸਾਰਥਿਕਤਾ




ਪਰਮਜੀਤ ਸਿੰਘ +16474683380
ਡਾ. ਕੁਲਦੀਪ ਸਿੰਘ 98151-15429



*ਜ਼ਰਈ ਖੇਤਰ 'ਚ ਗੰਭੀਰ ਸੰਕਟ ਨਵ-ਉਦਾਰਵਾਦੀ ਦੌਰ 'ਚ ਦੁਨੀਆ ਭਰ 'ਚ ਵਧਿਆ ਹੈ, ਵਿਸ਼ੇਸ਼ ਕਰਕੇ ਤੀਸਰੀ ਦੁਨੀਆ ਦੇ ਦੇਸ਼ ਇਸ ਸੰਕਟ ਦੀ ਮਾਰ ਹੇਠ ਬੁਰੀ ਤਰ੍ਹਾਂ ਫਸੇ ਹੋਏ ਹਨ, ਭਾਰਤ ਦਾ ਪੇਂਡੂ ਖੇਤਰ ਸੰਕਟ ਨਾਲ ਤਰਾਹ ਰਿਹਾ ਹੈ, ਪੰਜਾਬ ਹਰੀ ਕ੍ਰਾਂਤੀ ਦਾ ਫਲ ਲੈਣ ਤੋਂ ਬਾਅਦ ਇਸ ਦੌਰ ਬੁਰੀ ਤਰ੍ਹਾਂ ਰਾਜਨੀਤਕ, ਆਰਥਿਕ, ਸਮਾਜਿਕ ਤੇ ਇਥੋਂ ਤੱਕ ਸਭਿਆਚਾਰਕ ਪੱਧਰ ਉਤੇ ਤਰ੍ਹਾਂ-ਤਰ੍ਹਾਂ ਦੀਆਂ ਅਲਾਮਤਾਂ ਨਾਲ ਗਰਸਿਆ ਪਿਆ ਹੈ, ਇਸ ਤੋਂ ਛੁਟਕਾਰਾ ਪਾਉਣ ਲਈ ਕਿਸਾਨ ਵੱਖ ਵੱਖ ਮਸਲਿਆਂ ਨੂੰ ਲੈ ਕੇ ਸੰਘਰਸ਼ਾਂ ਦੇ ਰਾਹ ਉਪਰ ਪਏ ਹਨ, ਜਿਸ ਕਿਸਮ ਨਾਲ ਦੇਸ਼ ਤੇ ਦੁਨੀਆ ਦੇ ਸਾਹਮਣੇ ਪੰਜਾਬ ਦੇ ਕਿਸਾਨਾਂ ਨੇ ਵਰ੍ਹਾ 2021 'ਚ ਲੰਮੀ ਲੜਾਈ ਲੜੀ ਤੇ ਜਿੱਤੀ, ਉਹ ਇਤਿਹਾਸਕ ਮਿਸਾਲ ਬਣ ਗਈ। ਲੜਾਈ ਜਿੱਤਣ ਲਈ ਜਥੇਬੰਦੀਆਂ ਦੀ ਅਹਿਮ ਭੂਮਿਕਾ ਹੁੰਦੀ ਹੈ, ਦੂਸਰਾ ਉਨ੍ਹਾਂ ਦੀ ਵਿਚਾਰਧਾਰਕ ਤੇ ਸਮਝਦਾਰੀ ਵਾਲੀ ਦਿਸ਼ਾ ਭੂਮਿਕਾ ਨਿਭਾਉਂਦੀ ਹੈ। ਇਸ ਲਿਖਤ 'ਚ ਕਿਸਾਨੀ ਸੰਕਟ ਤੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਬਾਰੇ ਅਹਿਮ ਪਹਿਲੂਆਂ ਉਪਰ ਜਾਣਕਾਰੀ ਪ੍ਰਦਾਨ ਕੀਤੀ ਗਈ ਤੇ ਇਸ ਨੂੰ ਅਗਾਂਹ ਤੋਰਨ ਲਈ ਹੋਰ ਵਿਚਾਰਧਾਰਕ ਕਿਸਾਨ ਜਥੇਬੰਦੀਆਂ ਦਾ ਵੀ ਵਿਸ਼ਲੇਸ਼ਣ ਪ੍ਰਦਾਨ ਕਰਾਂਗੇ। ਇਸ ਲਿਖਤ ਉਪਰ ਹਰੇਕ ਕਿਸਮ ਦੀ ਵਿਚਾਰ ਚਰਚਾ, ਟਿੱਪਣੀ ਅਤੇ ਸੁਝਾਵਾਂ ਨੂੰ ਖੁੱਲ੍ਹੇ ਰੂਪ 'ਚ ਜੀ ਆਇਆਂ ਕਹਾਂਗੇ ਤਾਂ ਕਿ ਕਿਸਾਨੀ ਸੰਕਟ ਤੇ ਵਿਚਾਰਧਾਰਾ ਜਥੇਬੰਦੀਆਂ ਬਾਰੇ ਸਹੀ ਸਮਝਦਾਰੀ ਵਿਕਸਤ ਹੋ ਸਕੇ। ਜਿਸ ਨਾਲ ਅਗਾਂਹਵਧੂ ਅਤੇ ਖੱਬੇਪੱਖੀ ਧਿਰਾਂ ਵਿਚ ਏਕਤਾ ਹੋ ਸਕੇ। - ਸੰਪਾਦਕ*

ਭਾਰਤ ਸਮੇਤ ਪੰਜਾਬ ਦਾ ਖੇਤੀ ਸੰਕਟ ਬਹੁ-ਦਿਸ਼ਾਵੀ ਤੇ ਬਹੁ-ਪਰਤੀ ਹੈ। 1990 ਤੋਂ ਨਵ-ਉਦਾਰਵਾਦੀ ਨੀਤੀਆਂ ਦੀ ਆਮਦ ਤੋਂ ਬਾਅਦ ਸਰਕਾਰਾਂ ਨੇ ਖੁੱਲ੍ਹੇਆਮ ਘਰੇਲੂ ਤੇ ਅੰਤਰਰਾਸ਼ਟਰੀ ਕਾਰਪੋਰੇਟ ਜਮਾਤਾਂ ਦੇ ਹਿੱਤਾਂ ਦੀ ਪੂਰਤੀ ਨੂੰ ਆਪਣਾ ਪ੍ਰਮੁੱਖ ਉਦੇਸ਼ ਬਣਾ ਲਿਆ। ਜ਼ਰਈ ਖੇਤਰ ਦੀ ਸਮਝ ਰੱਖਣ ਵਾਲੇ ਬਹੁ-ਗਿਣਤੀ ਮਾਰਕਸਵਾਦੀ ਬੁੱਧੀਜੀਵੀਆਂ ਦੀ ਧਾਰਨਾ ਹੈ ਕਿ ਭਾਰਤ ਤੇ ਪੰਜਾਬ ਦੇ ਖੇਤੀ ਖੇਤਰ ਨੂੰ ਕਾਰਪੋਰੇਟ ਹਿੱਤਾਂ ਨਾਲ ਜੋੜਨ ਦੀਆਂ ਨੀਤੀਆਂ ਨੇ ਸਮਾਜ ਦੀ ਪ੍ਰਮੁੱਖ ਵਿਰੋਧਤਾਈ ਜਮਾਤੀ ਸੰਘਰਸ਼ ਦੀ ਥਾਂ 'ਤੇ ਸਾਮਰਾਜਵਾਦ ਬਨਾਮ ਕਿਸਾਨੀ ਦੇ ਸੰਘਰਸ਼ ਦੀ ਵਿਰੋਧਤਾਈ ਵਿਚ ਬਦਲ ਦਿੱਤਾ ਹੈ। ਅਜੋਕੇ ਦੌਰ ਦੇ ਸੱਜੇਪੱਖੀ ਹੁਕਮਰਾਨਾਂ ਤੇ ਉਹਨਾਂ ਦੇ ਆਰਗੈਨਿਕ ਬੁੱਧੀਜੀਵੀ ਖੇਤੀ ਸਵਾਲ/ਸੰਕਟ ਦੇ ਹੱਲ ਲਈ ਕਾਰਪੋਰੇਟ ਖੇਤਰ ਲਈ ਖੇਤੀ ਖੇਤਰ ਨੂੰ ਖੋਲ੍ਹਣਾ ਅਹਿਮ ਮੰਨਦੇ ਹਨ। ਖੇਤੀ ਸਵਾਲ/ਸੰਕਟ ਦੇ ਹੱਲ ਦਾ ਇਹ ਰਸਤਾ ਖੇਤੀ ਖੇਤਰ ਵਿਚ ਲੱਗੀ ਹੋਈ ਵਸੋਂ ਨੂੰ ਜ਼ਮੀਨ ਤੇ ਖੇਤੀ ਉਤਪਾਦਨ ਕਰਨ ਦੀ ਆਜ਼ਾਦੀ ਤੋਂ ਵਾਂਝੇ ਕਰਕੇ ਕਿਰਤ ਬਾਜ਼ਾਰ ਵਿਚ ਧੱਕਣ ਨਾਲ ਸੰਬੰਧਿਤ ਹੈ। ਸਿੱਧੇ ਅਰਥਾਂ 'ਚ ਸਰਕਾਰ ਤੇ ਉਸ ਦੇ ਬੁੱਧੀਜੀਵੀਆਂ ਦੁਆਰਾ ਖੇਤੀ ਸਵਾਲ/ਸੰਕਟ ਦਾ ਸੁਝਾਇਆ ਜਾ ਰਿਹਾ ਹੱਲ ਕਿਸਾਨੀ ਨੂੰ ਜਾਂ ਤਾਂ ਕਾਰਪੋਰੇਟ ਘਰਾਣਿਆਂ ਦਾ ਏਜੰਟ ਬਣਾ ਦੇਵੇਗਾ ਜਾਂ ਬੇਜ਼ਮੀਨੇ ਕਿਰਤੀ ਬਣਾ ਕੇ ਕਿਰਤ ਬਜ਼ਾਰ ਵਿਚ ਆਪਣੀ ਕਿਰਤ ਵੇਚ ਕੇ ਗੁਜ਼ਾਰਾ ਕਰਨ ਲਈ ਮਜ਼ਬੂਰ ਕਰ ਦੇਵੇਗਾ।

ਖੇਤੀ ਸਵਾਲ/ਸੰਕਟ ਦਾ ਲੋਕ ਵਿਰੋਧੀ ਨੀਤੀਆਂ ਵਾਲਾ ਸਰਕਾਰੀ ਹੱਲ ਤੇ ਕਿਸਾਨੀ ਦੀ ਇਸ ਹੱਲ ਤੋਂ ਬਚਣ ਦੀ ਜਦੋਂ-ਜਹਿਦ ਨੇ ਸਥਿਤੀ ਨੂੰ ਜਿਉਂ ਦਾ ਤਿਉਂ ਬਣਾ ਕੇ ਰੱਖਿਆ ਹੈ। ਇਸ ਸਥਿਤੀ ਦੇ ਬਣੇ ਰਹਿਣ ਨੇ ਪੰਜਾਬ ਵਿਚ ਦੋ ਧਿਰਾਂ ਨੂੰ ਜਨਮ ਦਿੱਤਾ ਹੈ। ਜਿਸ ਵਿਚੋਂ ਇਕ ਹਿੱਸਾ ਖੇਤੀ ਸੰਕਟ ਕਾਰਨ ਫੈਲੀ ਬੇਚੈਨੀ ਨੂੰ ਅਰਾਜਕਤਾ (anarchist) ਤਰੀਕੇ ਨਾਲ ਹੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਦੂਜਾ ਅਤੇ ਅਹਿਮ ਹਿੱਸਾ ਖੇਤੀ ਸੰਕਟ ਨੂੰ ਆਮ ਲੋਕਾਈ ਦਾ ਸੰਕਟ ਮੰਨ ਕੇ ਨਾ ਸਿਰਫ ਖੇਤੀ ਸਵਾਲ/ਸੰਕਟ ਦੇ ਹੱਲ ਦਾ ਨਕਸ਼ ਪੇਸ਼ ਕਰ ਰਿਹਾ ਹੈ ਬਲਕਿ ਇਨਕਲਾਬੀ ਤਬਦੀਲੀ ਲਈ ਲੰਬਾ ਸੰਘਰਸ਼ ਵਿੱਢਣ ਦਾ ਵੀ ਹਾਮੀ ਹੈ। ਇਹਨਾਂ ਦੋਵੇ ਧਿਰਾਂ ਦੇ ਵਿਚਾਰਧਾਰਕ ਅਤੇ ਸਿਧਾਂਤਕ ਵਿਖਰੇਵੀਆਂ ਦੀ ਸਮਝ ਵੀ ਉਨੀ ਹੀ ਅਹਿਮ ਹੈ ਜਿਨੀ ਕਿ ਖੇਤੀ ਸਵਾਲ/ਸੰਕਟ ਅਤੇ ਉਸ ਦੇ ਹੱਲ ਦੀ।


ਇਸ ਲੇਖ ਵਿਚ ਅਸੀਂ ਖੇਤੀ ਸਵਾਲ/ਸੰਕਟ ਅਤੇ ਇਸ ਦੇ ਹੱਲ ਦੇ ਸੰਦਰਭ ਵਿਚ ਵਿਚਾਰਧਾਰਕ ਅਤੇ ਸਿਧਾਂਤਕ ਵਿਖਰੇਵਿਆ ਨੂੰ ਸਮਝਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੀ ਖੇਤੀ ਸਵਾਲ/ਸੰਕਟ ਬਾਰੇ ਸਮਝ ਅਤੇ ਉਸ ਦੇ ਹੱਲ ਲਈ ਇਕਜੁਟ ਹੋ ਕੇ ਸੰਘਰਸ਼ ਕਰਨ ਦੀ ਗੰਭੀਰਤਾ ਅਤੇ ਮਹੱਤਤਾ ਨੂੰ ਅਰਾਜਕਤਾ ਵਿਧੀ ਰਾਹੀ ਖੇਤੀ ਸਵਾਲ/ਸੰਕਟ ਦੇ ਹੱਲ ਕਰਨ ਨਾਲ ਮੁਲਾਂਕਣ ਕਰਨ ਦੀ ਕੋਸ਼ਿਸ਼ ਕਰਾਂਗੇ।

**ਅਰਾਜਕਤਾ ਬਨਾਮ ਵਿਚਾਰਧਾਰਕ ਸੰਘਰਸ਼** : ਇਤਿਹਾਸਕ ਤੱਥ ਇਸ ਗੱਲ ਦੇ ਗਵਾਹ ਹਨ ਕਿ ਜੇ ਕਿਸੇ ਸਮਾਜ ਵਿਚ ਖੇਤੀ ਸਵਾਲ/ਸੰਕਟ ਲੋੜ ਤੋਂ ਵੱਧ ਸਮਾਂ ਜਿਉਂ ਦਾ ਤਿਉਂ ਬਣਿਆ ਰਹਿ ਜਾਵੇ ਤਾਂ ਉਸ ਸਮਾਜ ਵਿਚ ਅਰਾਜਕਤਾ ਵਾਲੇ ਹਿੱਸੇ/ਵਰਗ ਦਾ ਸਹਾਰਾ ਲੈ ਕੇ ਮੌਕਾ ਪਰਸਤ ਅਤੇ ਕੱਟੜਪਥੀ ਅਨਸਰ ਆਪਣੀ ਥਾਂ ਬਣਾਉਣੀ ਸ਼ੁਰੂ ਕਰ ਦਿੰਦੇ ਹਨ। ਇਥੇ ਇਹ ਸਪੱਸ਼ਟ ਕਰਨਾ ਲਾਜ਼ਮੀ ਹੈ ਕਿ ਇਸ ਲੇਖ ਵਿਚ ਅਰਾਜਕਤਾ ਤੋਂ ਭਾਵ ਉਹਨਾਂ ਧਿਰਾਂ ਤੋਂ ਹੈ ਜੋ ਵਿਚਾਰਧਾਰਕ ਅਤੇ ਸਿਧਾਂਤਕ ਹੋ ਕੇ ਸੰਘਰਸ਼ ਕਰਨ ਦੀ ਬਜਾਏ ਸੰਘਰਸ਼ ਲਈ ਬਣੇ ਹਾਲਾਤਾਂ ਅਤੇ ਮੌਕੇ ਨੂੰ ਜਿਆਦਾ ਤਵੱਜਵ ਦਿੰਦੇ ਹਨ। ਇਹੋਂ ਕਾਰਨ ਹੈ ਕਿ ਸਮਾਜ ਦੇ ਮੌਕਾ ਪਰਸਤ ਅਤੇ ਕੱਟੜਪਥੀ ਅਨਸਰ ਇਹਨਾਂ ਦੇ ਸੰਘਰਸ਼ਾਂ ਵਿੱਚ ਅਪਣੀ ਥਾਂ ਬਣਾਉਣ ਦਾ ਯਤਨ ਕਰਦੇ ਹਨ। ਇਸ ਲਈ ਇਹਨਾਂ ਦੇ ਸੰਘਰਸ਼ਾਂ ਵਿੱਚ ਇਹ ਖਦਸ਼ਾ ਹਮੇਸ਼ਾ ਬਣਿਆ ਰਹਿੰਦਾ ਹੈ ਕਿ ਮੌਕਾ ਪਰਸਤ ਅਤੇ ਕੱਟੜਪਥੀ ਅਨਸਰ ਇਹਨਾਂ ਜਥੇਬੰਦੀਆਂ ਦੇ ਕਾਰਕੁਨਾਂ ਨੂੰ ਭਾਵਨਾਤਮਕ ਤਰੀਕੇ ਨਾਲ ਉਕਸਾਉਣ ਦਾ ਮੌਕਾ ਲੱਭਦੇ ਰਹਿੰਦੇ ਹਨ।

ਪੰਜਾਬ ਵਿਚ ਖੇਤੀ ਸੰਕਟ ਨਾਲ ਜੁੜੇ ਵਰਗ, ਇਸ ਦੀ ਮਾਰ ਵਿਚਲੇ ਹਿੱਸੇ ਅਤੇ ਸਰਕਾਰ ਦੀ ਰੋਜ਼ਗਾਰ ਪੈਦਾ ਨਾ ਕਰਨ ਦੀ ਨਾਕਾਮੀ ਤੋਂ ਨਿਰਾਸ਼ੇ ਹੋਏ ਨੌਜਵਾਨ ਅਰਾਜਕਤਾਵਾਦੀ ਸੰਘਰਸ਼ਾਂ ਨਾਲ ਜੁੜ ਕੇ ਮੌਕਾਪ੍ਰਸਤ ਹਿੱਸਿਆਂ ਦੀ ਖੁਰਾਕ ਬਣ ਜਾਂਦੇ ਹਨ। ਇਨ੍ਹਾਂ ਅਰਾਜਕਤਾਵਾਦੀ ਤੇ ਇਸ ਦਾ ਲਾਭ ਉਠਾਉਣ ਵਾਲੇ ਮੌਕਾਪ੍ਰਸਤ ਹਿੱਸਿਆਂ ਦੀ ਸਮਾਜ ਬਾਰੇ ਸਮਝ ਪੂੰਜੀਵਾਦ ਨਿਜ਼ਾਮ ਦੇ ਗੁੰਝਲਦਾਰ ਤਾਣੇ ਬਾਣੇ ਦੀ ਰਾਜਨੀਤਕ ਆਰਥਿਕਤਾ ਦੇ ਅਧਿਐਨ ਵਿਚੋਂ ਪੈਦਾ ਨਹੀਂ ਹੁੰਦੀ, ਬਲਕਿ ਇਹ ਸਮਾਜ ਦੀਆਂ ਬੁਨਿਆਦੀ ਰਾਜਨੀਤਕ ਆਰਥਿਕ ਵਿਰੋਧਤਾਈਆਂ ਨੂੰ ਸਭਿਆਚਾਰਕ ਤੇ ਧਾਰਮਿਕ ਪ੍ਰਵਚਨਾਂ ਵਿਚ ਬਦਲਕੇ ਨੌਜਵਾਨਾਂ 'ਤੇ ਸਬੰਧਤ ਹਿੱਸਿਆਂ ਨੂੰ ਭਾਵੁਕ ਕਰਕੇ ਖੇਤੀ ਸੰਕਟ ਦੇ ਅਸਲ ਕਾਰਨਾਂ ਤੋਂ ਦੂਰ ਲਿਜਾਕੇ ਸੰਕਟ ਦਾ ਵਿਸ਼ਾ ਖੇਤਰ 'ਤੇ ਹੱਲ ਬਦਲਣ ਵਿਚ ਜ਼ਿਆਦਾ ਦਿਲਚਸਪੀ ਰੱਖਦੇ ਹਨ। ਇਸ ਤਰ੍ਹਾਂ ਦੇ ਵਰਤਾਰੇ ਜਿਨ੍ਹਾਂ ਨਾਅਰਿਆਂ ਤੇ ਸਭਿਆਚਾਰਾਂ ਨੂੰ ਪ੍ਰਫੁੱਲਤ ਕਰਦੇ ਹਨ, ਉਨ੍ਹਾਂ ਦੇ ਮੁੱਦੇ 'ਤੇ ਨਾਇਕਾਂ ਦਾ ਸਮਾਜ ਦੀ ਗੁਰਬਤ ਦੇ ਅਸਲ ਤੇ ਬੁਨਿਆਦੀ ਕਾਰਨਾਂ ਨਾਲ ਕੋਈ ਆਰਗੈਨਿਕ ਸਬੰਧਤ ਨਹੀਂ ਹੁੰਦਾ ਅਤੇ ਨਾ ਹੀ ਸਮਾਜ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਹੱਲ ਕਰਨ ਦੀ ਵੀ ਕੋਈ ਸਮਰੱਥਾ ਨਹੀਂ ਹੁੰਦੀ।ਵਿਚਾਰਧਾਰਾ-ਰਹਿਤ ਅਰਾਜਕਤਾਵਾਦੀ ਸੰਘਰਸ਼ ਅਤੇ ਉਹਨਾਂ ਵਿਚ ਥਾਂ ਬਣਾਉਣ ਲਈ ਤਤਪਰ ਮੌਕਾਪਰਸਤ ਅਨਸਰਾਂ ਦੁਆਰਾ ਪੈਦਾ ਕੀਤੀ ਭੜਕਾਹਟ ਸਮਾਜ ਤੇ ਨੌਜਵਾਨ ਵਰਗ ਦਾ ਧਿਆਨ ਸੰਕਟ ਦੀ ਰਾਜਨੀਤਕ ਆਰਥਿਕਤਾ ਤੋਂ ਦੂਰ ਲਿਜਾਕੇ ਕੁਝ ਕੁ ਵਿਅਕਤੀਆਂ ਦੇ ਨਿਜੀ ਹਿਤਾਂ ਤੱਕ ਸੀਮਿਤ ਰਹਿ ਜਾਣ ਦੇ ਸੰਕੇ



ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ
ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।
ਵਾਜਿਬ ਰੇਟ 'ਤੇ ਹਰ ਦਿਨ ਸੇਵਾਵਾਂ ਉਪਲਬਧ।
Lash Extension Service
Looking for lash extensions in Calgary?
I offer classic, hybrid and volume sets at reasonable price.
Located in Cornerstone, NE.
Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730


Gurpreet Gill
Founder
(403) 408-6566



For Birthday - Anniversary - Baby Shower - Shower
@balloonhousebygurpreet

BAINS VISION CENTRE

Jaswinder S Bains, Ph.D., OD.
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਡ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਹਮੇਸ਼ਾ ਬਣੇ ਰਹਿੰਦੇ ਹਨ।

ਅਜਿਹੇ ਹਾਲਾਤਾਂ ਵਿਚ ਸਮਾਜ ਸਮੇਤ ਖੇਤੀ ਸੰਕਟ ਪ੍ਰਤੀ ਮੌਲਿਕ ਸਮਝ ਰੱਖਣ ਵਾਲੀ ਸੁਝਵਾਨ ਜਮਾਤ/ਤਬਕੇ ਹੀ ਸਾਰਥਿਕਤਾ ਗੰਭੀਰ ਲੋੜ ਬਣ ਕੇ ਉਭਰਦੀ ਹੈ। ਇਸ ਕਿਸਮ ਦੀ ਧਿਰ/ਜਥੇਬੰਦੀ/ਏਜੰਸੀ ਦਾ ਸਾਰਾ ਦਾਰੋਮਦਾਰ ਸੰਕਟ ਦੀ ਗੰਭੀਰਤਾ ਅਤੇ ਉਸਦੇ ਬੁਨਿਆਦੀ ਕਾਰਨਾਂ ਦਾ ਨਿਠਕੇ ਅਧਿਐਨ ਕਰਨ ਤੋਂ ਸ਼ੁਰੂ ਹੁੰਦਾ ਹੈ। ਇਹ ਧਿਰ/ਜਥੇਬੰਦੀ ਕਿਸਾਨੀ ਤੇ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਸੰਕਟ ਦੇ ਅਸਲ ਕਾਰਨਾਂ ਨਾਲ ਜਾਣੂ ਕਰਵਾਉਂਦੇ ਹੋਏ ਇਕਜੁਟ ਹੋ ਕੇ ਸੰਘਰਸ਼ ਵਿੱਢਣ ਦਾ ਹੋਕਾ ਦਿੰਦੀ ਹੈ। ਇਸ ਧਿਰ ਦੇ ਸੰਘਰਸ਼ ਦਾ ਪਿੜ ਰਾਜਨੀਤਕ ਆਰਥਿਕਤਾ ਹੁੰਦਾ ਹੈ। ਇਸ ਧਿਰ ਦੀ ਸਮਾਜ ਦੇ ਆਰਗੈਨਿਕ ਸੰਘਰਸ਼ ਲਈ ਏਜੰਸੀ ਹੋਣ ਦਾ ਸਬੂਤ ਇਨ੍ਹਾਂ ਦੇ ਨਾਅਰਿਆਂ, ਨਾਇਕਾਂ ਤੇ ਮੁੱਦਿਆਂ ਪ੍ਰਤੀ ਇਨ੍ਹਾਂ ਦੀ ਮੌਲਿਕ ਸਮਝ ਵਿਚੋਂ ਝਲਕਦਾ ਹੈ। ਇਹ ਭਾਵਨਕਤਾ ਦੀ ਥਾਂ ਤਰਕ ਦਾ ਸਹਾਰਾ ਲੈਂਦੇ ਹਨ, ਨਿੱਜੀ ਹਿੱਤਾਂ ਦੀ ਥਾਂ ਸਮਾਜਿਕ ਹਿੱਤਾਂ ਲਈ ਸੰਘਰਸ਼ਾਂ ਦੀ ਤਰਜਮਾਨੀ ਕਰਦੇ ਹਨ।

ਉਪਰੋਕਤ ਦੋਵੇਂ ਧਿਰਾਂ ਦੇ ਵਿਸ਼ਲੇਸ਼ਣ ਤੇ ਉਦੇਸ਼ਾਂ ਦੇ ਸੰਦਰਭ ਵਿਚ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਉਹ ਜਥੇਬੰਦੀ ਹੈ ਜਿਸ ਦਾ ਉਦੇਸ਼ ਪੰਜਾਬ ਦੀ ਕਿਸਾਨੀ ਤੇ ਸਮੁੱਚੇ ਸਮਾਜ ਦੇ ਸੰਕਟ ਲਈ ਲੋਕ ਲਹਿਰ ਖੜ੍ਹੀ ਕਰਨਾ ਹੈ। ਇਸ ਧਿਰ ਦੀ ਮਹੱਤਤਾ ਇਸਦੀ ਵਿਚਾਰਧਾਰਾ, ਉਦੇਸ਼ ਤੇ ਰਾਜਨੀਤਕ ਸੰਘਰਸ਼ ਦੀ ਲੋੜ ਸਬੰਧੀ ਇਨ੍ਹਾਂ ਦੀ ਸਮਝ ਤੇ ਲਿਖਤਾਂ ਤੋਂ ਭਲੀ ਭਾਂਤੀ ਉਜਾਗਰ ਹੁੰਦੀ ਹੈ। ਦੁਨੀਆ ਦੀਆਂ ਉਨ੍ਹਾਂ ਥੋੜ੍ਹੀਆਂ ਜਿਹੀਆਂ ਜਥੇਬੰਦੀਆਂ ਵਿਚੋਂ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵਿਚੋਂ ਇਕ ਹੈ, ਜਿਸ ਦੀ ਸਮਾਜ ਦੇ ਸੰਕਟ ਤੇ ਉਸਦੀਆਂ ਵਿਰੋਧਤਾਈਆਂ ਪ੍ਰਤੀ ਸਮਝ/ਪਹੁੰਚ ਅਵਲ ਦਰਜੇ ਦੀ ਹੈ। ਇਹ ਹੀ ਕਾਰਨ ਹੈ ਕਿ ਇਸ ਜਥੇਬੰਦੀ ਨੇ ਆਪਣੇ ਵਿੱਢੇ ਸੰਘਰਸ਼ ਨੂੰ ਸਫਲਤਾਪੂਰਨ ਨੇਪਰੇ ਚਾੜ੍ਹਦੇ ਹੋਏ ਸਮਾਜ ਵਿਚ ਇਕ ਇਨਕਲਾਬੀ ਚੇਤਨਤਾ ਦੀ ਲਹਿਰ ਪੈਦਾ ਕੀਤੀ ਹੈ। ਸਮੁੱਚੇ ਪੰਜਾਬ ਵਿਚੋਂ ਇਸ ਜਥੇਬੰਦੀ ਨਾਲ ਜੁੜ ਕੇ ਕੰਮ ਕਰਨ ਵਾਲੇ ਹਜਾਰਾ ਇਨਸਾਫ ਪਸੰਦ ਲੋਕ ਇਸ ਦੀ ਮੂੰਹ ਬੋਲਦੀ ਤਸਵੀਰ ਹੈ।

**ਖੇਤੀ ਸਵਾਲ/ਸੰਕਟ ਬਾਰੇ ਸਮਝਦਾਰੀ/ਪਹੁੰਚ ਦਾ ਸਵਾਲ** : ਪਾਪੂਲਿਸਟ, ਅਰਾਜਕਤਾਵਾਦੀ (ਗੈਰ-ਵਿਚਾਰਧਾਰਕ) ਅਤੇ ਉਹਨਾਂ ਨਾਲ ਜੁੜੇ ਕਾਰਕੁਨਾਂ ਨੂੰ ਵਰਤਣ ਦੀ ਤਾਂਘ ਵਿਚ ਰਹਿਣ ਵਾਲੇ ਮੌਕਾਪ੍ਰਸਤ ਅਨਸਰਾਂ ਦੇ ਮੁਕਾਬਲੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੀ ਖੇਤੀ ਸਵਾਲ/ਸੰਕਟ ਬਾਰੇ ਸਮਝਦਾਰੀ ਦਾ ਆਧਾਰ ਆਰਥਿਕ ਤੇ ਰਾਜਨੀਤਕ ਹੈ। ਇਸ ਜਥੇਬੰਦੀ ਦੀ ਸਮਝ ਇਸ ਦੇ ਆਗੂਆਂ ਦੇ ਭਾਸ਼ਣਾਂ ਤੇ ਲਿਖਤਾਂ ਤੋਂ ਸਪਸ਼ਟ ਹੋ ਜਾਂਦੀ ਹੈ।

ਬਹੁਤ ਜਥੇਬੰਦੀਆਂ ਤੋਂ ਉਲਟ ਇਹ ਧਿਰ ਖੇਤੀ ਸੰਕਟ ਨੂੰ ਸਮੁੱਚੀ ਆਰਥਿਕਤਾ ਤੋਂ ਵੱਖ ਨਹੀਂ ਦੇਖਦੀ। ਖੇਤੀ ਸੰਕਟ ਦਾ ਪੰਜਾਬ ਤੇ ਭਾਰਤ ਵਿਚ ਬਣੇ ਰਹਿਣ ਦਾ ਕਾਰਨ ਸਾਮਰਾਜਵਾਦੀ ਤਾਕਤਾਂ ਅਤੇ ਉਹਨਾਂ ਦੇ ਹੱਕਾਂ ਦੀ ਪੂਰਤੀ ਕਰਨ ਵਾਲੀਆ ਸੰਸਥਾਵਾਂ (WTO, World Bank and IMF) ਦੀ ਸਿਧੀ ਅਤੇ ਅਸਿੱਧੀ ਦਖ਼ਲਅੰਦਾਜ਼ੀ ਹੈ। ਇਸ ਦਖ਼ਲਅੰਦਾਜ਼ੀ ਦਾ ਉਦੇਸ਼ ਭਾਰਤ ਦੇ ਆਰਥਿਕ ਢਾਂਚੇ ਨੂੰ ਸਾਮਰਾਜਵਾਦੀ ਤਾਕਤਾਂ ਦੇ ਹਿੱਤਾਂ ਦੀ ਪੂਰਤੀ ਦੇ ਅਨੁਕੂਲ ਬਣਾ ਕੇ ਰੱਖਣਾ ਹੈ। ਇਸ ਸੰਦਰਭ ਵਿਚ ਹੀ, ਇਹ ਜਥੇਬੰਦੀ ਕਿਸਾਨੀ ਤੇ ਆਮ ਲੋਕਾਈ ਨੂੰ ਲਗਾਤਾਰ ਜਾਗਰੂਕ ਕਰਨ ਦੀ ਕੋਸ਼ਿਸ ਕਰਦੀ ਹੈ ਕਿ ਕਿਸ ਤਰ੍ਹਾਂ ਭਾਰਤ ਸਰਕਾਰ ਦੁਆਰਾ ਸਾਮਰਾਜਵਾਦੀ ਤਾਕਤਾਂ ਦੇ ਪ੍ਰਭਾਵ ਅਧੀਨ ਖੇਤੀ ਨੀਤੀਆਂ ਵਿਚ ਤਬਦੀਲੀਆਂ ਦਾ ਪ੍ਰਮੁੱਖ ਉਦੇਸ਼ ਖੇਤੀ ਖੇਤਰ ਨੂੰ ਕਾਰਪੋਰੇਟ ਜਮਾਤਾਂ ਦੇ ਮੁਨਾਫ਼ਾ ਵਧਾਉਣ ਦੇ ਅਨੁਕੂਲ ਕਰਨਾ ਹੈ।

ਖੇਤੀ ਸੰਕਟ ਦਾ ਦੂਸਰਾ ਕਾਰਨ, ਭਾਰਤੀ ਹੁਕਮਰਾਨ ਜਮਾਤਾਂ ਤੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦਾ ਇਕਮਿਕ ਹੋ ਜਾਣਾ ਹੈ। 1990 ਤੋਂ ਬਾਅਦ ਇਨ੍ਹਾਂ ਦੋਵੇਂ ਜਮਾਤਾਂ ਦੇ ਹਿੱਤ ਅੰਤਰਾਸ਼ਟਰੀ ਕਾਰਪੋਰੇਟ ਤੇ ਸਾਮਰਾਜਵਾਦੀ ਤਾਕਤਾਂ ਨਾਲ ਇਕਮਿਕ ਹੋ ਗਏ। ਜਿਸ ਦਾ ਸਬੂਤ 2020-21 ਵਿਚ ਆਏ ਤਿੰਨ ਖੇਤੀ ਕਾਨੂੰਨਾਂ ਸਨ ਜਿਨ੍ਹਾਂ ਦਾ ਇਕੋ-ਇਕ ਮਕਸਦ ਖੇਤੀ ਖੇਤਰ 'ਚ ਲੱਗੀ ਵਸੋਂ ਨੂੰ ਕਾਰਪੋਰੇਟ ਜਮਾਤਾਂ ਦਾ ਏਜੰਟ ਬਣਾਉਣਾ ਸੀ ਤੇ ਬਹੁਗਿਣਤੀ ਵਸੋਂ ਨੂੰ ਧੱਕੇ ਨਾਲ ਜ਼ਮੀਨ ਤੋਂ ਵਾਂਝੇ ਕਰਕੇ ਆਪਣੀ ਕਿਰਤ ਸ਼ਕਤੀ ਨੂੰ ਕਿਰਤ ਬਾਜ਼ਾਰ ਵਿਚ ਵੇਚਣ ਲਈ ਮਜਬੂਰ ਕਰਨਾ ਸੀ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਮੋਦੀ ਸਰਕਾਰ ਦੇ ਮਨਸੂਬਿਆਂ ਜਿਨ੍ਹਾਂ 'ਚ ਕਾਰਪੋਰੇਟ ਖੇਤੀ ਦਾ ਪ੍ਰਸਾਰ, ਖੇਤੀ ਮੰਡੀਆਂ ਦਾ ਨਿੱਜੀਕਰਨ ਤੇ ਫਸਲੀ ਵਪਾਰ ਦਾ ਨਿੱਜੀਕਰਨ, ਆਦਿ ਦੇ ਨਤੀਜਿਆਂ ਨੂੰ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਸਮਝਾਉਣ ਵਿਚ ਅਹਿਮ ਭੂਮਿਕਾ ਨਿਭਾਈ।

ਇਸ ਤੋਂ ਅਗਾਂਹ ਨਵ-ਉਦਾਰਵਾਦੀ ਪੂੰਜੀਵਾਦ ਦੇ ਲਗਾਤਾਰ ਵਿਕਾਸ ਕਾਰਨ ਦੁਨੀਆ ਵਿਚ ਪੂੰਜੀਵਾਦ ਮੁਲਕਾਂ ਦਾ ਆਰਥਿਕ ਸੰਕਟ ਹੋਰ ਗੰਭੀਰ ਹੋ ਰਿਹਾ ਹੈ। ਇਸ ਸੰਕਟ ਵਿਚੋਂ ਨਿਕਲਣ ਲਈ ਪੂੰਜੀਵਾਦ ਵੱਖ ਵੱਖ ਵਸੀਲਿਆਂ/ਢੰਗਾਂ ਦਾ ਸਹਾਰਾ ਲੈ ਰਿਹਾ ਹੈ। ਜਿਨ੍ਹਾਂ ਵਿਚ ਹਰ ਇਕ ਚੀਜ਼ ਦਾ ਵਸਤੂਕਰਨ, ਕੁਦਰਤੀ ਸਾਧਨਾਂ ਨੂੰ ਕਾਰਪੋਰੇਟ ਸਮਾਜ ਦੇ ਹਵਾਲੇ ਕਰਨਾ, ਜੰਗਾਂ ਲਗਾਉਣਾ, ਆਮ ਲੋਕਾਂ ਨੂੰ ਮਿਲਣ ਵਾਲੀਆਂ ਸਬਸਿਡੀਆਂ ਨੂੰ ਘੱਟ ਕਰ ਕੇ ਕਾਰਪੋਰੇਟ ਜਗਤ ਦੀਆਂ ਸਬਸਿਡੀਆਂ ਵਿਚ ਵਾਧਾ ਕਰਨਾ, ਆਦਿ ਪ੍ਰਮੁੱਖ ਹਨ। ਇਸ ਸੰਦਰਭ ਵਿਚ ਸਾਮਰਾਜਵਾਦੀ ਤਾਕਤਾਂ ਅਤੇ ਇਨ੍ਹਾਂ ਲਈ ਕੰਮ ਕਰਨ ਵਾਲੀਆ ਸੰਸਥਾਵਾਂ ਲਈ ਖੇਤੀ ਖੇਤਰ ਨੂੰ ਕਾਰਪੋਰੇਟ ਹਿੱਤਾਂ ਨਾਲ ਇਕਮਿਕ ਕਰਨਾ ਇਸ ਲਈ ਲਾਜ਼ਮੀ ਹੈ ਤਾਂ ਕਿ ਭਾਰਤ ਵਰਗੇ ਮੁਲਕਾਂ ਦੀ ਬਹੁਤੀ ਵਸੋਂ, ਜੋ ਖੇਤੀ ਅਤੇ ਸਹਾਇਕ ਧੰਦਿਆਂ ਰਾਹੀਂ ਆਪਣਾ ਜੀਵਨ ਨਿਰਵਾਹ ਕਰ ਰਹੀ ਹੈ, ਨੂੰ ਕਾਰਪੋਰੇਟ ਹਿੱਤਾਂ ਦੀ ਪੂਰਤੀ ਅਨੁਸਾਰ ਢਾਲਿਆ ਜਾ ਸਕੇ। ਅਜਿਹਾ ਕਰਨ ਨਾਲ ਕਾਰਪੋਰੇਟ ਮੁਨਾਫ਼ੇ ਕਈ ਗੁਣਾਂ ਵਧਣ ਦੀ ਉਮੀਦ ਹੈ ਜੋ ਨਵ-ਉਦਾਰਵਾਦੀ ਪੂੰਜੀਵਾਦ ਨੂੰ ਗੰਭੀਰ ਆਰਥਿਕ ਸੰਕਟ ਵਿਚੋਂ ਕੱਢਣ ਦਾ ਇਕ ਅਹਿਮ ਜਰੀਆ ਹੈ।

ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੀ ਉਪਰੋਕਤ ਸਮਝ ਹੀ ਇਸ ਨੂੰ ਅਵਲ ਦਰਜੇ ਦੀ ਲੋਕਪੱਖੀ ਜਥੇਬੰਦੀ ਬਣਾਉਂਦੀ ਹੈ। ਇਹ ਸਮਝ ਜਿਥੇ ਕਿਸਾਨੀ ਤੇ ਇਨਸਾਫ਼ਪਸੰਦ ਜਮਾਤਾਂ ਨੂੰ ਸੰਘਰਸ਼ ਵਿੱਢਣ ਦੀ ਨਿਰੋਲ ਸਮਝ ਪ੍ਰਦਾਨ ਕਰਦੀ ਹੈ, ਉਥੇ ਅਰਾਜਕਤਾਵਾਦੀ ਸੰਘਰਸ਼ਾਂ ਦੇ ਪ੍ਰਭਾਵ ਖੇਤਰ ਘਟਾਉਣ ਅਤੇ ਵਿਚਾਰਧਾਰਕ ਸੰਘਰਸ਼ ਵਿਚ ਬਦਲਣ ਦਾ ਯਤਨ ਕਰਦੀ ਹੈ। ਇਸ ਕਰਕੇ ਮੌਕਾਪਰਸਤ ਅਨਸਰ ਇਸ ਜਥੇਬੰਦੀ ਦੇ ਵਿਰੁਧ ਹਮੇਸ਼ਾ ਕੂੜ ਪ੍ਰਚਾਰ ਕਰਨ ਦੀ ਤਾਕ 'ਚ ਰਹਿੰਦੇ ਹਨ।

**ਸੰਘਰਸ਼ ਤੇ ਇਕਜੁਟਤਾ ਦਾ ਆਧਾਰ** : ਇਸ ਜਥੇਬੰਦੀ ਦਾ ਇਕ ਹੋਰ ਪਹਿਲੂ ਜੋ ਕਿ ਇਸ ਨੂੰ ਬਹੁਤੀਆਂ ਜਥੇਬੰਦੀਆਂ ਨਾਲੋਂ ਵੱਖ ਕਰਦਾ ਹੈ, ਉਹ ਹੈ ਇਸ ਜਥੇਬੰਦੀ ਦੀ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਇਕਜੁਟ ਕਰਨ ਦੀ ਸਮਰੱਥਾ ਹੈ। ਇਸ ਜਥੇਬੰਦੀ ਦੀਆਂ ਗਤੀਵਿਧੀਆਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਦੇ ਸੰਘਰਸ਼ ਦਾ ਆਧਾਰ ਸਿਧਾਂਤਕ ਸੂਝ ਬੂਝ 'ਚੋਂ ਨਿਕਲਦਾ ਹੈ। ਇਸ ਜਥੇਬੰਦੀ ਦੁਆਰਾ ਸਮੇਂ ਸਮੇਂ ਉਤੇ ਕੀਤੇ ਗਏ ਸਫਲਤਾਪੂਰਵਕ ਸੰਘਰਸ਼ਾਂ ਤੋਂ ਇਕ ਗੱਲ ਸਪਸ਼ਟ ਨਜ਼ਰ ਆਉਂਦੀ ਹੈ ਕਿ ਇਨ੍ਹਾਂ ਦੇ ਸੰਘਰਸ਼ਾਂ ਨੂੰ ਪਾਪੂਲਿਸਟ, ਧਾਰਮਿਕ ਕੱਟੜਪੰਥੀਆਂ, ਨੀਵੀਂ ਪੱਧਰ ਦੇ ਹੋਛੇ ਨਾਅਰਿਆਂ, ਆਦਿ ਦਾ ਸਹਾਰਾ ਨਹੀਂ ਲੈਣਾ ਪੈਂਦਾ। ਇਨ੍ਹਾਂ ਦੇ ਸੰਘਰਸ਼ਾਂ ਦੇ ਨਾਅਰੇ ਕ੍ਰਾਂਤੀਕਾਰੀ ਤੇ ਵਿਚਾਰਧਾਰਕ ਹੁੰਦੇ ਹਨ ਜੋ ਆਮ ਲੋਕਾਈ ਵਿਚ ਨਵੀਂ ਤੇ ਅਵਲ ਕਿਸਮ ਦੀ ਚੇਤਨਤਾ ਦਾ ਪ੍ਰਸਾਰ ਕਰਨ ਦਾ ਕਾਰਜ ਕਰਦੇ ਹਨ। ਇਸ ਜਥੇਬੰਦੀ ਦੀ ਮਾਰਕਸਵਾਦੀ ਸਮਝ ਦੁਆਰਾ ਸਾਡੇ ਸਮਿਆਂ ਨੂੰ ਸਮਝਣ ਤੇ ਸੰਘਰਸ਼ ਦੀ ਮਹੱਤਤਾ ਨੂੰ ਉਜਾਗਰ ਕਰਨ ਦੀ ਸਮਰੱਥਾ ਇਸ ਦੀ ਧਰਮ ਨਿਰਪੱਖਤਾ ਤੇ ਲੋਕਪੱਖੀ ਹੋਣ ਦਾ ਮੌਲਿਕ ਸਬੂਤ ਹੈ। ਇਨ੍ਹਾਂ ਦੀਆਂ ਗਤੀਵਿਧੀਆਂ ਦੇ ਮੁਲਾਂਕਣ ਤੋਂ ਸਾਫ਼ ਦਿਖਾਈ ਦਿੰਦਾ ਹੈ ਕਿ ਇਹ ਸੰਘਰਸ਼ ਵਿੱਢਣ ਤੋਂ ਪਹਿਲਾਂ ਸਮੱਸਿਆਵਾਂ ਦੀ ਆਰਗੈਨਿਕ ਸਮਝ ਬਣਾਉਂਦੇ ਹਨ। ਇਹੋ ਹੀ ਕਾਰਨ ਹੈ ਕਿ ਆਮ ਲੋਕਾਈ ਨੂੰ ਸੰਘਰਸ਼ਾਂ ਦੀ ਲਗਾਤਾਰਤਾ ਤੇ ਲੰਬੇ ਸੰਘਰਸ਼ ਕਰਨ ਦੀ ਲੋੜ ਅਤੇ ਮਹੱਤਤਾ ਬਾਰੇ ਲਗਾਤਾਰ ਜਾਣੂ ਕਰਵਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਇਨ੍ਹਾਂ ਦੀ ਸਮਝ ਅਰਾਜਕਤਾਵਾਦੀ ਸੰਘਰਸ਼ਾਂ ਦੀ ਪੈਰਵੀ ਵਿਚ ਕਾਮਯਾਬ ਹੋਣ ਵਾਲੇ ਮੌਕਾਪਰਸਤ ਅਨਸਰਾਂ ਦੀ ਭੜਕਾਊ, ਭਾਵਨਾਤਮਿਕ ਤੇ ਹੋਛੀ ਕਿਸਮ ਦੇ ਗੀਤ ਸੰਗੀਤ ਦਾ ਸਹਾਰਾ ਲੈ ਕੇ ਪੈਦਾ ਕੀਤੀ ਗਈ ਚੇਤਨਾ, ਜਿਸ ਦਾ ਉਦੇਸ਼ ਨੌਜਵਾਨਾਂ ਨੂੰ ਭੜਕਾ ਕੇ ਅਪਣੇ ਹਿਤਾਂ ਦੀ ਪੂਰਤੀ ਕਰਨ ਦੀ ਤਾਂਘ ਰੱਖਦਾ ਹੈ, ਤੋਂ ਬਿਲਕੁਲ ਉਲਟ ਹੈ। ਇਸ ਜਥੇਬੰਦੀ ਨਾਲ ਜੁੜ ਕੇ ਸੰਘਰਸ਼ ਕਰਨ ਵਾਲੇ ਨੋਜਵਾਨਾਂ ਦੀ ਸਮਝ ਦਾ ਆਧਾਰ ਉਨ੍ਹਾਂ ਦੀ ਸਿੱਖਿਆ, ਸਿਧਾਂਤਕ ਸਮਜ, ਧਰਮ ਨਿਰਪੱਖਤਾ, ਆਰਥਿਕ, ਰਾਜਨੀਤਕ ਤੇ ਸਭਿਆਚਾਰਕ ਲੁੱਟ ਰਹਿਤ ਸਮਾਜ ਸਿਰਜਣ ਦੀ ਤਾਂਘ ਹੈ। ਇਹੋ ਹੀ ਕਾਰਨ ਹੈ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੰਘਰਸ਼ਾਂ ਵਿਚ ਰੋਮਾਂਸਵਾਦ ਤੇ ਹੋਛਾਪਣ ਹਮੇਸ਼ਾ ਮਨਫ਼ੀ ਹੁੰਦਾ ਹੈ।

ਸਮਾਜ ਦੇ ਵੱਖ ਵੱਖ ਵਰਗ ਇਸ ਜਥੇਬੰਦੀ ਨਾਲ ਸਿੱਧੇ ਤੇ ਅਸਿੱਧੇ ਰੂਪ 'ਚ ਜੁੜੇ ਹੋਏ ਹਨ। ਇਸ ਜਥੇਬੰਦੀ ਨਾਲ ਜੁੜੇ ਹੋਏ ਤਬਕਿਆ ਦਾ ਉਦੇਸ਼ ਸਮਾਜਿਕ, ਆਰਥਿਕ ਤੇ ਰਾਜਨੀਤਕ ਸੋਸ਼ਣ ਨੂੰ ਸਮਾਜ ਵਿਚੋਂ ਖਤਮ ਕਰਨਾ ਹੈ। ਇਹੋ ਕਾਰਨ ਹੈ ਕਿ ਇਸ ਵਿਚ ਫਿਰਕੂਪਣੇ, ਧਾਰਮਿਕ ਕੱਟੜਤਾ, ਜਾਤੀਵਾਦ, ਲਿੰਗਕ ਨਾਬਰਾਬਰੀ ਨੂੰ ਕੋਈ ਥਾਂ ਨਹੀਂ। ਇਸ ਜਥੇਬੰਦੀ ਵਿਚ ਔਰਤਾਂ ਦੀ ਸੰਘਰਸ਼ਾਂ ਵਿਚ ਸ਼ਮੂਲੀਅਤ ਸੰਘਰਸ਼ ਕਰਨ ਵਾਲੀਆਂ ਹੋਰ ਧਿਰਾਂ ਨਾਲ ਕਈ ਗੁਣਾ ਜ਼ਿਆਦਾ ਹਨ। ਇਨ੍ਹਾਂ ਦਾ ਮੰਨਣਾ ਹੈ ਕਿ ਸਾਮੰਤਵਾਦ, ਪੂੰਜੀਵਾਦ, ਸਾਮਰਾਜਵਾਦ ਦੇ ਮਿਲ ਗੋਭੇ ਤੋਂ ਮੁਕਤੀ ਪ੍ਰਾਪਤੀ ਦਾ ਸੰਘਰਸ਼ ਦੁਨੀਆ ਦੀ ਅੱਧੀ ਵਸੋਂ (ਔਰਤਾਂ) ਦੀ ਸ਼ਮੂਲੀਅਤ ਤੋਂ ਬਿਨਾ ਸੰਭਵ ਨਹੀਂ ਹੈ। ਇਸ ਤੋਂ ਇਲਾਵਾ, ਬਹੁਤੀਆ ਜਥੇਬੰਦੀਆਂ ਦੇ ਨਿਸਬਤ ਜੋ ਖੇਤ ਮਜਦੂਰਾਂ ਦੀਆਂ ਸਮੱਸਿਆਵਾਂ ਨੂੰ ਅਣਗੋਲਿਆਂ ਕਰਦੀਆ ਹਨ, ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਖੇਤ ਮਜਦੂਰਾਂ ਦੀਆਂ ਸਮੱਸਿਆਵਾਂ ਅਤੇ ਸੰਘਰਸ਼ ਨਾਲ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਕਰਨ ਦੀ ਹਾਮੀ ਹੈ।

ਲੰਬੇ ਸਮੇਂ ਤੋਂ ਸੰਘਰਸ਼ਾਂ ਤੋਂ ਇਨ੍ਹਾਂ ਨੇ ਸਿੱਖਿਆ ਹੈ। ਪੂੰਜੀਵਾਦ ਤੇ ਸਾਮਰਾਜੀ ਲੁੱਟ ਨੂੰ ਠੱਲ੍ਹ ਪਾਉਣ ਲਈ ਸਮਾਜ ਦੇ ਵੱਖ ਵੱਖ ਤਬਕਿਆਂ ਨੂੰ "ਵਿਚਾਰਧਾਰਕ" ਆਧਾਰ 'ਤੇ ਇਕਜੁਟ ਕਰਨਾ ਲਾਜ਼ਮੀ ਹੈ। ਆਰਜ਼ੀ ਇਕਜੁਟਤਾ ਜਾਂ ਆਪਣੇ ਨਿੱਜੀ ਹਿੱਤਾਂ ਨੂੰ ਪੂਰਾ ਕਰਨ ਲਈ ਲੋਕਾਂ ਦੀਆਂ ਭਾਵਨਾਵਾਂ ਦੀ ਵਰਤੋਂ ਕਰਨ ਦੀਆਂ ਨੀਤੀਆਂ ਪੂੰਜੀਵਾਦ ਦੇ ਸੰਕਟਾਂ ਸਾਮਰਾਜਵਾਦੀ ਲੁੱਟ ਨੂੰ ਠੱਲ੍ਹ ਨਹੀਂ ਪਾ ਸਕਦੀਆਂ। ਅੰਤ ਵਿਚ ਅਸੀ ਇਹ ਕਹਿਣਾ ਚਾਹੁੰਦੇ ਹਾ ਕਿ ਖੇਤੀ ਸਵਾਲ/ਸੰਕਟ ਦੇ ਹੱਲ ਲਈ ਇਸ ਸੰਕਟ ਦੀ ਸਿਧਾਂਤਕ ਅਤੇ ਵਿਚਾਰਧਾਰਕ ਸਮਝ ਦੀ ਬਹੁਤ ਮਹੱਤਤਾ ਹੈ। ਮਾਰਕਸਵਾਦੀ ਵਿਚਾਰਧਾਰਕ ਨਾਲ ਜੁੜਿਆ ਹੋਇਆ ਜਥੇਬੰਦੀਆ ਨੂੰ ਮੁੜ ਵਿਚਾਰ ਕਰਨ ਅਤੇ ਸਮਝਣ ਦੀ ਲੋੜ ਹੈ ਕਿ ਅਰਾਜਕਤਾਵਾਦੀ ਵਿਧੀ ਅਤੇ ਮੌਕਾਪਰਸਤ ਅਨਸਰਾਂ ਨਾਲ ਜੁੜ ਕੇ ਅਜੋਕੇ ਸਮੇ ਦੇ ਸਾਮਰਾਵਾਦੀ ਪ੍ਰਬੰਧ ਨੂੰ ਬਦਲਿਆ ਨਹੀਂ ਜਾ ਸਕਦਾ। ਇਹਨਾਂ ਜਥੇਬੰਦੀਆ ਦੀ ਇਕਜੁਟਤਾ ਜਿਥੇ ਮਾਰਕਸਵਾਦੀ ਵਿਚਾਰਧਾਰਕ ਅਤੇ ਸਿਧਾਂਤਕ ਆਧਾਰ ਤੇ ਚੇਤਨਾ ਵਿਕਸਿਤ ਕਰ ਸਕਦੀ ਹੈ ਉਥੇ ਮਾਰਕਸਵਾਦੀ ਤਾਕਤਾਂ, ਘਰੇਲੂ ਰਾਜਨੀਤਿਕ ਜਮਾਤ, ਘਰੇਲੂ ਅਤੇ ਅੰਤਰਾਸ਼ਟਰੀ ਕਾਰਪੋਰੇਟ ਜਮਾਤਾਂ, ਆਦਿ ਨੂੰ ਟੱਕਰ ਦੇਣ ਲਈ ਲੋਕ ਲਹਿਰ ਵੀ ਖੜ੍ਹੀ ਕਰ ਸਕਦੀ ਹੈ। ਇਸ ਸੰਦਰਭ ਵਿਚ ਮਾਰਕਸਵਾਦੀ ਜਥੇਬੰਦੀਆ ਨੂੰ ਜਿਥੇ ਇਕ ਦੂਜੇ ਤੋਂ ਸਿਖਣ ਦੀ ਲੋੜ ਹੈ ਉਥੇ ਆਪਣੇ ਵਿਚਾਰਧਾਰਕ ਅਤੇ ਸਿਧਾਂਤਕ ਵਿਖਰੇਵਿਆਂ ਤੇ, ਆਮ ਲੋਕਾਈ ਦੇ ਹਿਤਾਂ ਨੂੰ ਪ੍ਰਮੁੱਖ ਰੱਖ ਕੇ, ਦੁਬਾਰਾ ਚਿੰਤਨ ਕਰਨ ਅਤੇ ਇਕ ਸਾਝਾਂ ਘੱਟੋ-ਘੱਟ ਪ੍ਰੋਗਰਾਮ ਉਲੀਕਣ ਦੀ ਲੋੜ ਹੈ। ਇਸ ਲਈ ਉਗਰਾਹਾਂ ਜਥੇਬੰਦੀ ਵਿਰੁਧ ਕੀਤੇ ਜਾਂਦੇ ਕੂੜ ਪਰਚਾਰ ਦਾ ਮਾਰਕਸਵਾਦੀ ਵਿਚਾਰਧਾਰਾ ਨਾਲ ਜੁੜੀਆ ਜਥੇਬੰਦੀਆਂ ਅਤੇ ਬੁਧੀਜੀਵੀਆਂ ਜੋ ਆਪਣੇ ਆਪ ਨੂੰ ਆਮ ਲੋਕਾਈ ਦੇ ਬੁਧੀਜੀਵੀ ਮੰਨਦੇ ਹਨ ਲਈ ਨਿਠ ਕੇ ਵਿਰੋਧ ਕਰਨਾ ਲਾਜ਼ਮੀ ਹੈ। ਅਜਿਹਾ ਕਰਨ ਲਈ "ਖੇਤੀ ਮਾਹਰ" ਕਹਾਉਣ ਵਾਲੇ ਬੁਧੀਜੀਵੀਆਂ ਨੂੰ ਵੀ ਵਿਚਾਰਧਾਰਕ ਹੋਣਾ ਪਵੇਗਾ ਜੋ ਕਿ ਉਹਨਾਂ ਲਈ ਇਕ ਵੱਡੀ ਚਣੌਤੀ ਹੈ।

# ਭਾਰਤ 'ਚੋਂ ਜਲਵਤਨ ਕੀਤੀ ਪੱਤਰਕਾਰ ਦੀ ਤਰਾਸਦੀ

**ਸਰੋਕਾਰਾਂ ਦੀ ਆਵਾਜ਼ ਬਿਊਰੋ**

ਫ੍ਰੈਂਚ ਪੱਤਰਕਾਰ ਵੈਨੇਸਾ ਡੌਗਨੈਕ ਨੇ ਦੇਸ਼ ਛੱਡਣ ਦੀ ਧਮਕੀ ਦੇ ਵਿਚਕਾਰ ਭਾਰਤ ਛੱਡ ਦਿੱਤਾ ਹੈ ਫਰਾਂਸ ਦੀ ਪੱਤਰਕਾਰ ਵੈਨੇਸਾ ਡੋਗਨੈਕ, ਜੋ ਭਾਰਤ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਵਿਦੇਸ਼ੀ ਪੱਤਰਕਾਰ ਰਹਿ ਚੁੱਕੀ ਹੈ, ਨੇ ਸ਼ੁੱਕਰਵਾਰ, 16 ਫਰਵਰੀ ਨੂੰ ਭਾਰਤ ਛੱਡਣ ਦਾ ਐਲਾਨ ਕੀਤਾ, ਜਦੋਂ ਭਾਰਤ ਸਰਕਾਰ ਨੇ ਪਿਛਲੇ ਮਹੀਨੇ ਉਸ ਦੇ ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ (ਓਸੀਆਈ) ਕਾਰਡ ਨੂੰ ਦੋ ਹਫ਼ਤਿਆਂ ਲਈ ਰੱਦ ਕਰ ਦਿੱਤਾ ਸੀ, ਉਸਦੀ ਰਿਪੋਰਟਿੰਗ 'ਤੇ ਕਥਿਤ ਚਿੰਤਾਵਾਂ ਲਈ। ਭਾਰਤ ਦੇ ਗਣਤੰਤਰ ਦਿਵਸ ਦੇ ਜਸ਼ਨਾਂ ਲਈ ਜਨਵਰੀ ਵਿੱਚ ਆਪਣੀ ਫੇਰੀ ਦੌਰਾਨ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੁਆਰਾ ਗ੍ਰਹਿ ਮੰਤਰਾਲੇ ਦੁਆਰਾ ਭੇਜੇ ਗਏ ਨੋਟਿਸ ਨੂੰ ਵੀ ਉਠਾਇਆ ਗਿਆ ਸੀ। ਇੱਕ ਬਿਆਨ ਵਿੱਚ, ਵੈਨੇਸਾ ਡੌਗਨੈਕ ਨੇ ਕਿਹਾ ਕਿ ਉਹ 'ਹੰਝੂਆਂ ਵਿੱਚ' ਆਪਣੀ ਘੋਸ਼ਣਾ ਲਿਖ ਰਹੀ ਸੀ। "ਅੱਜ, ਮੈਂ ਭਾਰਤ ਛੱਡ ਰਿਹਾ ਹਾਂ, ਉਹ ਦੇਸ਼ ਜਿੱਥੇ ਮੈਂ 25 ਸਾਲ ਪਹਿਲਾਂ ਇੱਕ ਵਿਦਿਆਰਥੀ ਵਜੋਂ ਆਇਆ ਸੀ, ਅਤੇ ਜਿੱਥੇ ਮੈਂ ਇੱਕ ਪੱਤਰਕਾਰ ਵਜੋਂ 23 ਸਾਲ ਕੰਮ ਕੀਤਾ ਹੈ। ਉਹ ਜਗ੍ਹਾ ਜਿੱਥੇ ਮੈਂ ਵਿਆਹ ਕੀਤਾ, ਮੇਰੇ ਪੁੱਤਰ ਦਾ ਪਾਲਣ ਪੋਸ਼ਣ ਕੀਤਾ ਅਤੇ ਜਿਸ ਨੂੰ ਮੈਂ ਆਪਣਾ ਘਰ ਆਖਦੀ ਹਾਂ, ਉਸਨੇ ਕਿਹਾ। ਚਾਰ ਫਰਾਂਸੀਸੀ ਪ੍ਰਕਾਸ਼ਨਾਂ ਲਈ ਦੱਖਣੀ ਏਸ਼ੀਆ ਪੱਤਰਕਾਰ, ਡੌਗਨੈਕ, ਨੂੰ ਗ੍ਰਹਿ ਮੰਤਰਾਲੇ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਉਸਦਾ ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ (ਓਸੀਆਈ) ਕਾਰਡ ਦੋ ਹਫਤਿਆਂ ਦੇ ਅੰਦਰ ਰੱਦ ਕਰ ਦਿੱਤਾ ਜਾਵੇਗਾ। ਨੋਟੀਫਿਕੇਸ਼ਨ ਵਿੱਚ ਰੱਦ ਕਰਨ ਦੇ ਵੱਖ-ਵੱਖ ਆਧਾਰਾਂ ਨੂੰ ਸੂਚੀਬੱਧ ਕੀਤਾ ਗਿਆ ਹੈ, ਜਿਸ ਵਿੱਚ 'ਭੈੜੇ' ਰਿਪੋਰਟਿੰਗ ਤੋਂ ਲੈ ਕੇ ਭਾਰਤ ਬਾਰੇ 'ਨਕਾਰਾਤਮਕ ਧਾਰਨਾ' ਪੈਦਾ ਕੀਤੀ ਗਈ ਹੈ, ਵਿਗਾੜ ਨੂੰ ਭੜਕਾਉਣਾ, ਪਾਬੰਦੀਸ਼ੁਦਾ ਖੇਤਰਾਂ ਵਿੱਚ ਯਾਤਰਾ ਕਰਨ ਦੀ ਇਜਾਜ਼ਤ ਨਾ ਲੈਣਾ ਅਤੇ ਗੁਆਂਢੀ ਦੇਸ਼ਾਂ ਬਾਰੇ ਰਿਪੋਰਟਿੰਗ ਕਰਨਾ ਸ਼ਾਮਲ ਹੈ। ਮੀਡੀਆ ਵਿੱਚ ਨੋਟਿਸ ਦੀ ਰਿਪੋਰਟ ਹੋਣ ਤੋਂ ਬਾਅਦ, ਉਸਨੇ ਇੱਕ ਬਿਆਨ ਜਾਰੀ ਕਰਕੇ ਸਾਰੇ ਦੋਸ਼ਾਂ ਨੂੰ ਰੱਦ ਕੀਤਾ ਅਤੇ ਕਾਨੂੰਨੀ ਕਾਰਵਾਈ ਵਿੱਚ ਆਪਣਾ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਭਾਰਤ ਵਿੱਚ ਤਾਇਨਾਤ ਲਗਭਗ 30 ਵਿਦੇਸ਼ੀ ਪੱਤਰਕਾਰਾਂ ਨੇ ਸਾਂਝੇ ਤੌਰ 'ਤੇ ਡੌਗਨੈਕ ਨਾਲ ਇੱਕਮੁੱਠਤਾ ਪ੍ਰਗਟ ਕਰਦੇ ਹੋਏ ਇੱਕ ਖੁੱਲਾ ਪੱਤਰ ਲਿਖਿਆ ਅਤੇ ਭਾਰਤੀ ਅਧਿਕਾਰੀਆਂ ਨੂੰ ਉਸਦੇ ਕੇਸ ਨੂੰ ਤੁਰੰਤ ਹੱਲ ਕਰਨ ਦੀ ਅਪੀਲ ਕੀਤੀ, ਇਹ ਯਕੀਨੀ ਬਣਾਉਣ ਲਈ ਕਿ ਇਹ ਉਸਦੇ ਕਰੀਅਰ ਜਾਂ ਪਰਿਵਾਰਕ ਜੀਵਨ 'ਤੇ ਮਾੜਾ ਪ੍ਰਭਾਵ ਨਾ ਪਵੇ। ਵੀਰਵਾਰ ਨੂੰ ਜਾਰੀ ਕੀਤੇ ਆਪਣੇ ਸਭ ਤੋਂ ਤਾਜ਼ਾ ਬਿਆਨ ਵਿੱਚ, ਉਸਨੇ ਕਿਹਾ ਕਿ 'ਭਾਰਤ ਸਰਕਾਰ ਦੁਆਰਾ ਉਸਨੂੰ ਛੱਡਣ ਲਈ ਮਜਬੂਰ ਕੀਤਾ ਜਾ ਰਿਹਾ ਹੈ'। 2022 ਵਿੱਚ ਓਸੀਆਈ ਕਾਰਡ ਨਾਲ ਭਾਰਤ ਵਿੱਚ ਰਹਿੰਦਿਆਂ ਇੱਕ ਪੱਤਰਕਾਰ ਵਜੋਂ ਕੰਮ ਕਰਨ ਦੀ ਉਸਦੀ ਅਰਜ਼ੀ ਨੂੰ ਰੱਦ ਕਰਨ ਦਾ ਹਵਾਲਾ ਦਿੰਦੇ ਹੋਏ, ਉਸਨੇ ਕਿਹਾ, "ਸੋਲਾਂ ਮਹੀਨੇ ਪਹਿਲਾਂ, ਗ੍ਰਹਿ ਮੰਤਰਾਲੇ ਨੇ ਇੱਕ ਪੱਤਰਕਾਰ



ਵਜੋਂ ਕੰਮ ਕਰਨ ਦੇ ਮੇਰੇ ਅਧਿਕਾਰ ਤੋਂ ਇਨਕਾਰ ਕਰ ਦਿੱਤਾ ਸੀ, ਬਿਨਾਂ ਕੋਈ ਕਾਰਨ ਅਤੇ ਨਾ ਹੀ ਕੋਈ ਤਰਕ ਦਿੱਤਾ, ਅਤੇ ਕੋਈ ਸੁਣਵਾਈ ਨਹੀਂ। ਉਦੋਂ ਤੋਂ, ਮੰਤਰਾਲੇ ਨੇ ਇੱਕ ਵਾਰ ਵੀ ਇਸ ਮਨਮਾਨੀ ਕਾਰਵਾਈ ਦੀ ਵਿਆਖਿਆ ਜਾਂ ਸਮੀਖਿਆ ਲਈ ਮੇਰੀ ਵਾਰ-ਵਾਰ ਬੇਨਤੀਆਂ ਦਾ ਜਵਾਬ ਨਹੀਂ ਦਿੱਤਾ ਹੈ। ਪਿਛਲੇ ਮਹੀਨੇ ਐਮਐਚਏ ਤੋਂ ਉਸ ਦੇ ਨੋਟਿਸ 'ਤੇ, ਡੌਗਨੈਕ ਨੇ ਕਿਹਾ ਕਿ ਭਾਰਤ ਸਰਕਾਰ ਨੇ ਉਸ ਦੇ ਲੇਖਾਂ 'ਤੇ 'ਭੈੜੇ' ਹੋਣ, 'ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ' ਦਾ ਦੋਸ਼ ਲਗਾਇਆ ਅਤੇ ਮੈਨੂੰ ਇਸ ਗੱਲ ਦਾ ਜਵਾਬ ਦੇਣ ਦੀ ਮੰਗ ਕੀਤੀ ਕਿ ਕਿਉਂ ਮੇਰਾ ਭਾਰਤ ਦਾ ਵਿਦੇਸ਼ੀ ਨਾਗਰਿਕ (OCI) ਕਾਰਡ ਨੂੰ ਰੱਦ ਨਹੀਂ ਕੀਤਾ ਜਾਣਾ ਚਾਹੀਦਾ ਹੈ। ਇਸ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਡੌਗਨੈਕ ਦੇ ਲੇਖ 'ਵਿਗਾੜ ਪੈਦਾ ਕਰ ਸਕਦੇ ਹਨ ਅਤੇ ਸ਼ਾਂਤੀ ਭੰਗ ਕਰ ਸਕਦੇ ਹਨ'। ਉਸਨੇ ਕਿਹਾ ਕਿ ਜਦੋਂ ਉਹ ਕਾਨੂੰਨੀ ਤੌਰ 'ਤੇ ਦੋਸ਼ਾਂ ਨੂੰ ਚੁਣੌਤੀ ਦੇਣਾ ਜਾਰੀ ਰੱਖੇਗੀ, ਪ੍ਰਕਿਰਿਆ ਨੇ ਇੱਕ ਟੋਲ ਲਿਆ ਅਤੇ ਉਸ ਨੂੰ ਪੇਸ਼ੇਵਰ ਤੌਰ 'ਤੇ ਪ੍ਰਭਾਵਿਤ ਕੀਤਾ, ਜਿਸ ਨਾਲ ਉਸਨੂੰ ਛੱਡਣ ਲਈ ਮਜਬੂਰ ਕੀਤਾ ਗਿਆ। "ਅੱਜ, ਮੈਂ ਕੰਮ ਕਰਨ ਵਿੱਚ ਅਸਮਰੱਥ ਹਾਂ ਅਤੇ ਰਾਜ ਦੇ ਹਿੱਤਾਂ ਨਾਲ ਪੱਖਪਾਤ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਇਹ ਸਪੱਸ਼ਟ ਹੋ ਗਿਆ ਹੈ ਕਿ ਮੈਂ ਭਾਰਤ ਵਿੱਚ ਰਹਿ ਕੇ ਆਪਣੀ ਰੋਜ਼ੀ-ਰੋਟੀ ਨਹੀਂ ਕਮਾ ਸਕਦਾ। ਮੈਂ ਸਮਰੱਥ ਫੋਰਮ ਦੇ ਸਾਹਮਣੇ ਇਨ੍ਹਾਂ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹਾਂ ਅਤੇ ਮੈਨੂੰ ਕਾਨੂੰਨੀ ਪ੍ਰਕਿਰਿਆ 'ਤੇ ਪੂਰਾ ਭਰੋਸਾ ਹੈ। ਪਰ ਮੈਂ ਇਸਦੇ ਨਤੀਜੇ ਦੀ ਉਡੀਕ ਨਹੀਂ ਕਰ ਸਕਦਾ। ਮੇਰੇ ਓਸੀਆਈ ਰੁਤਬੇ ਦੇ ਸਬੰਧ ਵਿੱਚ ਕਾਰਵਾਈਆਂ ਨੇ ਮੈਨੂੰ ਹਿਲਾ ਦਿੱਤਾ ਹੈ, ਖਾਸ ਤੌਰ 'ਤੇ ਹੁਣ ਜਦੋਂ ਮੈਂ ਉਨ੍ਹਾਂ ਨੂੰ ਓਸੀਆਈ ਭਾਈਚਾਰੇ ਦੇ ਅਸਹਿਮਤੀ ਨੂੰ ਰੋਕਣ ਲਈ ਭਾਰਤ ਸਰਕਾਰ ਦੁਆਰਾ ਇੱਕ ਵਿਆਪਕ ਯਤਨ ਦੇ ਹਿੱਸੇ ਵਜੋਂ ਦੇਖਦੀ ਹਾਂ, 'ਉਸਨੇ ਕਿਹਾ। ਫਰੈਂਚ ਪੱਤਰਕਾਰ ਨੇ ਦਾਅਵਾ ਕੀਤਾ ਕਿ ਅਧਿਕਾਰੀਆਂ ਨੇ ਪਹਿਲਾਂ ਸੁਝਾਅ ਦਿੱਤਾ ਸੀ ਕਿ ਉਸਨੂੰ ਰਿਪੋਰਟਿੰਗ ਬੰਦ ਕਰ ਦੇਣੀ ਚਾਹੀਦੀ ਹੈ, ਪਰ 'ਮੈਂ ਗੈਰ-ਪ੍ਰਮਾਣਿਤ ਦੋਸ਼ਾਂ ਕਾਰਨ ਇਸ ਨੂੰ ਛੱਡਣ ਲਈ ਸਹਿਮਤ ਨਹੀਂ ਹਾਂ ਸਕਦਾ'। "ਮੈਂ ਭਾਰਤ ਵਿੱਚ ਇੱਕ ਪੱਤਰਕਾਰ ਵਜੋਂ ਬਿਤਾਏ ਅਸਾਧਾਰਨ 23 ਸਾਲਾਂ ਲਈ ਬਹੁਤ ਧੰਨਵਾਦੀ ਹਾਂ। ਮੈਂ ਉਪ-ਮਹਾਂਦੀਪ ਵਿੱਚ ਸਾਹਸ ਅਤੇ ਗੱਲਬਾਤ ਨਾਲ ਭਰਪੂਰ ਜੀਵਨ ਦੀ ਅਗਵਾਈ ਕੀਤੀ, ਅਤੇ ਮੈਨੂੰ ਭਾਰਤ ਦੇ ਦੋ ਦਹਾਕਿਆਂ ਤੋਂ ਵੱਧ ਇਤਿਹਾਸ ਨੂੰ ਦੇਖਣ ਦਾ ਮੌਕਾ ਮਿਲਿਆ। ਭਾਰਤ ਵਿੱਚ ਇੱਕ ਵਿਦੇਸ਼ੀ ਪੱਤਰਕਾਰ ਹੋਣ ਦੇ ਨਾਤੇ ਆਪਣੇ ਫਰੈਂਚ ਬੋਲਣ ਵਾਲੇ ਪਾਠਕਾਂ ਨਾਲ ਇਸ ਦੇਸ਼ ਦੀ ਗੁੰਝਲਦਾਰਤਾ ਅਤੇ ਅਮੀਰੀ ਸਾਂਝੀ ਕਰਨ ਦੀ ਕੋਸ਼ਿਸ਼ ਕਰਨਾ, ਇੱਕ ਸਨਮਾਨ ਅਤੇ ਸਨਮਾਨ ਸੀ। ਮੈਂ ਲੋਕਾਂ ਦੇ ਨਿੱਘ ਅਤੇ ਇਸ ਵਿਸ਼ਾਲ ਖੇਤਰ ਦੀ ਸੁੰਦਰਤਾ ਦੀਆਂ ਯਾਦਾਂ ਨੂੰ ਯਾਦ ਰੱਖਾਂਗਾ। ਦਿੱਲੀ ਮੇਰਾ ਪਿਆਰਾ ਸ਼ਹਿਰ ਸੀ, ਜਿੱਥੇ ਮੈਂ ਆਪਣੀ ਜ਼ਿੰਦਗੀ ਬਤੀਤ ਕੀਤੀ। ਹੁਣ ਇਸ ਨੂੰ ਅਲਵਿਦਾ ਕਹਿਣਾ ਇੱਕ ਬਹੁਤ ਵੱਡਾ ਦੁੱਖ ਹੈ, ਉਸਨੇ ਲਿਖਿਆ। ਇਹ ਦੱਸਦੇ ਹੋਏ ਕਿ ਉਹ 'ਇੱਕ ਦਿਨ' ਭਾਰਤ ਪਰਤਣ ਦੀ ਉਮੀਦ ਕਰਦੀ ਹੈ, ਫਰੈਂਚ ਪੱਤਰਕਾਰ ਨੇ 'ਪੱਤਰਕਾਰ ਭਾਈਚਾਰੇ ਦੇ ਵਿਅਕਤੀਆਂ, ਦੋਸਤਾਂ ਅਤੇ ਸਹਿਕਰਮੀਆਂ ਦਾ ਧੰਨਵਾਦ ਕੀਤਾ ਜੋ ਉਹਨਾਂ ਦਾ ਸਮਰਥਨ ਦਿਖਾਉਣ ਲਈ ਮੇਰੇ ਕੋਲ ਪਹੁੰਚੇ'। ਜਦੋਂ ਭਾਰਤੀ ਵਿਦੇਸ਼ ਸਕੱਤਰ ਵਿਨੈ ਕਵਾਤਰਾ ਨੇ ਸਵੀਕਾਰ ਕੀਤਾ ਕਿ ਫਰਾਂਸ ਨੇ ਡੌਗਨੈਕ ਦਾ ਮਾਮਲਾ ਉਠਾਇਆ ਸੀ, ਤਾਂ ਉਸਨੇ ਦਾਅਵਾ ਕੀਤਾ ਕਿ ਉਸਦੇ ਖਿਲਾਫ ਕਾਰਵਾਈਆਂ ਦਾ ਉਸਦੀ ਰਿਪੋਰਟਿੰਗ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ÷ਲੋਕ ਉਹ ਕੰਮ ਕਰਨ ਲਈ ਸੁਤੰਤਰ ਹਨ ਜੋ ਉਹਨਾਂ ਨੂੰ ਦਿੱਤੀ ਗਈ ਜਗ?ਾ ਵਿੱਚ ਕਰਨ ਲਈ ਮਾਨਤਾ ਪ੍ਰਾਪਤ ਹੈ।


ਰਾਜ ਦੇ ਨਿਯਮਾਂ ਅਤੇ ਨਿਯਮਾਂ ਦੀ ਪਾਲਣਾ ਕਰਦੇ ਹਨ ਜਿਸ ਦੇ ਤਹਿਤ ਉਹ ਆਉਂਦੇ ਹਨ, ਉਸਨੇ 26 ਜਨਵਰੀ ਨੂੰ ਇੱਕ ਮੀਡੀਆ ਬ੍ਰੀਫਿੰਗ ਵਿੱਚ ਕਿਹਾ। ਕਵਾਤਰਾ ਨੇ ਦਾਅਵਾ ਕੀਤਾ ਕਿ ਫਰਾਂਸ ਨੇ ਨਿਯਮਾਂ ਦੀ ਪਾਲਣਾ ਦੇ ਇੱਕ ਲੈਂਸ ਰਾਹੀਂ ਮਾਮਲੇ ਨੂੰ ਪੂਰੀ ਤਰ੍ਹਾਂ ਦੇਖਣ ਲਈ ਭਾਰਤ ਦੇ 'ਸੰਦਰਭ ਦੇ ਫਰੇਮ' ਦੀ 'ਪ੍ਰਸ਼ੰਸਾ' ਕੀਤੀ ਸੀ।

# ਅਖੀਰਲੇ ਨਾਇਕ ਭਾਰਤੀ ਅਜ਼ਾਦੀ ਦੇ ਪੈਦਲ ਸਿਪਾਹੀ : ਪੀ . ਸਾਇਨਾਥ

**ਪੀ. ਸਾਈਨਾਥ ਦੀ ਇਹ ਲਿਖਤ ਹਰੇਕ ਪੰਜਾਬੀ ਦੇ ਪਾਠਕ ਅਤੇ ਲੇਖਕ ਨੂੰ ਪੜ੍ਹਨੀ ਚਾਹੀਦੀ ਹੈ ਤਾਂ ਕਿ ਉਹ ਸਮਝ ਸਕੇ ਕਿ ਕਿਸ ਤਰ੍ਹਾਂ ਲੋਕ ਇਤਿਹਾਸ ਨੂੰ ਲਿਖਿਆ ਜਾਂਦਾ ਹੈ ਅਤੇ ਸਮਝਿਆ ਜਾਂਦਾ ਹੈ। ਇਹ ਕਿਤਾਬ ਪੀ. ਸਾਈਨਾਥ ਦੇ 20 ਸਾਲ ਦੀ ਸਾਧਨਾ ਦੀ ਨਿਸ਼ਾਨੀ ਹੈ। ਸਰੋਕਾਰਾਂ ਦੀ ਆਵਾਜ਼ ਕਿਤਾਬ ਦੇ ਇਸ ਰਿਵਿਊ ਨੂੰ ਦੇ ਕੇ ਮਾਣ ਕਰਦਾ ਹਾਂ। - ਸੰਪਾਦਕ**

ਪੰਜ ਦਹਾਕਿਆਂ ਤੋਂ ਪੇਂਡੂ ਖੇਤਰ ਦੀਆਂ ਦੁਸ਼ਵਾਰੀਆਂ ਨੂੰ ਸਾਹਮਣੇ ਲਿਆਉਣ ਵਾਲੇ ਪ੍ਰਸਿੱਧ ਪੱਤਰਕਾਰ ਪੀ. ਸਾਈਨਾਥ ਨੇ ਦੇਸ਼ ਭਗਤਾਂ ਨਾਲ ਵੀਹ ਸਾਲ ਇੰਟਰਵਿਊ ਕਰਕੇ ਇਹ ਪੁਸਤਕ 'ਅਖੀਰਲੇ ਨਾਇਕ ਭਾਰਤੀ ਆਜ਼ਾਦੀ ਦੇ ਪੈਦਲ ਯਾਤਰੀ' ਜਿਸ ਦਾ ਪੰਜਾਬੀ ਵਿਚ ਅਨੁਵਾਦ ਪ੍ਰੋ. ਹਰਪਾਲ ਸਿੰਘ ਪੰਨੂੰ ਨੇ ਕੀਤਾ। ਇਸ ਦੀ ਪ੍ਰਕਾਸ਼ਨਾ 'ਆਟਸ ਆਰਟ' ਪਟਿਆਲਾ (ਕੀਮਤ 300/- ਰੁਪਏ) ਨੇ ਪ੍ਰਕਾਸ਼ਤ ਕੀਤੀ ਹੈ ਜਿਸ ਵਿਚ ਸੋਲਾਂ ਅਧਿਆਇ ਹਨ ਜੋ ਵੱਖਰੇ ਵੱਖਰੇ ਰੂਪ ਵਿਚ ਇਤਿਹਾਸ ਦਾ ਵਰਨਣ ਕਰਦੇ ਹਨ। ਇਸ ਕਿਤਾਬ ਵਿਚ ਜਿਹੜੇ ਲੋਕ ਸ਼ਾਮਲ ਕੀਤੇ ਗਏ ਉਨ੍ਹਾਂ ਵਿਚ ਕਿਸਾਨ, ਬੇਜ਼ਮੀਨੇ ਮਜ਼ਦੂਰ, ਦਿਹਾੜੀਏ, ਚਿੱਠੀ ਰਸਾਨ, ਜੰਗਲੀ ਉਤਪਾਦ ਸੰਭਾਲਣ ਵਾਲੇ, ਮਿਸਤਰੀ, ਘਰੇਲੂ ਨੌਕਰ-ਚਾਕਰ ਹਨ। ਭੂਮੀਪਤੀਆਂ ਤੋਂ ਬਾਗੀ ਕੁਝ ਲੋਕ ਵੀ ਸੰਘਰਸ਼ ਵਿਚ ਸ਼ਾਮਲ ਸਨ। ਇਸ ਕਿਤਾਬ ਵਿਚਲੀਆਂ ਕਥਾਵਾਂ ਲੰਬੇ ਸਮੇਂ ਵਿਚ ਅਨੇਕ ਇੰਟਰਵਿਊਆਂ ਰਾਹੀਂ ਇਕੱਠੀਆਂ ਕੀਤੀਆਂ ਗਈਆਂ। ਵੱਖ-ਵੱਖ ਕਿਸਮ ਦੀ ਕਿਰਤ ਕਰਨ ਵਾਲੇ ਇਹ ਆਦਿ ਵਾਸੀ, ਦਲਿਤ, ਨੀਵੀਆਂ ਜਾਤੀਆਂ ਦੇ ਬ੍ਰਾਹਮਣ, ਮੁਸਲਮਾਨ, ਹਿੰਦੂ ਅਤੇ ਸਿੱਖ ਸਾਰੇ ਸਨ। ਉਹ ਮਰਦ, ਔਰਤ ਅਤੇ ਛੋਟੇ ਬੱਚੇ ਜਿਹੜੇ ਅਜੇ ਮੁੱਛ ਫੁੱਟ ਵੀ ਨਹੀਂ ਸਨ। ਉਹ ਵੱਖ ਵੱਖ ਬੋਲੀਆਂ ਬੋਲਦੇ ਸਨ। ਵੱਖ ਵੱਖ ਪੇਂਡੂ ਇਲਾਕਿਆਂ ਵਿਚ, ਵੱਖ-ਵੱਖ ਸਭਿਆਚਾਰਕ ਪਿਛੋਕੜਾਂ ਵਿਚੋਂ ਸਨ। ਉਨ੍ਹਾਂ ਵਿਚ ਆਸਤਕ ਅਤੇ ਨਾਸਤਕ ਵੀ ਸਨ। ਉਨ੍ਹਾਂ ਵਿਚ ਇਸ ਗੱਲ ਦੀ ਸਾਂਝ ਸੀ ਕਿ ਉਹ ਰਾਜ ਦੇ ਖਿਲਾਫ਼ ਬਿਨਾਂ ਕਿਸੇ ਬਹਾਨੇ ਬਗਾਵਤ ਦਾ ਕੰਮ ਕਰ ਰਹੇ ਸਨ। ਉਹ ਖਤਰਿਆਂ ਤੋਂ ਵਾਕਫ਼ ਸਨ। ਪੀ. ਸਾਈਨਾਥ ਲਿਖਦੇ ਹਨ, "ਜਿਨ੍ਹਾਂ ਲੋਕਾਂ ਨੇ ਇਤਿਹਾਸ ਦੇ ਉਸ ਮਹਾਨ ਦੌਰ ਵਿਚ ਹਿੱਸਾ ਪਾਇਆ, ਉਨ੍ਹਾਂ ਦੇ ਮੂੰਹੋਂ ਕਹਾਣੀ ਸੁਣਨ ਦਾ ਹੋਰ ਹੀ ਜਾਇਕਾ ਹੈ।" ਇਸ ਕਿਤਾਬ ਵਿਚਲੇ ਲੋਕਾਂ ਵਿਚੋਂ ਕਿਸੇ ਨੇ ਵੀ ਵਜ਼ੀਰ, ਰਾਜਪਾਲ, ਪ੍ਰਧਾਨ ਮੰਤਰੀ ਜਾਂ 1947 ਤੋਂ ਬਾਅਦ ਰਾਸ਼ਟਰਪਤੀ ਨਹੀਂ ਬਣਨਾ ਚਾਹਿਆ। ਪੀ. ਸਾਈਨਾਥ ਲਿਖਦੇ ਹਨ, "ਆਉਂਦੇ ਪੰਜ-ਛੇ ਸਾਲਾਂ ਵਿਚ ਇਸ ਦੇਸ਼ ਵਿਚ ਇਕ ਵੀ ਅਜਿਹਾ ਬੰਦਾ ਜਿਉਂਦਾ ਨਹੀਂ ਦਿਸੇਗਾ ਜਿਹੜਾ ਆਜ਼ਾਦੀ ਲਈ ਲੜਿਆ ਹੋਵੇ।"

ਇਸ ਕਿਤਾਬ ਵਿਚਲਾ ਸਭ ਤੋਂ ਛੋਟਾ ਨਾਇਕ 92 ਸਾਲਾਂ ਦਾ ਅਤੇ ਵੱਡਾ 104 ਸਾਲ ਦਾ ਹੈ। ਭਾਰਤੀਆਂ ਦੀ ਨਵੀਂ ਪੀੜ੍ਹੀ ਅਜ਼ਾਦੀ ਸੰਗਰਾਮੀਆਂ ਨੂੰ ਦੇਖ ਤੇ ਮਿਲ ਨਹੀਂ ਸਕੇਗੀ ਅਤੇ ਗੱਲਾਂ ਨਹੀਂ ਸੁਣ ਸਕੇਗੀ। ਕਿਸ ਵਾਸਤੇ ਉਹ ਲੜੇ ? ਖ਼ੁਦ ਦੱਸਣ ਵਾਲਾ ਕੋਈ ਨਹੀਂ ਬਚੇਗਾ। ਪੀ. ਸਾਈਨਾਥ ਲਿਖਦੇ ਹਨ, "ਜਿਨ੍ਹਾਂ ਨੇ ਯੁੱਧ ਕੀਤਾ, ਇਕ ਇਕ ਕਰਕੇ ਅਲੋਪ ਹੋ ਰਹੇ ਹਨ। ਸਕੂਲਾਂ ਦੀਆਂ ਕਿਤਾਬਾਂ ਵਿਚ ਤਾਂ ਉੱਕਾ ਹੀ ਇਨ੍ਹਾਂ ਦਾ ਜ਼ਿਕਰ ਨਹੀਂ ? ਨਾ ਹੀ ਇਨ੍ਹਾਂ ਕਿਤਾਬਾਂ ਵਿਚ ਜਿਹੜੀਆਂ ਨਵੀਂ ਪੀੜ੍ਹੀ ਲਈ ਚਾਹੀਦੀਆਂ ਹਨ। ਪਰ ਇਹ ਕੌਮੀ ਖਜ਼ਾਨਾ ਅਲੋਪ ਹੋ ਜਾਣਾ ਯਕੀਨੀ ਹੈ।" ਇਸ ਕਿਤਾਬ ਦੇ ਅਨੁਵਾਦਕ ਪ੍ਰੋ. ਹਰਪਾਲ ਸਿੰਘ ਪੰਨੂ ਲਿਖਿਆ, "ਸਾਈਨਾਥ ਦਾ ਸ਼ੁਕਰਾਨਾ ਉਹ ਦੇਸ਼, ਮਨੁੱਖ ਦਿਖਾ ਦਿੱਤੇ ਜਿਹੜੇ ਅਨੇਕਾਂ ਹੋਰ ਲੋਕਾਂ ਨੇ ਦੇਖੇ ਨਹੀਂ ਸਨ।" ਦੂਰ-ਦੁਰੇਡੇ ਰਹਿੰਦੇ ਪੇਂਡੂ ਗਰੀਬ ਅਤੇ ਅਨਪੜ੍ਹ ਸਨ। ਬੰਦੂਕਾਂ, ਤੋਪਾਂ ਦਾ ਮੁਕਾਬਲਾ ਗੁਲੇਲਾਂ ਵਰਤ ਕੇ ਕਰਨ, ਨੰਗੇ ਪੈਰੀਂ, ਨੰਗੇ ਧੜ, ਪਹਾੜਾਂ ਜੰਗਲਾਂ 'ਚ ਭੁੱਖੇ ਰਹਿ ਕੇ ਗੁਜ਼ਾਰਾ ਕਰਨ, ਨਾ ਕਿਸੇ ਉਪਰ ਰੋਸ ਕਰਨ, ਨਾ ਆਪਣੇ ਉੱਤੇ ਮਾਣ।" ਅੱਗੇ ਅਨੁਵਾਦਕਾਰ ਜ਼ਿਕਰ ਕਰਦੇ ਹਨ, "ਸੁਭਾਸ਼ ਚੰਦਰ ਬੋਸ ਦੀ ਸੈਨਾ ਵਿਚ ਸਿਪਾਹੀ ਰਹੀ ਬਿਰਧ ਔਰਤ ਲਕਸ਼ਮੀ ਪਾਂਡਾਂ ਝੌਂਪੜੀ ਵਿਚ ਦਿਨ ਕੱਟਦੀ, ਇਕ ਹਜ਼ਾਰ ਰੁਪਏ ਨਾਲ ਤਿੰਨ ਘਰਾਂ ਦੀ ਸਫ਼ਾਈ ਕਰਦੀ। ਸਾਈਨਾਥ ਪੁੱਛਣਾ ਹੈ ਇਕ ਹਜ਼ਾਰ ਰੁਪਏ ਨਾਲ ਗੁਜ਼ਾਰਾ ਹੋ ਜਾਂਦੇ ? ਉਹ ਕਹਿੰਦੀ ਬਚਿਆ ਖੁਚਿਆ ਖਾਣਾ ਈ ਤਾਂ ਲਿਆਉਣ ਦੇ ਦਿੰਦੇ ਨੇ। ਗਵਰਨਰ ਨੇ ਰਾਜ ਭਵਨ ਵਿਚ ਸਨਮਾਨ ਦੇਣ ਵਾਸਤੇ ਸੱਦੀ ਸੀ। ਰੇਲ ਦਾ ਕਿਰਾਇਆ ਕੌਣ ਦਊ ? ਕੱਪੜੇ ? ਜਿੰਨੇ ਦਿਨ ਕੰਮ ਤੋਂ ਗੈਰ-ਹਾਜ਼ਰ ਹੀ ਇਹ ਤਨਖਾਹ ਕੱਟ ਲੈਣਗੇ।" ਇਸੇ ਤਰ੍ਹਾਂ ਪੰਜਾਬ ਦੇ ਆਜ਼ਾਦੀ ਘੁਲਾਈਏ ਭਗਤ ਸਿੰਘ ਝੁੰਗੀਆਂ ਨਾਲ ਹੋਈ ਵਾਰਤਾਲਾਪ ਬਾਰੇ ਪੀ. ਸਾਈਨਾਥ ਲਿਖਦੇ ਹਨ, "ਭਗਤ ਸਿੰਘ ਝੁੰਗੀਆਂ ਦੇਸ਼ ਦੀ ਆਜਾਦੀ ਤੋਂ ਪਹਿਲਾਂ ਅਤੇ ਪਿਛਿਓਂ ਸਦਾ ਸਰਗਰਮ ਰਹੇ। ਸਰਕਾਰ ਨਾਲ ਟੱਕਰ ਹੁੰਦੀ ਰਹੀ। ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਨੇ ਗੁੱਸਾ ਖਾ ਕੇ ਮੱਝ ਅਤੇ ਟੋਕੇ ਦੀ ਮਸ਼ੀਨ ਜ਼ਬਤ ਕਰਕੇ ਨਿਲਾਮੀ ਦਾ ਐਲਾਨ ਕਰ ਦਿੱਤਾ। ਪਿੰਡ ਦਾ ਕੋਈ ਵੀ ਬੰਦਾ ਖਰੀਦਦਾਰ ਵਜੋਂ ਨਾ ਪੁੱਜਾ। ਵਾਰ ਵਾਰ ਚੌਕੀਦਾਰ ਹੋਕਾ ਦੇਈ ਗਿਆ ਤਾਂ ਇਕ ਜਣਾ ਮੌਕੇ 'ਤੇ ਗਿਆ, ਗਿਆਰਾਂ ਰੁਪਏ ਵਿਚ ਦੋਵੇਂ ਚੀਜ਼ਾਂ ਖਰੀਦ ਕੇ ਭਗਤ ਸਿੰਘ ਦੇ ਘਰ ਛੱਡ ਆਇਆ।" ਪਹਿਲੀ ਵਾਰੀ ਜਦੋਂ ਆਜ਼ਾਦੀ ਘੁਲਾਟੀਆਂ ਲਈ ਪੈਨਸ਼ਨ ਸਕੀਮ ਸ਼ੁਰੂ ਹੋਈ ਤਾਂ ਇਸ ਸਬੰਧੀ ਪੀ. ਸਾਈਨਾਥ ਐਨ. ਸ਼ੰਕਰਾਈਆ ਨੂੰ ਪੁੱਛਦੇ ਹਨ ਤਾਂ ਉਹ ਆਖਦੇ ਹਨ, "ਅਸੀਂ ਅਜ਼ਾਦੀ ਵਾਸਤੇ ਲੜੇ ਸਾਂ, ਪੈਨਸ਼ਨਾਂ ਲੈਣ ਵਾਸਤੇ ਨਹੀਂ।" ਇਸੇ ਤਰ੍ਹਾਂ ਉੜੀਆ ਔਰਤ ਲਕਸ਼ਮੀ ਪਾਂਡਾ ਜਿਸ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਇੰਡੀਅਨ ਨੈਸ਼ਨਲ ਆਰਮੀ ਵਿਚ ਕੰਮ ਕੀਤਾ। ਪੀ. ਸਾਈਨਾਥ ਨੇ ਆਜ਼ਾਦੀ ਦੀ ਲੜਾਈ ਸਬੰਧੀ ਉਸ ਨੂੰ ਪੁੱਛਿਆ, "ਮੈਂ ਕਦੇ ਜੇਲ੍ਹ ਨਹੀਂ ਗਈ, ਰ.ਫਲ ਚਲਾਉਣੀ ਤਾਂ ਸਿੱਖੀ ਪਰ ਕਿਸੇ ਉਤੇ ਗੋਲੀ ਨਹੀਂ ਚਲਾਈ। ਕੀ ਇਸ ਦਾ ਮਤਲਬ ਇਹ ਹੋਇਆ ਕਿ ਮੈਂ ਆਜ਼ਾਦੀ ਲਈ ਲੜਾਕੂ ਨਹੀਂ ? ਮੈਂ ਆਈ.ਐਨ.ਏ. ਦੇ ਜੰਗਲੀ ਕੈਂਪਾਂ ਵਿਚ ਡਿਊਟੀ ਦਿੱਤੀ ਜਿਥੇ ਅੰਗਰੇਜ਼ ਬੰਬ ਸੁੱਟਿਆ ਕਰਦੇ ਸਨ। ਕੀ ਇਸ ਦਾ ਮਤਲਬ ਹੈ ਕਿ ਆਜ਼ਾਦੀ ਸੰਘਰਸ਼ ਵਿਚ ਹਿੱਸਾ ਨਹੀਂ ਪਾਇਆ ?" ਅੱਗੇ ਉਹ ਆਖਦੀ ਹੈ, "ਜਿਨ੍ਹਾਂ ਨੇ ਅੰਡਰ ਗਰਾਊਂਡ ਹੋ ਕੇ ਪਾਰਟੀ ਲੀਡਰਸ਼ਿਪ ਦੇ ਹੁਕਮ ਅਨੁਸਾਰ ਕੰਮ ਕਰਨ ਵਾਸਤੇ ਲੜਾਕੂ ਰੋਲ ਅਦਾ ਕੀਤਾ ਉਹ ਪੈਨਸ਼ਨ ਦੇ ਹੱਕਦਾਰ ਨਹੀਂ ? ਇਸ ਸਕੀਮ ਦੇ ਕਾਗਜ਼ਾਂ ਵਿਚ ਦਰਜ ਹੈ।" ਜਦੋਂ ਪੀ. ਸਾਈਨਾਥ ਨੇ 1980 ਦੀ ਪੈਨਸ਼ਨ ਸਕੀਮ ਦੇ ਕਾਗਜ਼ਾਂ ਵਿਚ ਇਕ ਹੋਰ ਸਮੱਸਿਆ ਦੇਖੀ ਜਿਸ ਵਿਚ ਪਤੀ ਜਾਂ ਪਤਨੀ ਦੀ ਜਗ੍ਹਾ ਵਿਧਵਾ ਸ਼ਬਦ ਵਰਤਿਆ ਗਿਆ ਜਿਸ ਤੋਂ ਇੰਝ ਲਗਦਾ ਹੈ ਕਿ ਸਾਰੇ ਆਜ਼ਾਦੀ ਘੁਲਾਟੀਏ ਮਰਦ ਹੀ ਸਨ। ਜਿਨ੍ਹਾਂ ਅਜ਼ਾਦੀ ਘੁਲਾਟੀਆਂ ਦੇ ਟਿਕਾਣਿਆਂ 'ਤੇ ਜਾ ਕੇ ਵੀਹ ਸਾਲਾਂ ਦੇ ਅਰਸੇ ਦੌਰਾਨ ਇੰਟਰਵਿਊ ਕਰਦਿਆਂ ਉਨ੍ਹਾਂ ਮਹਿਸੂਸ ਕੀਤਾ ਕਿ ਇਹ ਪੈਦਲ ਸਿਪਾਹੀ ਗ੍ਰਿਫ਼ਤਾਰੀ ਉਪਰੰਤ ਜੇਲ੍ਹ ਵਿਚ ਗੀਂ ਗੀਂ ਕਰਨ, ਹੌਂਕੇ ਲੈਣ, ਰਹਿਮੋ-ਕਰਮ ਵਾਸਤੇ, ਅਪੀਲਾਂ ਲਿਖਣ ਵਿਚ ਇਨ੍ਹਾਂ ਦਿਨ ਨਹੀਂ ਬਿਤਾਏ ਕਿ ਐਤਕੀਂ ਖਿਮਾ ਕਰ ਦਿਉ, ਮੁੜ ਕੇ ਬਗਾਵਤ ਦੀ ਗਲਤੀ ਨਹੀਂ ਕਰਾਂਗੇ, ਵਫਾਦਾਰ ਰਹਾਂਗੇ। ਇਨ੍ਹਾਂ ਦੀ ਕਹਾਣੀ ਇਤਿਹਾਸ ਦੇ ਪੰਨਿਆਂ 'ਤੇ ਦਰਜ ਕਰਕੇ ਪੀ. ਸਾਈਨਾਥ ਨੇ ਅਹਿਮ ਯੋਗਦਾਨ ਪਾਇਆ ਹੈ।






ਡਾ. ਕੁਲਦੀਪ ਸਿੰਘ    ਰਮਨਦੀਪ ਕੌਰ

**ਬਾਗੀ, ਅਭਿਨੇਤਾ, ਸਿਪਾਹੀ, ਜਸੂਸ :** ਹੌਂਜਾਬਾਈ ਦਾ ਜਲਵਾ' ਬਾਰੇ ਪੀ. ਸਾਈਨਾਥ ਲਿਖਦੇ ਹਨ। ਹੌਂਜਾਬਾਈ ਦਾ ਜਨਮ 1926 ਵਿਚ ਹੋਇਆ ਸੀ ਜਦੋਂ ਉਹ ਤਿੰਨ ਸਾਲਾਂ ਦੀ ਸੀ ਤਾਂ ਉਸ ਦੀ ਮਾਂ ਦਾ ਦੇਹਾਂਤ ਹੋ ਗਿਆ ਸੀ। ਉਸ ਦਾ ਪਿਤਾ ਨਾਨਾ ਪਾਟੇਲ ਆਜ਼ਾਦੀ ਸੰਗਰਾਮ ਵਾਸਤੇ ਪਹਿਲਾਂ ਹੀ ਤਿਆਰ ਹੋ ਚੁੱਕਾ ਸੀ। ਪਹਿਲਾਂ ਹੀ ਜੋਤੀਬਾ ਰਾਏ ਫੂਲੇ ਤੋਂ ਪ੍ਰੇਰਣਾ ਲੈ ਚੁੱਕਾ ਸੀ। ਇਹ ਮਹਾਤਮਾ ਗਾਂਧੀ ਤੋਂ ਪ੍ਰਭਾਵਿਤ ਸੀ। ਪਿੰਡ ਵਿਚ ਮੁਨੀਮੀ ਦਾ ਕੰਮ ਕਰਦਾ ਸੀ। ਜਿਸ ਤੋਂ ਉਹ ਮੁਕਤ ਹੋ ਗਿਆ ਤੇ ਕੁਲ-ਵਕਤੀ ਅਜ਼ਾਦੀ ਘੁਲਾਟੀਆ ਬਣ ਗਿਆ। ਨਿਸ਼ਾਨਾ, ਆਪਣੀ ਸਰਕਾਰ ਕਾਇਮ ਕਰਨ ਦਾ ਸੀ। ਬਰਤਾਨਵੀਂ ਸਰਕਾਰ ਨੂੰ ਨੁਕਸਾਨ ਪਹੁੰਚਾ ਕੇ ਇਸ ਤੋਂ ਛੁਟਕਾਰਾ ਪਾ ਸਕਦੇ ਹਾਂ, ਇਸ ਵਿਚ ਉਸ ਦਾ ਵਿਸ਼ਵਾਸ ਸੀ। ਅੱਗੇ ਪੀ. ਸਾਈਨਾਥ ਜਦੋਂ ਹੌਂਜਾਬਾਈ ਨੂੰ ਪੁੱਛਦੇ ਹਨ, "ਉਸ ਵਰਗੀਆਂ ਹੋਰ ਵੀ ਅੰਡਰ-ਗਰਾਊਂਡ ਔਰਤਾਂ ਸਨ ਤਾਂ ਉਹ ਬੇਝਿਜਕ ਤੁਰੰਤ ਅਧਿਆਪਕ ਦੀ ਪਤਨੀ ਸਾਲੂ ਤਾਈ, ਲੀਲਾ ਤਾਈ ਪਾਟਿਲ, ਲਕਸ਼ਮੀ ਬਾਈ ਨਾਇਕ ਵਾਈ, ਰਾਜਮਤੀ ਪਾਟਿਲ ਆਦਿ ਉਸ ਦੀਆਂ ਸਮਕਾਲੀ ਸਨ, ਜਿਹੜੀਆਂ ਅਜ਼ਾਦੀ ਅਤੇ ਸਵੈ-ਨਿਰਣੇ ਦੇ ਅਧਿਕਾਰ ਵਾਸਤੇ ਲੜੀਆਂ, "ਉਸ ਦੀ ਦੇਸ਼ ਭਗਤੀ ਦੀ ਦਿਸ਼ਾ ਬਰਤਾਨਵੀ ਸਾਮਰਾਜ ਨੂੰ ਹਟਾ ਕੇ ਭਾਰਤੀਆਂ ਨੂੰ ਆਜ਼ਾਦ ਕਰਨਾ ਸੀ। ਧਰਮ ਅਤੇ ਜਾਤ ਦੇ ਆਧਾਰ 'ਤੇ ਫੁੱਟ ਪਉਣਾ ਨਹੀਂ ਸੀ। ਹੌਂਜਾਬਾਈ ਨਫ਼ਰਤ ਤੋਂ ਦੂਰ ਆਜ਼ਾਦੀ ਦੀ ਪੈਦਲ ਸਿਪਾਹੀ ਹੈ।

ਦੇਮਤੀ ਦੇਈ 'ਸਲਿਹਾਨ' ਉੜੀਸਾ ਤੋਂ ਬਿਆਨ ਕਰਦੀ ਹੈ, "ਜਦੋਂ ਰਾਜ ਨਾਲ ਮੱਥਾ ਲਗਾਇਆ ਉਨ੍ਹਾਂ (ਅੰਗਰੇਜ਼ਾਂ) ਸਾਡੇ ਘਰ, ਸਾਡੀਆਂ ਫਸਲਾਂ ਉਜਾੜ ਦਿੱਤੀਆਂ, ਮੇਰੇ ਪਿਤਾ ਉਤੇ ਹਮਲਾ ਕਰ ਦਿੱਤਾ। ਮੈਨੂੰ ਉਨ੍ਹਾਂ ਵਿਰੁੱਧ ਲੜਨਾ ਹੀ ਪੈਂਦਾ ਸੀ, ਫਿਰ ਅਗਾਂਹ ਪੀ. ਸਾਈਨਾਥ ਲਿਖਦੇ ਹਨ, "ਜਦੋਂ 2002 ਵਿਚ ਉਸ ਨੂੰ ਮਿਲਿਆ, ਦੇਮਤੀ ਨੱਬੇ ਵਰ੍ਹਿਆਂ ਨੂੰ ਢੁੱਕ ਚੁੱਕੀ ਸੀ, ਉਸਦੇ ਚਿਹਰੇ ਉਤੇ ਉਦੋਂ ਵੀ ਤਾਕਤ ਸੀ ਤੇ ਸੁੰਦਰਤਾ ਮੌਜੂਦ ਸੀ ਹੁਣ ਹੱਡੀਆਂ ਦਾ ਪਿੰਜਰ ਬਣੀ ਜਿਸ ਦਾ ਲੰਮਾ ਕੱਦ ਲੰਮੀਆਂ ਬਾਹਾਂ ਅਜੇ ਵੀ ਤਾਕਤ ਦਾ ਜਲੌਅ ਦਰਸਾ ਰਹੀਆਂ ਸਨ ਕਿ ਉਸ ਵੇਲੇ ਵਹਾਈ ਲਾਠੀ ਦਾ ਕੀ ਮਤਲਬ ਹੋਵੇਗਾ, ਅੰਗਰੇਜ਼ ਅਫ਼ਸਰ ਨੇ ਬਚ ਕੇ ਜਾਨ ਬਚਾਈ, ਉਸਦੇ ਬੇਮਿਸਾਲ ਹੌਸਲੇ ਨੂੰ ਕਿਸੇ ਨੇ ਨਹੀਂ ਸਨਮਾਨਿਆ। ਉਸਦੇ ਨਗਰ ਵਾਸੀਆਂ ਤੋਂ ਬਿਨਾਂ ਹੋਰ ਕੋਈ ਵੀ ਉਸ ਨੂੰ ਨਹੀਂ ਜਾਣਦਾ।" ਜਦੋਂ ਪੀ. ਸਾਈਨਾਥ ਦੇਮਤੀ ਨੂੰ ਪੁੱਛਦੇ ਹਨ, "ਜਦੋਂ ਤੂੰ ਗਲੀ ਵਿਚ ਆਪਣੇ ਪਿਤਾ ਨੂੰ ਡਿਗਿਆ ਪਿਆ ਦੇਖਿਆ, ਤੈਨੂੰ ਬਹੁਤ ਗੁੱਸਾ, ਬਹੁਤ ਘਬਰਾਹਟ ਹੋਈ ਹੋਣੀ ਹੈ ? ਗੋਲੀ ਦੇ ਜ਼ਖ਼ਮ ਸਦਕਾ ਖੂਨ ਵਗ ਰਿਹਾ ਸੀ ਨਾ।" ਇਹ ਗੱਲ ਸੁਣਦਿਆਂ ਸਾਰ ਨੱਬੇਵਿਆਂ ਨੂੰ ਢੁੱਕੀ ਦੇਮੰਤੀ ਵਿਚ ਜਿਵੇਂ ਨਵੀਂ ਜਾਨ ਪੈ ਗਈ ਹੋਵੇ, ਚਿਹਰੇ ਉਪਰਲਾ ਕਰੋਧ ਭੂਤਕਾਲ ਨੂੰ ਵਰਤਮਾਨ ਵਿਚ ਲੈ ਆਇਆ, ਆਵਾਜ਼ ਵਿਚਲੀ ਪ੍ਰਚੰਡਤਾ ਦਹਾਕਿਆਂ ਬਾਅਦ ਉਸੇ ਤਰ੍ਹਾਂ ਕਾਇਮ ਹੈ। ਬਾਕੀਆਂ ਵਾਂਗ ਲੱਖਾਂ ਗਰੀਬ ਭਾਰਤੀ ਔਰਤਾਂ, ਬਹੁਤ ਸਾਰੀਆਂ ਸਲਿਹਾਨਾਂ, ਭਾਰਤ ਦੀ ਅਜ਼ਾਦੀ ਲਈ ਉਵੇਂ ਬਹਾਦਰੀ ਨਾਲ ਲੜੀਆਂ ਜਿਵੇਂ ਮਰਦ। ਸਲਿਹਾਨ ਵਰਗੀਆਂ ਮੁੱਠੀ ਭਰ ਔਰਤਾਂ ਉਸ ਸੰਘਰਸ਼ ਦੇ ਇਤਿਹਾਸ ਦੀ ਮਹਿਜ ਮੱਧਮ ਜਿਹਾ ਫੁਟ ਨੋਟ ਬਣੀਆਂ, ਮਾਮੂਲੀ ਰੁਤਬਾ ਪਾਇਆ ਤਾਂ ਵੀ ਸਲਿਹਾਨ ਦੇ ਦਿਲ ਵਿਚ ਅੱਜ ਵੀ ਬਰਤਾਨਵੀ ਪੁਲਿਸ ਖਿਲਾਫ਼ ਗੁੱਸਾ ਹੈ ਹੋਰ ਕਿਸੇ ਖਿਲਾਫ਼ ਨਹੀਂ।

ਜਿਸ ਤਾਕਤ ਨਾਲ ਸਲਿਹਾਨ ਨੇ ਬਰਤਾਨਵੀ ਸਰਕਾਰ ਦਾ ਵਿਰੋਧ ਕੀਤਾ ਉਸ ਜੋਸ਼ ਦੀ ਕੋਈ ਮਿਸਾਲ ਨਹੀਂ। ਉਸਦੇ ਪਰਿਵਾਰ ਤੇ ਪਿੰਡ ਉਤੇ ਬਸਤੀਵਾਦੀ ਸ਼ਕਤੀ ਨੇ ਜੋ ਹਮਲਾ ਕੀਤਾ, ਉਸ ਦਾ ਮੁਕਾਬਲਾ ਕਰਦਿਆਂ ਉਸ ਨੇ ਯੁੱਧ ਲੜਿਆ, ਬਰਤਾਨਵੀ ਸਾਮਰਾਜ, ਉਸਦੇ ਕਾਨੂੰਨਾਂ, ਨਿਯਮਾਂ ਤੇ ਸਰਕਾਰਾਂ ਨੂੰ ਵੰਗਾਰਿਆ, ਉਹ ਉਨ੍ਹਾਂ ਵਿਚੋਂ ਇਕ ਸੀ, ਜਿਹੜੇ ਹੱਕ ਪ੍ਰਾਪਤ ਕਰਨ ਵਾਸਤੇ ਲੱਖਾਂ ਲੋਕ ਤਰਸ ਰਹੇ ਸਨ, ਉਹ ਉਨ੍ਹਾਂ ਵਾਸਤੇ ਲੜੀ ਸੀ, ਜੋ ਉਹ ਸੀ, ਉਸ ਤੋਂ ਕੌਣ ਮੁਨਕਰ ਹੋ ਸਕਦੇ। ਅਜ਼ਾਦੀ ਹਿੱਤ ਲੜਨ ਵਾਲੀ ਵੀਰਾਂਗਣ।

ਪੰਜਾਬ ਦੇ ਭਗਤ ਸਿਘਘ ਝੁੰਗੀਆਂ ਦਾ ਸਾਡੀਆਂ ਅਜ਼ਾਦੀਆਂ ਲਈ ਯੁੱਧ 'ਚ ਯੋਗਦਾਨ ਵਿਚ ਪੀ. ਸਾਈਨਾਥ ਲਿਖਦੇ ਹਨ, "ਪੰਜਾਬ ਦੀ ਇਹ ਘਟਨਾ 1939 ਦੀ ਹੈ ਜਦੋਂ ਉਹ 11 ਸਾਲ ਦਾ ਤੀਜੀ ਕਲਾਸ ਵਿਚੋਂ ਫਸਟ ਆਇਆ ਸੀ। ਮੁਨਸ਼ੀ ਨੇ ਉਸ ਦਾ ਸਿਰ ਪਲੋਸ ਕੇ ਕਿਹਾ ਕਹਿ "ਬਰਤਾਨੀਆ ਜਿੰਦਾਬਾਦ, ਹਿਟਲਰ ਮੁਰਦਾਬਾਦ' ਦਾ ਨਾਹਰਾ ਲਾ। ਜਿਸ ਦਾ ਨਾਮ ਹੋਵੇ ਭਗਤ ਸਿੰਘ, ਉਹ ਕਿਉਂ ਘਬਰਾਵੇ ? ਇਨਾਮ ਵੰਡ ਦੇ ਦਰਸ਼ਕਾਂ ਵੱਲ ਮੂੰਹ ਕਰਕੇ ਉਸ ਨੇ ਜ਼ੋਰ ਦੀ ਨਾਅਰਾ ਲਾਇਆ 'ਬਰਤਾਨੀਆ ਮੁਰਦਾਬਾਦ, ਹਿੰਦੋਸਤਾਨ ਜਿੰਦਾਬਾਦ' ਪੀ. ਸਾਈਨਾਥ ਭਗਤ ਸਿੰਘ ਝੁੰਗੀਆਂ ਨੂੰ ਪੁੱਛਣੇ ਹਨ ਤਾਂ ਉਹ ਜਵਾਬ ਦਿੰਦੇ ਨੇ 'ਹੁਣ ਅੰਗਰੇਜ਼ ਵਿਰੋਧੀ ਸੰਘਰਸ਼ ਵਿਚ ਕੁੱਦਣ ਲਈ ਮੈਂ ਅਜ਼ਾਦ ਹਾਂ, ਹੁਣ ਮੇਰੇ ਅੱਗੇ ਕੋਈ ਰੋਕ ਟੋਕ ਨਹੀਂ ਰਹੀ। ਉਹ ਕਿਰਤੀ ਪਾਰਟੀ 'ਚ ਸ਼ਾਮਲ ਹੋ ਗਿਆ, ਇਹ ਉਸ ਗਦਰ ਪਾਰਟੀ ਦਾ ਹਿੱਸਾ ਸੀ ਜਿਸ ਨੇ 1914-15 ਵਿਚ ਦੇਸ਼ ਵਿਚ ਗ਼ਦਰ ਕੀਤਾ ਸੀ, ਭਗਤ ਸਿੰਘ ਝੁੰਗੀਆਂ ਦਾ ਕਹਿਣਾ ਸੀ, ਲੋਕਾਂ ਨੂੰ ਭਗਤ ਸਿੰਘ ਦਾ ਗੀਤ ਗਾਉਂਦੇ ਸੁਣਿਆ ਸੀ, ਇਕ ਪੰਕਤੀ ਹੁਣ ਵੀ ਉਸ ਨੂੰ ਯਾਦ ਸੀ - ਸ਼ਹੀਦ ਭਗਤ ਸਿੰਘ ਹੁਣ ਲੱਗਣਗੇ ਤੇਰੇ ਮੇਲੇ, ਭਗਤ ਸਿੰਘ ਦੀ ਸ਼ਹਾਦਤ ਵੇਲੇ ਝੁੰਗੀਆਂ ਦੀ ਉਮਰ ਤਿੰਨ ਸਾਲ ਸੀ। ਭਗਤ ਸਿੰਘ ਝੁੰਗੀਆ ਨੂੰ ਮਾਣ ਹੈ ਕਿ ਏਨੇ ਸਾਲ ਪੁਲਿਸ ਮੇਰੇ ਤੋਂ ਡਰਦੀ ਰਹੀ, ਮੈਂ ਨਹੀਂ ਡਰਿਆ। ਦੇਸ਼ ਦੀ ਵੰਡ ਬਾਰੇ ਗੱਲ ਕਰਦਿਆਂ ਭਗਤ ਸਿੰਘ ਝੁੰਗੀਆ ਜਜ਼ਬਾਤੀ ਹੋ ਜਾਂਦਾ, ਮੁਸ਼ਕਲ ਨਾਲ ਹੀ ਹੰਝੂ ਰੋਕ ਸਕਦਾ ਤੇ ਕਹਿੰਦਾ, "ਬਾਰਡਰਾਂ ਵਲ ਤੁਰੇ ਜਾਂਦੇ ਹਜ਼ਾਰਾਂ ਲੋਕਾਂ ਦੇ ਕਾਫ਼ਲਿਆਂ ਉਤੇ ਹਮਲੇ ਹੁੰਦੇ, ਬੇਸ਼ੁਮਾਰ ਵੱਢ ਟੁੱਕ ਹੁੰਦੀ, ਹਰ ਪਾਸੇ ਕਤਲੇਆਮ ਹੀ ਕਤਲੇਆਮ ਸੀ। ਮੁਲਾਕਾਤ ਦੌਰਾਨ ਪ੍ਰੇਸ਼ਾਨ ਹੋਇਆ ਇਨਕਲਾਬੀ



ਘੁਲਾਟੀਆ ਕਹਿੰਦਾ, "ਹੁਣ ਰਾਜ ਕਰ ਰਹੇ ਲੋਕਾਂ ਵਿਚੋਂ ਕੋਈ ਵੀ ਅਜ਼ਾਦੀ ਦੀ ਲਹਿਰ ਦਾ ਵਾਰਸ ਨਹੀਂ, ਜਿਨ੍ਹਾਂ ਸਿਆਸੀ ਸ਼ਕਤੀਆਂ (ਆਰ.ਐਸ.ਐਸ.) ਦੇ ਉਹ ਤਰਜਮਾਨ ਹਨ, ਅਜ਼ਾਦੀ ਦੀ ਲੜਾਈ ਵਿਚ ਉਹ ਕਿਧਰੇ ਵੀ ਨਹੀਂ ਸਨ, ਜੇ ਇਨ੍ਹਾਂ ਨੂੰ ਲਗਾਮ ਨਾ ਪਾਈ ਗਈ ਤਾਂ ਇਹ ਦੇਸ਼ ਨੂੰ ਤਬਾਹ ਕਰ ਦੇਣਗੇ, ਉਹ ਫਿਰਕਮੰਦ ਸੀ ਪਰ ਫਿਰ ਭਗਤ ਸਿੰਘ ਝੁੰਗੀਆਂ ਕਹਿੰਦਾ, "ਮੇਰੇ ਤੇ ਯਕੀਨ ਕਰੋ, ਇਸ ਰਾਜ ਦਾ ਸੂਰਜ ਆਖਰ ਅਸਤ ਹੋ ਜਾਵੇਗਾ।"

ਰਾਜਸਥਾਨ ਦੇ ਸੋਭਾਰਾਮ ਮਹਿਰਵਾਰ, ਨਾਲ ਮੁਲਾਕਾਤ ਕਰਦੇ ਹੋਏ ਉਹ (ਮਹਿਰਵਾਰ) ਜਵਾਬ ਦਿੰਦੇ ਹਨ, ਪੀ. ਸਾਈਨਾਥ ਨੂੰ ਜਦੋਂ ਚੰਦਰ ਸ਼ੇਖਰ ਅਜ਼ਾਦ ਮਿਲਣ ਆਇਆ ਸੀ ਉਦੋਂ ਮੈਂ ਪੰਜ ਸਾਲ ਦਾ ਵੀ ਨਹੀਂ ਹੋਣਾ, ਸਾਡਾ ਕੰਮ ਤਾਂ ਭੇਖ ਬਦਲੇ ਹੋਏ ਚੰਦਰ ਸ਼ੇਖਰ ਨੂੰ ਜੰਗਲ ਵਿਚ ਲਿਆ ਕੇ ਬੰਬ ਬਣਾਉਣ ਵਾਲੀ ਥਾਂ ਦਿਖਾਉਣਾ ਸੀ। ਲੱਖਾਂ ਸ਼ਹਾਦਤਾਂ ਹੋਈਆਂ ਤਾਂ ਕਿਤੇ ਜਾ ਕੇ ਦੇਸ਼ ਅਜ਼ਾਦ ਹੋਇਆ। ਕੁਰੂਕਸ਼ੇਤਰ ਦਾ ਸੂਰਜ ਕੁੰਡ ਵੀ ਤਾਂ ਯੋਧਿਆਂ ਦੇ ਖ਼ੂਨ ਨਾਲ ਭਰ ਗਿਆ ਸੀ। ਅਜ਼ਾਦੀ ਲਹਿਰ ਸਾਰੇ ਦੇਸ਼ ਵਿਚ ਚਲ ਪਈ ਸੀ, ਇਹਨੇ ਅਜਮੇਰ, ਮੁੰਬਈ, ਕਲਕੱਤੇ ਸਾਰੇ ਕਿਤੇ ਸੰਘਰਸ਼ ਹੋ ਰਿਹਾ ਸੀ।

ਜਦੋਂ ਮੇਰੇ ਗੋਲੀ ਲੱਗੀ ਤਾਂ ਮੈਂ ਫੈਸਲਾ ਕਰ ਲਿਆ ਸੀ, ਵਿਆਹ ਨਹੀਂ ਕਰਵਾਉਣਾ, ਜਿਸ ਨੂੰ ਪਤਾ ਸੰਘਰਸ਼ ਵਿਚ ਮੌਤ ਕਦੋਂ ਆ ਜਾਵੇ? ਗ੍ਰਹਿਸਥ ਤੇ ਦੇਸ਼ ਭਗਤੀ ਨਾਲ ਸੰਘਰਸ਼ ਦੋਵੇਂ ਇਕੱਠੇ ਨਹੀਂ ਚਲ ਸਕਦੇ। "ਉਸ ਨੇ ਪੀ. ਸਾਈਨਾਥ ਨੂੰ ਸਪਸ਼ਟ ਕਿਹਾ, 'ਦੇਖੋ, ਗਾਂਧੀ ਤੇ ਅੰਬੇਡਕਰ ਦੋਹਾਂ ਨੇ ਬਹੁਤ ਚੰਗਾ ਕੰਮ ਕੀਤਾ ਦੋ ਪਹੀਏ ਹੋਣ ਤਾਂ ਹੀ ਗੱਡੀ ਚੱਲੇਗੀ ਨਾ। ਕਿਧਰੇ ਕੋਈ ਉਲਝਣ ਨਹੀਂ, ਮਹਾਤਮਾ ਦੇ ਕੁਝ ਅਸੂਲ ਮੈਨੂੰ ਚੰਗੇ ਲੱਗੇ, ਮੈਂ ਅਪਣਾ ਲਏ, ਜਿਥੇ ਅੰਬੇਡਕਰ ਚੰਗਾ ਲੱਗਾ, ਉਥੇ ਉਸ ਦੇ ਪਦਚਿੰਨ੍ਹਾਂ 'ਤੇ ਚੱਲਿਆ। ਮੈਂ ਦੋਵਾਂ ਨਾਲ ਰਿਹਾ। ਗਾਂਧੀਵਾਦ ਤੇ ਕ੍ਰਾਂਤੀਵਾਦ। ਦੋਵੇਂ ਇਕੋ ਤਾਣਾ ਪੇਟਾ ਹਨ। ਅਸੀਂ ਹਿੰਦੋਸਤਾਨੀ ਲੋਕ ਬੜੇ ਖਰਾਬ ਹਾਂ। ਅਜ਼ਾਦੀ ਤੋਂ ਪਹਿਲਾਂ ਤੇ ਪਿਛੋਂ ਅਸੀਂ ਅੰਬੇਡਕਰ ਨਾਲ ਦੁਰਵਿਹਾਰ ਕੀਤਾ, ਉਸ ਨੂੰ ਤਾਂ ਆਜ਼ਾਦੀ ਦੀ ਗਾਥਾ ਵਿਚੋਂ ਹੀ ਬਾਹਰ ਕੱਢ ਦਿੱਤਾ, ਤਾਂ ਵੀ ਅੱਜ ਤੱਕ ਉਹ ਹੀ ਮੇਰਾ ਪ੍ਰੇਰਣਾਸ੍ਰੋਤ ਹੈ। ਸੌਭਾਰਾਮ ਨੇ ਸਪਸ਼ਟ ਪੀ. ਸਾਈਨਾਥ ਨੂੰ ਕਿਹਾ ਹੈ ਸਾਨੂੰ ਅਜ਼ਾਦੀ ਸੰਗਰਾਮੀਆਂ ਨੂੰ ਕੋਈ ਨਹੀਂ ਪੁੱਛਦਾ, ਇਕ ਵੀ ਕਿਤਾਬ ਨਹੀਂ ਜਿਹੜੀ ਬੱਚਿਆਂ ਨੂੰ ਦੱਸੇ ਅਜ਼ਾਦੀ ਵਾਸਤੇ ਕਿਵੇਂ ਯੁੱਧ ਲੜਿਆ ਅਤੇ ਕਿਵੇਂ ਜਿੱਤਿਆ, ਸਾਡੇ ਬਾਰੇ ਕੌਣ ਜਾਣਦਾ ਹੁਣ?"

ਤਿਲੰਗਾਨਾ ਦੇ ਮਾਲੂ ਸਵਰਾਜਯਮ ਨੂੰ ਜਦੋਂ ਪੀ. ਸਾਈਨਾਥ ਨੇ ਪੁੱਛਿਆ ਉਨ੍ਹਾਂ ਕਿਹਾ, "ਮੈਂ ਗਿਆਰਾਂ ਸਾਲਾਂ ਦੀ ਉਮਰ ਵਿਚ ਮਾਰਕਸੀ ਕਲਾਸਾਂ ਵਿਚ ਸਿਆਸਤ ਦੀ ਸਿਖਲਾਈ ਲੈਣੀ ਸ਼ੁਰੂ ਕੀਤੀ, ਮੈਨੂੰ ਤਾਂ ਬੱਸ ਏਨਾ ਯਾਦ ਹੈ ਕਿ ਤਿਲੰਗਾਨਾ ਵਿਚ ਲੋਕਾਂ ਦਾ ਸ਼ਾਨਦਾਰ ਹਥਿਆਰਬੰਦ ਜੰਗ ਸੀ ਜਿਸ ਨਾਲ ਗੁਲਾਮੀ ਦੀਆਂ ਬੇੜੀਆਂ ਤੋੜ ਕੇ ਇਨਸਾਫ਼ ਹਾਸਲ ਕਰਨ ਦਾ ਟੀਚਾ ਸੀ।" ਸਵਰਾਜਯਮ ਹੱਸਦੀ ਹੋਈ ਕਹਿੰਦੀ ਹੈ, "ਮੈਨੂੰ ਘੋੜ-ਸਵਾਰੀ ਆਉਂਦੀ ਸੀ ਮੇਰਾ ਨਾਮ ਹੀ ਰਾਣੀ ਝਾਸੀ ਰੱਖ ਦਿੱਤਾ, "ਉਸਦਾ ਸਪਸ਼ਟ ਕਹਿਣਾ ਸੀ, "ਲੋਕਾਂ ਨੂੰ ਅਸੀਂ ਲੜਾਕੂ ਥੋੜ੍ਹਾ ਬਣਾਇਆ, ਲੋਕ ਆਪੇ ਬਗਾਵਤਾਂ ਵਿਚ ਸ਼ਾਮਲ ਹੋ ਗਏ ਤੇ ਲੀਡਰਸ਼ਿਪ ਪ੍ਰਗਟ ਹੁੰਦੀ ਰਹੀ। ਲੋਕ ਜਾਗਰੂਕ ਨਾ ਹੁੰਦੇ ਕੁਝ ਨਹੀਂ ਹੋਣਾ ਸੀ ਇਹ ਤਾਂ ਜਨਤਾ ਹੀ ਬਹਾਦਰ ਸੀ।"

ਰਾਜਸਥਾਨ ਦੇ ਕਪਤਾਨ ਭਾਊ ਨੂੰ ਪੀ. ਸਾਈਨਾਥ ਨੇ ਉਸ 'ਤੇ ਉਸਦੀ ਤੂਫ਼ਾਨੀ ਸੈਨਾ ਬਾਰੇ ਪੁੱਛਿਆ ਉਸ ਕਿਹਾ, "ਅਸੀਂ ਰੇਲ ਗੱਡੀ ਲੁਟੀ, ਉਹ ਕਥਨ ਸਹੀ ਨਹੀਂ, ਭਾਰਤੀਆਂ ਦੀ ਜਿਹੜੀ ਦੌਲਤ ਅੰਗਰੇਜ਼ ਹਾਕਮਾਂ ਨੇ ਚੁਰਾਈ, ਅਸੀਂ ਉਹ ਮੋੜ ਲਿਆਂਦੀ। ਪੀ. ਸਾਈਨਾਥ ਨੇ ਦੋ ਵਾਰੀ ਉਨ੍ਹਾਂ ਨੂੰ ਅੰਡਰਗਰਾਊਂਡ ਸਰਕਾਰ ਕਹਿ ਦਿੱਤਾ। ਉਹ ਨਰਾਜ਼ ਹੋ ਗਿਆ ਤਾਂ ਜਵਾਬ ਦਿੱਤਾ ਅੰਡਰਗਰਾਊਂਡ ਸਰਕਾਰਾਂ ਤੋਂ ਤੁਹਾਡਾ ਕੀ ਮਤਲਬ? ਸਰਕਾਰ ਤਾਂ ਸਾਂ ਹੀ ਅਸੀਂ? ਅੰਗਰੇਜ਼ੀ ਸਰਕਾਰ ਉਥੇ ਦਾਖ਼ਲ ਨਹੀਂ ਹੋ ਸਕਦੀ ਸੀ, ਪੁਲਿਸ ਸਾਡੀ ਤੂਫ਼ਾਨ ਸੈਨਾ ਤੋਂ ਖੌਫ਼ ਜਾਬਦਾ ਸੀ। ਸੂਦਖੀਰ, ਮਹਾਜਨਾਂ ਤੇ ਸਰਕਾਰ ਦੇ ਪਿੱਠੂ ਜ਼ਿਮੀਦਾਰਾਂ ਨੂੰ ਅਸੀਂ ਸਜ਼ਾਵਾਂ ਦਿੱਤੀਆਂ। ਅਮਨ ਕਾਨੂੰਨ ਸਾਡੇ ਹੱਥਾਂ ਵਿਚ ਸੀ, ਲੋਕ ਸਾਡੇ ਨਾਲ ਸਨ।"

ਪੀ. ਸਾਈਨਾਥ ਨੇ ਪੁੱਛਿਆ, "ਇਸ ਉਮਰ (100 ਸਾਲ ਤੋਂ ਵੱਧ) ਵਿਚ ਕਮਜ਼ੋਰ ਹੋਣ ਦੇ ਬਾਵਜੂਦ ਕਿਸਾਨ ਅੰਦੋਲਨ ਵਿਚ ਕਿਉਂ ਹਾਜ਼ਰ ਹੋਏ?" ਉਸ ਦਾ ਜਵਾਬ ਸੀ, "ਉਦੋਂ ਵੀ ਅਸੀਂ ਕਿਸਾਨਾਂ ਮਜ਼ਦੂਰਾਂ ਵਾਸਤੇ ਲੜੇ, ਹੁਣ ਫੇਰ ਉਹੀ ਕਿਸਾਨ ਮਜ਼ਦੂਰ ਸਾਹਮਣੇ ਹਨ।"

ਤਾਮਿਲਨਾਡੂ ਦੇ ਨੌਂ ਦਹਾਕੇ ਇਨਕਲਾਬੀ ਰਹੇ ਐਨ ਸ਼ੰਕਰਈਆ ਨੇ ਪੀ. ਸਾਈਨਾਥ ਨੂੰ ਕਿਹਾ, "ਹੋ ਸਕਦੇ ਅੱਜ ਤੁਹਾਨੂੰ ਪਤਾ ਨਾ ਲੱਗੇ ਜਾਂ ਅਹਿਸਾਸ ਨਾ ਹੋਵੇ ਪਰ ਭਗਤ ਸਿੰਘ ਦੀ ਫਾਂਸੀ ਪਿਛੋਂ ਤਾਮਿਲਨਾਡੂ ਦੇ ਆਜ਼ਾਦੀ ਸੰਘਰਸ਼ ਵਿਚ ਜਜ਼ਬਾਤੀ ਮਾਹੌਲ ਹੋ ਗਿਆ ਸੀ। ਲੋਕ ਹੱਕੇ ਬੱਕੇ ਰਹਿ ਗਏ ਸਨ, ਅਨੇਕ ਅੱਖਾਂ ਭਰ ਆਈਆਂ ਸਨ। ਉਦੋਂ ਮੈਂ ਬੱਸ ਨੌਂ ਸਾਲਾਂ ਦਾ ਸਾਂ। ਅੱਜ ਸ਼ੰਕਰਈਆ ਅੱਗੇ ਬਿਆਨਦੇ ਨੇ, "ਉਸਦੀ ਜ਼ਿੰਦਗੀ ਦੇ ਜੋਸ਼ੀਲੇ ਸਮੇਂ ਲੱਗੇ ਜਦੋਂ ਅੰਗਰੇਜ਼ਾਂ ਵਲੋਂ 23 ਮਾਰਚ 1931 ਨੂੰ ਭਗਤ ਸਿੰਘ ਨੂੰ ਫਾਂਸੀ ਦੇਣੀ, 1945 ਵਿਚ ਅਜ਼ਾਦ ਹਿੰਦ ਫੌਜ ਉਪਰ ਮੁਕੱਦਮੇ ਸ਼ੁਰੂ ਕਰਨੇ, 1946 ਦੀ ਰਾਇਲ ਇੰਡੀਅਨ ਨੇਵੀ ਦੀ ਬਗਾਵਤ, ਇਨ੍ਹਾਂ ਵੱਡੀਆਂ ਘਟਨਾਵਾਂ ਨੇ ਸਾਨੂੰ ਉਤਸ਼ਾਹਿਤ ਕੀਤਾ ਤੇ ਅਸੀਂ ਯੁੱਧ ਲੜੇ।

ਉੜੀਸਾ ਦੇ ਬਾਜੀ ਮੁਹੰਮਦ ਜਿਸ ਨੇ ਅਹਿੰਸਾ ਦੇ ਨੌਂ ਦਹਾਕੇ ਗੁਜ਼ਾਰੇ ਤਾਂ ਉਹ ਪੀ. ਸਾਈਨਾਥ ਨੂੰ ਜਵਾਬ ਦਿੰਦੇ ਨੇ, "ਇਕ ਵਾਰੀ ਪੁਲਿਸ ਉਪਰ ਲੋਕ ਹਮਲਾ ਕਰਨ ਲਈ ਇਕੱਠੇ ਹੋ ਗਏ, ਮੈਂ ਰੋਕ ਦਿੱਤੇ, "ਮਰੋਗੇ ਲੇਕਿਨ ਮਾਰੋਗੇ ਨਹੀਂ।" ਇਸੇ ਤਰ੍ਹਾਂ ਜਦੋਂ 6 ਦਸੰਬਰ 1992 ਨੂੰ ਬਾਬਰੀ ਮਸਜਿਦ ਢਾਹੀ ਗਈ ਉਸ ਵਿਰੋਧ ਉਹ ਸ਼ਾਂਤੀ ਉਮਰ (80 ਸਾਲ ਤੋਂ ਵੱਧ) ਮੈਂਬਰ ਬਣਕੇ ਆਇਆ ਤਾਂ ਉਸ ਨੂੰ ਵੀ ਪੁਲਿਸ ਨੇ ਕੁੱਟ ਕੁੱਟ ਕੇ ਲਹੂ ਲੁਹਾਣ ਕਰ ਦਿੱਤਾ, ਸੰਘ ਪਰਿਵਾਰ ਦੇ ਮੈਂਬਰਾਂ ਨੇ ਉਸਦੀ ਖੋਪੜੀ ਤੋੜ ਦਿੱਤੀ।" ਉਸ ਦੇ ਆਪਣੇ ਮਾਮੂਲੀ ਘਰ 'ਚ ਮੇਜ਼ ਉਪਰ ਗੀਤਾ, ਕੁਰਾਨ ਤੇ ਇੰਜੀਲ ਹਮੇਸ਼ਾ ਪਈਆਂ ਰਹਿੰਦੀਆਂ। ਪੀ. ਸਾਈਨਾਥ ਨੂੰ ਸੌਵੇਂ ਵਰ੍ਹੇ ਵਿਚ ਢੁੱਕੇ ਹੋਏ ਬਾਜੀ ਮੁਹੰਮਦ ਨੇ ਕਿਹਾ, "ਅੰਗਰੇਜ਼ੀ ਰਾਜ ਨੇ ਉਸ ਦੀਆਂ ਹੱਡੀਆਂ ਤੋੜ ਦਿੱਤੀਆਂ, ਰੂਹ ਨਹੀਂ ਤੋੜ ਸਕੇ।"

ਉੜੀਸਾ ਦੀ ਲਕਸ਼ਮੀ ਪਾਂਡਾ ਦਾ ਕਹਿਣਾ ਸੀ, "ਮੈਂ ਕਦੀ ਜੇਲ੍ਹ ਨਹੀਂ ਗਈ, ਜਿਹੜੀ ਰਫ਼ਲ ਚਲਾਉਣ ਦੀ ਟਰੇਨਿੰਗ ਲਈ, ਉਹ ਚਲਾਈ ਨਹੀਂ, ਇਸ ਦਾ ਮਤਲਬ ਮੈਂ ਅਜ਼ਾਦੀ ਘੁਲਾਟਣ ਨਹੀਂ ਹਾਂ।" ਲਕਸ਼ਮੀ ਪਾਂਡਾ ਉਨ੍ਹਾਂ ਅਣਗਿਣਤ ਪੇਂਡੂ ਔਰਤਾਂ ਵਿਚੋਂ ਇਕ ਹੈ, ਜਿਹੜੇ ਦੇਸ਼ ਦੀ ਅਜ਼ਾਦੀ ਲਈ ਲੜੇ, ਜਿਹੜੇ ਲੀਡਰੀਆਂ, ਵਜ਼ਾਰਤਾਂ, ਰਾਜਪਾਲਾਂ ਵਾਂਗ ਮਸ਼ਹੂਰ ਨਹੀਂ ਹਨ, ਜਿਨ੍ਹਾਂ ਬਹੁਤ ਕੁਝ ਕੀਤਾ ਅਜ਼ਾਦੀ ਆਉਣ ਉਪਰੰਤ ਆਪਣੇ ਕੰਮਾਂ ਵਿਚ ਲੱਗ ਗਏ। ਉਹ ਸੁਭਾਸ਼ ਚੰਦਰ ਬੋਸ ਦੀ ਫੌਜ ਆਈ.ਐਨ.ਏ. ਵਿਚ ਸਭ ਤੋਂ ਛੋਟੀ ਉਪਰ ਦੀ ਸੀ। ਉਹ ਮਾਮੂਲੀ ਤਨਖਾਹ ਉਤੇ ਲੋਕਾਂ ਦੇ ਘਰਾਂ ਦੇ ਬਰਤਨ ਸਾਫ਼ ਕਰਕੇ ਗੁਜ਼ਾਰਾ ਕਰਦੀ ਹੈ ਤੇ ਹੁਣ ਵੀ ਸਪਸ਼ਟ ਕਹਿੰਦੀ, "ਮੈਂ ਆਪਣੇ ਦੇਸ਼ ਵਾਸਤੇ ਲੜੀ, ਇਨਾਮ ਸਨਮਾਨ ਵਾਸਤੇ ਨਹੀਂ, ਪਰਿਵਾਰ ਵਾਸਤੇ ਕੁਝ ਨਹੀਂ ਮੰਗਿਆ", ਪੀ. ਸਾਈਨਾਥ ਉਸਦੇ ਘਰ 'ਚੋਂ ਬਾਹਰ ਆਉਂਦੇ ਨੇ ਉਸਦੇ ਕੰਨਾਂ 'ਚ ਆਵਾਜ਼ ਗੂੰਜਦੀ ਹੈ "ਕਦਮ ਕਦਮ ਮਿਲਾਈ ਜਾ, ਗੀਤ ਖੁਸ਼ੀ ਦੇ ਗਾਈ ਜਾ, ਯੇਹ ਜ਼ਿੰਦਗੀ ਹੈ ਕੌਮ ਕੀ, ਕੌਮ ਦੇ ਨਾਮ ਲੁਟਾਏ ਜਾ।"

ਉੜੀਸਾ ਦੇ ਚਮਾਰੂ ਪਰਿੰਦਾ ਪਿੰਡ ਨੂੰ ਅੰਗਰੇਜ਼ਾਂ ਨੇ ਬਰਤਾਨਵੀ ਰਾਜ 'ਚ ਬਦਮਾਸ਼ ਗਾਊ ਬਿਆਨਿਆ ਹੋਇਆ ਸੀ। ਪੀ. ਸਾਈਨਾਥ ਨੂੰ ਉਹ ਫ਼ਖ਼ਰ ਨਾਲ ਦੱਸਦਾ ਹੈ, "ਜਦੋਂ ਪੁਲਿਸ ਸਾਨੂੰ ਗ੍ਰਿਫ਼ਤਾਰ ਕਰਨ ਲੱਗੀ। ਮੈਂ ਕਿਹਾ ਮੈਂ ਮਜਿਸਟ੍ਰੇਟ ਹਾਂ, ਮੈਥੋਂ ਹੁਕਮ ਹਾਸਲ ਕਰੋ, ਜੇ ਤੁਸੀਂ ਭਾਰਤੀ ਹੋ, ਮੇਰਾ ਹੁਕਮ ਮੰਨੋ, ਜੇ ਅੰਗਰੇਜ਼ ਹੋ ਤਾਂ ਫਿਰ ਆਪਣੇ ਦੇਸ਼ ਜਾਓ।" ਇਨ੍ਹਾਂ ਦੀ ਅਗਵਾਈ 'ਚ ਅੰਗਰੇਜ਼ਾਂ ਵਿਰੋਧੀ ਭਾਵਨਾਵਾਂ ਇਸ ਹੱਦ ਤੱਕ ਸਨ ਕਿ ਬੇਜ਼ਮੀਨੇ, ਦਿਹਾੜੀਦਾਰ, ਸਕੂਲ ਮਾਸਟਰ, ਦਰਜੀ, ਮਿਸਤਰੀ, ਸਭ ਸਰਕਾਰ ਵਿਰੋਧੀ ਸਨ, ਇਕ ਵਾਰੀ ਸਰਕਾਰ ਨੇ ਮਾਸਟਰਾਂ ਨੂੰ ਕਿਹਾ ਕਿ ਜੇ ਅਜਿਹੇ ਹੀ ਕੰਮ ਕਰਨੇ ਹਨ ਤਾਂ ਸਕੂਲਾਂ 'ਚੋਂ ਅਸਤੀਫ਼ਾ ਦਿਓ ਉਨ੍ਹਾਂ ਜਵਾਬ ਦਿੱਤਾ, "ਅਸੀਂ ਜਦੋਂ ਸਰਕਾਰ ਨੂੰ ਮਾਨਤਾ ਹੀ ਨਹੀਂ ਦਿੰਦੇ ਤਾਂ ਫਿਰ ਅਸਤੀਫ਼ਾ ਕਿਸ ਸਰਕਾਰ ਅੱਗੇ ਪੇਸ਼ ਕਰੀਏ?"

ਉੜੀਸਾ ਦੇ ਜਤੇਂਦਰ ਪ੍ਰਧਾਨ ਨੇ ਪੀ. ਸਾਈਨਾਥ ਨੂੰ ਦੱਸਿਆ, "ਅੰਗਰੇਜ਼ੀ ਸਰਕਾਰ ਖਿਲਾਫ਼ ਅੰਦੋਲਨ ਵਿਚ ਅਸੀਂ ਕੇਵਲ ਖੱਦਰ ਹੀ ਪਹਿਨਦੇ ਤੇ ਆਪੇ ਕੱਤਦੇ ਇਸ ਨਾਲ ਅਸੂਲ ਵੀ ਨੱਥੀ ਸਨ, ਦਰਅਸਲ ਅਸੀਂ ਗਰੀਬ ਸਾਂ, ਤਾਂ ਵੀ ਇਹ ਸਾਨੂੰ ਚੰਗਾ ਲਗਦਾ ਸੀ। ਖੱਦਰ ਦੀ ਗੱਲ ਤਾਂ ਦੂਰ ਦੀ, 1942 ਵਿਚ ਕਈਆਂ ਦੇ ਗਲ ਵਿਚ ਕਮੀਜ਼ ਵੀ ਨਹੀਂ ਹੁੰਦੀ ਸੀ। ਫਿਰ ਵੀ ਬਾਅਦ 'ਚ ਫਰੀਡਮ ਫਾਈਟਰ ਹੱਥੋਂ ਕੱਤਿਆ, ਹੱਥੀ ਬੁਣਿਆ ਖੱਦਰ ਪਹਿਨਦੇ ਰਹੇ, ਉਦੋਂ ਹਟੇ ਜਦੋਂ ਉਂਗਲਾਂ ਕੱਤਣ ਤੋਂ ਜਵਾਬ ਦੇ ਗਈਆਂ। ਸਾਡੇ ਵਰਗੇ ਗਰੀਬ ਅੰਗਰੇਜ਼ਾਂ ਦਾ ਹੁਕਮ ਨਾ ਮੰਨ ਕੇ ਕ੍ਰਾਂਤੀ ਲਿਆ ਸਕਦੇ ਸੀ। ਪਰ ਜਤੇਂਦਰ ਪ੍ਰਧਾਨ ਨੂੰ ਦੁੱਖ ਹੁੰਦਾ ਹੈ ਕਿ ਸਾਡੀ ਨਵੀਂ ਪੀੜੀ ਆਪਣੇ ਪ੍ਰਸਿੱਧ ਮਹਾਂਪੁਰਖਾਂ ਨੂੰ ਭੁੱਲ ਗਈ ਹੈ।

ਮਹਾਰਾਸ਼ਟਰ ਦੇ ਹਾਵਪਤੀਬਾਲ ਯਾਦ ਗਣਪਤੀ ਨਾਲ ਜਦੋਂ ਪੀ. ਸਾਈਨਾਥ ਮੁਲਾਕਤਾਂ ਸ਼ੁਰੂ ਕਰਦਾ ਤਾਂ ਉਹ ਕਹਿੰਦਾ, "ਅਸੀਂ ਮੁਖਬਰ ਦੀਆਂ ਲੱਤਾਂ ਬੰਨ੍ਹ ਕੇ ਉਨ੍ਹਾਂ ਵਿਚੋਂ ਵੀ ਸੋਟੀਆਂ ਲੰਘਾ ਦਿੰਦੇ, ਫਿਰ ਪੁੱਠਾ ਲਟਕਾ ਕੇ ਉਸਦੀਆਂ ਪਾਤਲੀਆਂ ਉਤੇ ਡੰਡੇ ਮਾਰਦੇ।" ਜਦੋਂ ਪੀ. ਸਾਈਨਾਥ ਨੇ ਪੁੱਛਿਆ ਤਾਂ ਗਣਪਤੀ ਨੇ ਕਿਹਾ, "ਮੈਂ ਅਜ਼ਾਦੀ ਤੋਂ ਪਹਿਲਾਂ ਜੰਗਲਾਂ 'ਚ ਛੁਪੇ ਇਨਕਲਾਬੀਆਂ ਦਾ ਡਾਕੀਆ ਹੋਇਆ ਕਰਦਾ ਸੀ ਉਨ੍ਹਾਂ ਨੂੰ ਖਾਣਾ ਖੁਆਉਂਦਾ। ਲੰਮੇ ਖਤਰਨਾਕ ਪੈਂਡੇ ਤਹਿ ਕਰਦਾ।" ਉਹ ਅਜੋਕੀ ਹਾਲਤ ਪ੍ਰਤੀ ਗੁੱਸਾ ਤੇ ਨਿਰਾਸ਼ਾ ਜ਼ਾਹਿਰ ਕਰਦਾ ਕਹਿੰਦਾ, "ਅਜੋਕੇ ਕਿਸਾਨ ਕਰਜ਼ੇ ਦੇ ਬੋਝ ਹੇਠ ਡੁਬੇ ਹੋਏ ਹਨ, ਅਸੀਂ ਸਵਰਾਜ ਤਾਂ ਲੈ ਲਿਆ, ਪਰ ਹੋਇਆ ਕੁਝ ਨਹੀਂ।"

ਪੱਛਮੀ ਬੰਗਾਲ ਦੀ ਭਬਾਨੀ ਮਹਾਤੋ ਨੇ ਕਿਵੇਂ ਇਨਕਲਾਬ ਵਿਚ ਯੋਗਦਾਨ ਪਾਇਆ ਉਹ ਪੀ. ਸਾਈਨਾਥ ਨੂੰ ਬਿਆਨਦੀ ਹੈ, "ਸਾਰੇ ਇਨਕਲਾਬੀ ਮੇਰੇ ਸਨ, ਸਾਰੇ ਕੰਮ ਨਿਪਟਾਉਂਦੀ, ਹਰ ਚੀਜ਼ ਦਾ ਮੈਂ ਖਿਆਲ ਰੱਖਦੀ। ਮੈਂ ਪਰਿਵਾਰ ਪਾਲਿਆ, 1942-43 ਦੀਆਂ ਘਟਨਾਵਾਂ 'ਚ ਸ਼ਾਮਲ ਰਹੀ।

ਸਾਡੇ ਇਲਾਕੇ 'ਚ ਸ਼ੋਸਣ ਖਿਲਾਫ਼ ਸਾਰੀਆਂ ਜਥੇਬੰਦੀਆਂ ਕਾਰਜਸ਼ੀਲ ਸਨ, ਖੱਬੇਪੱਖੀ ਇਨਕਲਾਬੀ, ਗਾਂਧੀਵਾਦੀ ਆਦਿ ਸਭ ਸਨ। ਜਿਹੜੇ ਜਿਹੜੇ ਯੁੱਧ ਲੜ ਅਤੇ ਮੈਂ ਤੇਰਾਂ ਸਾਲ ਦੀ ਉਮਰ 'ਚ ਹੀ ਉਨ੍ਹਾਂ 'ਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ।

ਕਰਨਾਟਕ ਦੇ ਐਚ ਐਸ ਦੋਰੇਸ਼ਵਾਮੀ ਆਪਣੀ ਉਮਰ ਦੇ 104ਵੇਂ ਵਰ੍ਹੇ 'ਚ ਵੀ ਕਾਰਜਸ਼ੀਲ ਰਿਹਾ। ਜਦੋਂ ਉਸ ਦਾ ਇਕ ਅਖ਼ਬਾਰ ਸਰਕਾਰ ਬੰਦ ਕਰ ਦਿੰਦੀ ਉਹ ਹੋਰ ਨਵੇਂ ਨਾਂ ਹੇਠ ਸ਼ੁਰੂ ਕਰ ਦਿੰਦਾ, ਸੱਤ ਦਹਾਕੇ ਨਵੇਂ ਨਵੇਂ ਨਾਵਾਂ ਨਾਲ ਅਖ਼ਬਾਰ ਚਲਦਾ ਰਿਹਾ। ਆਮ ਹੀ ਲਿਖਦਾ, ਛਾਪਦਾ ਤੇ ਪ੍ਰਕਾਸ਼ਤ ਕਰਦਾ, ਵੇਚਦਾ ਤੇ ਮੈਨੇਜਰ ਸੀ। ਜਦੋਂ ਮੈਂ 1975 'ਚ ਐਮਰਜੈਂਸੀ 'ਚ ਗ੍ਰਿਫ਼ਤਾਰ ਜੇਲ੍ਹ 'ਚ ਸੀ, ਬੇਟੇ ਦੀ ਫੀਸ ਨਾ ਭਰ ਸਕਿਆ, ਮੈਂ ਫੀਸ ਭਰਨ ਤੋਂ ਲਾਚਾਰ ਸੀ। ਮੈਂ ਜੇਲ੍ਹ 'ਚੋਂ ਉਸ ਨੂੰ ਚਿੱਠੀ ਲਿਖੀ, "ਤੂੰ ਪੜ੍ਹਾਈ ਛੱਡ ਤੇ ਘਰ ਆ ਜਾ ਅਗਲੇ ਸਾਲ ਪੇਪਰ ਦੇ ਦੇਵੀਂ, ਜੇ ਜੀਅ ਕਰਦਾ ਜੇਲ੍ਹ ਵਿਚ ਆ ਜਾ, ਤੈਨੂੰ ਪਤਾ ਲੱਗੇ ਜੇਲ੍ਹ ਜੀਵਨ ਕੀ ਹੋਇਆ ਕਰਦਾ।" ਉਸ ਪੀ. ਸਾਈਨਾਥ ਨੂੰ ਦੱਸਿਆ ਜਦੋਂ 1942-43 ਅਸੀਂ ਬੰਗਲੂਰ ਜੇਲ੍ਹ 'ਚ ਸੀ ਅੱਧੀ ਰਾਤ ਨੂੰ ਕੋਰਟ ਮਾਰਸਲ ਤੋਂ ਬਾਅਦ ਦੇ ਆਈ.ਐਨ.ਏ. ਦੇ ਲੋਕਾਂ ਨੂੰ ਇਕ ਲਾਈਨ 'ਚ ਖੜ੍ਹੇ ਕਰਕੇ ਗੋਲੀਆਂ ਦਾਗੀਆਂ ਜਾਣੀਆਂ ਸਨ ਤਾਂ ਉਹ ਉਚੀ ਉਚੀ ਨਾਅਰੇ ਲਗਾ ਰਹੇ ਸਨ। ਉਹ ਅੱਜ ਵੀ ਮੇਰੇ ਕੰਨਾਂ 'ਚ ਗੂੰਜਦੇ ਹਨ।"

ਪੱਛਮੀ ਬੰਗਾਲ ਦੇ ਠੇਲੂ ਤੇ ਲੇਖੀ ਮਹਾਨੋ ਨੇ ਪੀ. ਸਾਈਨਾਥ ਨੂੰ ਦੱਸਿਆ ਅਸੀਂ ਜਜ਼ਬੇ ਤੇ ਸਿਆਸਤ ਪੱਖੋਂ ਖੱਬੇ ਪੱਖੀ, ਨੈਤਿਕ ਤੇ ਮਰਿਆਵਾ ਪੱਖੋਂ ਗਾਂਧੀਵਾਦੀ ਤੇ ਸਾਡਾ ਨੇਤਾ ਸੁਭਾਸ਼ ਚੰਦਰ ਬੋਸ ਹੈ। ਉਨ੍ਹਾਂ ਪੀ. ਸਾਈਨਾਥ ਨੂੰ ਸਪਸ਼ਟ ਕਿਹਾ ਫਰੀਡਮ ਫਾਈਟਰ ਸਰਕਾਰਾਂ ਦੇ ਚੁੱਕੇ ਵੱਡੇ ਨਹੀਂ ਹੁੰਦੇ। ਉਨ੍ਹਾਂ 'ਚੋਂ ਲੇਖੀ ਸੰਗੀਤ ਤੇ ਕਲਚਰ 'ਚ ਧਨੀ ਤੇ ਠੇਲੂ ਕਿਸਾਨੀ ਤੇ ਇਲਾਕੇ ਦੇ ਇਤਿਹਾਸ ਦਾ ਉਤਸਾਦ ਸੀ। ਇੰਝ ਮਹਿਸੂਸ ਹੁੰਦਾ ਕਿ ਹਰੇਕ ਅਜ਼ਾਦੀ ਸੰਗਰਾਮੀ ਆਪਣੀ ਕਹਾਣੀ ਆਪ ਹੀ ਹਨ, ਇਹ ਕਹਾਣੀਆਂ ਸੁਣਾਉਣ ਲਈ ਬਹੁਤ ਥੋੜ੍ਹੇ ਬਚੇ ਹਨ।

ਤਾਮਿਲਨਾਡੂ ਦੇ ਆਰ ਨਲਾਕੰਨੂੰ ਨੇ ਕਿਹਾ ਕਿ ਅਜ਼ਾਦੀ ਦੇ ਯੁੱਧ ਦੌਰਾਨ ਕਈ ਸਮੇਂ ਅਜਿਹੇ ਵੀ ਆਏ ਜਦੋਂ ਆਸ ਦੀ ਕੋਈ ਕਿਰਨ ਨਾ ਦਿਸਦੀ, ਸੁਣਿਆ ਕਰਦੇ ਕਿ ਅਸੀਂ ਜਿੱਤ ਨਹੀਂ ਸਕਦੇ ਪਰ ਅਸੀਂ ਇਨ੍ਹਾਂ ਧਮਕੀਆਂ ਤੇ ਭਾਵਨਾਵਾਂ ਤੋਂ ਉਪਰ ਉਠ ਗਏ ਸਾਂ, ਜੋ ਹੋਵੇ ਸੋ ਹੋਵੇ, ਅਸੀਂ ਤਾਂ ਲੜਨਾ। ਜਦੋਂ ਪੀ. ਸਾਈਨਾਥ ਨੇ ਉਸ ਦੇ ਆਸ ਪਾਸ ਦੇਖਿਆ ਤਾਂ ਉਸ ਦੇ ਪਿਛੇ ਲੈਨਿਨ, ਮਾਰਕਸ, ਪੈਰੀਅਰ, ਅੰਬੇਡਕਰ, ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਇਕ ਕੈਲੰਡਰ 'ਚ ਟੰਗਿਆ ਸੀ। ਜਦੋਂ ਪੀ. ਸਾਈਨਾਥ ਨੇ ਕਿਹਾ, "ਅਜੋਕੀ ਸਥਿਤੀ ਜਦੋਂ ਭੈਭੀਤ ਕਰ ਰਹੀ ਹੈ ਤਾਂ ਉਹ ਸ਼ਾਂਤ ਚਿੱਤ ਕਹਿੰਦਾ "ਅਸੀਂ ਇਸ ਤੋਂ ਵੀ ਮਾੜਾ ਸਮਾਂ ਦੇਖਿਆ।"

ਇਨ੍ਹਾਂ ਕ੍ਰਾਂਤੀਕਾਰੀ ਸੰਗਰਾਮੀਆ ਜਿਹੜੇ ਅਜ਼ਾਦੀ ਦੇ ਅੰਦੋਲਨ ਦੇ ਪੈਦਲ ਸਿਪਾਹੀ ਰਹੇ, ਆਪਣੀ ਖ਼ੁਦੀ ਨੂੰ ਮਿਟਾਉਣੀ ਵਾਲੀਆਂ ਇਹੋ ਜਿਹੀਆਂ ਰੂਹਾਂ ਗਾਇਬ ਹੋ ਗਈਆਂ, ਜਿਨ੍ਹਾਂ ਵੱਡੀਆਂ ਘਟਨਾਵਾਂ ਤੇ ਸੰਘਰਸ਼ਾਂ 'ਚ ਭਾਗ ਲਿਆ ਪਰ ਆਪ ਕਦੇ ਕੇਂਦਰ 'ਚ ਨਹੀਂ ਰਹੇ। ਇਸ ਕਿਸਮ ਦੇ ਲੋਕ ਇਤਿਹਾਸ ਨੂੰ ਇਨਕਲਾਬੀ ਜੀਵਨ 'ਚ ਮੁੜ ਸ਼ਾਮਲ ਕਰਨ ਦੀ ਜ਼ਰੂਰਤ ਹੈ। ਇਹ ਪੈਦਲ ਯਾਤਰੀ ਪੁਸਤਕ ਲਿਖ ਕੇ ਪੀ. ਸਾਈਨਾਥ ਵੀਹਵੀਂ ਸਦੀ ਦੇ ਆਜ਼ਾਦੀ ਇਤਿਹਾਸ ਦੇ ਅਭੁੱਲ ਪੰਨਿਆਂ ਨੂੰ ਸਾਡੇ ਸਾਹਮਣੇ ਲਿਆਂਦਾ। ਇਹ ਪੁਸਤਕ ਹਰੇਕ ਪੰਜਾਬੀ ਨੂੰ ਪੜ੍ਹਨੀ ਤੇ ਅਗਾਂਹ ਪੜ੍ਹਾਉਣੀ ਚਾਹੀਦੀ ਹੈ ਤਾਂ ਕਿ ਅਸੀਂ ਵੀ ਆਪਣੇ ਇਤਿਹਾਸ ਦੇ ਅਣਫਰੋਲੇ ਪੰਨਿਆਂ ਨੂੰ ਲਿਖਤਾਂ 'ਚ ਦਰਜ ਕਰਾਉਣ ਵਲ ਕਦਮ ਪੁੱਟ ਸਕੀਏ।

# ਰਿਆਸਤੀ ਜ਼ੁਲਮ ਦੀ ਬਾਤ ਪਾਉਣ ਵਾਲਾ ਦੀਵਾਨ ਸਿੰਘ ਮਫ਼ਤੂਨ

ਨੇ ਵੀ ਉਨ੍ਹਾਂ ਨੂੰ ਆਪਣੇ ਸ਼ਿਕੰਜੇ 'ਚ ਲੈਣ ਦੇ ਅਨੇਕਾਂ ਯਤਨ ਕੀਤੇ। ਇੱਥੋਂ ਤੱਕ ਕਿ ਇੱਕ ਵਾਰ ਝੂਠਾ ਕੇਸ ਵੀ ਪੁਆਇਆ।

ਦੀਵਾਨ ਸਿੰਘ ਮਫ਼ਤੂਨ ਅੰਦਰ ਨਿਪੁੰਨ ਪੱਤਰਕਾਰ ਵਾਂਗ ਘਟਨਾਵਾਂ ਦੀ ਬਾਰੀਕੀ 'ਤੇ ਧਿਆਨ ਦੇਣ ਅਤੇ ਉਨ੍ਹਾਂ 'ਚੋਂ ਸਿੱਟੇ ਕੱਢਣ ਦੀ ਕਾਬਲੀਅਤ ਸੀ। ਉਹ ਜਵਾਨੀ ਪਹਿਰੇ ਹਾਫ਼?ਜ਼ਾਬਾਦ 'ਚ ਕਿਸੇ ਬਜਾਜ ਦੀ ਹੱਟੀ 'ਤੇ ਨੌਕਰੀ ਕਰਦੇ ਸਨ। ਉੱਥੇ ਇੱਕ ਬਜ਼ੁਰਗ ਮੁਸਲਮਾਨ ਦਰਜ਼ੀ ਬੈਠਦਾ ਸੀ। ਦਰਜ਼ੀ ਨੂੰ ਇੱਕ ਵਾਰ ਕਿਸੇ ਰਿਸ਼ਤੇਦਾਰੀ 'ਚ ਜਾਣਾ ਪਿਆ ਤਾਂ ਪਿੱਛੋਂ ਉਸ ਦੇ ਪੁੱਤਰ ਨੇ ਗਾਹਕ ਦਾ ਹਰੇ ਰੰਗ ਦਾ ਕੋਟ ਚਿੱਟੇ ਧਾਗੇ ਨਾਲ ਸਿਊਂ ਦਿੱਤਾ। ਦਰਜ਼ੀ ਨੇ ਆ ਕੇ ਵੇਖਿਆ ਤਾਂ ਕ੍ਰੋਧ 'ਚ ਪੁੱਤਰ ਨੂੰ ਕਿਹਾ, "ਕੋਟ ਸਿਵਾਉਣ ਵਾਲੇ ਦਾ ਖ਼?ਆਲ ਨਾ ਕਰਦੋਂ, ਪਰ ਮਖ਼ਮਲ ਉੱਤੇ ਤਾਂ ਤਰਸ ਖਾਂਦੋਂ, ਬੇੜਾ ਗਰਕ ਕਰ ਦਿੱਤਾ ਈ।" ਦਰਜ਼ੀ ਨੇ ਕੋਟ ਉਧੇੜ ਕੇ ਮੁੜ ਸੀਤਾ। ਇਸ ਘਟਨਾ ਦਾ ਮਫ਼ਤੂਨ 'ਤੇ ਏਨਾ ਅਸਰ ਪਿਆ ਕਿ ਉਹ ਹਰ ਕੰਮ ਨੂੰ ਬੜੇ ਗੌਰ ਅਤੇ ਨੀਝ ਨਾਲ ਕਰਦੇ ਸਨ।

ਅਕਸਰ ਹੀ ਇਹ ਗੱਲ ਬਹਿਸ ਦਾ ਹਿੱਸਾ ਰਹੀ ਹੈ ਕਿ ਕੀ ਇੱਕ ਪੱਤਰਕਾਰ ਨੂੰ ਹਮੇਸ਼ਾ ਸਰਕਾਰ ਦਾ ਆਲੋਚਕ ਹੋਣਾ ਚਾਹੀਦਾ ਹੈ? ਜਾਂ ਕਦੇ-ਕਦਾਈਂ ਲੋੜ ਪੈਣ 'ਤੇ ਸਰਕਾਰ-ਪੱਖੀ ਵੀ ਹੋਣਾ ਚਾਹੀਦਾ ਹੈ। ਇਸ ਦੇ ਉੱਤਰ ਵਜੋਂ ਬੰਬੇ ਕਰਾਨੀਕਲ ਦੇ ਸੰਪਾਦਕ ਬੀ.ਜੀ. ਹਾਰਨੀਮੈਨ ਦਾ ਇੱਕ ਕਥਨ ਮਫ਼ਤੂਨ ਨੇ ਹਮੇਸ਼ਾ ਆਪਣੇ ਜ਼ਿਹਨ 'ਚ ਰੱਖਿਆ। ਬੀ.ਜੀ. ਹਾਰਨੀਮੈਨ ਦਾ ਕਹਿਣਾ ਸੀ ਕਿ, "ਅਖ਼ਬਾਰਨਵੀਸ ਦੁਨੀਆ ਵਿੱਚ ਉਨ੍ਹਾਂ ਦਾ ਸਾਥ ਦੇਣ ਲਈ ਪੈਦਾ ਹੋਇਆ ਹੈ ਜੋ ਮੁਸੀਬਤ ਵਿੱਚ ਹੋਣ। ਉਨ੍ਹਾਂ ਲੋਕਾਂ ਨਾਲ ਸਾਡਾ ਕੋਈ ਸਬੰਧ ਨਹੀਂ ਜੋ ਐਸ਼ ਆਰਾਮ ਵਿੱਚ ਹੋਣ।" ਮਫ਼ਤੂਨ ਨੇ ਇਸ ਕਥਨ 'ਤੇ ਸਦਾ ਪਹਿਰਾ ਦਿੱਤਾ। ਉਨ੍ਹਾਂ ਦੇ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ

(ਬਾਕੀ 8 ਦੀ ਬਾਕੀ)

ਅਤੇ ਉਨ੍ਹਾਂ ਦੇ ਪਰਿਵਾਰ ਨਾਲ ਨਜ਼ਦੀਕੀ ਸਬੰਧ ਸਨ। ਜਦ ਨਾਭਾ ਦੇ ਮਹਾਰਾਜੇ ਨੂੰ ਅੰਗੇਰਜ਼ਾਂ ਨੇ ਗੱਦੀਓਂ ਲਾਹ ਕੇ ਕੋਡਾਈ ਵਿਖੇ ਨਜ਼ਰਬੰਦ ਕਰ ਦਿੱਤਾ ਤਾਂ ਪਿੱਛੋਂ ਉਸ ਦੀ ਰਾਣੀ ਨੇ ਬਾਗ਼ੀ ਹੋ ਕੇ ਅੰਗਰੇਜ਼ਾਂ ਨਾਲ ਸਬੰਧ ਗੰਢ ਲਏ ਅਤੇ ਆਪਣੇ ਨਾਬਾਲਗ ਪੁੱਤਰ ਨੂੰ ਗੱਦੀ 'ਤੇ ਬਿਠਾਉਣਾ ਮਨਵਾ ਲਿਆ। ਮਹਾਰਾਣੀ ਨਾਭਾ, ਮਫ਼ਤੂਨ ਨੂੰ ਆਪਣਾ ਭਰਾ ਮੰਨਦੀ ਸੀ ਅਤੇ ਉਨ੍ਹਾਂ ਦੀ ਲਿਆਕਤ ਤੋਂ ਵੀ ਜਾਣੂੰ ਸੀ। ਉਸ ਨੇ ਮਫ਼ਤੂਨ ਨੂੰ ਆਪਣੇ ਵੱਲ ਕਰਨ ਅਤੇ ਨਾਭੇ ਚੱਲ ਕੇ ਸਰਕਾਰੀ ਨੌਕਰੀ ਪ੍ਰਵਾਨ ਕਰਨ ਲਈ ਮਨਾਉਣ ਦੇ ਲੱਖਾਂ ਯਤਨ ਕੀਤੇ, ਪਰ ਮੁਸ਼ਕਿਲਾਂ 'ਚ ਘਿਰੇ ਮਹਾਰਾਜੇ ਨਾਲ ਧ੍ਰੋਹ ਕਮਾਉਣ ਦੀ ਜਗ੍ਹਾ ਉਨ੍ਹਾਂ ਨੇ ਇਸ ਪੇਸ਼ਕਸ਼ ਨੂੰ ਠੁਕਰਾਉਣਾ ਮੁਨਾਸਬਿ ਸਮਝਿਆ।

ਨਾਭਾ ਦੇ ਮਹਾਰਾਜੇ ਨਾਲ ਨਜ਼ਦੀਕੀ ਸਬੰਧਾਂ ਦੇ ਬਾਵਜੂਦ ਉਨ੍ਹਾਂ ਦੀ ਕਲਮ ਰਿਆਸਤਾਂ ਦੇ ਕਹਿਰ ਦੀ ਬਾਤ ਪਾਉਂਦਿਆਂ ਆਪਣਾ-ਬੇਗਾਨਾ ਨਹੀਂ ਦੇਖਦੀ ਸੀ। ਮਹਾਰਾਜਾ ਨਾਭਾ ਦੀ ਸ਼ਖ਼ਸੀਅਤ ਵਿਚਲੀਆਂ ਊਣਤਾਈਆਂ ਬਾਰੇ ਉਹ ਲਿਖਦੇ ਹਨ ਕਿ ਇੱਕ ਵਾਰ ਮਹਾਰਾਜੇ ਦੇ ਘਰ ਦੀ ਰਸੋਈ 'ਚੋਂ ਕਾਂਟਾ ਅਤੇ ਚਮਚਾ ਚੋਰੀ ਹੋ ਗਿਆ। ਕੰਨਾਂ ਦੇ ਕੱਚੇ ਮਹਾਰਾਜੇ ਇੱਕ ਬੈਰੇ ਦੀਆਂ ਗੱਲਾਂ 'ਚ ਆ ਕੇ ਬਿਨਾਂ ਦਲੀਲ-ਅਪੀਲ ਦੇ ਬੇਕਸੂਰ ਸ਼ਾਹੀ ਰਸੋਈਏ ਹਰੀ ਸਿੰਘ ਨੂੰ ਲੰਬਾ ਸਮਾਂ ਜੇਲ੍ਹ 'ਚ ਸੁੱਟੀ ਰੱਖਿਆ।

ਆਜ਼ਾਦੀ ਮਗਰੋਂ ਭਾਰਤੀ ਪੱਤਰਕਾਰੀ ਦੇ ਸੁਭਾਅ ਵਿੱਚ ਵੱਡਾ ਫ਼ਰਕ ਆਇਆ। ਜਨੂੰਨ ਅਖਵਾਉਂਦੇ ਇਸ ਕਿੱਤੇ 'ਚ ਹੌਲੀ-ਹੌਲੀ ਮੁਨਾਫ਼ਾਖੋਰੀ ਅਤੇ ਉਤੇਜਨਾਵਾਦ ਨੇ ਪੈਰ ਜਮਾ ਲਏ। ਇਨ੍ਹਾਂ ਬਦਲੀਆਂ ਫ਼ਿਜ਼ਾਵਾਂ 'ਚ 'ਰਿਆਸਤ' ਵੀ ਬਹੁਤੀ ਦੇਰ ਟਿਕ ਨਾ ਸਕਿਆ ਅਤੇ ਅਖੀਰ ਮਫ਼ਤੂਨ ਹੋਰੀਂ 'ਰਿਆਸਤ' ਦਾ ਬੂਹਾ ਢੋਅ ਕੇ ਸਦਾ ਲਈ ਦੇਹਰਾਦੂਨ ਨੇੜਲੇ ਸ਼ਹਿਰ ਰਾਜਪੁਰ 'ਚ ਜਾ ਵਸੇ। ਉਨ੍ਹਾਂ ਦੇ ਦਿੱਲੀ ਛੱਡ ਜਾਣ ਮਗਰੋਂ ਉਨ੍ਹਾਂ ਦੇ ਪ੍ਰਸ਼ੰਸਕਾਂ ਲਈ ਇਹ ਸ਼ਹਿਰ ਮੁੜ ਉਹੋ ਜਿਹਾ ਨਾ ਰਿਹਾ। ਆਪਣੀ ਇੱਕ ਦਿੱਲੀ ਫੇਰੀ ਤੋਂ ਬਾਅਦ ਉਨ੍ਹਾਂ ਨੂੰ ਖ਼ਤ ਲਿਖਦਿਆਂ ਮਸ਼ਹੂਰ ਸ਼ਾਇਰ ਜੋਸ਼ ਮਲੀਹਾਬਾਦੀ ਲਿਖਦੇ ਹਨ, "ਆਪ ਕੀ ਯਾਦ ਮੇਰੇ ਦਿਲ ਮੇਂ ਚੁਟਕੀਆਂ ਲੇਤੀ ਰਹੀ। ਦਿੱਲੀ ਜਬ ਗਿਆ ਥਾ, ਦਿਲ ਸੇ ਯੇਹ ਸੋਚ ਕਰ ਖ਼ੂਨ ਕੀ ਬੂੰਦੇਂ ਟਪਕਨੇ ਲਗੀ ਕਿ ਹੈਂ! ਦੀਵਾਨ ਸਿੰਘ ਅਬ ਇਸ ਨਗਰੀ ਮੇਂ ਨਹੀਂ ਰਹਤਾ।" ਇਸ ਨੂੰ ਪੰਜਾਬੀਆਂ ਦੀ ਬੇਸਮਝੀ ਕਹਿ ਲਈਏ ਜਾਂ ਅਗਿਆਨਤਾ ਕਿ ਅਸੀਂ ਦੀਵਾਨ ਸਿੰਘ ਵਰਗੇ ਹੀਰੇ ਨੂੰ ਆਪਣੇ ਚੇਤਿਆਂ 'ਚੋਂ ਵਿਸਾਰ ਦਿੱਤਾ ਜਿਨ੍ਹਾਂ ਆਪਣੀ ਆਖ਼ਰੀ ਉਮਰ ਰਾਜਪੁਰ ਵਿਖੇ ਦੋ ਕਮਰਿਆਂ ਦੇ ਮਕਾਨ ਵਿੱਚ ਮੌਲਾਨਾ ਅਬੁਲ ਕਲਾਮ ਆਜ਼ਾਦ ਵੱਲੋਂ ਲਗਾਈ ਨਿਗੂਣੀ ਪੈਨਸ਼ਨ ਸਹਾਰੇ ਗੁਜ਼ਾਰੀ।

ਸੰਪਰਕ: 97812-12311

# ਅੱਜ ਦੇ ਪੰਜਾਬ ਲਈ ਪ੍ਰੋ. ਰਣਧੀਰ ਸਿੰਘ ਦੇ ਚਿੰਤਨ ਦੀ ਪ੍ਰਸੰਗਕਤਾ

**ਵਿਚਾਰਧਾਰਕ ਦਿਸ਼ਾ ਤੇ ਦ੍ਰਿਸ਼ਟੀ ਅਜੋਕੇ ਸਮਿਆਂ ਦੀ ਅਹਿਮ ਲੋੜ ਹੈ, ਦੁਨੀਆ ਭਰ ਦੇ ਮਾਰਕਸਵਾਦੀ ਵਿਦਵਾਨਾਂ 'ਚ ਜਾਣੀ ਜਾਂਦੀ ਸ਼ਖਸੀਅਤ ਪ੍ਰੋ. ਰਣਧੀਰ ਸਿੰਘ ਦੀਆਂ ਲਿਖਤਾਂ ਤੇ ਵਿਚਾਰਾਂ ਨੂੰ ਮੁੜ ਫਰੋਲਣਾ ਤੇ ਉਨ੍ਹਾਂ 'ਚੋਂ ਸਬਕ ਸਿੱਖਣੇ ਅਤੀ ਜ਼ਰੂਰੀ ਹਨ, ਪ੍ਰੋ. ਰਣਧੀਰ ਸਿੰਘ ਨੇ ਸੱਤ ਦਹਾਕੇ ਮਾਰਕਸ਼ਵਾਦੀ ਚਿੰਤਨ ਪ੍ਰੀਕਿਰਿਆ ਨੂੰ ਆਧਾਰ ਬਣਾ ਕੇ ਲਿਖਤਾਂ ਲਿਖੀਆਂ, ਇਥੋਂ ਪਹਿਲਾਂ ਪੰਜਾਬੀ 'ਚ 'ਕਮਿਊਨਿਸਟ ਮੈਨੋਫੈਸਟੋ' ਅਨੁਸਾਰ ਉਨ੍ਹਾਂ ਨੇ ਕੀਤਾ, ਗ਼ਦਰੀ ਬਾਬਿਆਂ ਦੀਆਂ ਜੀਵਨੀਆਂ ਤੇ ਸੰਘਰਸ਼ਾਂ ਉਪਰ ਆਧਾਰ 'ਗ਼ਦਰੀ ਸੂਰਬੀਰ-1915-17' ਲਿਖਤਾਂ ਲਿਖੀਆਂ। ਉਨ੍ਹਾਂ ਦੀਆਂ ਚਿੰਤਨ ਪ੍ਰੀਕਿਰਿਆ ਦੇ ਸੰਦਰਭ 'ਚ ਇਹ ਲਿਖਤ ਰੂਬਰੂ ਕਰ ਰਹੇ ਹਾਂ। - ਸੰਪਾਦਕ**





ਡਾ. ਕੁਲਦੀਪ ਸਿੰਘ 98151-15429
ਪਰਮਜੀਤ ਸਿੰਘ +16474683380

ਮਾਰਕਸ, ਏਂਗਲਜ਼, ਲੈਨਿਨ, ਗਰਾਮਸ਼ੀ, ਆਦਿ ਵੱਡੇ ਮਾਰਕਸਵਾਦੀਆਂ ਦੀਆਂ ਲਿਖਤਾਂ ਦੇ ਪੜ੍ਹਦੇ ਹੋਏ ਸਾਨੂੰ ਸਭ ਤੋਂ ਅਹਿਮ ਸਿਖਣ ਵਾਲੀ ਗੱਲ ਇਹ ਲੱਗਦੀ ਹੈ ਕਿ ਉਹ ਕਿਸੇ ਵੀ ਵਰਤਾਰੇ ਨੂੰ ਸਮਝਣ ਲਈ ਸਭ ਤੋਂ ਪਹਿਲਾਂ ਉਸ ਵਰਤਾਰੇ ਬਾਰੇ ਪ੍ਰਚਿਲਿਤ ਸਮਝ ਦਾ ਨਿਠ ਕੇ ਅਧਿਆਨ ਕਰਦੇ ਸਨ। ਮਾਰਕਸਵਾਦੀਆਂ ਦੀਆਂ ਲਿਖਤਾਂ ਤੋਂ ਸਾਡੀ ਇਹ ਸਮਝ ਵੀ ਪ੍ਰਪੱਕ ਹੋਈ ਹੈ ਕਿ ਬੁੱਧੀਜੀਵੀਆਂ ਦੁਆਰਾ ਵਰਤਾਰੇ ਬਾਰੇ ਗਲਤ ਚੇਤਨਾ ਪੈਦਾ ਕਰਨ ਦੇ ਦੋ ਕਾਰਨ ਹੋ ਸਕਦੇ ਹਨ। ਪਹਿਲਾ, ਵਰਤਾਰੇ ਬਾਰੇ ਖਾਸ ਤਰ੍ਹਾਂ ਦੀ ਸਮਝ ਪ੍ਰਚਿਲਿਤ ਕਰਨ ਨਾਲ ਬੁੱਧੀਜੀਵੀਆਂ ਦੇ ਆਪਣੇ ਨਿੱਜੀ ਤੇ ਜਮਾਤੀ ਹਿਤ ਜੁੜੇ ਹੁੰਦੇ ਹਨ ਜੋ ਉਸ ਵਰਤਾਰੇ ਦੀ ਆਰਗੈਨਿਕ ਸਮਝ ਨਾਲ ਹਿਲ ਸਕਦੇ ਹਨ। ਦੂਜਾ, ਉਹਨਾਂ ਕੋਲ ਵਰਤਾਰੇ ਨੂੰ ਸਮਝ ਲਈ ਲੋੜੀਦੀ ਵਿਧੀ, ਵਿਚਾਰਧਾਰਾ, ਅਧਿਐਨ, ਆਦਿ ਦੀ ਕਮੀ ਹੁੰਦੀ ਹੈ। ਬਹੁਤੇ ਬੁੱਧੀਜੀਵੀਆਂ ਪੂਰੀ ਉਮਰ ਇਹ ਫੈਸਲਾ ਨਹੀਂ ਪਾਉਂਦੇ ਕਿ ਉਹਨਾਂ ਦੀ ਵਿਚਾਰਧਾਰਾ ਕੀ ਹੈ। ਕਿਸੇ ਸਮਾਜ ਲਈ ਸਭ ਤੋਂ ਖਤਰਨਾਕ ਉਹ ਸਮਾਜ ਸਾਸ਼ਤਰੀ ਹੁੰਦੇ ਹਨ ਜੋ ਸਮੇਂ ਦੇ ਨਾਲ ਆਪਣੀ ਵਿਚਾਰਧਾਰਾ ਬਦਲਦੇ ਰਹਿੰਦੇ ਹਨ ਜਾ ਇਹ ਦਾਅਵਾ ਕਰਦੇ ਹਨ ਕਿ ਉਹ ਕਿਸੇ ਵਿਚਾਰਧਾਰਾ ਨਾਲ ਨਹੀਂ ਜੁੜੇ ਹੋਏ। ਅਜੋਕੇ ਸਮੇਂ ਵਿਚ ਮਾਰਕਸਵਾਦੀ ਵਿਚਾਰਧਾਰਾ ਲਈ ਸਭ ਤੋਂ ਵੱਧ ਘਾਤਕ ਉਹ ਬੁੱਧੀਜੀਵੀ ਧੜਾ ਹੈ ਜੋ ਆਪਣੇ ਆਪ ਨੂੰ ਮਾਰਕਸਵਾਦੀ ਕਹਿੰਦਾ ਹੈ ਪਰ ਉਹਨਾਂ ਦੀ ਵਿਧੀ ਅਤੇ ਸਮਾਜ ਦੀਆਂ ਵਿਰੋਧਤਾਈਆਂ ਬਾਰੇ ਸਮਝ ਉਤਰ-ਆਧੁਿਕਤਾਵਾਦੀ ਹੈ। ਅਜਿਹੇ ਸਮਿਆਂ ਵਿਚ ਮੌਲਿਕ ਮਾਰਕਸਵਾਦੀ ਹੋਣਾ ਜਾਂ ਬਣੇ ਰਹਿਣ ਵਾਲੇ ਬੁੱਧੀਜੀਵੀ ਆਮ ਨਹੀਂ ਹੋ ਸਕਦੇ। ਪ੍ਰੋਫੈਸਰ ਰਣਧੀਰ ਸਿੰਘ (2 ਜਨਵਰੀ 1922–31 ਜਨਵਰੀ 2016) ਇਹੋ ਜਿਹੇ ਮੌਲਿਕ ਮਾਰਕਸਵਾਦੀ ਵਿਦਵਾਨ ਸਨ ਜਿਨ੍ਹਾਂ ਨੇ ਸਿਆਸੀ ਵਿਚਾਰਧਾਰਾਵਾਂ ਦੇ ਉਤਰਾ-ਚੜ੍ਹਾਅ ਦੇ ਨਾਲ ਨਾਲ ਰਾਜਨੀਤੀ ਸ਼ਾਸਤਰ ਦੇ ਮਸਲਿਆਂ ਨੂੰ ਸਮਝਣ ਅਤੇ ਨਜਿੱਠਣ ਲਈ ਤਾਉਮਰ ਕਾਰਜ ਕੀਤਾ। ਗ਼ਦਰ ਲਹਿਰ ਵਾਲੇ ਬਾਬਿਆਂ ਨਾਲ ਕਾਰਜ ਕਰਨ ਤੋਂ ਲੈ ਕੇ ਵੱਖ-ਵੱਖ ਕਮਿਊਨਿਸਟ ਧਾਰਾਵਾਂ ਨਾਲ ਅਮਲੀ ਅਤੇ ਸਿਧਾਂਤ ਤੌਰ ਉਤੇ ਬੌਧਿਕ ਕਾਰਜਾਂ 'ਚ ਜੁਟੇ ਰਹੇ। ਜਦੋਂ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਭਾਅਜੀ ਤੇ ਨਾਵਲਕਾਰ ਗੁਰਦਿਆਲ ਸਿੰਘ ਨੇ ਪ੍ਰੋ. ਰਣਧੀਰ ਸਿੰਘ ਅੱਗੇ ਫਿਕਰ ਜ਼ਾਹਿਰ ਕੀਤਾ ਕਿ ਮਾਰਕਸਵਾਦੀ ਵਿਚਾਰਧਾਰਾ ਵਿਚ ਉਠੇ ਸੰਕਟ ਨਾਲ ਪੰਜਾਬ ਦੇ ਬੁੱਧੀਜੀਵੀ ਮਾਰਕਸ ਤੋਂ 'ਪਾਰ' ਨਿਕਲ ਉਤਰ-ਆਧੁਨਿਕਤਾ ਵਿਚ ਗੁੰਮ ਹੋ ਰਹੇ ਹਨ ਤਾਂ ਉਨ੍ਹਾਂ 'ਕਾਰਲ ਮਾਰਕਸ ਦਾ ਮਾਰਕਸਵਾਦ' ਵਰਗੀ ਅਹਿਮ ਰਚਨਾ ਕੀਤੀ ਜਿਸ ਰਾਹੀਂ ਉਨ੍ਹਾਂ ਉਤਰ-ਆਧੁਨਿਕਤਾ ਦੇ ਫੈਸ਼ਨ ਅਤੇ ਇਸ ਦੀਆਂ ਕਮਜ਼ੋਰ ਦਲੀਲਾਂ ਉਧੇੜੀਆਂ।

ਪ੍ਰੋ. ਰਣਧੀਰ ਸਿੰਘ ਦੀਆਂ ਮੁੱਖ ਦਲੀਲਾਂ 'ਚ ਦਰਜ ਹੈ ਕਿ ਸੋਵੀਅਤ ਯੂਨੀਅਨ ਦੇ ਪਤਨ ਤੋਂ ਬਾਅਦ ਦੁਨੀਆ ਦੇ ਵੱਖ ਵੱਖ ਮੁਲਕਾਂ 'ਚ ਨਵ-ਉਦਾਰਵਾਦੀ ਵਿਚਾਰਧਾਰਾ ਨੇ ਬੜੀ ਤੇਜ਼ੀ ਨਾਲ ਪੈਰ ਪਸਾਰੇ। ਇਸੇ ਦਾ ਅਸਰ ਪੰਜਾਬ ਦੇ ਦੋ ਅਹਿਮ ਖੇਤਰਾਂ ਜੋ ਨਵ-ਉਦਾਰਵਾਦੀ ਪ੍ਰਾਜੈਕਟ ਵਿਚਾਰਧਾਰਾ ਦੀ ਮਾਰ ਹੇਠ ਆਏ, ਉਤੇ ਅੱਜ ਵੀ ਦੇਖਿਆ ਜਾ ਸਕਦਾ ਹੈ। ਪਹਿਲਾਂ ਇਸ ਨੇ ਅਰਥ ਸ਼ਾਸਤਰੀਆਂ ਦਾ ਪੰਜਾਬ ਦੀ ਸਿਆਸੀ ਆਰਥਿਕਤਾ ਪ੍ਰਤੀ ਸੋਚਣ ਦਾ ਢੰਗ-ਤਰੀਕਾ ਬਦਲ ਦਿੱਤਾ। ਦੂਜਾ, ਨਵ-ਉਦਾਰਵਾਦ ਦੇ ਸਮਕਾਲੀ ਉਤਰ-ਆਧੁਨਿਕਤਾਵਾਦ ਨੇ ਤੇਜ਼ੀ ਨਾਲ ਬਾਕੀ ਸੋਸ਼ਲ ਸਾਇੰਸਸ ਦੇ ਖੇਤਰ ਵਿਚ ਮਾਰਕਸਵਾਦ ਦੀ ਤਰਜਮਾਨੀ ਕਰਦੇ ਪੰਜਾਬ ਦੇ ਬੌਧਿਕ ਹਲਕਿਆਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ। ਦੂਜੇ ਸ਼ਬਦਾਂ ਵਿਚ, ਸੋਵੀਅਤ ਯੂਨੀਅਨ ਦੇ ਪਤਨ ਦੀ ਨਿਰਾਸ਼ਤਾ ਨੇ ਪੰਜਾਬ ਦੇ ਬੁੱਧੀਜੀਵੀਆ ਨੂੰ ਕਲਾਸੀਕਲ ਮਾਰਕਸਵਾਦ ਤੋਂ ਹਟ ਕੇ ਉਤਰ-ਆਧੁਨਿਕਤਾ ਦੇ ਉਭਾਰ 'ਚ ਜਾਣ ਦਾ ਵਧੀਆ ਬਹਾਨਾ ਦਿੱਤਾ। ਅਜੋਕੇ ਪੰਜਾਬ ਦੀ ਸਿਆਸੀ ਆਰਥਿਕਤਾ ਅਤੇ ਬੌਧਿਕ ਹਲਕੇ ਗੁਰਬਤ ਦੇ ਜਿਸ ਦੌਰ ਵਿਚੋਂ ਗੁਜ਼ਰ ਰਹੇ ਹਨ, ਉਸ ਦੀ ਤਕਦੀਰ ਬਦਲਣ ਲਈ ਪ੍ਰੋਫੈਸਰ ਰਣਧੀਰ ਸਿੰਘ ਦੁਆਰਾ ਪ੍ਰਚਲਿਤ ਕੀਤੀ ਮੌਲਿਕ ਮਾਰਕਸਵਾਦੀ ਵਿਧੀ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਉਂਝ, ਅੱਜ ਤਰਾਸਦੀ ਇਹ ਹੈ ਕਿ ਅਜੋਕੀ ਬੁੱਧੀਜੀਵੀ ਪੀੜ੍ਹੀ ਕਲਾਸੀਕਲ ਮਾਰਕਸਵਾਦ ਤੋਂ ਪੂਰੀ ਤਰ੍ਹਾਂ ਕਿਨਾਰਾ ਕਰ ਰਹੀ ਹੈ। ਇਸ ਸੂਰਤ ਵਿਚ ਪ੍ਰੋ. ਰਣਧੀਰ ਸਿੰਘ ਦੇ ਵਿਚਾਰ ਹੋਰ ਵੀ ਮਹੱਤਵਪੂਰਨ ਹੋ ਜਾਂਦੇ ਹਨ।

ਪ੍ਰੋ. ਰਣਧੀਰ ਸਿੰਘ ਉਹ ਵਿਦਵਾਨ ਸਨ ਜਿਨ੍ਹਾਂ ਤਾਉਮਰ ਮਾਰਕਸਵਾਦੀ ਵਿਧੀ ਵਿਸ਼ਲੇਸ਼ਣ ਤੋਂ ਕਿਨਾਰਾ ਨਹੀਂ ਕੀਤਾ। ਉਨ੍ਹਾਂ ਵੀਹਵੀਂ ਸਦੀ 'ਚ ਉਭਰਦੀਆਂ ਨਵੀਆਂ ਵਿਚਾਰਧਾਰਾਵਾਂ ਜੋ ਪੂੰਜੀਵਾਦ ਦੀ ਉਮਰ ਲੰਮੀ ਕਰਨ ਹਿੱਤ ਜਾਂ ਪੂੰਜੀਵਾਦ ਵਿਚ ਆਪਣੀ ਥਾਂ ਬਣਾਉਣ ਤੋਂ ਰਹੀਆਂ ਸਨ, ਉਨ੍ਹਾਂ ਦੀਆਂ ਕਮਜ਼ੋਰੀਆਂ ਦੇ ਵਿਸ਼ਲੇਸ਼ਣ ਆਪਣਾ ਬੌਧਿਕ ਕਾਰਜ ਬਣਾ ਲਿਆ। ਉਨ੍ਹਾਂ ਨੇ ਸਪੱਸ਼ਟ ਰੂਪ ਵਿਚ ਆਪਣੀਆਂ ਲਿਖਤਾਂ ਰਾਹੀਂ ਐਲਾਨਿਆ ਕਿ ਜਦੋਂ ਤੱਕ ਪੂੰਜੀਵਾਦ ਰਹੇਗਾ, ਉਸ ਦੀ ਬਣਤਰ ਤੇ ਕਮਜ਼ੋਰੀਆਂ ਕਾਰਨ ਸੰਕਟ ਪੈਦਾ ਹੁੰਦੇ ਰਹਿਣਗੇ ਅਤੇ ਇਨ੍ਹਾਂ ਸੰਕਟਾਂ ਦੇ ਵਿਸ਼ਲੇਸ਼ਣ ਤੇ ਪੂੰਜੀਵਾਦ ਦੇ ਬਦਲ ਦੇ ਸਵਾਲ ਨਾਲ ਸਰੋਕਾਰ ਰੱਖਣ ਵਾਲੇ ਲੋਕਾਂ ਲਈ ਮਾਰਕਸਵਾਦੀ ਚਿੰਤਨ ਸਦਾਬਹਾਰ ਰਹੇਗਾ।

ਪ੍ਰੋ. ਰਣਧੀਰ ਸਿੰਘ ਦੇ ਅਕਾਦਮਿਕ ਚਿੰਤਨ ਦਾ ਆਗਾਜ਼ ਉਸ ਸਮੇਂ ਹੁੰਦਾ ਹੈ ਜਦੋਂ 1951 'ਚ ਖੱਬੇ ਪੱਖੀ ਝੁਕਾਅ ਵਾਲੇ ਪ੍ਰੋਫੈਸਰ ਲਾਸਕੀ ਦੀ ਲੰਡਨ ਸਕੂਲ ਆਫ ਇਕੋਨੋਮਿਕਸ ਦੀ ਕੁਰਸੀ ਉਤੇ ਪ੍ਰੋ. ਮਾਇਕਲ ਉਕਸ਼ਾਟ ਆ ਬਿਰਾਜਦੇ ਹਨ। ਉਹ ਆਪਣੀ ਲੇਖਣੀ ਰਾਹੀਂ ਇਹ ਸਥਾਪਤ ਕਰਨਾ ਸ਼ੁਰੂ ਕਰ ਦਿੰਦੇ ਹਨ ਕਿ ਹੁਣ ਪਲੈਟੋ, ਅਰਸਤੂ, ਲਾਕ ਤੇ ਕਾਰਲ ਮਾਰਕਸ ਦੀਆਂ ਲਿਖਤਾਂ/ਵਿਚਾਰਧਾਰਾਵਾਂ ਦੀ ਕੋਈ ਜ਼ਿਆਦਾ ਮਹੱਤਤਾ ਨਹੀਂ ਹੈ। ਪ੍ਰੋ. ਉਕਸ਼ਾਟ ਅਨੁਸਾਰ, ਇਨ੍ਹਾਂ ਵਿਚਾਰਧਾਰਾਵਾਂ ਅਤੇ ਉਨ੍ਹਾਂ ਨਾਲ ਸਬੰਧਿਤ ਲਿਖਤਾਂ ਆਧੁਨਿਕ ਪੂੰਜੀਵਾਦ ਅਧੀਨ ਸਮਾਜਿਕ ਵਿਕਾਸ ਨੂੰ ਸਮਝਣ 'ਚ ਕੋਈ ਖਾਸ ਦ੍ਰਿਸ਼ਟੀਕੋਣ ਮੁਹੱਈਆ ਨਹੀਂ ਕਰਦੀਆਂ। ਇਸੇ ਲਈ ਉਚੇਰੀ ਸਿੱਖਿਆ ਦੇ ਸਿਲੇਬਸਾਂ 'ਚ ਸਿਆਸੀ ਵਿਚਾਰਧਾਰਾਵਾਂ (ਖਾਸ ਕਰ ਕੇ ਮਾਰਕਸ) ਨੂੰ ਕੱਢ ਕੇ ਉਭਰ ਰਹੀਆਂ ਉਤਰ-ਆਧੁਨਿਕਤਾਵਾਦੀ ਵਿਧੀਆਂ ਜਿਨ੍ਹਾਂ 'ਚ ਇਤਿਹਾਸ ਤੋਂ ਰਹਿਤ ਤਰਕ, ਨਸਲ, ਲਿੰਗ, ਸਿਆਸੀ ਸੱਭਿਆਚਾਰ (ਪੁਲੀਟੀਕਲ ਕਲਚਰ), ਵਿਅਕਤੀਵਾਦੀ, ਤਰਕਸ਼ੀਲਤਾ ਆਦਿ ਨੂੰ ਪ੍ਰਮੁੱਖਤਾ ਦੇਣੀ ਚਾਹੀਦੀ ਹੈ। ਇਸ ਪ੍ਰਸੰਗ ਵਿਚ ਮਾਰਕਸਵਾਦ ਸਮੁੱਚਤਾ (totality) ਦੀ ਵਿਧੀ ਦਾ ਪੱਖ ਲੈਂਦੇ ਹੋਏ ਪ੍ਰੋ. ਰਣਧੀਰ ਸਿੰਘ ਨੇ ਅਕਾਦਮਿਕ ਪੱਧਰ ਦੀ ਮਹੱਤਵਪੂਰਨ ਲਿਖਤ 'ਰੀਜਨ, ਰੈਵੂਲੇਸ਼ਨ ਐਂਡ ਪੁਲੀਟੀਕਲ ਥਿਊਰੀ: ਨੋਟਸ ਆਨ ਮਾਇਕਲ ਉਕਸ਼ਾਟ' (1967) ਲਿਖੀ ਜਿਸ ਵਿਚ ਉਨ੍ਹਾਂ ਨੇ ਨਵ-ਕਲਾਸੀਕਲ ਤੇ ਉਤਰ-ਆਧੁਨਿਕਤਾਵਾਦੀ ਸੋਚਣੀ ਵਾਲੇ ਮਾਈਕਲ ਉਕਸ਼ਾਟ ਦੇ ਵਿਚਾਰਾਂ ਦੇ ਇਕ-ਇਕ ਕਰ ਕੇ ਪਰਖਚੇ ਉਡਾ ਦਿੱਤੇ।



ਇਸ ਮੌਲਿਕ ਲਿਖਤ ਰਾਹੀਂ ਪ੍ਰੋ. ਰਣਧੀਰ ਸਿੰਘ ਨੇ ਸਥਾਪਤ ਕੀਤਾ ਕਿ ਸਿਆਸੀ ਸ਼ਾਸਤਰ ਵਿਚੋਂ ਮਾਰਕਸਵਾਦੀ ਵਿਧੀ ਨੂੰ ਕੱਢਣ ਦਾ ਮਤਲਬ ਪੂੰਜੀਵਾਦ ਦੀਆਂ ਅੰਦਰੂਨੀ ਚਾਲਕ ਸ਼ਕਤੀਆਂ ਦੀਆਂ ਅਲਾਮਤਾਂ ਨੂੰ ਸਮਾਜ ਅਤੇ ਸਿਆਸਤ ਦੇ ਅਧਿਐਨ ਵਿਚੋਂ ਬਾਹਰ ਕੱਢਣਾ ਹੈ। ਅਜਿਹਾ ਕਰਨ ਨਾਲ ਸਿਆਸੀ ਸ਼ਾਸਤਰ ਸਿਰਫ਼ ਪੂੰਜੀਵਾਦ ਨੂੰ ਕਾਇਮ ਰੱਖਣ ਦਾ ਹਥਿਆਰ ਬਣ ਕੇ ਰਹਿ ਜਾਵੇਗਾ। ਤਰਾਸਦੀ ਇਹ ਬਣੇਗੀ ਕਿ ਇਹ ਰੁਝਾਨ ਵਿਦਿਆਰਥੀਆ ਅਤੇ ਖੋਜਾਰਥੀਆਂ ਨੂੰ ਗਿਆਨ ਤੋਂ ਵਿਹੂਣਾ ਕਰ ਦੇਵੇਗਾ। ਉਹ ਕਦੇ ਇਹ ਸਮਝ ਨਹੀਂ ਸਕਣਗੇ ਕਿ ਪੂੰਜੀਵਾਦੀ ਢਾਂਚੇ ਦਾ ਵਿਕਾਸ ਤੇ ਉਸ ਦੇ ਸੰਕਟ ਇਸ ਦੇ ਇਤਿਹਾਸ ਅਤੇ ਅੰਦਰੂਨੀ ਕਾਰਜ ਪ੍ਰਣਾਲੀ ਨਾਲ ਕਿਸ ਕਿਸਮ ਦਾ ਸਬੰਧ ਰੱਖਦੇ ਹਨ। ਉਨ੍ਹਾਂ ਆਪਣੀਆਂ ਲਿਖਤ 'ਚ ਸਪਸ਼ਟ ਦਰਜ ਕੀਤਾ ਕਿ ਮਾਰਕਸਵਾਦੀ ਦਰਸ਼ਨ/ਵਿਸ਼ਲੇਸ਼ਣ ਨੂੰ ਸਿਆਸੀ ਸ਼ਾਸਤਰ ਵਿਚੋਂ ਮਨਫ਼ੀ ਕਰਨ ਨਾਲ ਸਿਆਸੀ ਖੇਤਰ ਦੀ ਬੌਧਿਕਤਾ ਸੀਮਤ ਅਤੇ ਸੁੰਗੜ ਜਾਵੇਗੀ। ਇਸ ਲਿਖਤ ਵਿਚ ਸਿਆਸੀ ਸ਼ਾਸਤਰ ਦੇ ਹਵਾਲੇ ਨਾਲ ਜਿਨ੍ਹਾਂ ਗੰਭੀਰ ਖਦਸ਼ਿਆਂ ਦਾ ਉਨ੍ਹਾਂ ਜ਼ਿਕਰ ਕੀਤਾ ਸੀ, ਸਾਰੇ ਸੰਸਾਰ ਵਿਚ ਸਮੁੱਚੀ ਸਮਾਜਿਕ ਵਿਗਿਆਨ ਦਾ ਉਚੇਰੀ ਸਿੱਖਿਆ ਪ੍ਰਣਾਲੀ ਵਿਚ ਜਿਉਂ ਦਾ ਤਿਉਂ ਵਾਪਰ ਰਿਹਾ ਹੈ।

ਪ੍ਰੋ. ਰਣਧੀਰ ਸਿੰਘ ਦੀ ਇਸ ਲਿਖਤ ਦੇ ਨਜ਼ਰੀਏ ਤੋਂ ਪੰਜਾਬ ਦੇ ਬੌਧਿਕ ਹਲਕਿਆਂ ਉਪਰ ਝਾਤੀ ਮਾਰਦੇ ਹਾਂ ਤਾਂ ਸਾਫ਼ ਦ੍ਰਿਸ਼ ਬਣਦਾ ਹੈ ਕਿ ਪੰਜਾਬ ਵਿਚ ਨਵ-ਕਲਾਸੀਕਲ ਅਤੇ ਉਤਰ-ਆਧੁਨਿਕਤਾਵਾਦ ਵਿਧੀਆਂ ਤੇ ਵਿਸ਼ਲੇਸ਼ਣਾਂ ਨੇ ਸਮਾਜਿਕ ਵਿਗਿਆਨ ਦੇ ਸਾਰੇ ਖੇਤਰ ਨੂੰ ਪੂਰੀ ਤਰ੍ਹਾਂ ਆਪਣੇ ਕਲਾਵੇ ਵਿਚ ਲੈ ਲਿਆ ਹੈ। ਗੌਰਤਲਬ ਹੈ ਕਿ ਉਤਰ-ਆਧੁਨਿਕਤਾਵਾਂ ਵਿਧੀ/ਵਿਸ਼ਲੇਸ਼ਣ ਦੀ ਸਮਾਜਿਕ ਵਿਗਿਆਨ ਵਿਚ ਆਮਦ ਸਿਲੇਬਸ ਨੂੰ ਨਵਿਆਉਣ ਦੇ ਨਾਮ ਹੇਠ ਮਾਰਕਸਵਾਦੀ ਵਿਧੀ/ਵਿਸ਼ਲੇਸ਼ਣ ਨੂੰ ਸਮਾਜਿਕ ਵਿਗਿਆਨ ਦੇ ਵਿਸ਼ਾ ਖੇਤਰਾਂ ਵਿਚੋਂ ਬਾਹਰ ਕੱਢਣ ਲਈ ਹੋਈ ਹੈ। ਸਮਾਜ ਅਤੇ ਉਸ ਦੀਆਂ ਅੰਦਰੂਨੀ ਵਿਰੋਧਤਾਈਆਂ ਸਮਝਣ ਲਈ ਮਾਰਕਸਵਾਦੀ ਜਮਾਤੀ ਅਧਿਐਨ ਅਤੇ ਸਮੁੱਚਤਾ (totality) ਦੀ ਥਾਂ ਹੁਣ ਉਤਰ-ਆਧੁਨਿਕਤਾਵਾਦੀ ਵਿਧੀਆਂ (ਇਕਾਂਤਵਾਦ, ਵਿਅਕਤੀਵਾਦ, ਵੱਖਵਾਦ ਆਦਿ) ਨੇ ਲੈ ਲਈ ਹੈ। ਇਸ ਤੋਂ ਵੀ ਖ਼ਤਰਨਾਕ ਵਰਤਾਰਾ ਜੋ ਪੰਜਾਬ ਦੇ ਬੌਧਿਕ ਹਲਕਿਆਂ, ਖੋਜਾਰਥੀਆਂ ਅਤੇ ਨਵੇਂ ਵਿਦਿਆਰਥੀਆਂ ਦੇ ਪ੍ਰਸੰਗ ਵਿਚ ਉਭਰ ਕੇ ਸਾਹਮਣੇ ਆ ਰਿਹਾ ਹੈ, ਉਹ ਇਹ ਹੈ ਕਿ ਉਤਰ-ਆਧੁਨਿਕਤਾਵਾਦ ਨੂੰ ਮਾਰਕਸਵਾਦ ਦਾ ਰੂਪ ਹੀ ਮੰਨਦੇ ਹਨ। ਹਕੀਕਤ ਇਹ ਹੈ ਜਿਵੇਂ ਪ੍ਰੋ. ਰਣਧੀਰ ਸਿੰਘ ਅਤੇ ਮਿਸਕਨ ਵੁਡ (ਜਿਨ੍ਹਾਂ ਦੇ ਪ੍ਰੋ. ਰਣਧੀਰ ਸਿੰਘ ਖੁਦ ਵੱਡੇ ਪ੍ਰਸੰਸਕ ਸਨ), ਵੀ ਕਹਿੰਦੇ ਸਨ- ਉਤਰ-ਆਧੁਨਿਕਤਾਵਾਦੀ ਵਿਚਾਰਧਾਰਾ ਪੂੰਜੀਵਾਦ ਦਾ ਹੀ ਪ੍ਰਾਜੈਕਟ ਹੈ ਜਿਹੜੀ ਮਾਰਕਸਵਾਦ ਵਿਧੀ/ਵਿਸ਼ਲੇਸ਼ਣ ਨੂੰ ਬੌਧਿਕ ਖੇਤਰਾਂ ਵਿਚ ਹਾਸ਼ੀਏ 'ਤੇ ਧੱਕਣ ਲਈ ਪ੍ਰਸਿੱਧ ਕੀਤੀ ਗਈ। ਦੂਜੇ ਅਰਥਾਂ 'ਚ ਉਤਰ-ਆਧੁਨਿਕਤਾ ਪੂੰਜੀਵਾਦ ਇੱਕਤਰੀਕਰਨ ਦੇ ਨਿਯਮਾਂ ਵਿਚ ਆਏ ਗੁਣਵਰਤ ਪਰਿਵਰਤਨਾਂ ਦੀ ਉਪਜ ਹੈ ਜਿਸ ਦੀ ਵਰਤੋਂ ਮਾਰਕਸਵਾਦੀ ਜਮਾਤੀ ਵਿਸ਼ਲੇਸ਼ਣਾਂ ਅਤੇ ਪੂੰਜੀਵਾਦ ਦੇ ਬਦਲ ਲਈ ਸੰਘਰਸ਼ ਦੀ ਮਹੱਹਤਾ ਨੂੰ ਸੋਸ਼ਲ ਸਾਇੰਸਸ ਵਿਚੋਂ ਮਨਫ਼ੀ ਕਰ ਕੇ, ਪੂੰਜੀਵਾਦੀ ਢਾਂਚੇ ਵਿਚ ਰਹਿ ਕੇ ਉਸ ਵਿਚ ਥਾਂ (space) ਬਣਾਉਣ ਨੂੰ ਅਸਲੀ ਸੰਘਰਸ਼ ਮੰਨਦੀ ਹੈ।


ਸੋਵੀਅਤ ਯੂਨੀਅਨ ਦੇ ਅਚਾਨਕ ਪਤਨ ਨੂੰ ਜਪਾਨੀ ਮੂਲ ਦੇ ਅਮਰੀਕੀ ਸਿਆਸੀ ਸ਼ਾਸਤਰੀ ਫੂਕੋਯਾਮਾ ਨੇ 'ਐਂਡ ਆਫ ਹਿਸਟਰੀ' (End of History) ਦਾ ਨਾਂ ਦਿੱਤਾ। ਉਸ ਦਾ ਮੰਨਣਾ ਸੀ ਕਿ ਸੋਵੀਅਤ ਯੂਨੀਅਨ ਦੇ ਪਤਨ ਨੇ ਸਾਬਤ ਕਰ ਦਿੱਤਾ ਕਿ ਸੰਸਾਰ ਵਿਚ ਪੂੰਜੀਵਾਦ ਸਭ ਤੋਂ ਕੁਸ਼ਲ ਸਿਆਸੀ-ਆਰਥਿਕ ਪ੍ਰਬੰਧ ਹੈ ਅਤੇ ਇਸ ਦਾ ਕੋਈ ਬਦਲ ਨਹੀਂ। ਸੋਵੀਅਤ ਯੂਨੀਅਨ ਦੇ ਪਤਨ ਨੇ ਜਿੱਥੇ ਸੰਸਾਰ ਪੱਧਰ ਉਤੇ ਮਾਰਕਸਵਾਦੀ ਵਿਚਾਰਧਾਰਾ ਵਾਲੀਆਂ ਸਿਆਸੀ ਪਾਰਟੀਆਂ ਅਤੇ ਕਾਰਕੁਨਾਂ ਵਿਚ ਨਿਰਾਸ਼ਾ ਦਾ ਮਾਹੌਲ ਸਿਰਜਿਆ, ਉਥੇ ਮਾਰਕਸਵਾਦ ਨਾਲ ਜੁੜੇ ਬੁੱਧੀਜੀਵੀ ਹਲਕਿਆਂ ਵਿਚ ਵੀ ਨਿਰਾਸ਼ਾ ਪਸਰ ਗਈ। ਇਨ੍ਹਾਂ ਦੋਹਾਂ ਕਿਸਮ ਦੀਆਂ ਨਿਰਾਸ਼ਾਵਾਂ ਨੂੰ ਪੰਜਾਬ ਵਿਚ ਬਾਖੂਬੀ ਦੇਖਿਆ ਜਾ ਸਕਦਾ ਸੀ ਜੋ ਅੱਜ ਵੀ ਮੌਜੂਦ ਹਨ।

1990 ਤੋਂ ਬਾਅਦ ਬਹੁ-ਗਿਣਤੀ ਬੁੱਧੀਜੀਵੀਆਂ ਖ਼ੁਦ ਨੂੰ ਮਾਰਕਸਵਾਦੀ ਕਹਿਣ ਤੋਂ ਗੁਰੇਜ਼ ਕਰਨ ਲੱਗੇ। ਹਕੀਕਤ ਇਹ ਹੈ ਕਿ ਇਸ ਬੁਹ-ਗਿਣਤੀ ਨੇ ਅਜੋਕੇ ਪੂੰਜੀਵਾਦੀ ਪ੍ਰਬੰਧ ਨੂੰ ਸਮਝਣ ਦੀ ਮਹੱਤਤਾ ਤੋਂ ਕਿਨਾਰਾ ਕਰ ਲਿਆ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਉਨ੍ਹਾਂ ਨੇ ਪ੍ਰੋ. ਰਣਧੀਰ ਸਿੰਘ ਵਾਂਗ ਮਾਰਕਸ ਦੀਆਂ ਲਿਖਤਾਂ ਦਾ ਆਪਣੀ ਜ਼ਿੰਦਗੀ ਵਿਚ ਕਦੇ ਨਿੱਠ ਕੇ ਅਧਿਐਨ ਨਹੀਂ ਕੀਤਾ। ਪ੍ਰੋ. ਰਣਧੀਰ ਸਿੰਘ ਅਜਿਹੇ ਮੌਲਿਕ ਮਾਰਕਸਵਾਦੀ ਸਨ ਜਿਨ੍ਹਾਂ ਨੇ 1990 ਤੋਂ ਬਾਅਦ ਸੋਵੀਅਤ ਯੂਨੀਅਨ ਦੇ ਮਾਰਕਸਵਾਦੀ ਤਜਰਬੇ ਦੇ ਫੇਲ੍ਹ ਹੋਣ ਨੂੰ ਸਮਝ ਲਈ ਹਜ਼ਾਰ ਪੰਨਿਆਂ ਦੀ ਵੱਡ-ਅਕਾਰੀ ਲਿਖਤ 'ਕਰਾਇਸਿਸ ਆਫ ਸੋਸ਼ਲਿਜ਼ਮ' (Crisis of Socialism-2006) ਲਿਖੀ। ਇਸ ਲਿਖਤ ਦਾ ਮਕਸਦ ਮਾਰਕਸਵਾਦੀ ਅਭਿਆਸ ਦੇ ਫੇਲ੍ਹ ਹੋਣ ਦਾ ਮਾਰਕਸਵਾਦੀ ਵਿਧੀ ਦੁਆਰਾ ਅਧਿਐਨ ਕਰਨਾ ਸੀ। ਇਸ ਲਿਖਤ ਰਾਹੀਂ ਉਨ੍ਹਾਂ ਸਿੱਧ ਕੀਤਾ ਕਿ ਮਾਰਕਸਵਾਦ ਦਾ ਅਭਿਆਸ, ਮਾਰਕਸਵਾਦੀ ਵਿਧੀ ਕਾਰਨ ਨਹੀਂ ਬਲਕਿ ਅਭਿਆਸ ਕਰਨ ਵਾਲੇ ਸਮਾਜਾਂ ਦੀਆਂ ਆਪਣੀਆਂ ਕਮਜ਼ੋਰੀਆਂ ਅਤੇ ਸਾਮਰਾਜਵਾਦੀ ਮੁਲਕਾਂ ਦੀ ਲਗਾਤਾਰ ਦਖ਼ਲਅੰਦਾਜ਼ੀ ਕਾਰਨ ਫੇਲ੍ਹ ਹੋਇਆ ਹੈ। ਉਨ੍ਹਾਂ ਦੀ ਧਾਰਨਾ ਸੀ ਕਿ ਜਦੋਂ ਤੱਕ ਸੰਸਾਰ ਵਿਚ ਪੂੰਜੀਵਾਦ ਦਾ ਬੋਲਬਾਲਾ ਰਹੇਗਾ, ਇਸ ਤੋਂ ਪੀੜਤ ਲੋਕ ਅਤੇ ਜੂਝਣ ਵਾਲੇ ਹਿੱਸੇ ਮਾਰਕਸਵਾਦ ਤੋਂ ਸਬਕ ਲੈਂਦੇ ਰਹਿਣਗੇ। ਪ੍ਰੋ. ਰਣਧੀਰ ਸਿੰਘ ਦੀ ਇਸ ਲਿਖਤ ਦੇ ਨਜ਼ਰੀਏ ਤੋਂ ਮੌਜੂਦ ਪੰਜਾਬ ਦੀ ਸਿਆਸੀ ਆਰਥਿਕਤਾ ਮੰਗ ਕਰਦੀ ਹੈ ਕਿ ਅਜੋਕੇ ਪੰਜਾਬ ਸਮਾਜ ਦੇ ਸੰਕਟਾਂ ਅਤੇ ਉਨ੍ਹਾਂ ਵਿਚੋਂ ਬਦਲ ਦੀ ਤਲਾਸ਼ ਦਾ ਅਧਿਐਨ/ਨਿਰੀਖਣ ਮਾਰਕਸਵਾਦੀ ਵਿਧੀ ਰਾਹੀਂ ਹੀ ਕੀਤਾ ਜਾ ਸਕਦਾ ਹੈ ਕਿਉਂਕਿ ਪੰਜਾਬ ਦੇ ਸੰਕਟ ਦੀ ਮੂਲ ਜੜ੍ਹ ਪੰਜਾਬ ਵਿਚ ਪੂੰਜੀਵਾਦ ਦੀ ਆਮਦ ਅਤੇ ਇਸ ਦੀ ਵਿਕਾਸ ਪ੍ਰਕਿਰਿਆ ਵਿਚ ਹੈ। ਇਸ ਪ੍ਰਸੰਗ ਵਿਚ ਲਾਜ਼ਮੀ ਹੈ ਕਿ ਪੰਜਾਬ ਦੇ ਮੌਜੂਦਾ ਸੰਕਟ ਦੀਆਂ ਮੁੱਖ ਵਿਰੋਧਤਾਈਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ।

ਕਿਸੇ ਵੀ ਪੂੰਜੀਵਾਦੀ ਸਮਾਜ ਦੇ ਸੰਕਟ ਦੀਆਂ ਮੁੱਖ ਵਿਰੋਧਤਾਈਆ ਦਾ ਖਾਸਾ ਆਰਥਿਕ ਅਤੇ ਸਿਆਸੀ ਹੁੰਦਾ ਹੈ ਪਰ ਅਜੋਕੇ ਪੰਜਾਬ ਦੀ ਤਰਾਸਦੀ ਇਹ ਹੈ ਕਿ ਪੰਜਾਬ ਦੀ ਮਾਰਕਸਵਾਦੀ ਲਹਿਰ ਉਤਰ-ਆਧੁਨਿਕਤਾਵਾਦੀ ਬੁੱਧੀਜੀਵੀਆਂ ਦੁਬਾਰਾ ਉਭਾਰੀਆਂ ਜਾ ਰਹੀਆਂ ਵਿਰੋਧਤਾਈਆਂ, ਨਸਲ, ਪਛਾਣ, ਲਿੰਗ, ਕੌਮ, ਸਭਿਆਚਾਰ, ਭਾਸ਼ਾ ਆਦਿ ਨੂੰ ਪੰਜਾਬ ਦੇ ਸਿਆਸੀ-ਆਰਥਿਕ ਸੰਕਟ ਦੀ ਮੁੱਖ ਵਿਰੋਧਤਾਈ ਮੰਨ ਰਹੀ ਹੈ। ਪ੍ਰੋ. ਰਣਧੀਰ ਸਿੰਘ ਅਤੇ ਅਸੀਂ ਵੀ ਉਪਰੋਕਤ ਵਿਰੋਧਤਾਈਆਂ ਦੀ ਮਹੱਤਤਾ ਤੋਂ ਇਨਕਾਰੀ ਨਹੀਂ ਪਰ ਉਪਰੋਕਤ ਵਿਰੋਧਤਾਈਆਂ ਨੂੰ ਸਮਾਜ ਦੀ ਮੁੱਖ ਵਿਰੋਧਤਾਈ ਬਣਾ ਕੇ ਪੇਸ਼ ਕਰਨ ਵਾਲੇ ਬੌਧਿਕ ਤਬਕੇ ਪੰਜਾਬ ਸੰਕਟ ਅਤੇ ਪੂੰਜੀਵਾਦ ਦਾ ਬਦਲ ਉਦੋਂ ਤੱਕ ਨਹੀਂ ਸਿਰਜ ਸਕਦੇ ਜਦੋਂ ਤੱਕ ਪੂੰਜੀਵਾਦ ਦੀ ਅਸਲ ਵਿਰੋਧਤਾਈ ਜੋ ਉਸ ਦੇ ਆਰਥਿਕ ਤੇ ਸਿਆਸੀ ਪ੍ਰਬੰਧ ਵਿਚੋਂ ਉਪਜਦੀ ਹੈ, ਦਾ ਮਾਰਕਸਵਾਦੀ ਵਿਧੀ/ਵਿਸ਼ਲੇਸ਼ਣ ਨੂੰ ਆਧਾਰ ਬਣਾ ਕੇ ਅਧਿਐਨ ਨਹੀਂ ਕੀਤਾ ਜਾਂਦਾ। ਇਸ ਸੂਰਤ ਵਿਚ ਮੌਲਿਕ ਮਾਰਕਸਵਾਦੀਆਂ ਲਈ ਪ੍ਰੋ. ਰਣਧੀਰ ਸਿੰਘ ਦੀਆਂ ਲਿਖਤਾਂ ਦੀ ਸਾਰਥਿਕਤਾ ਹੋਰ ਵਧ ਜਾਂਦੀ ਹੈ।

ਭਾਰਤ ਵਿਚ 1970 ਤੋਂ ਬਾਅਦ ਆਈਆਂ ਅਹਿਮ ਤਬਦੀਲੀਆਂ ਨੇ ਦੇਸ਼ ਦੇ ਹਰ ਕੋਨੇ ਸਮੇਤ ਪੰਜਾਬ ਉਤੇ ਨਾਂਹ ਪੱਖੀ ਪ੍ਰਭਾਵ ਪਾਏ ਹਨ। ਇਸੇ ਸਮੇਂ ਤੋਂ ਹੀ ਬੌਧਿਕ ਖੇਤਰ ਵਿਚ ਜਮਾਤ ਦੇ ਸਵਾਲ ਦੀ ਥਾਂ ਜਾਤ, ਧਾਰਮਿਕ ਕੱਟੜਤਾ, ਪਛਾਣ, ਲਿੰਗ ਤੇ ਭਾਸ਼ਾ ਦੇ ਸਵਾਲ ਕੇਂਦਰੀ ਬਣਾਉਣ 'ਚ ਉਤਰ-ਆਧੁਨਕਿਤਾ ਵਿਚਾਰਧਾਰਾ ਨੇ ਮੁੱਖ ਭੂਮਿਕਾ ਨਿਭਾਈ ਹੈ। ਇਸ ਦੌਰ 'ਚ ਮਾਰਕਸਵਾਦੀ ਵਿਸ਼ਲੇਸ਼ਣ ਕਰਦੇ ਹੋਏ ਪ੍ਰੋ. ਰਣਧੀਰ ਸਿੰਘ ਨੇ ਭਾਰਤੀ ਰਿਆਸਤ (ਸਟੇਟ) ਦੁਆਰਾ ਕੀਤੀ ਜਾ ਰਹੀ ਨਸਲ ਤੇ ਜਾਤ ਦੀ ਸਿਆਸਤ ਦੇ ਅਸਲ ਕਾਰਨਾਂ ਜੋ ਪੂੰਜੀਵਾਦ ਦੁਆਰਾ ਆਰਥਿਕ ਲੁੱਟ ਤੇਜ਼ ਕਰਨ ਨਾਲ ਜੁੜੇ ਹੋਏ ਹਨ, ਆਪਣੀਆਂ ਵੱਖ ਵੱਖ ਲਿਖਤਾਂ ਵਿਚ ਸਪੱਸ਼ਟ ਕੀਤਾ ਹੈ ਕਿ ਕਿਵੇਂ ਭਾਰਤ ਅਤੇ ਪੰਜਾਬ ਦੀਆਂ ਸਿਆਸੀ ਜਮਾਤਾਂ ਲੋਕਾਂ ਦੀ ਆਰਥਿਕ ਸਮੱਸਿਆ ਨੂੰ ਧਾਰਮਿਕ ਰੰਗਤ ਦੇ ਕੇ ਸਮਾਜਿਕ ਅਰਾਜਕਤਾ ਫੈਲਾਅ ਰਹੀਆਂ ਹਨ। ਉਨ੍ਹਾਂ ਦੀਆਂ ਇਨ੍ਹਾਂ ਲਿਖਤਾਂ ਵਿਚ 'ਆਫ ਮਾਰਕਸਿਜ਼ਮ ਐਂਡ ਇੰਡੀਅਨ ਪਾਲਿਟਿਕਸ' (1990), 'ਫਾਈਵ ਲੈਕਚਰਜ਼ ਇਨ ਮਾਰਕਸਿਸਟ ਮੋਡ' (1993) ਅਤੇ 'ਇੰਡੀਅਨ ਪਾਲਿਟਿਕਸ: ਅਲਟਰਨੇਟਿਵ ਆਰਗਿਊਮੈਂਟ' (2009) ਮੁਖ ਹਨ।

ਪ੍ਰੋ. ਰਣਧੀਰ ਸਿੰਘ ਨੇ ਪੰਜਾਬ ਬਾਰੇ ਦਰਜ ਕੀਤਾ ਕਿ ਕਿਵੇਂ ਹਰੀ ਕ੍ਰਾਂਤੀ 'ਚੋਂ ਪੈਦਾ ਹੋਈ ਹੁਕਮਰਾਨ ਜਮਾਤ ਨੇ ਪੰਜਾਬੀ ਸਮਾਜ ਦੀ ਮਾਰਕਸਵਾਦੀ ਸਮਝ ਨੂੰ ਤਹਿਸ ਨਹਿਸ ਕਰ ਕੇ ਜਮਾਤ ਦਾ ਸਵਾਲ ਮਨਫ਼ੀ ਕਰ ਦਿੱਤਾ। ਇਸ



ਪਿੱਛੋਂ ਦਿੱਲੀ ਅਤੇ ਪੰਜਾਬ ਦੇ ਹੁਕਮਰਾਨਾਂ ਨੇ ਮਿਲ ਕੇ 1990 ਤੋਂ ਬਾਅਦ ਪੰਜਾਬ ਦੀ ਆਰਥਿਕਤਾ ਨੂੰ ਨਵ-ਉਦਾਰਵਾਦੀ ਪ੍ਰਾਜੈਕਟ ਹਵਾਲੇ ਕਰ ਦਿੱਤਾ। ਇਉਂ ਭਾਰਤ ਅਤੇ ਪੰਜਾਬ ਦੀਆਂ ਆਰਥਿਕ, ਸਿਆਸੀ ਅਤੇ ਸਮਾਜਿਕ ਸੰਕਟ ਦੀਆਂ ਦੁਸ਼ਵਾਰੀਆਂ ਨੂੰ ਸਮਝਣ ਤੇ ਨਜਿੱਠਣ ਦਾ ਪ੍ਰੋ. ਰਣਧੀਰ ਸਿੰਘ ਦਾ ਨਜ਼ਰੀਆ ਮਾਰਕਸਵਾਦੀ ਹੀ ਰਿਹਾ। ਉਨ੍ਹਾਂ ਦੀਆਂ ਲਿਖਤਾਂ ਅਨੁਸਾਰ ਪੰਜਾਬ ਦੇ ਸੰਕਟ ਦੀਆਂ ਜੜ੍ਹਾਂ ਦਾ ਪੰਜਾਬ ਦੀਆਂ ਸਿਆਸੀ ਅਤੇ ਪੂੰਜੀਵਾਦੀ ਜਮਾਤਾਂ ਦੁਆਰਾ ਕੀਤੀ ਜਾ ਰਹੀ ਲੁੱਟ ਨਾਲ ਅਨਿੱਖੜ ਸਬੰਧ ਹੈ। ਅਜੋਕੇ ਪੰਜਾਬ ਦੀ ਆਰਥਿਕ ਤੇ ਸਿਆਸੀ ਜਮਾਤ ਦਾ ਸਾਰਾ ਦਾਰੋਮਦਾਰ ਇਸ ਵਿਚ ਰਹਿੰਦਾ ਹੈ ਕਿ ਕਿਵੇਂ ਪੰਜਾਬ ਦੇ ਸੰਕਟ ਦੀਆਂ ਅੰਦਰੂਨੀ ਵਿਰੋਧਤਾਈਆਂ ਨੂੰ ਸਮੁੱਚੇ ਪੰਜਾਬ ਦੀ ਵਿਰੋਧਤਾਈ ਪੇਸ਼ ਕਰ ਕੇ ਕੇਂਦਰੀ ਸਰਕਾਰ ਨਾਲ ਵਿਰੋਧ ਵਿਚ ਤਬਦੀਲ ਕੀਤਾ ਜਾਵੇ ਤਾਂ ਜੋ ਉਨ੍ਹਾਂ ਦੁਆਰਾ ਕੀਤੀ ਜਾ ਰਹੀ ਪੰਜਾਬ ਦੇ ਸਾਧਨਾਂ, ਵਾਤਾਵਰਨ, ਆਮ ਲੋਕਾਂ ਖਾਸ ਕਰ ਕੇ ਨੌਜਵਾਨਾਂ ਦੀ ਬੌਧਿਕ ਲੁੱਟ ਅਤੇ ਗੁਰਬਤ ਦਾ ਸ਼ਿਕਾਰ ਜਮਾਤਾਂ ਦੀ ਆਰਥਿਕ ਅਤੇ ਸਿਆਸੀ ਲੁੱਟ ਜਾਰੀ ਰਹਿ ਸਕੇ।

ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬ ਦੇ ਸੰਕਟ ਦੀ ਸਮਝ ਅਤੇ ਉਸ ਦੇ ਹੱਲ ਦੇ ਸੰਵਾਦ ਲਈ ਦੋ ਧੜੇ ਮੁੱਖ ਭੂਮਿਕਾ ਵਿਚ ਨਜ਼ਰ ਆਉਂਦੇ ਰਹੇ ਹਨ। ਇਨ੍ਹਾਂ ਦੋਹਾਂ ਧੜਿਆਂ ਦੀ ਪੰਜਾਬ ਦੇ ਸੰਕਟ ਨੂੰ ਲੈ ਕੇ ਪਰਿਭਾਸ਼ਾ ਦਾ ਖਾਸਾ ਇਕੋ ਹੀ ਹੈ। ਇਨ੍ਹਾਂ ਧੜਿਆਂ ਦਾ ਮੰਨਣਾ ਹੈ ਕਿ ਪੰਜਾਬ ਦੇ ਸੰਕਟ ਤੋਂ ਭਾਵ ਪੰਜਾਬ ਦੀ ਕਿਸਾਨੀ ਦੇ ਸੰਕਟ ਤੋਂ ਹੈ। ਇਹ ਪੰਜਾਬ ਦੀ ਕਿਸਾਨੀ ਜਾਂ ਖੇਤੀ ਸੰਕਟ ਨੂੰ ਸਮੁੱਚੇ ਪੰਜਾਬ ਦਾ ਸੰਕਟ ਮੰਨਦੇ ਹਨ। ਇਨ੍ਹਾਂ ਵਿਚੋਂ ਪਹਿਲਾ ਧੜਾ ਖੇਤੀਬਾੜੀ ਅਰਥ ਵਿਗਿਆਨੀਆ ਦਾ ਹੈ ਜੋ ਨਵ-ਕਲਾਸੀਕਲ ਅਰਥ ਸ਼ਾਸਤਰ ਜਾਂ ਚੈਨੋਵੀਅਨ ਅਰਥ ਸ਼ਾਸਤਰ ਦੀ ਵਿਧੀ ਨੂੰ ਆਧਾਰ ਬਣਾ ਕੇ ਖੇਤੀ ਖੇਤਰ ਦੇ ਸੰਕਟ ਨੂੰ ਸਮੁੱਚੀ ਕਿਸਾਨੀ ਦੇ ਸੰਕਟ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਨ੍ਹਾਂ ਦੀਆਂ ਲਿਖਤਾਂ ਵਿਚ ਸੰਕਟ ਦੀ ਸਮਝ ਅਤੇ ਉਸ ਦੇ ਹੱਲ ਲਈ ਕਿਤੇ ਵੀ ਮਾਰਕਸਵਾਦੀ ਜਮਾਤੀ ਵਿਸ਼ਲੇਸ਼ਣ ਦੀ ਝਲਕ ਨਹੀਂ ਮਿਲਦੀ। ਇਨ੍ਹਾਂ ਦੀਆਂ ਲਿਖਤਾਂ ਵਿਚ ਖੇਤੀ ਸੰਕਟ ਦਾ ਇਕੋ-ਇਕ ਹੱਲ ਸਰਕਾਰੀ ਰਿਆਇਤਾਂ ਦੀ ਲਗਾਤਾਰਤਾ ਅਤੇ ਉਸ ਵਿਚ ਵਾਧਾ ਕਰ ਕੇ ਹੋ ਸਕਦਾ ਹੈ।

ਦੂਜਾ ਧੜਾ ਜੋ ਪਿਛਲੇ ਕੁਝ ਦਹਾਕਿਆਂ ਤੋਂ ਅਰਥ ਸ਼ਾਸਤਰੀਆ ਦੇ ਨਜ਼ਰੀਏ ਅਤੇ ਵਿਸ਼ਲੇਸ਼ਣ ਨੂੰ ਪਿੱਛੇ ਛੱਡ ਕੇ, ਪੰਜਾਬ ਦੇ ਸੰਕਟ ਦੇ ਹੱਲ ਦਾ ਦਾਅਵਾ ਪੇਸ਼ ਕਰਦਾ ਹੈ, ਉਹ ਉਤਰ-ਆਧੁਨਿਕਤਾਵਾਦੀ ਹੈ। ਇਸ ਧੜੇ ਨੇ ਪੰਜਾਬ ਦੇ ਖੇਤੀ ਖੇਤਰ ਅਤੇ ਸਮੁੱਚੇ ਪੰਜਾਬ ਦੇ ਸੰਕਟ ਨੂੰ ਉਤਰ-ਆਧੁਨਿਕਤਾਵਾਦੀ ਨਾਅਰਿਆਂ (ਪਛਾਣ, ਲਿੰਗ, ਸਭਿਆਚਾਰ, ਭਾਸ਼ਾ, ਕੌਮ ਆਦਿ) ਨਾਲ ਜੋੜ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦਾ ਸਾਰਾ ਦਾਰੋਮਦਾਰ ਸੁਨਹਿਰੀ ਪਿਛੋਕੜ ਨੂੰ ਮੁੜ-ਸੁਰਜੀਤ 'ਤੇ ਲੱਗਿਆ ਹੋਇਆ ਹੈ। ਇਸ ਧੜੇ ਵਿਚ ਸਭ ਤੋਂ ਖਤਰਨਾਕ ਰੁਝਾਨ ਇਹ ਹੈ ਕਿ ਇਹ ਆਪਣੇ ਅਧਿਐਨ ਨੂੰ ਅਗਾਂਹਵਧੂ ਮਾਰਕਸਵਾਦੀ ਅਧਿਐਨ ਕਹਿ ਕੇ ਪੇਸ਼ ਕਰਦਾ ਹੈ ਪਰ ਮਾਰਕਸ, ਪ੍ਰੋ. ਰਣਧੀਰ ਸਿੰਘ ਅਤੇ ਬੌਧਿਕ ਮਾਰਕਸਵਾਦੀਆਂ ਦੀਆਂ ਲਿਖਤਾਂ ਵਿਚ ਇਹ ਕਿਤੇ ਨਹੀਂ ਲੱਭ ਸਕਿਆ ਕਿ ਪਿਛੋਕੜ ਨੂੰ ਮੁੜ-ਸੁਰਜੀਤ ਕਰ ਕੇ ਪੂੰਜੀਵਾਦ ਤੋਂ ਗੁਣਾਤਮਿਕ ਤੌਰ 'ਤੇ ਵਧੀਆ ਸਮਾਜ ਕਿਵੇਂ ਸਿਰਜਿਆ ਜਾ ਸਕਦਾ ਹੈ।

ਇਨ੍ਹਾਂ ਦੋਹਾਂ ਧੜਿਆਂ ਨੂੰ ਪ੍ਰੋ. ਰਣਧੀਰ ਸਿੰਘ ਦੇ ਮੌਲਿਕ ਮਾਰਕਸਵਾਦੀ ਨਜ਼ਰੀਏ ਤੋਂ ਦੇਖੀਏ ਤਾਂ ਇਨ੍ਹਾਂ ਦੀ ਪੰਜਾਬ ਸੰਕਟ ਨੂੰ ਸਮਝਣ ਦੀ ਵਿਧੀ ਅਤੇ ਉਸ ਦੇ ਹੱਲ ਦੇ ਸੁਝਾਅ ਕਿਸੇ ਵੀ ਪੱਖ ਤੋਂ ਮਾਰਕਸਵਾਦੀ ਨਹੀਂ। ਮਾਰਕਸਵਾਦੀ ਵਿਧੀ ਅਤੇ ਵਿਸ਼ਲੇਸ਼ਣ ਦਾ ਆਧਾਰ, ਪੂੰਜੀਵਾਦੀ ਸਮਾਜ ਦੇ ਆਰਥਿਕ ਢਾਂਚੇ ਤੋਂ ਸ਼ੁਰੂ ਹੁੰਦੇ ਹੋਏ ਉਸ ਦੇ ਸਿਆਸੀ ਅਤੇ ਸਮਾਜਿਕ ਢਾਂਚੇ ਦੇ ਨਿਰੀਖਣ ਵੱਲ ਵਧਦਾ ਹੈ। ਇਸ ਸਮੁੱਚੇ ਨਿਰੀਖਣ ਵਿਚ ਜਮਾਤਾਂ ਦੀ ਨਿਸ਼ਾਨਦੇਹੀ, ਸੰਕਟ ਦੀ ਜਮਾਤੀ ਸਮਝ ਅਤੇ ਹੱਲ ਦੀ ਜਮਾਤੀ ਵਿਆਖਿਆ ਮੁੱਖ ਹੁੰਦੇ ਹਨ। ਜੇ ਅਜੋਕੇ ਪੰਜਾਬ ਨੂੰ ਕਿਸੇ ਬੌਧਿਕ ਸੇਧ ਦੀ ਲੋੜ ਹੈ ਤਾਂ ਉਹ ਮੌਲਿਕ ਮਾਰਕਸਵਾਦੀ ਹੈ ਜੋ ਨਾ ਸਿਰਫ਼ ਸੰਕਟ ਦੀ ਸਜੀਵ (ਆਰਗੈਨਿਕ) ਸਮਝ ਪੇਸ਼ ਕਰਨ ਵਿਚ ਅਵਲ ਦਰਜੇ ਦੀ ਵਿਧੀ ਹੈ ਬਲਕਿ ਇਸ ਦੇ ਹੱਲ ਲਈ ਜਮਾਤੀ ਲਾਮਬੰਦੀ ਦੀ ਲੋੜ ਅਤੇ ਉਸ ਨੂੰ ਸੇਧ ਦੇਣ ਲਈ ਵੀ ਉਚ-ਕੋਟੀ ਦੀ ਵਿਚਾਰਧਾਰਾ ਹੈ। ਇਸ ਸੂਰਤ ਵਿਚ ਕਿਹੋ ਜਿਹੀ ਸਿਆਸੀ ਸਮਝ ਲੋੜੀਂਦੀ ਹੈ, ਉਸ ਲਈ ਪ੍ਰੋ. ਰਣਧੀਰ ਸਿੰਘ ਦੀਆਂ ਮੌਲਿਕ ਲਿਖਤਾਂ ਮੁੱਖ ਭੂਮਿਕਾ ਨਿਭਾ ਸਕਦੀਆਂ ਹਨ।

# ਅਜੋਕੇ ਪੂੰਜੀਵਾਦ ਨਾਲ ਵਧ ਰਹੀ ਬਰਬਰਤਾ

*ਪ੍ਰੋ. ਪ੍ਰਭਾਤ ਪਟਨਾਇਕ ਦੀ ਇਹ ਲਿਖਤ 'ਮੰਥਲੀ ਰਿਵਿਊ' ਚੋਂ ਧੰਨਵਾਦ ਸਹਿਤ ਦੇ ਰਹੇ ਹਾਂ, ਪ੍ਰੋ. ਪਟਨਾਇਕ ਅਜਿਹੇ ਪੂੰਜੀਵਾਦ ਦੇ ਸੰਕਟ ਤੇ ਭਾਰਤ ਦੀ ਹੋਣੀ ਤੇ ਅਣਹੋਣੀ ਨੂੰ ਸਮਝਣ ਤੇ ਦਰਸਾਉਣ ਵਾਲੇ ਸਭ ਤੋਂ ਵੱਡੇ ਵਿਦਵਾਨਾਂ 'ਚ ਆਉਂਦੇ ਹਨ ਜਿਨ੍ਹਾਂ ਰਾਜਨੀਤਕ ਆਰਥਿਕਤਾ ਨੂੰ ਕੇਂਦਰ 'ਚ ਬਣਾ ਕੇ ਲੇਖਣੀ ਕੀਤੀ। – ਸੰਪਾਦਕ*



ਪ੍ਰੋ. ਪ੍ਰਭਾਤ ਪਟਨਾਇਕ

1915 ਵਿੱਚ ਜੇਲ੍ਹ ਤੋਂ ਲਿਖੇ ਗਏ ਜੂਨੀਅਸ ਪੈਂਫਲੈਟ ਵਿੱਚ ਰੋਜ਼ਾ ਲਕਸਮਬਰਗ ਨੇ ਕਿਹਾ ਸੀ ਕਿ ਮਨੁੱਖਜਾਤੀ ਦੇ ਸਾਹਮਣੇ ਵਿਕਲਪ ਬਰਬਰਤਾ ਅਤੇ ਸਮਾਜਵਾਦ ਵਿੱਚਕਾਰ ਸੀ। ਉਦਾਰਵਾਦੀ ਰਾਏ ਇਸ ਦਾ ਵਿਰੋਧ ਕਰੇਗੀ, ਇਹ ਦਲੀਲ ਦੇਵੇਗੀ ਕਿ ਦੋ ਵਿਸ਼ਵ ਯੁੱਧਾਂ ਅਤੇ ਵਿਚਕਾਰਲੇ ਸਮੇਂ ਨੂੰ ਦਰਸਾਉਣ ਵਾਲੀ ਬਰਬਰਤਾ ਦਾ ਪੂੰਜੀਵਾਦ ਨਾਲ ਕੋਈ ਸਬੰਧ ਨਹੀਂ ਸੀ; ਅਸਲ ਵਿੱਚ ਉਦਾਰਵਾਦੀ ਪ੍ਰਵਿਰਤੀ ਜੋ ਪੂੰਜੀਵਾਦ ਦੇ ਅਧੀਨ ਸਾਹਮਣੇ ਆਉਂਦੀ ਹੈ, ਇਹ ਦਾਅਵਾ ਕਰਦੀ ਹੈ, ਉਸ ਦੌਰ ਦੀ ਬਰਬਰਤਾ ਵਿਰੁੱਧ ਲੜਦੀ ਹੈ। ਪੂੰਜੀਵਾਦ, ਇਹ ਦਾਅਵਾ ਕਰੇਗਾ, ਮਨੁੱਖੀ ਕਦਰਾਂ-ਕੀਮਤਾਂ ਦੀ ਬੇਮਿਸਾਲ ਹੱਦ ਤੱਕ ਚੜ੍ਹਾਈ ਦੁਆਰਾ ਵਿਸ਼ੇਸ਼ਤਾ ਕੀਤੀ ਗਈ ਹੈ, ਜਿਵੇਂ ਕਿ ਯੁੱਧ ਤੋਂ ਬਾਅਦ ਦੇ ਸਾਲਾਂ ਨੇ ਦਿਖਾਇਆ ਹੈ। ਪਰ ਪੂੰਜੀਵਾਦ ਅਧੀਨ ਮਨੁੱਖੀ ਕਦਰਾਂ-ਕੀਮਤਾਂ ਦੇ ਸਾਹਮਣੇ ਆਉਣ ਦੀ ਗੱਲ ਕਰਨਾ ਸਾਮਰਾਜਵਾਦ ਦੇ ਵਰਤਾਰੇ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਨਾ ਹੈ। ਬਰਤਾਨਵੀ ਸ਼ਾਸਨ ਦੇ ਅਧੀਨ ਭਾਰਤ ਵਿੱਚ ਅਕਾਲ ਦੇ ਪ੍ਰਭਾਵ ਨੂੰ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ: ਇਹ ਨਿਯਮ 1770 ਵਿੱਚ ਬੰਗਾਲ ਵਿੱਚ ਇੱਕ ਅਕਾਲ ਨਾਲ ਸ਼ੁਰੂ ਹੋਇਆ ਸੀ ਜਿਸ ਵਿੱਚ 10 ਮਿਲੀਅਨ ਲੋਕਾਂ ਦੀ ਮੌਤ ਹੋ ਗਈ ਸੀ, ਜੋ ਕਿ ਸੂਬੇ ਦੀ ਆਬਾਦੀ ਦਾ ਇੱਕ ਤਿਹਾਈ ਹਿੱਸਾ ਸੀ, ਕਿਉਂਕਿ ਇਸਦੀ ਆਮਦਨੀ ਦੀਆਂ ਮੰਗਾਂ ਦੀ ਗਤੀਸ਼ੀਲਤਾ ਸੀ; ਇਸ ਸ਼ਾਸਨ ਦੇ ਅੰਤ ਵਿੱਚ 1943 ਵਿੱਚ ਬੰਗਾਲ ਵਿੱਚ ਇੱਕ ਹੋਰ ਕਾਲ ਪੈ ਗਿਆ ਕਿਉਂਕਿ ਸਰਕਾਰ ਦੁਆਰਾ ਅਪਣਾਈ ਗਈ ਪੂਰੀ ਤਰ੍ਹਾਂ ਜ਼ਾਲਮ ਯੁੱਧ-ਵਿੱਤੀ ਨੀਤੀ ਦੇ ਕਾਰਨ ਘੱਟੋ-ਘੱਟ 30 ਲੱਖ ਲੋਕਾਂ ਦੀ ਮੌਤ ਹੋ ਗਈ ਸੀ। (ਅੱਜ ਦੇ) ਨਾਮੀਬੀਆ ਵਿੱਚ ਜਰਮਨ ਸ਼ਾਸਨ ਨੇ ਮੌਤ ਦੇ ਕੈਂਪਾਂ ਦੀ ਸ਼ੁਰੂਆਤ ਕੀਤੀ ਸੀ ਜਿਸ ਨੇ ਵੱਡੀ ਗਿਣਤੀ ਵਿੱਚ ਕਬਾਇਲੀ ਆਬਾਦੀ ਨੂੰ ਖਤਮ ਕਰ ਦਿੱਤਾ ਸੀ ਅਤੇ 1930 ਦੇ ਦਹਾਕੇ ਵਿੱਚ ਹਿਟਲਰ ਦੇ ਨਜ਼ਰਬੰਦੀ-ਕਮ-ਮੌਤ ਕੈਂਪਾਂ ਲਈ 'ਮਾਡਲ' ਦਾ ਗਠਨ ਕੀਤਾ ਸੀ। ਲੀਓਪੋਲਡ ਦੇ ਸ਼ਾਸਨ ਦੇ ਅਧੀਨ ਕਾਂਗੋ ਵਿੱਚ ਬੈਲਜੀਅਨ ਅੱਤਿਆਚਾਰ ਜਿਸ ਵਿੱਚ ਮਨੁੱਖਾਂ ਦੇ ਵਿਗਾੜ ਨੂੰ ਸ਼ਾਮਲ ਕੀਤਾ ਗਿਆ ਸੀ, ਬਹੁਤ ਮਸ਼ਹੂਰ ਅਤੇ ਗਿਣਨ ਲਈ ਬਹੁਤ ਭਿਆਨਕ ਹਨ। ਅਤੇ ਸੰਸਾਰ ਦੇ ਤਪਸ਼ ਵਾਲੇ ਖੇਤਰਾਂ ਵਿੱਚ ਯੂਰਪੀਅਨ ਬਸਤੀਵਾਦੀ ਬਸਤੀਵਾਦ ਨੇ ਇੱਕ ਵਿਸ਼ਾਲ ਪੈਮਾਨੇ 'ਤੇ ਸਥਾਨਕ ਆਬਾਦੀ ਨੂੰ ਖਤਮ ਕਰ ਦਿੱਤਾ, ਰਿਜ਼ਰਵੇਸ਼ਨ ਵਿੱਚ ਬਚਣ ਵਾਲਿਆਂ ਨੂੰ ਝੁੰਡ ਦਿੱਤਾ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਅਤੇ ਰਿਹਾਇਸ਼ਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਇੱਕ ਬੇਰਹਿਮੀ ਦੇ ਇਸ litany ਦੇ ਨਾਲ 'ਤੇ ਜਾ ਸਕਦਾ ਹੈ; ਮਹੱਤਵਪੂਰਨ ਗੱਲ ਇਹ ਹੈ ਕਿ ਇਸ ਬੇਰਹਿਮੀ ਦਾ ਉਦੇਸ਼ ਸਾਦਾ ਭੌਤਿਕ ਲਾਭ ਸੀ, ਜੋ ਕਿ ਪੂੰਜੀਵਾਦ ਦੀ ਵਿਸ਼ੇਸ਼ਤਾ ਹੈ। ਬੇਸ਼ੱਕ ਇਹ ਦਲੀਲ ਦਿੱਤੀ ਜਾਏਗੀ ਕਿ ਪੂੰਜੀਵਾਦ ਦੇ ਹੋਂਦ ਵਿੱਚ ਆਉਣ ਤੋਂ ਬਹੁਤ ਪਹਿਲਾਂ, ਲੁੱਟ ਅਤੇ ਲੁੱਟ ਨੇ ਯੁੱਧਾਂ ਅਤੇ ਜਿੱਤਾਂ ਲਈ ਪ੍ਰੇਰਣਾ ਪ੍ਰਦਾਨ ਕੀਤੀ ਸੀ; ਇਸ ਲਈ ਇੱਕ ਪੂੰਜੀਵਾਦ ਨੂੰ ਇਸ ਵਿੱਚ ਕਿਉਂ ਖਿੱਚਣਾ ਚਾਹੀਦਾ ਹੈ? ਇਸ ਦਾ ਜਵਾਬ ਦੋ-ਗੁਣਾ ਹੈ: ਪਹਿਲਾ, ਮਨੁੱਖੀ ਕਦਰਾਂ-ਕੀਮਤਾਂ ਨੂੰ ਅੱਗੇ ਵਧਾਉਣ ਵਾਲੀ ਪੂੰਜੀਵਾਦ ਦੀਆਂ ਸਾਰੀਆਂ ਗੱਲਾਂ, ਇਸ ਤੋਂ ਬਾਅਦ, ਸਿਰਫ ਹਾਈਪਰਬੋਲ ਹਨ; ਸਭ ਤੋਂ ਵਧੀਆ ਇਹ ਇਸ ਤੋਂ ਪਹਿਲਾਂ ਨਾਲੋਂ ਬਿਹਤਰ ਨਹੀਂ ਹੈ। ਅਤੇ ਦੂਸਰਾ, ਪਹਿਲੇ ਦੌਰ ਦੀ ਲੁੱਟ-ਖਸੁੱਟ ਸਰਮਾਏਦਾਰੀ ਦੇ ਅਧੀਨ ਵਾਪਰਨ ਵਾਲੀਆਂ ਘਟਨਾਵਾਂ ਨਾਲੋਂ ਬਹੁਤ ਵੱਖਰੀ ਸੀ। ਪਹਿਲਾਂ



ਦੁਨੀਆ ਦੀ ਪ੍ਰਸਿੱਧ ਮਾਰਕਸਵਾਦੀ ਚਿੰਤਕ ਰੋਜ਼ਾ ਲਕਸਮਬਰਗ ਨੇ ਕਿਹਾ ਸੀ ਜੇ ਪੂੰਜੀਵਾਦ ਦਾ ਬਦਲ ਸਮਾਜਵਾਦ ਨਹੀਂ ਆਉਂਦਾ ਤਾਂ ਮਨੁੱਖਤਾ ਸਾਹਮਣੇ ਬਰਬਰਤਾ ਹੀ ਇਕ ਬਦਲ ਰਹਿ ਜਾਵੇਗੀ। ਇਹ ਉਸ ਦੀ ਭਵਿੱਖਬਾਣੀ ਸਿੱਧ ਸਾਬਤ ਹੋ ਰਹੀ ਹੈ।

ਦੀ ਲੁੱਟ ਨੇ ਅਜੇ ਵੀ ਉਹਨਾਂ ਕੋਲ ਕੁਝ ਛੱਡਿਆ ਸੀ ਜੋ ਲੁੱਟੇ ਗਏ ਸਨ, ਜਾਂ ਘੱਟੋ ਘੱਟ ਉਹਨਾਂ ਨੂੰ ਸਮੇਂ ਦੇ ਨਾਲ ਉਹਨਾਂ ਦੇ ਨੁਕਸਾਨ ਦੀ ਭਰਪਾਈ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ (ਭਾਵੇਂ ਇਹ ਬਾਅਦ ਵਿੱਚ ਹੋਰ ਲੁੱਟ ਨੂੰ ਸੱਦਾ ਦੇ ਸਕਦਾ ਹੈ); ਪਰ ਪੂੰਜੀਵਾਦ ਦੇ ਅਧੀਨ ਦੱਬੇ-ਕੁਚਲੇ ਲੋਕਾਂ ਦੀ ਸਥਾਈ ਜ਼ਬਤ ਹੈ। ਪੂੰਜੀਵਾਦ ਨੇ ਜੰਗ ਤੋਂ ਬਾਅਦ ਦੇ ਦੌਰ ਵਿੱਚ, ਆਪਣੇ ਆਪ ਦੇ ਇਸ ਅਕਸ ਨੂੰ, ਮਨੁੱਖੀ ਸ਼ਕਤੀ ਦੇ ਰੂਪ ਵਿੱਚ ਪੇਸ਼ ਕੀਤਾ ਸੀ, ਜੋ ਸਾਰੀਆਂ ਵਹਿਸ਼ੀ ਪ੍ਰਵਿਰਤੀਆਂ ਨਾਲ ਲੜਦੀ ਸੀ। ਖਾਸ ਤੌਰ 'ਤੇ ਹਾਲੀਵੁੱਡ ਫਿਲਮਾਂ ਦੀ ਵਰਤੋਂ ਕਰਦੇ ਹੋਏ, ਇਸ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਦੂਜਾ ਵਿਸ਼ਵ ਯੁੱਧ ਜ਼ਰੂਰੀ ਤੌਰ 'ਤੇ ਪੱਛਮੀ ਉਦਾਰਵਾਦੀ ਜਮਹੂਰੀਅਤ ਅਤੇ ਫਾਸ਼ੀਵਾਦ ਵਿਚਕਾਰ ਲੜਾਈ ਸੀ, ਅਤੇ ਯੁੱਧ ਵਿੱਚ ਸੋਵੀਅਤ ਯੂਨੀਅਨ ਦੀ ਨਿਰਣਾਇਕ ਭੂਮਿਕਾ ਨੂੰ ਘਟਾ ਰਿਹਾ ਸੀ। ਨਤੀਜੇ ਵਜੋਂ, ਪੱਛਮ ਸਮੇਤ ਸਾਰੇ ਸੰਸਾਰ ਵਿੱਚ ਸੋਵੀਅਤ ਯੂਨੀਅਨ ਲਈ ਜੋ ਅਥਾਹ ਹਮਦਰਦੀ ਮੌਜੂਦ ਸੀ, ਉਸ ਨੂੰ ਯੋਜਨਾਬੱਧ ਢੰਗ ਨਾਲ ਉੱਨਤ ਪੂੰਜੀਵਾਦੀ ਦੇਸ਼ਾਂ ਦੇ ਲੋਕਾਂ ਵਿੱਚ ਘਟਾ ਦਿੱਤਾ ਗਿਆ। ਉਹਨਾਂ ਨੂੰ ਇਹ ਪ੍ਰਭਾਵ ਦਿੱਤਾ ਗਿਆ ਸੀ ਕਿ ਉਹ ਇੱਕ ਮਨੁੱਖੀ ਪ੍ਰਣਾਲੀ ਦੇ ਅੰਦਰ ਰਹਿ ਰਹੇ ਹਨ ਜਿਸ ਵਰਗਾ ਪਹਿਲਾਂ ਕਦੇ ਨਹੀਂ ਸੀ। ਰੋਜ਼ਾ ਲਕਸਮਬਰਗ ਦੀ ਟਿੱਪਣੀ ਨੂੰ ਕਿਸੇ ਵੀ ਪ੍ਰਸੰਗਿਕਤਾ ਦੀ ਘਾਟ ਵਜੋਂ ਦਰਸਾਇਆ ਗਿਆ ਸੀ, ਵਿਅਤਨਾਮ ਅਤੇ ਹੋਰ ਯੁੱਧਾਂ ਦੇ ਬਾਵਜੂਦ ਜੋ ਯੁੱਧ ਤੋਂ ਬਾਅਦ ਦੀ ਮਿਆਦ ਨੂੰ ਦਰਸਾਉਂਦੀਆਂ ਸਨ, ਉਨ੍ਹਾਂ ਸਾਲਾਂ ਦੌਰਾਨ ਸ਼ਾਸਨ ਤਬਦੀਲੀ ਅਤੇ ਦਹਿਸ਼ਤ ਦੀਆਂ ਕਾਰਵਾਈਆਂ ਨੂੰ ਪ੍ਰਭਾਵਤ ਕਰਨ ਵਿੱਚ ਦੁਨੀਆ ਭਰ ਵਿੱਚ ਸੀਆਈਏ ਦੀਆਂ ਨਿਰਾਸ਼ਾਵਾਂ ਦਾ ਜ਼ਿਕਰ ਨਾ ਕਰਨ ਲਈ। ਪੂੰਜੀਵਾਦ ਦੇ ਮਨੁੱਖੀ ਸ਼ਕਤੀ ਹੋਣ ਦਾ ਇਹ ਭਰਮ ਹੁਣ ਖਤਮ ਹੋ ਗਿਆ ਹੈ। ਪੂੰਜੀਵਾਦ ਦੀ ਬਰਬਰਤਾ ਇਸ ਵੇਲੇ ਸਪੱਸ਼ਟ ਹੈ ਜਿਵੇਂ ਪਹਿਲਾਂ ਕਦੇ ਨਹੀਂ ਸੀ, ਅਤੇ ਸਭ ਤੋਂ ਦਿਲ ਦਹਿਲਾਉਣ ਵਾਲੀ, ਇਸਦੀ ਸਭ ਤੋਂ ਅਵਿਸ਼ਵਾਸ਼ਯੋਗ ਜ਼ਾਲਮ ਉਦਾਹਰਣ ਫਲਸਤੀਨੀਆਂ ਦੀ ਨਸਲਕੁਸ਼ੀ ਹੈ ਜੋ ਵਰਤਮਾਨ ਵਿੱਚ ਸਾਰੇ ਉੱਨਤ ਪੂੰਜੀਵਾਦੀ ਦੇਸ਼ਾਂ ਦੇ ਸਾਂਝੇ ਆਸ਼ੀਰਵਾਦ ਨਾਲ ਹੋ ਰਹੀ ਹੈ। ਘੱਟੋ-ਘੱਟ 28,000 ਆਮ ਨਾਗਰਿਕ ਮਾਰੇ ਗਏ ਹਨ, ਜਿਨ੍ਹਾਂ ਵਿੱਚੋਂ ਲਗਭਗ 70 ਪ੍ਰਤੀਸ਼ਤ ਔਰਤਾਂ ਅਤੇ ਬੱਚੇ ਹਨ; ਅਸਲ ਵਿੱਚ 1,00,000 ਤੋਂ ਵੱਧ ਲਾਪਤਾ ਹਨ, ਜਿਨ੍ਹਾਂ ਵਿੱਚੋਂ ਇੱਕ ਵੱਡੀ ਗਿਣਤੀ ਨੂੰ ਮਾਰਿਆ ਗਿਆ ਮੰਨਿਆ ਜਾਂਦਾ ਹੈ, ਜਿਸ ਨਾਲ 28,000 ਤੋਂ ਵੱਧ ਦੀ ਗਿਣਤੀ ਹੋ ਗਈ ਹੈ। ਪੂੰਜੀਵਾਦੀ ਸ਼ਕਤੀਆਂ ਦੁਆਰਾ UNRWA ਫੰਡਿੰਗ ਨੂੰ ਮੁਅੱਤਲ ਕੀਤੇ ਜਾਣ ਕਾਰਨ ਬਹੁਤੀ ਆਬਾਦੀ ਨੂੰ ਉਨ੍ਹਾਂ ਦੇ ਘਰਾਂ ਦੇ ਬਾਹਰ ਬੰਬ ਨਾਲ ਉਡਾ ਦਿੱਤਾ ਗਿਆ ਹੈ ਅਤੇ ਰਾਹਤ ਕਾਰਜ ਵੀ ਪ੍ਰਭਾਵਿਤ ਹੋਏ ਹਨ। ਪੱਛਮੀ ਏਸ਼ੀਆ ਲਈ ਆਰਥਿਕ ਅਤੇ ਸਮਾਜਿਕ ਕਮਿਸ਼ਨ, ਸੰਯੁਕਤ ਰਾਸ਼ਟਰ ਦੀ ਇੱਕ ਸੰਸਥਾ, ਨੇ ਗਾਜ਼ਾ ਵਿੱਚ ਜੋ ਕੁਝ ਹੋ ਰਿਹਾ ਹੈ ਉਸਨੂੰ '21ਵੀਂ ਸਦੀ ਵਿੱਚ ਸਭ ਤੋਂ ਘਾਤਕ 100 ਦਿਨ' ਕਿਹਾ ਹੈ। ਅਸੀਂ ਸੰਖੇਪ ਵਿੱਚ ਇੱਕ ਮਨੁੱਖੀ ਤਬਾਹੀ ਦੇ ਗਵਾਹ ਹਾਂ, ਜੋ ਕਿ ਵੱਡੀ ਸਰਮਾਏਦਾਰ ਸ਼ਕਤੀਆਂ ਦੇ ਸਰਗਰਮ ਸਮਰਥਨ ਨਾਲ ਇੱਕ ਪੂਰੀ ਤਰ੍ਹਾਂ ਅਣਮਨੁੱਖੀ ਅਤੇ ਹਮਲਾਵਰ ਜ਼ਿਆਨਵਾਦੀ ਸ਼ਾਸਨ ਦੁਆਰਾ ਜਾਰੀ ਕੀਤਾ ਗਿਆ ਹੈ। ਜ਼ੀਓਨਿਸਟ ਰਾਜ ਦੀ ਹਮਲਾਵਰਤਾ ਇੰਨੀ ਸਪੱਸ਼ਟ ਹੈ ਕਿ ਇਸਨੇ ਦੱਖਣੀ ਅਫ਼ਰੀਕਾ ਦੇ ਵਿਦੇਸ਼ ਮੰਤਰੀ ਨੂੰ ਆਪਣੇ ਅਤੇ ਉਸਦੇ ਪਰਿਵਾਰ ਲਈ ਗੰਭੀਰ ਨਤੀਜਿਆਂ ਦੀ ਧਮਕੀ ਵੀ ਦਿੱਤੀ, ਜਦੋਂ ਦੱਖਣੀ ਅਫ਼ਰੀਕਾ ਨੇ ਇਜ਼ਰਾਈਲ 'ਤੇ ਨਸਲਕੁਸ਼ੀ ਦਾ ਦੋਸ਼ ਲਗਾਉਂਦੇ ਹੋਏ ਅੰਤਰਰਾਸ਼ਟਰੀ ਨਿਆਂ ਅਦਾਲਤ ਵਿੱਚ ਗਿਆ। ਅਦਾਲਤ ਨੇ ਦੱਖਣੀ ਅਫ਼ਰੀਕਾ ਦੇ ਕੇਸ ਦੇ ਤੱਤ ਨੂੰ ਬਰਕਰਾਰ ਰੱਖਿਆ, ਅਤੇ ਇਜ਼ਰਾਈਲ ਨੂੰ ਕਿਸੇ ਵੀ ਨਸਲਕੁਸ਼ੀ ਦੀਆਂ ਕਾਰਵਾਈਆਂ ਤੋਂ ਬਚਣ ਲਈ ਕਿਹਾ, ਹਾਲਾਂਕਿ ਇਸਨੇ ਤੁਰੰਤ ਹੁਕਮ ਦੇਣ ਤੋਂ ਰੋਕ ਦਿੱਤਾ।

ਗਾਜ਼ਾ ਵਿੱਚ ਆਪਣੀ ਜੰਗ ਦਾ ਅੰਤ ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਹਰ ਉੱਨਤ ਪੂੰਜੀਵਾਦੀ ਸ਼ਕਤੀਆਂ ਨੇ ਇਜ਼ਰਾਈਲ ਦਾ ਸਮਰਥਨ ਕੀਤਾ, ਅਮਰੀਕਾ ਨੇ ਕਾਨੂੰਨੀ ਕਾਰਵਾਈ ਨੂੰ 'ਯੋਗਤਾ ਰਹਿਤ' ਕਿਹਾ, ਅਤੇ ਫਰਾਂਸ ਅਤੇ ਜਰਮਨੀ ਨੇ ਦਲੀਲ ਦਿੱਤੀ ਕਿ ਇਜ਼ਰਾਈਲ 'ਤੇ ਨਸਲਕੁਸ਼ੀ ਦਾ ਦੋਸ਼ ਲਗਾਉਣਾ ਇੱਕ 'ਨੈਤਿਕ ਹੱਦ' ਨੂੰ ਪਾਰ ਕਰਨਾ ਹੈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਜਿਵੇਂ 1915 ਵਿੱਚ ਰੋਜ਼ਾ ਲਕਸਮਬਰਗ ਲਿਖ ਰਿਹਾ ਸੀ, ਅੱਜ ਵੀ ਉੱਨਤ ਪੂੰਜੀਵਾਦ ਦੀ ਬਰਬਰਤਾ ਵਿੱਚ ਸਮਾਜਿਕ ਜਮਹੂਰੀਅਤ ਪੂਰੀ ਤਰ੍ਹਾਂ ਉਲਝੀ ਹੋਈ ਹੈ। ਜਦੋਂ ਕਿ ਦੁਨੀਆ ਭਰ ਵਿੱਚ ਸੜਕਾਂ ਉੱਤੇ ਆਮ ਲੋਕਾਂ ਨੇ ਇਜ਼ਰਾਈਲੀ ਹਮਲੇ ਦੇ ਵਿਰੁੱਧ ਵੱਡੀ ਅਤੇ ਪ੍ਰਭਾਵਸ਼ਾਲੀ ਸੰਖਿਆ ਵਿੱਚ ਪ੍ਰਦਰਸ਼ਨ ਕੀਤਾ ਹੈ, ਪੱਛਮ ਵਿੱਚ ਸਮੁੱਚੀ ਰਾਜਨੀਤਿਕ ਸਥਾਪਨਾ ਸਮਾਜਿਕ ਜਮਹੂਰੀਅਤ ਅਤੇ ਗ੍ਰੀਨਜ਼ ਤੱਕ, ਅਤੇ ਇੱਥੋਂ ਤੱਕ ਕਿ ਸਮਾਜਿਕ ਜਮਹੂਰੀਅਤ ਦੇ ਖੱਬੇ ਪਾਸੇ ਦੇ ਇੱਕ ਹਿੱਸੇ ਨੇ (ਜਿਵੇਂਕਿ ਉਦਾਹਰਨ ਲਈ ਜਰਮਨੀ ਵਿੱਚ ਡਾਈ ਲਿੰਕੇ), ਸਾਮਰਾਜਵਾਦ ਅਤੇ ਇਸਦੇ ਸਮਰਥਕ, ਇਜ਼ਰਾਈਲੀ ਬਸਤੀਵਾਦੀ ਬਸਤੀਵਾਦ ਦੇ ਪਿੱਛੇ ਕਤਾਰਬੱਧ ਹੈ। ਦੋ ਸਵਾਲ ਤੁਰੰਤ ਪੈਦਾ ਹੁੰਦੇ ਹਨ: ਵਿਸ਼ਵ ਲੋਕ ਰਾਏ, ਖਾਸ ਕਰਕੇ ਗਲੋਬਲ ਦੱਖਣ ਵਿੱਚ ਪ੍ਰਦਰਸ਼ਿਤ ਇਸ ਬਰਬਰਤਾ ਪ੍ਰਤੀ ਨਫ਼ਰਤ ਦੇ ਬਾਵਜੂਦ, ਸਾਮਰਾਜਵਾਦ ਆਪਣੇ ਵਹਿਸ਼ੀ ਸਵੈ ਨੂੰ ਪ੍ਰਗਟ ਕਰਨ ਲਈ ਇੰਨਾ ਹੌਂਸਲਾ ਕਿਵੇਂ ਬਣ ਗਿਆ ਹੈ? ਅਤੇ ਸਾਮਰਾਜਵਾਦ ਅਚਾਨਕ ਇੰਨਾ ਹਤਾਸ਼ ਕਿਉਂ ਹੋ ਗਿਆ ਹੈ ਕਿ ਉਸਨੂੰ ਆਪਣਾ ਵਹਿਸ਼ੀ ਸੁਭਾਅ ਦਿਖਾਉਣ ਦੀ ਲੋੜ ਹੈ? ਪਹਿਲੇ ਸਵਾਲ ਦਾ ਜਵਾਬ ਸੋਵੀਅਤ ਯੂਨੀਅਨ ਦੇ ਪਤਨ ਅਤੇ ਆਮ ਤੌਰ 'ਤੇ ਸਮਾਜਵਾਦੀ ਚੁਣੌਤੀ ਦੇ ਵਿਚਕਾਰ ਹੈ। ਜਿੰਨਾ ਚਿਰ ਸੋਵੀਅਤ ਯੂਨੀਅਨ ਕਾਇਮ ਰਿਹਾ, ਇਸ ਨੇ ਘੱਟੋ-ਘੱਟ ਯੁੱਧ ਤੋਂ ਬਾਅਦ ਦੇ ਸਾਲਾਂ ਵਿੱਚ, ਸੰਸਾਰਕ ਦੱਖਣ ਦੇ ਮੁਕਾਬਲੇ ਸਾਮਰਾਜਵਾਦੀ ਬਰਬਰਤਾ 'ਤੇ ਰੋਕ ਲਗਾਉਣ ਵਾਲੇ ਪ੍ਰਭਾਵ ਵਜੋਂ ਕੰਮ ਕੀਤਾ ਸੀ। ਦੂਜੇ ਸ਼ਬਦਾਂ ਵਿੱਚ ਸਮਾਜਵਾਦ ਦੇ ਡਰ ਨੇ ਸਾਮਰਾਜਵਾਦੀ ਬਰਬਰਤਾ ਨੂੰ ਰੋਕ ਦਿੱਤਾ ਸੀ, ਇਸ ਤਰ੍ਹਾਂ ਇੱਕ ਅਰਥ ਵਿੱਚ ਰੋਸਾ ਲਕਸਮਬਰਗ ਦੇ ਦਾਅਵੇ ਨੂੰ ਸਹੀ ਸਾਬਤ ਕੀਤਾ ਗਿਆ ਸੀ; ਉਹ ਸੰਜਮ ਹੁਣ ਖਤਮ ਹੋ ਗਿਆ ਹੈ। ਦੂਜੇ ਸਵਾਲ ਦਾ ਜਵਾਬ ਇਸ ਤੱਥ ਵਿੱਚ ਹੈ ਕਿ ਸਾਮਰਾਜੀ ਵਿਵਸਥਾ ਜੋ ਪਹਿਲਾਂ ਅਸਥਿਰ ਹੋ ਚੁੱਕੀ ਸੀ, ਨੂੰ ਉਪਨਿਵੇਸ਼ੀਕਰਨ ਅਤੇ ਤੀਜੀ ਦੁਨੀਆਂ ਦੇ ਵਿਤਕਰਿਆਂ ਦੇ ਅੱਗੇ ਝੁਕਣ ਲਈ ਬਣਾਇਆ ਗਿਆ ਸੀ, ਪਰ ਨਵਉਦਾਰਵਾਦੀ ਨਿਜ਼ਾਮ ਦੇ ਥੋਪ ਕੇ ਆਪਣੇ ਆਪ ਨੂੰ ਪੁਨਰਗਠਿਤ ਕੀਤਾ ਗਿਆ ਸੀ, ਮੁੜ ਭੁਗਤਣਾ ਪੈ ਰਿਹਾ ਹੈ। ਇੱਕ ਜਾਨਲੇਵਾ ਧਮਕੀ; ਅਤੇ ਪਹਿਲਾਂ ਦੇ ਆਰਡਰ ਅਤੇ ਮੌਜੂਦਾ ਵਿੱਚ ਇੱਕ ਮਹੱਤਵਪੂਰਨ ਅੰਤਰ ਹੈ, ਅਰਥਾਤ ਜਦੋਂ ਕਿ ਯੁੱਧ ਤੋਂ ਪਹਿਲਾਂ ਦਾ ਆਰਡਰ ਅੰਤਰ-ਸਾਮਰਾਜਵਾਦੀ ਦੁਸ਼ਮਣੀ ਦੁਆਰਾ ਦਰਸਾਇਆ ਗਿਆ ਸੀ, ਮੌਜੂਦਾ ਸਾਮਰਾਜੀ ਆਦੇਸ਼ ਦੁਸ਼ਮਣੀ ਦੇ ਚੁੱਪ ਅਤੇ ਸਾਮਰਾਜ ਵਿੱਚ ਇੱਕ ਬੇਮਿਸਾਲ ਏਕਤਾ ਦੁਆਰਾ ਦਰਸਾਇਆ ਗਿਆ ਹੈ। ਸ਼ਕਤੀਆਂ, ਕਿਉਂਕਿ ਇਸ ਦੀ ਪ੍ਰਧਾਨਗੀ ਅੰਤਰਰਾਸ਼ਟਰੀ ਵਿੱਤ ਪੂੰਜੀ ਦੁਆਰਾ ਕੀਤੀ ਜਾਂਦੀ ਹੈ ਜੋ ਨਹੀਂ ਚਾਹੁੰਦੀ ਕਿ ਵਿਸ਼ਵ ਵੰਡਿਆ ਜਾਵੇ। ਇਸ ਲਈ ਮੌਜੂਦਾ ਵਿਵਸਥਾ ਨੇ ਵਿਸ਼ਵ ਦੇ ਕਿਰਤੀ ਲੋਕਾਂ ਦੇ ਸਾਹਮਣੇ ਆਲਮੀ ਪੂੰਜੀ ਨੂੰ ਇਕਜੁੱਟ ਕਰ ਦਿੱਤਾ ਹੈ, ਨਾ ਸਿਰਫ਼ ਉੱਨਤ ਪੂੰਜੀਵਾਦੀ ਦੇਸ਼ਾਂ ਦੇ ਮਜ਼ਦੂਰਾਂ, ਸਗੋਂ ਵਿਸ਼ਵ ਦੱਖਣ ਦੇ ਮਜ਼ਦੂਰ ਅਤੇ ਕਿਸਾਨ ਵੀ, ਜੋ ਸਾਰੇ ਇਸ ਨਵੇਂ ਸਾਮਰਾਜੀ ਹੁਕਮ ਦਾ ਸ਼ਿਕਾਰ ਹੋਏ ਹਨ। ਦੁਨੀਆਂ ਦੇ ਕਿਰਤੀ ਲੋਕਾਂ ਦੇ ਇਸ ਅਤਿਆਚਾਰ ਨੇ ਇਸ ਸਾਮਰਾਜੀ ਵਿਵਸਥਾ ਲਈ ਸੰਕਟ ਪੈਦਾ ਕੀਤਾ ਹੈ, ਕਿਉਂਕਿ ਇਸ ਨੇ ਵਿਸ਼ਵ ਅਰਥਚਾਰੇ ਵਿੱਚ ਖਪਤ ਨੂੰ ਘਟਾ ਦਿੱਤਾ ਹੈ ਅਤੇ ਇਸ ਤਰ੍ਹਾਂ ਮੰਡੀਆਂ ਦੇ ਵਾਧੇ ਨੂੰ ਰੋਕ ਦਿੱਤਾ ਹੈ ਅਤੇ ਵੱਧ ਉਤਪਾਦਨ ਦਾ ਸੰਕਟ ਪੈਦਾ ਕੀਤਾ ਹੈ। ਨਵਉਦਾਰਵਾਦੀ ਸ਼ਾਸਨ ਦੇ ਅੰਦਰ ਆਪਣੇ ਆਪ ਵਿੱਚ ਇਸ ਸੰਕਟ ਦਾ ਕੋਈ ਹੱਲ ਨਹੀਂ ਹੈ, ਕਿਉਂਕਿ ਰਾਜ ਦੀ ਸਰਗਰਮੀ (ਉਦਾਹਰਣ ਵਜੋਂ ਰਾਜ ਦੇ ਖਰਚੇ ਵਿੱਚ ਵਿੱਤੀ ਘਾਟੇ-ਵਿੱਤੀ ਵਾਧੇ ਦੇ ਰੂਪ ਵਿੱਚ) ਨਵਉਦਾਰਵਾਦ ਲਈ ਵਿਨਾਸ਼ਕਾਰੀ ਹੈ। ਨਤੀਜੇ ਵਜੋਂ, ਵਿਸ਼ਵ ਦੇ ਕਿਰਤੀ ਲੋਕ ਜੋ ਪਹਿਲਾਂ ਹੀ ਵਿਸ਼ਵ ਪੱਧਰ 'ਤੇ ਇਕਜੁੱਟ ਅੰਤਰਰਾਸ਼ਟਰੀ ਪੂੰਜੀ ਦਾ ਸ਼ਿਕਾਰ ਸਨ, ਹੁਣ ਬੇਰੁਜ਼ਗਾਰੀ ਦਾ ਹੋਰ ਵੀ ਸ਼ਿਕਾਰ ਹੋ ਰਹੇ ਹਨ, ਜਿਸ ਨਾਲ ਨਵੇਂ ਆਦੇਸ਼ ਵਿਰੁੱਧ ਖਤਰੇ ਨੂੰ ਹੋਰ ਵੀ ਗੰਭੀਰ ਬਣਾਇਆ ਜਾ ਰਿਹਾ ਹੈ। ਸੰਕਟ ਨੇ ਬਹੁਤ ਸਾਰੇ ਦੇਸ਼ਾਂ ਦੇ ਅੰਦਰ ਫਾਸੀਵਾਦੀ ਸ਼ਾਸਨ ਪੈਦਾ ਕੀਤਾ ਹੈ; ਪਰ ਇਹ ਇੱਕ ਬਹੁਤ ਹੀ ਦਮਨਕਾਰੀ ਗਲੋਬਲ ਆਰਡਰ ਵੀ ਪੈਦਾ ਕਰ ਰਿਹਾ ਹੈ ਜਿੱਥੇ ਫਾਸੀਵਾਦੀ ਅਤੇ ਗੈਰ-ਫਾਸੀਵਾਦੀ ਪੂੰਜੀਵਾਦੀ ਸ਼ਕਤੀਆਂ ਦੇਸ਼ ਅਤੇ ਵਿਦੇਸ਼ਾਂ ਵਿੱਚ ਕਿਰਤੀ ਲੋਕਾਂ ਨੂੰ ਦਬਾਉਣ ਲਈ ਇੱਕਠੇ ਹੁੰਦੀਆਂ ਹਨ। ਇਸ ਜਬਰ ਵਿਚ ਕਿਸੇ ਨੈਤਿਕਤਾ ਦੀ ਕੋਈ ਗੁੰਜਾਇਸ਼ ਨਹੀਂ ਹੈ; ਬਰਬਰਤਾ ਪੂਰੀ ਤਰ੍ਹਾਂ ਦਿਖਾਈ ਦੇ ਰਹੀ ਹੈ ਅਤੇ ਪੂੰਜੀਵਾਦੀ ਸ਼ਕਤੀਆਂ ਇਸ ਬਰਬਰਤਾ ਦੇ ਬਚਾਅ ਵਿੱਚ ਇੱਕਜੁੱਟ ਹੋ ਕੇ ਖੜ੍ਹੀਆਂ ਹਨ, ਭਾਵੇਂ ਕੋਈ ਵੀ ਵਿਸ਼ੇਸ਼ ਸ਼ਕਤੀ ਇਸ ਨੂੰ ਅੰਜਾਮ ਦੇ ਰਹੀ ਹੋਵੇ।

# ਸਾਮਰਾਜਵਾਦੀ ਵਿਰੋਧੀ ਲਹਿਰਾਂ ਦਾ ਨਾਇਕ-ਸ਼ਹੀਦ ਭਗਤ ਸਿੰਘ

**ਸ਼ਹੀਦ-ਏ-ਆਜਮ ਭਗਤ ਸਿੰਘ ਦੀ ਬਰਤਾਨਵੀ ਸਮਾਰਾਜ ਵਿਰੁੱਧ ਸੋਚਣ ਦੀ ਵਿਧੀ ਉਸ ਦੀਆਂ ਲਿਖਤਾਂ ਅਤੇ ਉਸ ਵਲੋਂ ਕੀਤੇ ਗਏ ਸੰਘਰਸ਼ਾਂ ਵਿਚ ਮਿਲਦੀ ਹੈ। ਜਿਸ ਕਿਸਮ ਨਾਲ ਉਹ ਤੇ ਉਨ੍ਹਾਂ ਦੇ ਸਾਥੀਆਂ ਨੇ ਸਾਮਰਾਜੀ ਲੁੱਟ, ਉਨ੍ਹਾਂ ਦੇ ਵਿਚਾਰ ਅਤੇ ਉਨ੍ਹਾਂ ਖਿਲਾਫ਼ ਲੜਨ ਦੀ ਯੁੱਧਨੀਤੀ ਅਖਤਿਆਰ ਕੀਤੀ ਸੀ ਅਤੇ ਉਸ ਵਿਚੋਂ ਸਬਕ ਨਿਕਲਿਆ ਸੀ ਜਦ ਤੱਕ ਦੁਨੀਆ ਭਰ ਵਿਚ ਸਾਮਰਾਜ ਅਤੇ ਪੂੰਜੀਵਾਦ ਰਹੇਗਾ ਉਦੋਂ ਤੱਕ ਲੋਕਾਂ 'ਤੇ ਸੰਕਟ ਰਹਿਣਗੇ। ਉਸ ਵਿਚੋਂ ਨਿਕਲਣ ਲਈ ਇਕ ਪਾਸੇ ਸਾਨੂੰ ਮਾਰਕਸ ਅਤੇ ਲੈਨਿਨ ਤੋਂ ਅਗਵਾਈ ਲੈਣੀ ਪਵੇਗੀ ਅਤੇ ਦੂਸਰੇ ਪਾਸੇ ਆਪਣੇ ਮੁਲਕ ਦੀਆਂ ਸਥਿਤੀਆਂ ਦਾ ਅਧਿਐਨ ਕਰਕੇ ਸਮਾਜਵਾਦ ਲਈ ਲੜਾਈਆਂ ਲੜਨੀਆਂ ਪੈਣਗੀਆਂ। ਇਹ ਜੰਗ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਮਨੁੱਖ ਤੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੋ ਜਾਂਦੀ। 'ਸਰੋਕਾਰਾਂ ਦੀ ਆਵਾਜ਼' ਦੁਨੀਆ ਦੇ ਕੋਨੇ 'ਤੇ ਲੜੀਆਂ ਜਾ ਰਹੀਆਂ ਸਾਮਰਾਜੀ ਵਿਰੋਧੀ ਲਹਿਰਾਂ ਵਿਚ ਯੋਗਦਾਨ ਪਾਉਣ ਹਿੱਤ ਸ਼ਹੀਦ-ਏ-ਆਜਮ ਭਗਤ ਸਿੰਘ ਦੀ ਅੱਜ ਵੀ ਪ੍ਰਸੰਗਕਤਾ ਮੰਨਦਾ ਹੈ। - ਸੰਪਾਦਕ**




**ਨਰਭਿੰਦਰ**
**93544-30711**

ਸ਼ਹੀਦ ਭਗਤ ਸਿੰਘ ਬਸਤੀਵਾਦੀ ਵਿਰੋਧੀ ਲਹਿਰਾਂ ਦਾ ਉਹ ਨਾਇਕ ਹੈ, ਜਿਹੜਾ ਸਾਮਰਾਜਵਾਦ ਤੋਂ ਮੁਕਤੀ ਲਈ ਰਾਜਨੀਤਕ, ਸਮਾਜਿਕ ਹਾਲਤਾਂ ਦਾ ਗੰਭੀਰ ਅਧਿਐਨ ਕਰਦਾ ਹੈ ਅਤੇ ਦੇਸ਼ ਵਿਚ ਚਲ ਰਹੀ ਅਜ਼ਾਦੀ ਦੀ ਲਹਿਰ ਨੂੰ ਠੋਸ ਬਦਲ ਦੇਣ ਦੇ ਮਹੱਤਵਪੂਰਨ ਕੰਮ ਨੂੰ ਹੱਥ ਪਾਉਂਦਾ ਹੈ। ਹਿੰਸਕ ਸਰਗਰਮੀਆਂ ਤੋਂ ਸਾਮਰਾਜਵਾਦ ਤੱਕ ਅਹੁਲਣ ਵਾਲੇ ਭਗਤ ਸਿੰਘ ਨੇ ਸ਼ਾਇਦ ਸਭ ਤੋਂ ਵੱਧ ਯੂਰਪੀਨ ਸਾਹਿਤ ਦਾ ਗੰਭੀਰ ਅਘਿਐਨ ਕੀਤਾ ਅਤੇ ਇਸੇ ਅਧਿਐਨ ਦੇ ਆਧਾਰ ਉਤੇ ਉਨ੍ਹਾਂ ਦੋ ਨਾਅਰੇ ਨਵੀਂ ਪੀੜ੍ਹੀ ਨੂੰ ਦਿੱਤੇ- ਸਾਮਰਾਜਵਾਦ-ਮਰਦਾਬਾਦ' ਅਤੇ 'ਇਨਕਲਾਬ ਜਿੰਦਾਬਾਦ'। ਜੂਨ 1929 ਨੂੰ ਅਸੈਂਬਲੀ ਬੰਬ ਕਾਂਡ ਵਿਚ ਦਿੱਤੇ ਬਿਆਨ 'ਚ ਸਪਸ਼ਟ ਕੀਤਾ ਕਿ "ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆ ਉਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਬਦਲਣਾ ਚਾਹੀਦਾ ਹੈ।" ਮਜ਼ਦੂਰ ਭਾਵੇਂ ਸੰਸਾਰ ਦਾ ਸਭ ਤੋਂ ਜ਼ਰੂਰੀ ਅੰਗ ਹਨ ਫਿਰ ਵੀ ਲੁਟੇਰੇ ਉਨ੍ਹਾਂ ਦੇ ਖੂਨ ਪਸੀਨੇ ਦੀ ਕਮਾਈ ਹੜੱਪ ਜਾਂਦੇ ਹਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਬੁਨਿਆਦੀ ਅਧਿਕਾਰਾਂ ਤੋਂ ਵਾਂਝਿਆ ਰੱਖਦੇ ਹਨ। ਦੂਸਰਿਆਂ ਲਈ ਅੰਨ ਪੈਦਾ ਕਰਨ ਵਾਲਾ ਕਿਸਾਨ ਆਪਣੇ ਪਰਿਵਾਰ ਸਮੇਤ ਦਾਣੇ ਦਾਣੇ ਨੂੰ ਸਹਿਕਦਾ ਹੈ, "ਇਹ ਸਾਫ਼ ਹੈ ਕਿ ਹੁਣ ਵਾਲਾ ਸਮਾਜਿਕ ਢਾਂਚਾ, ਜਿਹੜਾ ਕਿ ਦੂਸਰਿਆਂ ਦੀ ਮਜਬੂਰੀ ਉਤੇ ਰੰਗ ਰਲੀਆਂ ਮਨਾ ਰਿਹਾ ਹੈ। ਇਕ ਜਵਾਲਾਮੁਖੀ ਦੇ ਮੂੰਹ ਉਤੇ ਬੈਠਾ ਹੈ।"

ਸਭਿਅਤਾ ਦਾ ਇਹ ਮਹਾਨ ਢਾਂਚਾ ਜੇ ਵੇਲੇ ਸਿਰ ਨਾ ਸੰਭਾਲਿਆ ਗਿਆ ਤਾਂ ਢਹਿ-ਢੇਰੀ ਹੋ ਜਾਵੇਗਾ। ਇਸ ਲਈ ਬੁਨਿਆਦੀ ਤਬਦੀਲੀ ਦੀ ਲੋੜ ਹੈ। ਇਹ ਬੁਨਿਆਦੀ ਤਬਦੀਲੀ ਅਤਿ ਜ਼ਰੂਰੀ ਹੈ। ਜਿਹੜੇ ਇਹ ਗੱਲ ਮਹਿਸੂਸ ਕਰਦੇ ਹਨ ਉਨ੍ਹਾਂ ਦਾ ਫਰਜ਼ ਹੈ ਕਿ ਸਮਾਜਵਾਦ ਦੇ ਆਧਾਰਤ ਸਮਾਜ ਦਾ ਪੁਨਰ ਨਿਰਮਾਣ ਕਰਨਾ।"

"ਇਨਕਲਾਬ ਤੋਂ ਸਾਡਾ ਭਾਵ ਅੰਤ ਇਕ ਐਸੀ ਵਿਵਸਥਾ ਕਾਇਮ ਕਰਨਾ ਹੈ ਜਿਸ ਨੂੰ ਇਸ ਤਰ੍ਹਾਂ ਚਕਨਾਚੂਰ ਹੋਣ ਦਾ ਖਤਰਾ ਨਾ ਹੋਵੇ ਅਤੇ ਜਿਸ ਵਿਚ ਕਿਰਤੀ ਮਜ਼ਦੂਰ ਵਰਗ ਦੀ ਸਰਦਾਰੀ ਨੂੰ ਮੰਨਿਆ ਜਾਵੇ ਅਤੇ ਇਕ ਵਿਸ਼ਵ ਸੰਗਠਨ ਰਾਹੀਂ ਮਨੁੱਖਤਾ ਨੂੰ ਪੂੰਜੀਵਾਦ ਦੇ ਬੰਦਨਾ ਤੋਂ ਅਤੇ ਸਾਮਰਾਜੀ ਜੰਗਾਂ ਦੀ ਤਬਾਹੀ ਤੋਂ ਹਿੰਮਤ ਕਰਕੇ ਅਜ਼ਾਦ ਕਰਵਾਇਆ ਜਾਵੇ।"

ਹਿੰਦੋਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ ਦੇ ਮੈਨੀਫੈਸਟੋ ਵਿਚ ਵੀ ਉਨ੍ਹਾਂ ਚਿੰਨਤ ਕੀਤਾ ਸੀ ਕਿ "ਭਾਰਤ ਸਾਮਰਾਜਵਾਦ ਦੇ ਜੂਲੇ ਹੇਠ ਪਿਸ ਰਿਹਾ ਹੈ।" "ਭਾਰਤ ਦੀ ਵੱਡੀ ਗਿਣਤੀ, ਜਿਹੜੀ ਕਿਰਤੀਆਂ ਕਿਰਸਾਨਾਂ ਦੀ ਹੈ, ਉਨ੍ਹਾਂ ਨੂੰ ਵਿਦੇਸ਼ੀ ਦਾਬੇ ਅਤੇ ਆਰਥਿਕ ਲੁੱਟ ਨੇ ਹੱਥਲ ਕਰ ਦਿੱਤਾ ਹੈ।" "ਉਹਨੂੰ ਦੋਹਰੇ ਖਤਰੇ ਦਾ ਸਾਹਮਣਾ ਹੈ, ਉਸ ਨੂੰ ਵਿਦੇਸ਼ੀ ਪੂੰਜੀ ਤੋਂ ਇਕ ਪਾਸੇ ਅਤੇ ਭਾਰਤੀ ਪੂੰਜੀਵਾਦ ਦੇ ਧੋਖੇ ਭਰੇ ਹਮਲੇ ਦਾ ਦੂਸਰੇ ਪਾਸੇ ਤੋਂ ਖਤਰਾ ਹੈ। ਭਾਰਤੀ ਪੂੰਜੀਵਾਦ, ਵਿਦੇਸ਼ੀ ਪੂੰਜੀ ਨਾਲ ਹਰ ਰੋਜ਼ ਵਧੇਰੇ ਗਠਜੋੜ ਕਰ ਰਿਹਾ ਹੈ।"

ਭਗਤ ਸਿੰਘ ਤੇ ਉਹਦੇ ਸਾਥੀਆਂ ਦੇ ਅਦਾਲਤਾਂ ਵਿਚ ਦਿੱਤੇ ਬਿਆਨ ਅਤੇ ਲਿਖਤਾਂ ਬਹੁਤ ਸਾਫ਼ ਕਰਦੀਆਂ ਹਨ ਕਿ ਭਾਰਤ ਵਿਚ ਬਰਤਾਨਵੀ ਬਸਤੀਵਾਦੀਆਂ ਵਿਰੁੱਧ ਚਲ ਰਹੀ ਅਜ਼ਾਦੀ ਦੀ ਲੜਾਈ ਦੀ ਅਲੱਗ ਅਲੱਗ ਧਾਰਾਵਾਂ ਨਾਲੋਂ ਬਿਲਕੁਲ ਹਟਵੀਂ ਲੀਕ ਖਿੱਚੀ। ਉਨ੍ਹਾਂ ਨੇ ਰੂਸ ਦੇ ਇਨਕਲਾਬ ਦਾ ਨਾ ਸਿਰਫ਼ ਪ੍ਰਭਾਵ ਹੀ ਕਬੂਲਿਆ ਸਗੋਂ ਉਹਦੀ ਵਿਲੱਖਣਤਾ ਦੇ ਸਿਧਾਂਤਕ ਪਹਿਲੂਆਂ ਦੇ ਅੰਦਰੂਨੀ ਤੱਤਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਜੇਲ੍ਹ ਜਾਣ ਤੋਂ ਪਹਿਲਾਂ ਵੀ ਅਤੇ ਜੇਲ੍ਹ ਜਾਣ ਤੋਂ ਪਿਛੋਂ ਵੀ ਉਨ੍ਹਾਂ ਨੇ ਅਧਿਐਨ ਕਰਕੇ ਜੋ ਲਕੀਰ ਖਿੱਚੀ, ਉਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਉਹ ਮਹਿਜ਼ ਬਰਤਾਨਵੀ ਬਸਤੀਵਾਦ ਤੋਂ ਮੁਕਤੀ ਤੱਕ ਸੀਮਤ ਨਹੀਂ ਸਨ ਸਗੋਂ ਸਮਾਜਿਕ ਸਰਚੰਨਾਂ ਵਿਚ ਬੁਨਿਆਦੀ ਤਬਦੀਲੀ ਚਾਹੁਣ ਵਾਲੇ ਸਨ। ਉਨ੍ਹਾਂ ਦਾ ਆਦਰਸ਼ ਰੂਸ ਵਿਚ ਲੈਨਿਨ ਦੀ ਅਗਵਾਈ ਵਿਚ ਉਸਾਰੀ ਜਾ ਰਹੀ ਸਮਾਜਵਾਦੀ ਵਿਵਸਥਾ ਸੀ।

ਭਗਤ ਸਿੰਘ ਨੇ ਉਸੇ ਸਮੇਂ ਭਵਿੱਖਬਾਜ਼ੀ ਕੀਤੀ ਸੀ ਜੋ ਯਥਾਰਥ ਦੇ ਆਧਾਰਤ ਸੀ ਕਿ ਜੇ ਭਾਰਤੀ ਸੱਤਾ 'ਗੋਰਿਆਂ' ਦੀ 'ਕਾਲ' ਅੰਗਰੇਜ਼ਾਂ ਦੇ ਹੱਥ ਆ ਜਾਵੇਗੀ ਤਾਂ ਵੀ ਕੋਈ ਫਰਕ ਪੈਣ ਵਾਲਾ ਨਹੀਂ। ਅੱਜ 77 ਸਾਲ ਬੀਤ ਚੁੱਕੇ ਹਨ। ਭਾਰਤੀ ਲੋਕਾਂ ਦੀ ਜ਼ਿੰਦਗੀ ਪਹਿਲਾਂ ਨਾਲੋਂ ਵੀ ਬਦ ਤੋਂ ਬਦਤਰ ਹੀ ਨਹੀਂ ਹੋਈ ਸਗੋਂ ਸਮਾਜ ਤੇ ਅਰਥ ਵਿਵਸਥਾ ਇਕ ਤਬਾਹੀ ਦੇ ਕੰਢੇ ਖੜ੍ਹੀ ਹੈ। ਭਾਰਤੀ ਲੋਕਾਂਦਾ ਭਰਮ ਸੀ ਕਿ ਅੰਗਰੇਜ਼ਾਂ ਦੇ ਜਾਣ ਤੋਂ ਪਿਛੋਂ ਉਨ੍ਹਾਂ ਦੀ ਮੰਦਹਾਲੀ ਰੁਕੇਗੀ, ਕੁਝ ਅਮੀਰੀ ਤੇ ਖੁਸ਼ਹਾਲੀ ਆਵੇਗੀ ਪਰ ਉਦੋਂ ਹੀ ਇਹ ਅਹਿਸਾਸ ਹੋ ਗਿਆ ਕਿ, "ਇਹ ਉਹ ਸਵੇਰ ਨਹੀਂ" ਜਿਹਦੀ ਉਹ ਆਸ ਲਾਈ ਬੈਠੇ ਸਨ। ਗੱਦੀ 'ਤੇ ਬਿਰਾਜੇ ਹਾਕਮ ਉਨ੍ਹਾਂ ਦੀਆਂ ਇੱਛਾਵਾਂ ਦੀ ਪ੍ਰਤੀਨਿਧਤਾ ਨਹੀਂ ਕਰ ਰਹੇ। ਉਨ੍ਹਾਂ ਦੇਸ਼ ਦੇ ਵਿਕਾਸ ਲਈ ਜਿਹੜੀਆਂ ਨੀਤੀਆਂ ਅਪਣਾਈਆਂ, ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਉਹ ਪੂੰਜੀਪਤੀਆਂ ਦੇ ਵਿਕਾਸ ਲਈ ਤਾਂ ਹਨ, ਲੋਕਾਂ ਦੇ ਹੱਕ ਵਿਚ ਨਹੀਂ। ਲੋਕਾਈ ਇਹ ਵੀ ਜਾਣ ਗਈ ਕਿ ਜਿਸ ਬਰਤਾਨਵੀ ਸਾਮਰਜ ਤੋਂ ਮੁਕਤੀ ਹਾਸਲ ਕੀਤੀ ਸੀ, ਉਹ ਸਾਮਰਾਜ ਨਵੇਂ ਤੰਦੂਏਜਾਲ ਵਿਚ ਦੁਨੀਆ ਦੀ ਆਬਾਦੀ ਨੂੰ ਫਾਹ ਚੁੱਕਾ ਹੈ। ਭਗਤ ਸਿੰਘ ਇਸ ਵਿਕਾਸ ਪ੍ਰਕਿਰਿਆ ਪ੍ਰਤੀ ਪਹਿਲਾਂ ਹੀ ਨੌਜਵਾਨਾਂ ਨੂੰ ਸੂਚਿਤ ਕਰ ਚੁੱਕੇ ਸਨ। ਉਨ੍ਹਾਂ ਨੇ ਉਦੋਂ ਹੀ ਕਿਹਾ ਸੀ ਕਿ, "ਕਾਂਗਰਸ ਜਿਹਡਾ ਅੰਦੋਲਨ ਚਲਾ ਰਹੀ ਹੈ, ਉਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਉਹ ਕਿਸੇ ਨਾ ਕਿਸੇ ਸਮਝੌਤੇ ਵਿਚ ਆ ਕੇ ਖਤਮ ਹੋਵੇਗਾ।" ਇਹ ਐਵੇਂ ਨਹੀਂ ਸੀ, ਕਿਉਂਕਿ ਕਾਂਗਰਸ ਸਮੇਤ ਕਈ ਹੋਰ ਆਜ਼ਾਦੀ ਦੀਆਂ ਧਾਰਾਵਾਂ ਕੋਲ ਇਕ ਹੀ ਨਾਅਰਾ ਸੀ, "ਅੰਗਰੇਜ਼ੋ ਭਾਰਤ ਛੱਡੋ"। ਪਰ ਇਕ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਹੀ ਇਥੇ ਪਹੁੰਚੀ ਸੀ ਕਿ, "ਕਿ ਜੇ ਲਾਰਡ ਰੀਡਿੰਗ ਦੀ ਥਾਂ ਪ੍ਰਸ਼ੋਤਮ ਦਾਸ ਅਤੇ ਲਾਰਡ ਇਰਵਨ ਦੀ ਥਾਂ ਤੇਜ ਬਹਾਦਰ ਸਪਰੂ ਆ ਜਾਵੇ ਤਾਂ ਕੋਈ ਫਰਕ ਨਹੀਂ ਪੈਣ ਲੱਗਾ, ਲੁੱਟ ਤੇ ਜਬਰ ਜਾਰੀ ਰਹੇਗਾ। ਉਨ੍ਹਾਂ ਸੁਚੇਤ ਕੀਤਾ ਸੀ ਕਿ ਦੇਸ਼ ਦੇ ਨੇਤਾ ਜਿਹੜੇ ਹਕੂਮਤ ਉਤੇ ਬਿਰਾਜਮਾਨ ਹੋਣਗੇ, ਵਿਦੇਸ਼ੀ ਪੂੰਜੀ ਖੁੱਲ੍ਹੀਆਂ ਰਿਆਇਤਾਂ ਦੇਣਗੇ ਅਤੇ ਪੂੰਜੀਪਤੀਆਂ ਤੇ ਛੋਟੇ ਪੂੰਜੀਪਤੀਆਂ ਨਾਲ ਹੱਥ ਮਿਲਾਉਣਗੇ।" ਉਨ੍ਹਾਂ ਸਾਫ਼ ਭਵਿੱਖਬਾਣੀ ਕੀਤੀ ਸੀ ਕਿ, "ਨੇੜ ਭਵਿੱਖ ਵਿਚ ਬਹੁਤ ਛੇਤੀ ਅਸੀਂ ਉਸ ਵਰਗ ਅਤੇ ਉਹਦੇ ਆਗੂਆਂ ਨੂੰ ਵਿਦੇਸ਼ੀ ਹਾਕਮਾਂ ਨਾਲ ਕਰਿੰਗੜੀਆਂ ਪਾਉਂਦੇ ਵੇਖਾਂਗੇ ਅਤੇ ਸ਼ੇਰ ਤੇ ਲੂੰਬੜੀ ਦਾ ਰਿਸ਼ਤਾ ਨਹੀਂ ਰਹਿ ਜਾਵੇਗਾ।" ਉਨ੍ਹਾਂ ਨੂੰ ਇਲਮ ਸੀ ਕਿ ਭਾਰਤੀ ਕਿਰਤੀ ਲੋਕਾਂ ਨਾਲ ਧੋਖਾ ਹੋਵੇਗਾ।

1947 'ਚ ਵੀ ਭਾਰਤ ਚਿ 248 ਵਿਦੇਸ਼ੀ ਕੰਪਨੀਆਂ ਆਪਣੇ ਕਾਰੋਬਾਰ ਕਰ ਰਹੀਆਂ ਸਨ, ਉਨ੍ਹਾਂ ਦੀ ਪੂੰਜੀ ਜਬਤ ਨਹੀਂ ਸੀ ਕੀਤੀ ਗਈ। ਹੁਣ ਤਾਂ 20 ਹਜ਼ਾਰ ਤੋਂ ਉਪਰ ਕੰਪਨੀਆਂ ਦਾ ਪੈਸਾ ਭਾਰਤ ਵਿਚ ਹਰਲ ਹਰਲ ਕਰਦਾ ਫਿਰਦਾ ਹੈ। ਵਿਸ਼ੇਸ਼ ਕਰਕੇ 1991 ਤੋਂ ਪਿਛੋਂ ਜਦੋਂ ਤੋਂ ਨਵਾਂ ਸਮਾਜੀ ਆਦੇਸ਼" ਅਪਣਾਇਆ ਹੈ, ਪੂੰਜੀ ਦੇ ਚਰਿੱਤਰ ਵਿਚ ਵੀ ਬੁਨਿਆਦੀ ਤਬਦੀਲੀ ਆਈ ਹੈ ਅਤੇ ਦੇਸ਼ ਦੇ ਹਾਕਮਾਂ ਦੇ ਲੋਕ ਹਿਤੈਸ਼ੀ ਨਕਾਬ ਵੀ ਲਹਿ ਗਏ ਹਨ। ਹੁਣ ਪੂੰਜੀ ਦੇਸ਼ਾਂ ਤੇ ਵਿਦੇਸ਼ੀ ਨਾ ਸਿਰਫ਼ ਸਨਅਤੀ ਖੇਤਰ ਸਗੋਂ ਖੇਤੀ ਤੇ ਸੇਵਾ ਖੇਤਰ ਵਿਚ ਵੀ ਦਾਖ਼ਲ ਹੋ ਚੁੱਕੀ ਹੈ। ਲੋਕਾਂ ਦੇ ਫੰਡਾਂ ਨਾਲ ਉਸਰਿਆ ਪਬਲਿਕ ਖੇਤਰ ਜੋ ਰੁਜ਼ਗਾਰ ਮੁਹੱਈਆ ਕਰਵਾਉਂਦਾ ਸੀ। 2014 ਤੋਂ ਪਿਛੋਂ ਆਏ ਹਾਕਮਾਂ ਨੇ ਦੇਸੀ ਵਿਦੇਸ਼ੀ ਪੂੰਜੀਪਤੀਆਂ ਨੂੰ ਔਨੇ ਪੈਨੇ ਭਾਅ ਸੌਂਪ ਦਿੱਤਾ ਹੈ। ਰਜ ਦੀ ਵਚਨਬੱਧਤਾ ਜਿਹੜੀ ਸਿਹਤ, ਸਿੱਖਿਆ, ਊਰਜਾ ਸਿੰਚਾਈ ਵਪਾਰ, ਸੜਕ, ਰੇਲ, ਹਵਾਈ ਜਹਾਜ਼, ਸਮੁੰਦਰੀ ਜਹਾਜ਼ ਸੇਵਾ, ਬੈਂਕਾਂ, ਬੀਮਾ, ਦੂਰ ਸੰਚਾਰ ਆਦਿ ਖੇਤਰਾਂ ਵਿਚ ਨਿੱਜੀ ਪੂੰਜੀ ਨੇ ਆਪਣੀ ਪਕੜ ਮਜ਼ਬੂਤ ਬਣਾ ਲਹੀ ਹੈ। ਨਿੱਜੀ ਪੂੰਜੀ ਸਾਮਰਾਜੀ ਪੂੰਜੀ ਨਾਲ ਮਿਲ ਕੇ ਉਨ੍ਹਾਂ ਸਾਰੇ ਕੁਦਰਤੀ ਸਰੋਤਾਂ ਦੇ ਸਾਧਨਾਂ ਨੂੰ ਹੜੱਪ ਰਹੀ ਹੈ। ਜੰਗਲੀ ਤੇ ਪਹਾੜੀ ਖੇਤਰਾਂ 'ਚੋਂ ਆਦਿਵਾਸੀਆਂ ਨੂੰ ਉਜਾੜਿਆ ਜਾ ਰਿਹਾ ਹੈ। ਪਿੰਡ ਤਬਾਹ ਕੀਤੇ ਜਾ ਰਹੇ ਹਨ ਤਾਂ ਕਿ ਉਨ੍ਹਾਂ ਜੰਗਲਾਂ ਤੇ ਪਹਾੜਾਂ ਹੇਠਲੇ ਖਣਿਜ ਪਦਾਰਕਾਂ ਦੇ ਸੋਮੇ ਪੂੰਜੀਪਤੀਆਂ ਦੇ ਹਵਾਲੇ ਕੀਤੇ ਜਾ ਸਕਣ, ਖੇਤੀ ਖੇਤਰ ਵਿਚ ਪੂੰਜੀ ਦਾ ਨਿਵੇਸ਼ ਲਗਾਤਾਰ ਵਧ ਰਿਹਾ ਹੈ। ਕਾਰਪੋਰੇਟ ਪੂੰਜੀ ਨੇ ਵਿਸ਼ਵ ਵਪਾਰ ਸੰਘ ਦੇ ਆਦੇਸ਼ਾਂ ਅਨੁਸਾਰ ਖੇਤੀ ਖੇਤਰ ਨੂੰ ਵੀ ਜੋ 65 ਫੀਸਦੀ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਦਾ ਹੈ ਘੇਰਾ ਪਾ ਲਿਆ ਹੈ। ਪਹਿਲਾਂ ਨੰਗੇ ਚਿੱਟੇ ਰੂਪ ਵਿਚ ਖੇਤੀ ਦੇ ਕਾਲੇ ਕਾਨੂੰਨ ਲਿਆ ਕੇ ਖੇਤੀ ਖੇਤਰ ਨੂੰ ਗ੍ਰਿਫ਼ਤ 'ਚ ਲੈਣ ਦੀ ਕੋਸ਼ਿਸ਼ ਕੀਤੀ ਸੀ। ਸਿੱਧੇ ਤੌਰ 'ਤੇ ਉਹ ਕਾਮਯਾਬ ਨਹੀਂ ਹੋਏ ਹੁਣ ਵੱਖ ਵੱਖ ਢੰਗਾਂ ਤੇ ਮੋਰੀਆਂ ਰਾਹੀਂ ਆਪਣੀ ਗ੍ਰਿਫ਼ਤ ਮਜ਼ਬੂਤ ਕਰ ਰਹੇ ਹਨ।

ਅਜੋਕਾ ਸਾਮਰਾਜਵਾਦ, ਪਿਛਲੀ ਸਦੀ ਦੇ ਸਾਮਰਾਜਵਾਦ ਨਾਲੋਂ ਬਹੁਤ ਭਿਆਨਕ ਤੇ ਖਤਰਨਾਕ ਹੈ। ਅਜੋਕਾ ਵਿਸ਼ਵ ਪੂੰਜੀਵਾਦੀ ਨਿਜਾਮ ਜਾਣ ਚੁੱਕਾ ਹੈ ਕਿ ਲੋਕਾਂ ਦੀ ਬੌਧਿਕਤਾ ਤੇ ਚਿੰਤਨ ਸ਼ਕਤੀ ਨੂੰ ਨਿਪੁੰਸਕ ਕਿਵੇਂ ਕਰਨਾ ਹੈ ਉਹ ਇਸ ਤਕਨੀਕ ਨੂੰ ਬਾਖੂਬੀ ਵਰਤ ਰਿਹਾ ਹੈ। ਭਗਤ ਸਿੰਘ ਆਪਣੇ ਸਮੇਂ 'ਚ ਅਮੀਰੀ ਗਰੀਬੀ ਦੇ ਪਾੜੇ ਦੀ ਗੱਲ ਕਰਦਿਆਂ ਜਿਸ ਯੁੱਧ ਦੀ ਗੱਲ ਕਰਦੇ ਹਨ ਉਹ ਪਾੜਾ ਪਹਿਲਾਂ ਨਾਲੋਂ ਭਿਆਨਕ ਪੱਧਰ ਉਤੇ ਪਹੁੰਚ ਚੁੱਕਾ ਹੈ। 10 ਫੀਸਦੀ ਕੋਲ ਆਮਦਨ ਦੇ ਸਰੋਤਾਂ ਦਾ 80 ਫੀਸਦੀ ਹੈ ਅਤੇ 80 ਫੀਸਦੀ ਦੋ ਡੰਗਾਂ ਦੀ ਰੋਟੀ ਰੋਜ਼ੀ ਦਾ ਮੁਥਾਜ ਬਣ ਕੇ ਰਹਿ ਗਿਆ ਹੈ। ਲੈਨਿਨ ਨੇ 1915 ਵਿਚ ਦੂਸਰੀ ਕੌਮਾਂਤਰੀ ਦੇ ਪਤਨ ਵਿਚ ਦਰਜ ਕੀਤਾ ਸੀ ਕਿ "ਮਾਰਕਸਵਾਦੀਆਂ ਲਈ ਇਹ ਨਿਰਵਿਵਾਦ ਹੈ ਕਿ, ਇਨਕਲਾਬੀ ਹਾਲਤਾਂ







ਭਗਤ ਸਿੰਘ ਪੰਜਾਬ ਦੇ ਪਿੰਡਾਂ ਵਿਚ ਜੀਅ ਜਾਨ ਨਾਲ ਘੁਲਿਆ ਮਿਲਿਆ ਹੈ। ਇਥੋਂ ਤੱਕ ਕਿ ਪੰਜਾਬੀ ਲੋਕ ਕਿਊਬਾ ਦੇ ਚੀ. ਗਵੇਰਾ ਨੂੰ ਆਪਣਾ ਹੀਰੋ ਸਮਝਦੇ ਹਨ। ਕਾਮਰੇਡ ਲੈਨਿਨ ਨੂੰ ਆਪਣੀ ਅਗਵਾਈ ਦੇਣ ਵਾਲਾ ਸਿਧਾਂਤਕਾਰ ਮੰਨਦੇ ਹਨ। ਉਪਰੋਕਤ ਤਸਵੀਰਾਂ ਪੰਜਾਬ ਦੇ ਪਿੰਡਾਂ ਵਿਚ ਲੱਗੀਆਂ ਹੋਣ ਕਰਕੇ ਇਹ ਇਸ ਦਾ ਸਬੂਤ ਹਨ।






ਜਿਸ ਕਿਸਮ ਦੀ ਵਿਰਾਸਤ ਕਰਤਾਰ ਸਿੰਘ ਸਰਾਭਾ ਨੇ ਆਜ਼ਾਦੀ ਲਈ ਸ਼ੁਰੂ ਕੀਤੀ ਉਸ ਦੇ ਪਦਚਿੰਨ੍ਹਾਂ ਦੇ ਚਲਦੇ ਹੋਏ ਸ਼ਹੀਦ-ਏ-ਆਜਮ ਭਗਤ ਸਿੰਘ ਨੇ ਉਸ ਵਿਰਾਸਤ ਨੂੰ ਪੱਕਾ ਕੀਤਾ ਅਤੇ ਪੰਜਾਬੀ ਦੇ ਸ਼ਾਇਰ ਅਵਤਾਰ ਪਾਸ਼ ਨੇ ਇਸੇ ਕੜੀ 'ਚ ਸ਼ਹਾਦਤ ਦਿੱਤੀ।

ਦੇ ਬਿਨਾਂ ਇਨਕਲਾਬ ਸੰਭਵ ਨਹੀਂ; ਇਹਦੇ ਨਾਲ ਹੀ ਇਹ ਵੀ ਕਿ, "ਹਰ ਇਨਕਲਾਬੀ ਹਾਲਤਾਂ ਇਨਕਲਾਬ ਨੂੰ ਹੀ ਜਨਮ ਨਹੀਂ ਦਿੰਦੀਆਂ। ਉਨ੍ਹਾਂ ਤਿੰਨ ਲੱਛਣ ਗਿਣਾਏ ਸਨ (1.) ਜਦੋਂ ਹਾਕਮ ਜਮਾਤਾਂ ਲਈ ਬਿਨਾਂ ਕਿਸੇ ਬਦਲਾਅ ਦੇ ਆਪਣੀ ਹਕੂਮਤ ਚਲਾਉਣੀ ਅਸੰਭਵ ਹੋ ਜਾਵੇ। ਪੁਰਾਣੇ ਢੰਗ ਨਾਲ ਰਾਜ ਕਾਇਮ ਕਰਨਾ ਅਸੰਭਵ ਹੋ ਜਾਵੇ। (2) ਜਦੋਂ ਲੁਟੀਂਦੇ ਵਰਗਾਂ ਦੀ ਪੀੜਾ ਤੇ ਕੰਗਾਲੀ, ਆਮ ਨਾਲੋਂ ਵਧੇਰੇ ਤਿੱਖੀ ਹੋ ਜਾਵੇ (3) ਜਦੋਂ ਉਪਰੋਕਤ ਕਾਰਨਾਂ ਦੇ ਸਿੱਟੇ ਵਜੋਂ ਲੋਕਾਂ ਦੀਆਂ ਸਰਗਰਮੀਆਂ ਤਿੱਖੀਆਂ ਹੋ ਜਾਣ। ਪਰ ਲੈਨਿਨ ਦੇ ਇਸ ਫਾਰਮੂਲੇ ਦੇ ਇਨ ਬਿਨ ਹੁੰਦਿਆਂ ਵੀ ਅਜੋਕੀ ਸਕਿਤੀ ਵਿਚ ਤਿੱਖੀ ਕਰਵੱਟ ਨਾ ਲੈ ਸਕਣ ਦਾ ਇਕ ਕਾਰਨ ਨਹੀਂ ਅਨੇਕਾਂ ਕਾਰਨ ਹਨ। ਸਾਮਰਾਜੀ ਪੂੰਜੀ ਪਹਿਲਾਂ ਨਾਲ ਕਿਤੇ ਵੱਧ ਤੇਜ਼ ਤੇ ਚੌਕਸ ਹੈ। ਭਗਤ ਸਿੰਘ ਵਾਗੂੰ ਹਾਲਤਾਂ ਨੂੰ ਗਹਿਰਾਈ ਨਾਲ ਪੜ੍ਹਨ ਸਮਝਣ ਤੇ ਅਗਾਹ ਕਰਨ ਦੀ ਸਮਰੱਥਾ 'ਚ ਅੱਜ ਅਸੀਂ ਪਛੜ ਚੁੱਕੇ ਹਾਂ।

ਰੀਜ਼ਰਵ ਬੈਂਕ ਦੀ ਜੂਨ 2023 ਦੀ ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿਚ 15 ਤੋਂ 65 ਸਾਲ ਤੱਕ ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ 84 ਕਰੋੜ ਹੈ ਜਿਹੜਾ ਕੁੱਲ ਆਬਾਦੀ ਦਾ 61 ਫੀਸਦੀ ਹੈ। ਪਰ ਕੰਮ ਉਤੇ ਲੱਗੇ ਲੋਕਾਂ ਦੀ ਗਿਣਤੀ 40 ਫੀਸਦੀ ਤੋਂ ਵੀ ਘੱਟ ਕੇ 39 ਫੀਸਦੀ ਰਹਿ ਗਈ ਹੈ। ਔਰਤਾਂ ਵਿਚ ਤਾਂ ਇਹ 32.8 ਫੀਸਦੀ ਹੈ। ਭਾਵ ਬੇਰੁਜ਼ਗਾਰਾਂ ਦੀ ਫੌਜ 50 ਕਰੋੜ ਦੇ ਲਗਭਗ ਵਾਇਰ ਦੀ ਰਿਪੋਰਟ ਕਹਿੰਦੀ ਹੈ। ਦੇਸ਼ ਵਿਚ ਕੁੱਲ 26.3 ਫੀਸਦੀ ਲੋਕ ਖੇਤੀ ਵਿਚ ਲੱਗੇ ਹੋਏ ਹਨ ਜਿਸ 'ਚ 14.4 ਕਰੋੜ ਭੂਮੀ ਹੀਣ ਖੇਤ ਮਜ਼ਦੂਰ ਹਨ। 11.9 ਫੀਸਦੀ ਕਿਸਾਨਾਂ 'ਚੋਂ ਛੋਟੇ ਕਿਸਾਨਾਂ ਦੀ ਗਿਣਤੀ 80 ਫੀਸਦੀ ਹੈ। ਨਵੀਆਂ ਕਾਰਪੋਰੇਟ ਨੀਤੀਆਂ ਦਾ ਇਸ਼ਾਰਾ ਹੈ ਕਿ 26.3 ਕਰੋੜ ਲੋਕਾਂ ਵਿਚ ਸਿਰਫ਼ 5 ਫੀਸਦੀ ਹੀ ਆਪਣਾ ਪਾਲਣ ਪੋਸ਼ਣ ਖੇਤੀ ਤੋਂ ਕਰ ਸਕਣਗੇ। 24 ਕਰੋੜ ਲੋਕ ਕੰਮ ਤੋਂ ਮੁਕਤ ਹੋ ਜਾਣਗੇ। ਸੇਵਾ ਖੇਤਰ ਵਿਚ ਲੱਗੇ 36 ਫੀਸਦੀ ਲੋਕਾਂ ਉਤੇ ਛਾਂਗੇ ਜਾਣ ਦੀ ਤਲਵਾਰ ਲਟਕ ਰਹੀ ਹੈ।

ਸਾਮਰਾਜ ਦਾ ਮਤਲਬ ਹੈ ਅੰਨੀ ਮੁਨਾਫ਼ੇ ਦੀ ਲੁੱਟ। ਇਹ ਤਸਵੀਰ ਬੇਹੱਦ ਭਿਆਨਕ ਹੈ। ਵਿਸ਼ਵ ਪੱਧਰ ਉਤੇ ਜਿਥੇ ਸੰਕਟ ਛਾਇਆ ਹੋਇਆ ਹੈ ਕਾਰਪੋਰੇਟਾਂ ਦਾ ਮੁਨਾਫ਼ਾ ਦੁਗਣਾ ਚੌਗੁਣਾ ਹੋਇਆ ਹੈ। ਹੋਰ ਤਾਂ ਹੋਰ ਸਰਕਾਰੀ ਪੈਸਾ ਵੀ ਚੋਰ ਮੋਰੀਆਂ ਰਾਹੀਂ ਵੱਡੇ ਪੂੰਜੀਪਤੀਆਂ ਦੀਆਂ ਤਿਜੋਰੀਆਂ 'ਚ ਗਿਆ ਹੈ। ਅਰਥ ਸ਼ਾਸਤਰੀਆਂ ਨੇ ਇਹਨੂੰ ਕਰੋਨੀ ਪੂੰਜੀਵਾਦ ਭਾਵ ਯਾਗਨਾ ਪੂੰਜੀਵਾਦ ਦਾ ਨਾਂ ਦਿੱਤਾ ਹੈ। ਇਕ ਮਿਸਾਲ ਦੇਵਾਂਗੇ ਕਿ ਰਾਜ ਪੂੰਜੀਪਤੀਆਂ ਦੀ ਕਿਵੇਂ ਸੇਵਾ ਕਰਦਾ ਹੈ। 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਗੁਜਰਾਤ ਵਿਚ ਮੋਦੀ ਸਰਕਾਰ ਨੇ ਜ਼ਰੂਰੀ ਵਸਤੂਆਂ ਦੇ ਭੰਡਾਰ ਕਰਨ ਦੇ ਕਾਨੂੰਨ ਵਿਚ ਸੋਧ ਕਰ ਦਿੱਤੀ। ਅਦਾਨੀ ਨੇ ਮੌਜਮਬੀਕ ਤੋਂ ਵੱਡੀ ਮਾਤਰਾ ਵਿਚ ਹਰਹਰ ਦੀ ਦਾਲ ਮੰਗਾ ਕੇ ਸਟਾਕ ਕਰ ਲਈ ਜਿਹੜੀ ਦਾਲ 65 ਰੁਪਏ ਵਿਕਦੀ ਸੀ ਉਹ ਸਿੱਧਿਆਂ ਹੀ 200 ਰੁਪਏ ਕਿਲੋ ਪਹੁੰਚ ਗਈ। ਇਕ ਹੀ ਝਟਕੇ ਨਾਲ 2.5 ਲੱਖ ਕਰੋੜ ਗਰੀਬ ਪਾਰਤੀ ਲੋਕਾਂ ਦੀਆਂ ਜੇਬਾਂ 'ਚੋਂ ਰਾਖਸ਼ੀ ਅੰਦਾਨੀ ਦੀਆਂ ਤਿਜੋਰੀਆਂ 'ਚ ਚਲੇ ਗਏ ਅਤੇ ਭਾਜਪਾ ਲਈ ਚੋਣ ਫੰਡ ਦੀ ਸਿਰਦਰਦੀ ਵੀ ਦੂਰ ਹੋ ਗਈ।

ਲੈਨਿਨ ਕਹਿੰਦੇ ਸਨ ਜਦੋਂ ਬੈਂਕਿੰਗ ਪੂੰਜੀ ਤੇ ਉਦਯੋਗਿਕ ਪੂੰਜੀ ਇਕਮਿਕ ਹੋ ਜਾਂਦੀਆਂ ਹਨ ਤਾਂ ਵਿੱਤੀ ਪੂੰਜੀ ਦਾ ਨਿਰਮਾਣ ਹੁੰਦਾ ਹੈ ਪਰ ਜਦੋਂ ਦੇਸੀ ਪੂੰਜੀ, ਸਰਕਾਰੀ ਪੂੰਜੀ ਅਤੇ ਵਿਦੇਸ਼ੀ ਸੰਸਥਾਗਤ ਪੂੰਜੀ ਸਾਰੀਆਂ ਇਕਮਿਕ ਹੋ ਜਾਂਦੀਆਂ ਹਨ, 'ਕਾਨੂੰਨੀ' ਕੰਪਨੀਆਂ ਤੇ ਫਰਜ਼ੀ ਕੰਪਨੀਆਂ ਇਕਮਿਕ ਹੋ ਜਾਂਦੀਆਂ ਹਨ ਤਾਂ ਦਿਉ ਕਦ ਵਿੱਤੀ ਪੂੰਜੀ ਦਾ ਵਜੂਦ ਉਭਰ ਆਉਂਦਾ ਹੈ। ਉਹ ਦੁਨੀਆ ਦਾ ਸਾਰਾ ਅਨਾਜ ਖ੍ਰੀਦ ਕੇ ਭੰਡਾਰ ਕਰ ਸਕਦੇ ਹਨ ਅਤੇ ਫਿਰ ਇਕ ਇਕ ਦਾਣਾ ਇਕ ਇਕ ਡਾਲਰ ਨੂੰ ਵਿਕ ਸਕਦਾ ਹੈ। ਸਪਲਾਈ ਚੈਨ ਉਤੇ ਪੂਰਨ ਕੰਟਰੋਲ ਕਰਨ ਪਿਛੋਂ ਪੈਸਾ ਜਿੰਨਾ ਚਾਹੋ ਬਦਾਇਆ ਜਾ ਸਕਦਾ ਹੈ। ਇਹ ਅਜੋਕੀ ਪੂੰਜੀ ਜਾਣਦੀ ਹੈ। ਇਹਦੇ ਲਈ ਉਹਨੂੰ ਬੁਰਜੂਆ ਜਮਹੂਰੀਅਤ ਦੇ ਸਪੀਡ ਬਰੇਕਰ ਨਹੀਂ ਚਾਹੀਦੇ। ਨਾ ਹੀ ਕਿਉਂ ਕੀ ਕਿਵੇਂ ਜਦੋਂ ਆਦਿ ਪੁੱਛਣ ਵਾਲੇ ਚਾਹੀਦੇ ਹਨ। ਇਹ ਵਰਤਾਰਾ ਵਿਸ਼ਵ ਵਿਚ ਹੀ ਚਲ ਰਿਹਾ ਹੈ।

ਵਿਸ਼ਵ ਪੱਧਰ ਉਤੇ ਬੁਰਜੂਆ ਜਮਹੂਰੀਅਤ ਦੇ ਬੈਰੀਕੇਡ ਜਾਂ ਤੰਤਰਾਂ ਨੂੰ ਖ਼ੁੱਲ੍ਹਾ ਕੀਤਾ ਜਾ ਰਿਹਾ ਹੈ। ਰਾਜ ਆਪਣੇ ਲੋਕਾਂ ਪ੍ਰਤੀ ਵਚਨਬੱਧਤਾ ਨੂੰ ਇਕ ਇਕ ਕਰਕੇ ਤਿਆਗ ਰਹੀ ਹੈ ਤੇ ਤੰਤਰ ਕੋਲ ਸਿਰਫ਼ ਡੰਡਾ ਹੀ ਬਚਿਆ ਹੈ। ਰਾਜ ਦਾ ਡੰਡਾ ਕਾਨੂੰਨ ਰਾਹੀਂ ਵੀ ਚਲਦਾ ਹੈ ਅਤੇ ਕਾਨੂੰਨ ਤੋਂ ਬਾਹਰਾ ਵੀ। ਇਕ ਮਿਸਾਲ ਦੇ ਆਗੇ ਜੇ ਲੋਕ ਭਲਾਈ ਪ੍ਰਤੀ ਵਚਨਬੱਧ ਸਰਕਾਰ ਹੁੰਦੀ ਤਾਂ ਪੈਟਰੋਲ ਡੀਜ਼ਲ ਹੀ ਅੱਧੀ ਕੀਮਤ ਉਤੇ ਲੋਕਾਂ ਨੂੰ ਮਿਲਦਾ। ਮਿਸਲ ਲਈ ਰੂਸ-ਯੂਕਰੇਨ ਜੰਗ ਪਿਛੋਂ ਰੂਸ ਆਪਣਾ ਤੇਲ ਬਹੁਤ ਘੱਟ ਕੀਮਤ ਉਤੇ ਵੇਚ ਰਿਹਾ ਹੈ ਤੇ ਦੁਨੀਆ ਦਾ ਸਭ ਤੋਂ ਵੱਡਾ ਖ੍ਰੀਦਦਾਰ ਭਾਰਤ ਹੈ। 163 ਮਿਲੀਅਨ ਬੈਰਨ ਰੂਸੀ ਕੱਚਾ ਤੇਲ ਭਾਰਤ ਖ੍ਰੀਦ ਰਿਹਾ ਹੈ ਇਹਦਾ 46 ਫੀਸੀ ਹਿੱਸਾ ਮੁਕੇਸ਼ ਅੰਬਾਨੀ ਦੀ ਕੰਪਨੀ ਰਿਲਾਇੰਸ ਪੈਟਰੋਲੀਅਮ ਅਤੇ ਇਕ ਰੂਸੀ ਕੰਪਨੀ ਰੋਜਨੈਫਟ ਅਤੇ ਇਕ ਬੇਨਾਮੀ ਕੰਪਨੀ ਨੂੰ ਖ੍ਰੀਦਣ ਲਈ ਦਿੱਤਾ। ਗੁਜਰਾਤ ਦੀ 'ਨਯਾਰਾ' ਕੰਪਨੀ ਨੇ ਰੂਸ ਪਾਸੋਂ 15 ਤੋਂ 20 ਡਾਲਰ ਪ੍ਰਤੀ ਡਾਲਰ ਘੱਟ ਰੇਟ ਉਤੇ ਤੇਲ ਖ੍ਰੀਦਿਆ ਜਿਸ ਨਲ ਔਸਤਨ ਹਰ ਰੋਜ਼ 282.25 ਕਰੋੜ ਡਾਲਰ ਭਾਵ ਹਰ ਰੋਜ਼ 23670 ਕਰੋੜ ਰੁਪਏ ਦੀ ਰਾਸ਼ੀ ਹਾਸਲ ਹੋਈ। ਇਹਦਾ 46 ਫੀਸਦੀ ਅੰਬਾਨੀ ਦੀ ਨਯਾਰਾ ਕੰਪਨੀ ਨੇ 10888 ਕਰੋੜ ਸੋਧ ਰੂਪ ਵਿਚ ਕਮਾਏ। ਇਸੇ ਤੇਲ ਨੂੰ ਸੋਧ ਕੇ ਯੂਰਪ ਨੂੰ ਸਪਲਾਈ ਕੀਤਾ ਤੇ ਮੁਨਾਫ਼ਾ ਕਮਾਇਆ। ਵਿਸ਼ਵੀ ਪੂੰਜੀ ਦੇ ਇਸ ਕਾਰੋਬਾਰ ਵਿਚ 'ਛੱਪੜ ਪਾੜ ਮੁਨਾਫ਼ਾ' ਕਮਾਇਆ ਜਾ ਰਿਹਾ ਹੈ।

ਕਰਜ਼ੇ ਵਿਚ ਡੁਬੀਆਂ ਅਰਥ ਵਿਵਸਥਾਵਾਂ ਜਨਤਾ ਦੇ ਹਿੱਸੇ ਦਾ ਪੈਸਾ ਲੁੱਟ ਰਹੀਆਂ ਹਨ ਅਤੇ ਲੋਕਾਈ ਅੰਦਰ ਮੰਦਹਾਲੀ ਵਧਦੀ ਜਾ ਰਹੀ ਹੈ। ਵਿਸ਼ਵ 'ਚ ਅਮਰੀਕਾ ਨਵੇਂ ਨਵੇਂ ਖੇਤਰਾਂ ਵਿਚ ਧਕੜ ਦਖ਼ਲ-ਅੰਦਾਜ਼ੀ ਕਰ ਰਿਹਾ ਹੈ। ਦੁਨੀਆ ਦੀ ਇਕ ਨੰਬਰ ਦੀ ਅਰਥ ਵਿਵਸਥਾ ਵਾਲਾ ਜਪਾਨ ਵੀ ਮੰਦੀ ਦਾ ਸ਼ਿਕਾਰ ਹੈ। ਇਸੇ ਸੰਕਟ ਦੌਰਾਨ ਜਿਥੇ ਅਮਰੀਕਾ ਤੇ ਯੂਰਪੀ ਸਾਮਰਾਜੀ ਮੁਲਕਾਂ ਦੀ ਹੈਸੀਅਤ ਤੁਲਨਾਤਮਕ ਰੂਪ ਵਿਚ ਕਮਜ਼ੋਰ ਹੈ। ਚੀਨ ਇਕ ਨਵੀਂ ਤਾਕਤ ਵਜੋਂ ਉਭਰ ਕੇ ਸਾਹਮਣੇ ਆ ਰਿਹਾ ਹੈ। ਡੂੰਘੇ ਹੁੰਦੇ ਜਾ ਰਹੇ ਸੰਕਟ ਕਾਰਨ ਕਾਰਪੋਰੇਟ ਘਰਾਣਿਆਂ ਨੂੰ ਸਰਕਾਰਾਂ ਨੇ ਖੁੱਲ੍ਹਾਂ ਦਿੱਤੀਆਂ ਹੋਈਆਂ ਹਨ। ਕਰੋਨਾ ਕਾਲ ਇਨ੍ਹਾਂ ਲਈ ਮੁਨਾਫ਼ੇ ਦਾ ਸੰਦ ਬਣ ਕੇ ਬਹੁੜਿਆ ਹੈ ਅਤੇ ਆਮ ਲੋਕਾਈ ਲਈ ਕੰਗਾਲੀ ਤੇ ਬੇਰੁਜ਼ਗਾਰੀ ਵਲ ਧੱਕਣ 'ਚ ਕਾਮਯਾਬ ਰਿਹਾ ਹੈ। ਇਹੋ ਚੋਰ ਹੈ ਜਦੋਂ ਵਿਸ਼ਵ ਦੀਆਂ ਸਰਕਾਰਾਂ ਨੇ ਆਪਣੇ ਰਾਜਕੀ ਢਾਂਚਿਆਂ ਨੂੰ ਜਾਬਰ ਕਾਨੂੰਨਾਂ ਨਾਲ ਮਜ਼ਬੂਤ ਕੀਤਾ ਹੈ। ਵਿਸ਼ਵ ਸਮੇਤ ਭਾਰਤੀ ਰਾਜ ਵਿਚ ਤਾਨਾਸ਼ਾਹ ਤੇ ਫਾਸ਼ਿਸ਼ਟ ਪ੍ਰਵਿਰਤੀਆਂ ਸਿਰ ਚੱਕ ਰਹੀਆਂ ਹਨ।

ਅਜਿਹੀ ਹਾਲਤ ਵਿਚ ਭਗਤ ਸਿੰਘ ਨੇ ਠੀਕ ਹੀ ਚਿੰਤਤ ਕੀਤਾ ਹੈ, ਜਿਸ ਨੂੰ ਪੜ੍ਹਨਾ ਨਹੀਂ ਸਮਝਣਾ ਜ਼ਰੂਰੀ ਹੈ। "ਸਾਡਾ ਵਿਸ਼ਵਾਸ ਹੈ ਕਿ ਸਾਮਰਾਜਵਾਦ ਇਕ ਵੱਡੇ ਡਾਕੇ ਮਾਰਨ ਦੀ ਸਾਜ਼ਿਸ਼ ਤੋਂ ਸਿਵਾ ਕੁਝ ਨਹੀਂ। ਸਾਮਰਾਜਵਾਦ ਮਨੁੱਖ ਹੱਥੋਂ ਅਤੇ ਕੌਮ ਹੱਥੋਂ ਕੌਮ ਦੀ ਲੁੱਟ ਦੀ ਸਿਖਰ ਹੈ। ਸਾਮਰਾਜਵਾਦੀ ਆਪਣੇ ਹਿੱਤਾਂ ਤੇ ਲੁੱਟਣ ਦੀਆਂ ਸਕੀਮਾਂ ਨੂੰ ਪੂਰੇ ਕਰਨ ਦੇ ਲਈ ਨਾ ਸਿਰਫ਼ ਅਦਾਲਤੀ ਤੇ ਕਾਨੂੰਨੀ ਤਾਕਤ ਰੱਖਦੇ ਹਨ ਸਗੋਂ ਕਤਲੇਆਮ ਵੀ ਕਰਾਉਂਦੇ ਹਨ। ਆਪਣੀ ਲੁੱਟ ਨੂੰ ਪੂਰਾ ਕਰਨ ਲਈ ਜੰਗ ਵਰਗੇ ਖ਼ੌਫ਼ਨਾਕ ਜੁਰਮ ਵੀ ਕਰਦੇ ਹਨ। ਜੇ ਕਿਤੇ ਉਨ੍ਹਾਂ ਦੀਆਂ ਨਾਦਰਸ਼ਾਹੀ ਲੋਟੂ ਮੰਗਾਂ ਨੂੰ ਨਾਮੰਨਣ ਜਾਂ ਚੁੱਪ ਚਾਪ ਉਨ੍ਹਾਂ ਦੀਆਂ ਤਬਾਹਕੁੰਨ ਤੇ ਨਫਰਤਯੋਗ ਸਾਜ਼ਿਸ਼ਾਂ ਨੂੰ ਮੰਨਣ ਤੋਂ ਇਨਕਾਰ ਕਰ ਦੇਣ ਤਾਂ ਉਹ ਬੇਗੁਨਾਹਾਂ ਦਾ ਖ਼ੂਨ ਵਹਾਉਣ ਤੋਂ ਸੰਕੋਚ ਨਹੀਂ ਕਰਦੇ। ਲੋਕਾਂ ਨੂੰ ਜਾਨੋਂ ਮਾਰਦੇ ਅਤੇ ਹਰ ਸੰਭਵ ਢੰਗ ਨਾਲ ਜ਼ੁਲਮ ਕਰਦੇ ਹਨ।" ਇਸੇ ਕਰਕੇ ਭਗਤ ਸਿੰਘ ਕਹਿੰਦੇ ਹਨ ਕਿ "ਅਜ਼ਾਦੀ ਸਾਰੇ ਮਨੁੱਖਾਂ ਦਾ ਅਮਿੱਟ ਹੱਕ ਹੈ। ਹਰ ਮਨੁੱਖ ਨੂੰ ਆਪਣੀ ਮਿਹਨਤ ਦਾ ਫਲ ਮਾਨਣ ਦਾ ਹਰ ਹੱਥ ਹੈ ਤੇ ਹਰ ਕੌਮ ਆਪਣੇ ਬੁਨਿਆਦੀ ਕੁਦਰਤੀ ਸਾਧਨਾਂ ਦੀ ਪੂਰੀ ਮਾਲਕ ਹੈ। ਜੇ ਕੋਈ




ਸਰਕਾਰ, ਜਨਤਾ ਨੂੰ ਉਨ੍ਹਾਂ ਦੇ ਇਨ੍ਹਾਂ ਬੁਨਿਆਦੀ ਹੱਕਾਂ ਤੋਂ ਵਾਂਝਿਆਂ ਕਰਨ ਹੈ ਤਾਂ ਲੋਕਾਂ ਦਾ ਕੇਵਲ ਹੱਕ ਹੀ ਨਹੀਂ, ਸਗੋਂ ਜ਼ਰੂਰੀ ਫਰਜ਼ ਹੈ ਕਿ ਅਜਿਹੀ ਸਰਕਾਰ ਨੂੰ ਤਬਾਹ ਕਰ ਦੇਣ।"

ਸੋ ਮੌਜੂਦਾ ਭਾਰਤੀ ਸਮਾਜ ਜਿਸ ਕਾਰਪੋਰੇਟੀ ਵਿਸ਼ਵ ਪੂੰਜੀ ਦੀ ਜਕੜ 'ਚ ਛਟਪਟਾ ਰਿਹਾ ਹੈ ਇਸ ਤੋਂ ਛੁਟਕਾਰਾ ਇਸ ਨੂੰ ਤਬਾਹ ਕਰਕੇ ਹੀ ਪਾਇਆ ਜਾ ਸਕਦਾ ਹੈ। ਸਾਮਰਾਜਵਾਦ ਤੋਂ ਮੁਕਤੀ ਲਈ ਵਿਸ਼ਾਲ ਲੋਕਾਈ ਦੀ ਲਾਮਬੰਦੀ ਜ਼ਰੂਰੀ ਹੈ। ਅੱਜ ਜਿਥੇ ਸਮਾਜਿਕ ਖੜੋਤ ਆ ਕੇ ਰੁਕ ਗਈ ਹੈ ਇਸ ਜਮੂਦਮਈ ਸਥਿਤੀ ਨੂੰ ਭੰਨ ਕੇ ਹੀ ਅਗਲੇਰੇ ਮਨੁੱਖੀ ਵਿਕਾਸ ਵੱਲ ਵਧਿਆ ਜਾ ਸਕਦਾ ਹੈ। ਇਹੀ ਭਗਤ ਸਿੰਘ ਦਾ ਸੰਦੇਸ਼ ਹੈ।







ਉਹ ਜੇਲ੍ਹ ਜਿਸ ਵਿਚ ਭਗਤ ਸਿੰਘ ਨੂੰ ਲਾਹੌਰ ਵਿਖੇ ਰੱਖਿਆ ਗਿਆ ਸੀ ਅਤੇ ਜਿਥੋਂ ਹਜ਼ਾਰਾਂ ਆਜ਼ਾਦੀ ਘੁਲਾਟੀਆਂ ਨੇ ਪ੍ਰੇਰਣਾ ਲੈ ਕੇ ਆਜ਼ਾਦੀ ਦੇ ਸੰਗਰਾਮ ਵਿਚ ਯੋਗਦਾਨ ਪਾਇਆ।

*ਜਥੇਬੰਦਕ ਧਰਮਾਂ ਦਾ ਮਾਇਆਜਾਲ਼-੧੨*

# ਜਪ-ਤਪ-ਹਠ ਕਰਮ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਕਰਮਕਾਂਡੀ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ-ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲ-ਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ।ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ-ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਧਰਮ ਪੁਜਾਰੀਆਂ ਵਲੋਂ ਮਨੁੱਖਤਾ ਨੂੰ ਸੱਚ ਦੇ ਮਾਰਗ ਤੇ ਤੋਰਨ ਵਾਲ਼ੇ ਰਹਿਬਰਾਂ, ਮਹਾਨ ਇਨਕਲਾਬੀ ਮਹਾਂਪੁਰਸ਼ਾਂ ਦੇ ਨਾਮ 'ਤੇ ਬਣਾਏ ਧਰਮ ਰੂਪੀ ਫਿਰਕਿਆਂ ਦੀਆਂ ਦੁਕਾਨਾਂ 'ਤੇ ਸਭ ਤੋਂ ਵੱਧ ਜੇ ਕੋਈ ਸੌਦਾ ਵਿਕਦਾ ਹੈ ਤਾਂ ਉਹ ਜੰਤਰ, ਮੰਤਰ, ਤੰਤਰ ਦਾ ਹੈ। ਜਿਤਨਾ ਮਨੁੱਖ ਦਾ ਸੋਸ਼ਣ ਜੰਤਰ-ਮੰਤਰ-ਤੰਤਰ ਦੇ ਨਾਮ ਤੇ ਧਰਮ ਪੁਜਾਰੀਆਂ ਨੇ ਕੀਤਾ ਹੈ ਜਾਂ ਕਰ ਰਹੇ ਹਨ, ਉਤਨਾ ਹੋਰ ਕਿਸੇ ਕਰਮਕਾਂਡ, ਪਾਖੰਡ ਦੇ ਨਾਂ 'ਤੇ ਨਹੀਂ ਕੀਤਾ। ਇਸ ਵਿਸ਼ੇ ਬਾਰੇ ਹੋਰ ਗੱਲ ਕਰਨ ਤੋਂ ਪਹਿਲਾਂ ਜੰਤਰ-ਮੰਤਰ-ਤੰਤਰ ਦੀ ਸ਼ਬਦਿਕ ਪ੍ਰੀਭਾਸ਼ਾ ਬਾਰੇ ਜਾਨ ਲੈਣਾ ਲਾਭਦਾਇਕ ਰਹੇਗਾ।

ਡਿਕਸ਼ਨਰੀ ਅਨੁਸਾਰ ਜੰਤਰ ਦਾ ਅਰਥ-ਮਸ਼ੀਨ, ਟੂਣਾ ਜਾਂ ਕੋਈ ਖਾਸ ਕਲਾ। ਮੰਤਰ ਦਾ ਅਰਥ-ਸਲਾਹ ਮਸ਼ਵਰਾ, ਗੁਪਤ ਗੱਲ ਕਰਨਾ, ਕਿਸੇ ਖਾਸ ਸ਼ਬਦ ਨੂੰ ਕਿਸੇ ਦੇ ਲਾਭ ਜਾਂ ਨੁਕਸਾਨ ਲਈ ਵਰਤਣਾ, ਕਿਸੇ ਗ੍ਰੰਥ ਦਾ ਮੂਲ ਪਾਠ ਆਦਿ। ਤੰਤਰ ਦਾ ਅਰਥ-ਫੈਲਾਉਣਾ, ਵਿਸਤਾਰ ਕਰਨਾ, ਉਪਾਅ ਕਰਨਾ, ਯਤਨ ਕਰਨਾ, ਕਿਸੇ ਜਾਦੂ-ਟੂਣੇ ਆਦਿ ਨਾਲ ਉਪਾਅ ਜਾਂ ਨੁਕਸਾਨ ਕਰਨਾ।

ਪਰ ਆਮ ਤੌਰ 'ਤੇ ਨਕਲੀ ਧਰਮਾਂ ਵਿੱਚ ਇਨ੍ਹਾਂ ਦੇ ਅਰਥ ਇਸ ਤਰ੍ਹਾਂ ਲਏ ਜਾਂਦੇ ਹਨ। ਕਿਸੇ ਖਾਸ ਸ਼ਬਦ, ਵਾਕ, ਅੱਖਰ ਜਾਂ ਰੱਬ ਦੇ ਨਾਂ ਆਦਿ ਨੂੰ ਮੰਤਰ, ਉਸ ਮੰਤਰ ਨੂੰ ਕਿਸੇ ਕਾਗਜ਼ ਜਾਂ ਹੋਰ ਚੀਜ਼ ਆਦਿ 'ਤੇ ਲਿਖ ਲੈਣ ਜਾਂ ਤਬੀਤ ਬਣਾ ਕੇ ਦੇਣ ਨੂੰ ਜੰਤਰ ਅਤੇ ਮੰਤਰਾਂ-ਜੰਤਰਾਂ ਰਾਹੀਂ ਆਪਣੇ ਸ਼ਰਧਾਲੂਆਂ ਨੂੰ ਜਾਦੂ-ਟੂਣਿਆਂ, ਕਾਲਾ ਇਲਮ ਆਦਿ ਰਾਹੀਂ ਮੁਸੀਬਤਾਂ ਤੋਂ ਬਚਾਉਣ ਤੇ ਵਿਰੋਧੀਆਂ ਨੂੰ ਮੁਸੀਬਤਾਂ ਵਿੱਚ ਪਾਉਣਾ ਨੂੰ ਤੰਤਰ ਕਿਹਾ ਜਾਂਦਾ ਹੈ।

ਕੁਦਰਤ ਦੇ ਅਟੱਲ ਨਿਯਮਾਂ ਨੂੰ ਨਾ ਸਮਝਣ ਵਾਲੇ ਅੰਧ ਵਿਸ਼ਵਾਸੀ, ਲਾਲਚੀ ਬਿਰਤੀ ਤੇ ਡਰਪੋਕ ਮਾਨਸਿਕਤਾ ਵਾਲੇ ਲੋਕ ਅਕਸਰ ਪਾਂਧਿਆਂ, ਪ੍ਰੋਹਤਾਂ, ਪੁਜਾਰੀਆਂ, ਬਾਬਿਆਂ, ਸਾਧਾਂ-ਸੰਤਾਂ, ਤਾਂਤਰਿਕਾਂ, ਯੋਗੀਆਂ, ਸੰਨਿਆਸੀਆਂ ਆਦਿ ਦੇ ਚੁੰਗਲ ਵਿੱਚ ਫਸਦੇ ਹਨ। ਆਮ ਮਨੁੱਖ ਮਾਨਸਿਕ ਤੌਰ 'ਤੇ ਬਲਵਾਨ ਨਾ ਹੋਣ ਕਾਰਨ, ਆਪਣੀ ਡਰ ਤੇ ਲਾਲਚੀ ਬਿਰਤੀ ਅਧੀਨ ਜਦੋਂ ਉਨ੍ਹਾਂ ਨੂੰ ਕੋਈ ਥੋੜ੍ਹੀ ਬਹੁਤੀ ਮੁਸੀਬਤ ਪੈਂਦੀ ਹੈ ਤਾਂ ਉਸਦਾ ਸਾਹਮਣਾ ਕਰਨ, ਉਸਦਾ ਸਹੀ ਢੰਗ ਨਾਲ ਹੱਲ ਲੱਭਣ ਦੀ ਥਾਂ ਪੁਜਾਰੀਆਂ ਕੋਲ ਭੱਜਾ ਜਾਂਦਾ ਹੈ। ਹਰ ਧਰਮ ਦੇ ਪ੍ਰੋਹਿਤਾਂ ਪੁਜਾਰੀਆਂ ਨੇ ਬਚਪਨ ਤੋਂ ਮਨੁੱਖ ਦੀ ਮਾਨਸਿਕ ਘਾੜਤ ਅਜਿਹੇ ਢੰਗ ਨਾਲ ਘੜੀ ਹੁੰਦੀ ਹੈ ਕਿ ਉਹ ਕਦੇ ਵੀ ਆਪਣੇ ਮਸਲਿਆਂ ਨੂੰ ਆਪ ਹੱਲ ਕਰਨ ਦੇ ਸਮਰਥ ਨਾ ਹੋਣ ਕਾਰਨ, ਉਹ ਹਮੇਸ਼ਾਂ ਨਿਮਾਣਾ ਨਿਤਾਣਾ ਬਣ, ਅੱਖਾਂ ਮੀਟ ਕੇ ਉਸਦੇ ਜਾਂ ਉਸਦੇ ਬਣਾਏ ਰੱਬ, ਜਾਂ ਰੱਬ ਦੇ ਬਣਾਏ ਕਲਪਿਤ ਦੇਵੀ-ਦੇਵਤਿਆਂ ਅੱਗੇ ਹੱਥ ਜੋੜ ਕੇ, ਸਿਰ ਝੁਕਾ ਕੇ ਖੜ੍ਹਾ ਰਹੇ। ਉਹ ਕਦੇ ਵੀ ਆਪਣੀਆਂ ਸਮੱਸਿਆਵਾਂ ਨੂੰ ਆਪ ਹੱਲ ਕਰਨ ਜਾਂ ਆਪਣੇ ਸੰਗੀ ਸਾਥੀਆਂ ਨਾਲ ਰਲ-ਮਿਲ ਕੇ ਹੱਲ ਕਰਨ ਦੇ ਸਮਰੱਥ ਨਾ ਹੋਵੇ, ਸਗੋਂ ਹਰ ਮੁਸੀਬਤ ਮੌਕੇ ਮਨੁੱਖ ਆਪਣੇ ਹੱਥੀਂ ਬਣਾਏ ਬੁੱਤਾਂ, ਫੋਟੋਆਂ, ਮੂਰਤੀਆਂ, ਗ੍ਰੰਥਾਂ ਜਾਂ ਫਿਰ ਪੁਜਾਰੀਆਂ ਦੇ ਚਰਨਾਂ ਵਿੱਚ ਢਹਿ ਪਵੇ ਤੇ ਅੱਗੋਂ ਪੁਜਾਰੀ ਉਸਨੂੰ ਤਸੱਲੀ ਦੇਵੇ ਕਿ ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ, ਸਬਰ ਰੱਖੋ ਰੱਬ ਆਪੇ ਸਭ ਕੁਝ ਠੀਕ ਕਰੇਗਾ। ਇਹੀ ਵਜ੍ਹਾ ਹੈ ਕਿ ਜੰਤਰਾਂ-ਮੰਤਰਾਂ-ਤੰਤਰਾਂ ਦੀਆਂ ਕਲਪਿਤ ਕਰਾਮਾਤੀ ਸ਼ਕਤੀਆਂ, ਰਿਧੀਆਂ-ਸਿਧੀਆਂ, ਗੈਬੀ ਸ਼ਕਤੀਆਂ ਦੀ ਹੋਂਦ ਦੀ ਸੰਭਾਵਨਾ ਨੂੰ ਕੋਈ ਨਾਸਤਿਕ, ਕੋਈ ਤਰਕਸ਼ੀਲ ਵਿਅਕਤੀ ਤਾਂ ਭਾਵੇਂ ਰੱਦ ਕਰ ਦੇਵੇ, ਪਰ ਪੁਜਾਰੀਆਂ ਦੇ ਧਰਮਾਂ ਦਾ ਸ਼ਰਧਾਲੂ ਅਜਿਹੀ ਜੁਰਅਤ ਕਦੇ ਨਹੀਂ ਕਰ ਪਾਉਂਦਾ। ਉਸਨੂੰ ਹਮੇਸ਼ਾਂ ਇਹ ਸੋਚ ਲੱਗੀ ਰਹਿੰਦੀ ਹੈ ਕਿ ਜੇ ਮੈਂ ਵਿਰੋਧ ਕੀਤਾ, ਇਸਨੂੰ ਰੱਦ ਕੀਤਾ, ਮੇਰਾ ਕਿਤੇ ਨੁਕਸਾਨ ਹੀ ਨਾ ਹੋ ਜਾਵੇ ਜਾਂ ਹੋ ਸਕਦਾ ਇਸ ਵਿੱਚ ਕੋਈ ਸਚਾਈ ਹੀ ਹੋਵੇ। ਚਲੋ ਅਸੀਂ ਕੀ ਲੈਣਾ, ਜੋ ਕਰਨਗੇ ਉਹ ਭਰਨਗੇ। ਅਜਿਹੇ ਸ਼ਰਧਾਲੂ ਅਕਸਰ ਅਜਿਹਾ ਕਹਿੰਦੇ ਵੀ ਸੁਣੇ ਜਾਂਦੇ ਹਨ ਕਿ ਇਹ ਰਿਧੀਆਂ-ਸਿਧੀਆਂ, ਟੂਣੇ-ਟਾਮਣੇ, ਜਾਦੂ-ਟੂਣੇ, ਕਾਲੇ ਇਲਮ, ਗੈਬੀ ਸ਼ਕਤੀਆਂ ਆਦਿ ਹੁੰਦੇ ਤਾਂ ਹਨ, ਪਰ ਉਸ ਲਈ ਹੀ ਹਨ, ਜੋ ਇਸਨੂੰ ਮੰਨਦੇ ਹਨ। ਸ਼ਰਧਾਲੂ ਲੋਕਾਂ ਦੀ ਅਜਿਹੀ ਸੋਚ ਕਾਰਨ ਹੀ ਪੁਜਾਰੀਆਂ ਦਾ ਜੰਤਰਾਂ-ਮੰਤਰਾਂ-ਤੰਤਰਾਂ ਦਾ ਧੰਦਾ ਹਜ਼ਾਰਾਂ ਸਾਲਾਂ ਤੋਂ ਬਦਸਤੂਰ ਜਾਰੀ ਹੈ। ਬੇਸ਼ੱਕ ਇਹ ਵੀ ਸੱਚਾਈ ਹੈ ਕਿ ਜਿਹੜਾ ਵਿਅਕਤੀ ਮਾਨਸਿਕ ਤੌਰ 'ਤੇ ਬਲਵਾਨ ਹੈ, ਅਜਿਹੀਆਂ ਕਿਸੇ ਤਰ੍ਹਾਂ ਦੀਆਂ ਗੈਬੀ ਸ਼ਕਤੀਆਂ, ਤੰਤਰਾਂ-ਮੰਤਰਾਂ ਵਿੱਚ ਯਕੀਨ ਨਹੀਂ ਕਰਦਾ, ਉਸ 'ਤੇ ਇਸਦਾ ਕੋਈ ਅਸਰ ਨਹੀਂ ਹੁੰਦਾ ਤੇ ਵੈਸੇ ਵੀ ਇਨ੍ਹਾਂ ਵਿੱਚ ਕੋਈ ਸਚਾਈ ਵੀ ਨਹੀਂ ਹੁੰਦੀ, ਪਰ ਮਾਨਸਿਕ ਤੌਰ 'ਤੇ ਨਿਮਾਣੇ, ਨਿਤਾਣੇ, ਕਮਜ਼ੋਰ ਮਨੁੱਖ ਪਹਿਲਾਂ ਹੀ ਬਹੁਤ ਸਾਰੇ ਵਹਿਮਾਂ, ਭਰਮਾਂ, ਡਰਾਂ ਦਾ ਸ਼ਿਕਾਰ ਹੁੰਦੇ ਹਨ, ਜਦੋਂ ਕੋਈ ਘਟਨਾ ਅਚਾਨਕ ਜਾਂ ਕੁਦਰਤੀ ਵਾਪਰ ਜਾਵੇ ਤਾਂ ਉਹ ਇਸਨੂੰ ਅਜਿਹੀਆਂ ਰਿਧੀਆਂ-ਸਿਧੀਆਂ, ਕਰਾਮਾਤਾਂ, ਮੰਤਰਾਂ-ਜੰਤਰਾਂ ਨਾਲ ਜੋੜ ਲੈਂਦੇ ਹਨ।

ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਦਰਤ ਦੇ ਅਟੱਲ ਨਿਯਮਾਂ ਵਿੱਚ ਅਜੇ ਵੀ ਅਜਿਹੇ ਅਨੇਕਾਂ ਭੇਤ ਹਨ, ਜੋ ਅਜੇ ਮਨੁੱਖੀ ਸੂਝ ਤੋਂ ਪਰ੍ਹਾਂ ਦੀ ਗੱਲ ਹਨ, ਸਾਡੇ ਅਨੇਕਾਂ ਸਾਇੰਸਦਾਨ ਕੁਦਰਤ ਦੇ ਅਜਿਹੇ ਗੁੱਝੇ ਭੇਦਾਂ ਨੂੰ ਸਦੀਆਂ ਤੋਂ ਲੱਭਣ ਦਾ ਯਤਨ ਕਰ ਰਹੇ ਹਨ, ਉਨ੍ਹਾਂ ਦੇ ਇਨ੍ਹਾਂ ਯਤਨਾਂ ਸਦਕਾ ਹੀ ਅੱਜ ਮਨੁੱਖ ਜਿੱਥੇ ਅਨੇਕਾਂ ਦੁਨਿਆਵੀ ਸੁੱਖ-ਸਹੂਲਤਾਂ ਮਾਣ ਰਿਹਾ ਹੈ, ਉਥੇ ਉਸਨੇ ਕੁਦਰਤ ਦੀਆਂ ਅਨੇਕਾਂ ਕ੍ਰੋਪੀਆਂ ਤੋਂ ਛੁਟਕਾਰਾ ਵੀ ਪਾਇਆ ਹੈ। ਇਹ ਸਭ ਕੁਦਰਤ ਦੇ ਨਿਯਮਾਂ ਨੂੰ ਜਾਨਣ, ਉਨ੍ਹਾਂ ਦੇ ਅੰਦਰ ਛੁਪੇ ਗੁੱਝੇ ਭੇਦਾਂ ਨੂੰ ਲੱਭਣ ਨਾਲ ਹੀ ਸੰਭਵ ਹੋ ਸਕਿਆ ਹੈ। ਜੋ ਸੁੱਖ-ਸਹੂਲਤਾਂ, ਅੱਜ ਦਾ ਮਨੁੱਖ (ਕਰਾਮਾਤਾਂ ਤੇ ਗੈਬੀ ਸ਼ਕਤੀਆਂ ਵਿੱਚ ਯਕੀਨ ਕਰਨ ਵਾਲਿਆਂ ਸਮੇਤ) ਮਾਣ ਰਿਹਾ ਹੈ, ਉਹ ਸਭ ਸਾਇੰਸਦਾਨਾਂ ਦੀਆਂ ਸੈਂਕੜੇ ਸਾਲਾਂ ਦੀਆਂ ਅਣਥਕ ਘਾਲਣਾਵਾਂ ਦਾ ਨਤੀਜਾ ਹੈ। ਸੋਚੋ! ਪਿਛਲੇ 6000 ਸਾਲ ਦੇ ਧਰਮਾਂ ਦੇ ਇਤਿਹਾਸ ਵਿੱਚ ਪੈਦਾ ਹੋਏ ਅਨੇਕਾਂ ਜਪੀਆਂ, ਤਪੀਆਂ, ਸਾਧਾਂ, ਸੰਨਿਆਸੀਆਂ, ਤਾਂਤਰਿਕਾਂ ਆਦਿ ਦੀ ਸਾਰੀ ਉਮਰ ਦੀ ਭਗਤੀ, ਜਪ-ਤਪ, ਜਾਦੂ-ਟੂਣਿਆਂ, ਮੰਤਰਾਂ-ਜੰਤਰਾਂ ਨੇ ਮਨੁੱਖਤਾ ਦਾ ਕੀ ਭਲਾ ਕੀਤਾ ਹੈ? ਕੀ ਪੁਜਾਰੀਆਂ ਤੋਂ ਇਹ ਸਵਾਲ ਪੁੱਛਣਾ ਨਹੀਂ ਬਣਦਾ? ਗੈਬੀ ਸ਼ਕਤੀਆਂ ਤੇ ਕਰਾਮਾਤਾਂ ਦੀਆਂ ਅਲੌਕਿਕ ਸ਼ਕਤੀਆਂ ਨਾਲ ਸਭ ਕੁਝ ਕਰਨ ਦੇ ਸਮਰੱਥ ਇਹ ਤਾਂਤਰਿਕ, ਸੰਨਿਆਸੀ, ਬ੍ਰਹਮ ਗਿਆਨੀ ਦੱਸਣ ਕਿ ਇਨ੍ਹਾਂ ਸ਼ਕਤੀਆਂ ਨਾਲ ਅੱਜ ਤੱਕ ਉਨ੍ਹਾਂ ਨੇ ਮਨੁੱਖ ਲਈ ਕੀ ਕਦੇ ਕੋਈ ਸੁੱਖ-ਸਹੂਲਤ ਪੈਦਾ ਕੀਤੀ ਹੈ? ਇਨ੍ਹਾਂ ਸ਼ਕਤੀਆਂ ਨਾਲ ਮਨੁੱਖਤਾ ਦਾ ਕੀ ਭਲਾ ਕੀਤਾ ਹੈ? ਜੇ ਇਹ ਸ਼ਕਤੀਆਂ ਇੰਨੀਆਂ ਹੀ ਸੱਚੀਆਂ ਤੇ ਉਪਯੋਗੀ ਹਨ ਤਾਂ ਇਨ੍ਹਾਂ ਨੂੰ ਪਾਉਣ ਦਾ ਉਹ ਫਾਰਮੂਲਾ ਸਾਇੰਸਦਾਨਾਂ ਵਾਂਗ ਸਭ ਨੂੰ ਖੁਲ੍ਹੇਆਮ ਦੱਸ ਕਿਉਂ ਨਹੀਂ ਦਿੰਦੇ? ਜਾਂ ਉਨ੍ਹਾਂ ਦੀਆਂ ਭਗਤੀਆਂ, ਜਪ-ਤਪ, ਮੰਤਰਾਂ-ਜੰਤਰਾਂ ਆਦਿ ਨਾਲ ਉਨ੍ਹਾਂ ਵਿੱਚ ਕੋਈ ਅਲੌਕਿਕ ਸ਼ਕਤੀ ਹੈ ਤਾਂ ਉਹ ਦੁਨੀਆਂ ਦਾ ਕਿਸੇ ਖੇਤਰ ਵਿੱਚ ਕੋਈ ਭਲਾ ਕਰਕੇ ਕਿਉਂ ਨਹੀਂ ਦਿਖਾਉਂਦੇ? ਅਜਿਹਾ ਕਰਕੇ ਉਹ ਤਰਕਸ਼ੀਲ਼ਾਂ ਦਾ ਮੂੰਹ ਬੰਦ ਕਰਨ ਤੇ ਲੋਕ ਵੀ ਉਨ੍ਹਾਂ ਨੂੰ ਪਾਖੰਡੀ ਨਾ ਕਹਿਣ। ਪਰ ਨਹੀਂ, ਉਹ ਤਾਂ ਅੰਧ ਵਿਸ਼ਵਾਸੀ ਤੇ ਮਾਨਸਿਕ ਤੌਰ ਦੇ ਗੁਲਾਮ ਸ਼ਰਧਾਲੂਆਂ ਦੀ ਇਨ੍ਹਾਂ ਅਖੌਤੀ ਸ਼ਕਤੀਆਂ ਦੇ ਨਾਮ ਤੇ ਲੁੱਟ ਕਰਨਾ ਹੀ ਜਾਣਦੇ ਹਨ। ਬੜੀ ਹੈਰਾਨੀ ਹੁੰਦੀ ਹੈ, ਉਨ੍ਹਾਂ ਸ਼ਰਧਾਲੂਆਂ ਤੋਂ, ਜੋ ਇੱਕ ਅਖੌਤੀ ਗੁਰੂ ਤੋਂ ਲੁੱਟ ਹੋ ਕੇ, ਆਪਣਾ ਸ਼ੋਸ਼ਣ ਕਰਵਾ ਕੇ, ਕੁਝ ਸਮੇਂ ਬਾਅਦ ਕਿਸੇ ਹੋਰ ਦੇ ਪੈਰਾਂ ਵਿੱਚ ਡਿਗੇ ਹੁੰਦੇ ਹਨ। ਅਸਲ ਵਿੱਚ ਧਰਮ, ਜਿਸਦਾ ਅਸਲ ਮਾਰਗ ਮਨੁੱਖੀ ਮਨ (ਦਿਮਾਗ ਜਾਂ ਆਤਮਾ ਆਦਿ) ਦੇ ਬੁਨਿਆਦੀ ਔਗੁਣਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ) ਤੋਂ ਜਾਣੂ ਕਰਾ ਕੇ, ਉਸਨੂੰ ਸੱਚ ਦਾ ਮਾਰਗ ਦਿਖਾਉਣਾ, ਇਨ੍ਹਾਂ ਔਗੁਣਾਂ ਦੀ ਆਪਣੇ ਤੇ ਸਮਾਜ ਲਈ ਸੁਚੱਜੀ ਵਰਤੋਂ ਕਰਨਾ ਜਾਂ ਇਨ੍ਹਾਂ ਨੂੰ ਕਾਬੂ ਵਿੱਚ ਰੱਖ ਕੇ ਸਬਰ, ਸੰਤੋਖ ਤੇ ਕੁਦਰਤ ਦੇ ਭਾਣੇ ਵਿੱਚ ਰਹਿਣ ਦੀ ਜੀਵਨ ਜਾਚ ਦੇਣਾ ਸੀ, ਪਰ ਪੁਜਾਰੀਆਂ ਨੇ ਮਨੁੱਖ ਨੂੰ ਇਸ ਪਾਸੇ ਤੋਰਨ ਦੀ ਥਾਂ ਵਹਿਮਾਂ, ਭਰਮਾਂ, ਪਾਖੰਡਾਂ, ਕਰਮਕਾਂਡਾਂ, ਜਾਦੂ-ਟੂਣਿਆਂ, ਕਰਾਮਾਤਾਂ ਆਦਿ ਦੇ ਚੱਕਰ ਵਿੱਚ ਪਾ ਕੇ ਧਰਮ ਨੂੰ ਮਨੁੱਖ ਦਾ ਮਾਨਸਿਕ, ਸਰੀਰਕ, ਆਰਥਿਕ ਸੋਸ਼ਣ ਕਰਨ ਦਾ ਧੰਦਾ ਬਣਾ ਦਿੱਤਾ ਹੈ।

ਧਰਮਾਂ ਦੇ ਵੱਖ-ਵੱਖ ਗ੍ਰੰਥ ਅਜਿਹੇ ਮੰਤਰਾਂ-ਜੰਤਰਾਂ-ਤੰਤਰਾਂ ਦੇ ਕਿੱਸੇ ਕਹਾਣੀਆਂ ਨਾਲ ਭਰੇ ਪਏ ਹਨ। ਦੁਨੀਆਂ ਦਾ ਕੋਈ ਵੀ ਰਹਿਬਰ, ਪੀਰ-ਪੈਗੰਬਰ, ਗੁਰੂ, ਮਹਾਂਪੁਰਸ਼ ਅਜਿਹਾ ਨਹੀਂ ਮਿਲੇਗਾ, ਜਿਸਦੇ ਜੀਵਨ ਨਾਲ਼ ਉਸਦੇ ਮਰਨ ਉਪਰੰਤ ਪੁਜਾਰੀਆਂ ਜਾਂ ਸ਼ਰਧਾਲੂਆਂ ਵਲੋਂ ਕਰਾਮਾਤੀ ਕਥਾ-ਕਹਾਣੀਆਂ ਨਾ ਘੜੀਆਂ ਹੋਣ। ਵੱਡੇ-ਵੱਡੇ ਰਿਸ਼ੀਆਂ-ਮੁਨੀਆਂ, ਤਾਂਤਰਿਕਾਂ ਨੂੰ ਜੰਗਲਾਂ-ਪਹਾੜਾਂ ਵਿੱਚ ਜਾ ਕੇ ਘੋਰ ਤਪੱਸਿਆ ਕਰਦੇ, ਮੰਤਰਾਂ ਦਾ ਜਾਪ ਕਰਦੇ ਦਿਖਾਇਆ ਗਿਆ ਹੈ ਤਾਂ ਕਿ ਦੱਸਿਆ ਜਾ ਸਕੇ ਕਿ ਇਨ੍ਹਾਂ ਭਾਰੀ ਤਪੱਸਿਆਵਾਂ ਨਾਲ ਉਨ੍ਹਾਂ ਕੋਲ਼ ਕੁਦਰਤ ਦੇ ਅਟੱਲ ਨਿਯਮਾਂ ਨੂੰ ਉਲਟਾਉਣ ਦੀਆਂ ਸ਼ਕਤੀਆਂ ਸਨ, ਇਹ ਸ਼ਕਤੀਆਂ ਉਨ੍ਹਾਂ ਭਾਰੀ ਤਪਾਂ ਨਾਲ ਪ੍ਰਾਪਤ ਕਰ ਲਈਆਂ ਸਨ। ਹੁਣ ਤੁਸੀਂ ਪੁਜਾਰੀ ਦੁਆਰਾ ਦੱਸੀ ਕਠਿਨ ਮਰਿਯਾਦਾ ਅਨੁਸਾਰ ਪੂਜਾ-ਪਾਠ ਕਰਾਓ, ਕਰਮ-ਕਾਂਡ ਨਿਭਾਉ, ਤੁਹਾਨੂੰ ਸਭ ਮਨੋ ਮੰਗੀਆਂ ਮੁਰਾਦਾਂ ਮਿਲਣਗੀਆਂ, ਤੁਹਾਡੇ ਵਿਰੋਧੀਆਂ ਦਾ ਸਰਬਨਾਸ਼ ਹੋ ਜਾਵੇਗਾ। ਸ਼ਾਇਦ ਹੀ ਕਿਸੇ ਧਰਮ ਦਾ ਗ੍ਰੰਥ ਗੈਰ-ਕੁਦਰਤੀ ਕਰਾਮਾਤੀ ਕਥਾ-ਕਹਾਣੀਆਂ ਤੋਂ ਬਚਿਆ ਹੋਵੇ, ਜੇ ਕੋਈ ਬਚਿਆ ਵੀ ਹੋਵੇ ਤਾਂ ਉਸਦੇ ਨਾਲ ਅਨੇਕਾਂ ਹੋਰ ਨਕਲੀ ਗ੍ਰੰਥ ਪੁਜਾਰੀਆਂ ਵਲੋਂ ਲਿਖ ਕੇ ਪ੍ਰਚਾਰੇ ਜਾਂਦੇ ਹਨ ਤਾਂ ਕਿ ਸ਼ਰਧਾਲੂ ਮਨੁੱਖ ਦਾ ਅਜਿਹੀਆਂ ਅਖੌਤੀ ਕਰਾਮਾਤਾਂ, ਗੈਬੀ ਸ਼ਕਤੀਆਂ ਤੇ ਇਨ੍ਹਾਂ ਨੂੰ ਵੱਸ ਕਰਨ ਜਾਂ ਇਨ੍ਹਾਂ ਦੇ ਉਪਯੋਗ ਆਪਣੇ ਹੱਕ ਵਿੱਚ ਕਰਨ ਤੇ ਵਿਰੋਧੀਆਂ ਦੇ ਵਿਰੁੱਧ ਕਰਨ ਵਿੱਚ ਬਣਿਆ ਰਹੇ। ਧਰਮਾਂ ਦੀ ਦੁਨੀਆਂ ਵਿੱਚ ਤੁਹਾਨੂੰ ਜੰਤਰਾਂ, ਮੰਤਰਾਂ, ਤੰਤਰਾਂ, ਕਰਾਮਾਤਾਂ, ਗੈਬੀ ਸ਼ਕਤੀਆਂ, ਗੈਬੀ ਰੂਹਾਂ ਵੱਸ ਕਰਨ, ਆਦਿ ਦੇ ਅਨੇਕਾਂ ਸ਼ਾਸਤਰ, ਗ੍ਰੰਥ, ਸ਼ਰਧਾ ਪੂਰਨ ਤੇ ਦੁੱਖ ਹਰਨ ਵਾਲੇ ਦੁੱਖ ਭਮਜਨੀ ਗੁਟਕੇ ਮਿਲ ਜਾਂਦੇ ਹਨ। ਜਿਨ੍ਹਾਂ ਵਿੱਚ ਵੱਖ-ਵੱਖ ਵਿਧੀਆਂ ਰਾਹੀਂ ਰਿਧੀਆਂ-ਸਿਧੀਆਂ, ਕਰਾਮਾਤੀ ਸ਼ਕਤੀਆਂ ਹਾਸਿਲ ਕਰਨ ਦੇ ਢੰਗ ਤਰੀਕੇ, ਪੂਜਾ-ਪਾਠ ਦੇ ਸਾਧਨ, ਜਪ-ਤਪ ਕਰਨ ਦੇ ਸਾਧਨ ਆਦਿ ਦੱਸੇ ਹੁੰਦੇ ਹਨ ਤਾਂ ਕਿ ਮਨੁੱਖ ਇਨ੍ਹਾਂ ਮੰਤਰਾਂ-ਜੰਤਰਾਂ ਦੀਆਂ ਸ਼ਕਤੀਆਂ ਨਾਲ਼ ਆਪਣੀਆਂ ਮਨੋ-ਕਾਮਨਾਵਾਂ ਪੂਰੀਆਂ ਕਰ ਸਕੇ, ਆਪਣੇ ਵਿਗੜੇ ਕਾਰਜ ਸਵਾਰ ਸਕੇ, ਦੂਜੇ ਲੋਕਾਂ ਤੇ ਆਪਣਾ ਪ੍ਰਭਾਵ ਬਣਾ ਸਕੇ, ਨਾਲ਼ ਹੀ ਨਾਲ਼ ਆਪਣੇ ਵਿਰੋਧੀਆਂ ਨੂੰ ਚਿੱਤ ਕਰ ਸਕੇ, ਉਨ੍ਹਾਂ ਦਾ ਆਪਣੇ ਲਾਭ ਲਈ ਨੁਕਸਾਨ ਕਰ ਸਕੇ।

ਪੁਜਾਰੀਆਂ ਦੇ ਨਕਲੀ ਧਰਮਾਂ ਦੇ ਇਤਿਹਾਸ ਨੂੰ ਪੜ੍ਹਨ ਤੋਂ ਇਹ ਸਮਝ ਵੀ ਪੈਂਦੀ ਹੈ ਕਿ ਗੈਬੀ ਤੇ ਕਰਾਮਾਤੀ ਸ਼ਕਤੀਆਂ ਦਾ ਭੁਲੇਖਾ ਪਾ ਕੇ (ਜਿਹੜਾ ਕੇ ਆਮ ਤੌਰ 'ਤੇ ਜਾਦੂ ਦਾ ਟਰਿਕ, ਹੱਥ ਦੀ ਸਫਾਈ ਜਾਂ ਸਾਇੰਸ ਦਾ ਕੋਈ ਪ੍ਰਯੋਗ ਹੀ ਹੁੰਦਾ ਹੈ) ਪ੍ਰਸਿੱਧੀ ਹਾਸਿਲ ਕਰ ਬੈਠੇ ਤਾਂਤਰਿਕਾਂ, ਸਾਧਾਂ, ਸਿੱਧਾਂ, ਬ੍ਰਹਮ ਗਿਆਨੀਆਂ, ਯੋਗੀਆਂ ਆਦਿ ਨੇ ਹੋ ਸਕਦਾ ਕਿਸੇ ਇੱਕਾ-ਦੁੱਕਾ ਵਿਅਕਤੀ ਦਾ ਕੋਈ ਕੰਮ ਸੰਵਾਰ ਦਿੱਤਾ ਹੋਵੇ (ਹੋ ਸਕਦਾ ਉਹ ਕੰਮ ਕੁਦਰਤੀ ਹੋ ਗਿਆ ਹੋਵੇ ਜਾਂ ਉਸ ਪਿਛੇ ਕੋਈ ਹੋਰ ਕਾਰਨ ਹੋਵੇ), ਪਰ ਇਨ੍ਹਾਂ ਵਿੱਚੋਂ ਕਿਸੇ ਨੇ ਕਦੇ ਕੋਈ ਅਜਿਹਾ ਉਦਮ ਨਹੀਂ ਕੀਤਾ, ਜਿਸ ਤੋਂ ਸਮੂਹ ਜਗਤ ਦੀ ਭਲਾਈ ਹੋਈ ਹੋਵੇ, ਨਾ ਹੀ ਇਨ੍ਹਾਂ ਵਿੱਚੋਂ ਅਜੇ ਤੱਕ ਕੋਈ ਮਨੁੱਖ, ਮੰਤਰਾਂ-ਜੰਤਰਾਂ ਰਾਹੀਂ ਕੋਈ ਕਾਰਜ ਰਾਸ ਕਰਨ ਦਾ ਜਾਂ ਕਿਸੇ ਦਾ ਨੁਕਸਾਨ ਕਰਨ ਦਾ ਸਰਬਸਾਂਝਾ ਸਿਧਾਂਤ ਹੀ ਦੇ ਸਕੇ ਹਨ। ਜਿਸ ਤਰ੍ਹਾਂ ਸਾਇੰਸਦਾਨ, ਮਨੁੱਖ ਨੂੰ ਸਾਰੀ ਦੁਨੀਆਂ ਵਿੱਚ ਵਰਤਣ ਲਈ ਸਰਬ ਸਾਂਝੇ ਸਿਧਾਂਤ ਬਖਸ਼ਦੇ ਹਨ। ਜਿਸਨੂੰ ਵਰਤ ਕੇ, ਪ੍ਰਯੋਗ ਕਰਕੇ ਦੁਨੀਆਂ ਵਿੱਚ ਕਿਤੇ ਵੀ ਕੋਈ ਵਿਅਕਤੀ ਲਾਭ ਉਠਾ ਸਕਦਾ ਹੈ।

ਅਨੇਕਾਂ ਧਰਮ ਸਥਾਨਾਂ 'ਤੇ ਅਜਿਹੇ ਸਾਧਾਂ-ਸੰਤਾਂ-ਤਾਂਤਰਿਕਾਂ ਆਦਿ ਨੇ ਜੰਤਰਾਂ-ਮੰਤਰਾਂ, ਜਾਦੂ-ਟੂਣਿਆਂ ਆਦਿ ਨਾਲ ਲੋਕਾਂ ਦੇ ਰੋਗ ਕੱਟਣ, ਮਨੋ-ਇੱਛਤ ਫਲ਼ ਪ੍ਰਾਪਤ ਕਰਨ, ਸਾਰੀਆਂ ਮੁਸੀਬਤਾਂ ਦੇ ਹੱਲ ਆਦਿ ਦਾ ਭਰਮ ਬਣਾਇਆ ਹੋਇਆ ਹੈ। ਲੱਖਾਂ ਲੋਕ ਦੁਨੀਆਂ ਭਰ ਵਿੱਚ ਅਜਿਹੇ ਸਥਾਨਾਂ 'ਤੇ ਜਾ ਕੇ ਮੱਥੇ ਰਗੜਦੇ ਹਨ, ਜਪ-ਤਪ ਕਰਦੇ ਹਨ, ਵਿਧੀ ਅਨੁਸਾਰ ਪੂਜਾ-ਪਾਠ ਕਰਦੇ ਹਨ, ਸਿਰ ਮਾਰ-ਮਾਰ ਨੱਚਦੇ ਹਨ, ਆਪਣੇ ਸਰੀਰ ਨੂੰ ਕਸ਼ਟ ਦਿੰਦੇ ਹਨ, ਮੰਤਰੇ ਹੋਏ ਧਾਗੇ ਤਬੀਤ, ਪਾਣੀ ਆਦਿ ਲਿਆਉਂਦੇ ਹਨ। ਫਿਰ ਅਜਿਹੇ ਪੁਜਾਰੀਆਂ ਦੇ ਸ਼ਰਧਾਲੂ ਆਪਣੇ ਦੁੱਖ ਕੱਟ ਹੋਣ, ਸੁੱਖਣਾ ਪੂਰੀ ਹੋਣ, ਸਰਰਿਕ ਰੋਗ ਕੱਟੇ ਜਾਣ ਦੀਆਂ ਕਹਾਣੀਆਂ ਵੀ ਸੁਣਾਉਂਦੇ ਹਨ। ਪਰ ਇਨ੍ਹਾਂ ਤਾਂਤਰਿਕਾਂ, ਬਾਬਿਆਂ ਦਾ ਇਲਾਜ ਸਿਰਫ ਡੇਰੇ ਤੱਕ ਹੀ ਸੀਮਤ ਹੁੰਦਾ ਹੈ। ਉਨ੍ਹਾਂ ਦੇ ਮੰਤਰਾਂ-ਜੰਤਰਾਂ ਦੀ ਵਿਧੀਆਂ ਨੂੰ ਸਕੂਲਾਂ-ਕਾਲਜਾਂ ਵਿੱਚ ਪੜ੍ਹਾ ਕੇ ਸਾਰੀ ਮਨੁੱਖਤਾ ਦਾ ਭਲਾ ਕਿਉਂ ਨਹੀਂ ਕੀਤਾ ਜਾਂਦਾ? ਅਸਲ ਵਿੱਚ ਉਥੇ ਭਰਮ ਗ੍ਰਸੇ, ਮਾਨਸਿਕ ਬੀਮਾਰ ਤੇ ਮੰਦ ਬੁੱਧੀ ਲੋਕ ਹੀ ਜਾਂਦੇ ਹਨ ਤੇ ਉਨ੍ਹਾਂ ਨੂੰ ਹੀ ਬੀਮਾਰ ਹੋਣ ਤੇ ਠੀਕ ਹੋਣ ਦਾ ਭਰਮ ਹੁੰਦਾ ਹੈ। ਉਨ੍ਹਾਂ ਵਿਚੋਂ ਬਹੁਤਿਆਂ ਦੀਆ ਬੀਮਾਰੀਆਂ ਵੀ ਅਸਲ ਵਿੱਚ ਮਾਨਸਿਕ ਹੀ ਹੁੰਦੀਆਂ ਹਨ। ਇਹੀ ਵਜ੍ਹਾ ਹੈ ਕਿ ਵਿਗਿਆਨੀਆਂ ਦੀਆਂ ਖੋਜਾਂ ਨਾਲ਼ ਬਣਾਈਆਂ ਦਵਾਈਆਂ ਦੀ ਵਰਤੋਂ ਕਰਕੇ ਡਾਕਟਰਾਂ ਵਲੋਂ ਰੋਜ਼ਾਨਾ ਲੱਖਾਂ ਲੋਕਾਂ ਦੇ ਇਲਾਜ ਕੀਤੇ ਜਾਂਦੇ ਹਨ, ਸਰਜਰੀਆਂ ਹੁੰਦੀਆਂ ਹਨ, ਲੋਕ ਮੌਤ ਦੇ ਮੂੰਹ ਵਿਚੋਂ ਬਚ ਆਉਂਦੇ ਹਨ ਤੇ ਦੁਨੀਆਂ ਭਰ ਵਿੱਚ ਸਾਇੰਸਦਾਨਾਂ ਦੀਆਂ ਖੋਜਾਂ ਨੂੰ ਸਰਕਾਰੀ ਪੱਧਰ 'ਤੇ ਮਾਨਤਾ ਮਿਲ਼ੀ ਹੁੰਦੀ ਹੈ, ਪਰ ਅਜੇ ਤੱਕ ਕਿਸੇ ਤਾਂਤਰਿਕ, ਯੋਗੀ, ਸੰਨਿਆਸੀ, ਬ੍ਰਹਮ ਗਿਆਨੀ ਦੇ ਜਾਣੂ-ਟੂਣੇ, ਜੰਤਰ-ਮੰਤਰ ਨੂੰ ਕਿਸੇ ਨੇ ਮਾਨਤਾ ਨਹੀਂ ਦਿੱਤੀ, ਕਿਉਂਕਿ ਇਹ ਸਭ ਮਨੁੱਖ ਦੇ ਮਾਨਸਿਕ ਭਰਮ ਦੀ ਉਪਜ ਹਨ ਤੇ ਉਸਦੇ ਭਰਮ ਦਾ ਲਾਭ ਉਠਾ ਕੇ ਹੀ ਉਹ ਮਨੁੱਖ ਨੂੰ ਲੁੱਟਦੇ ਹਨ। ਬੇਸ਼ੱਕ ਜੰਤਰਾਂ-ਮੰਤਰਾਂ ਦੀਆਂ ਕਰਾਮਾਤੀ ਸ਼ਕਤੀਆਂ ਦੀ ਭਰਮਾਰ ਵੇਦਾਂ, ਸ਼ਾਸਤਰਾਂ, ਧਰਮ ਗ੍ਰੰਥਾਂ, ਪੁਰਾਣਾਂ ਆਦਿ ਵਿੱਚ ਮਿਲਦੀ ਹੈ, ਪਰ ਇਨ੍ਹਾਂ ਦੇ ਜੰਤਰ-ਮੰਤਰ ਰੂਪੀ ਟੋਟਕਿਆਂ ਨੂੰ ਕਦੇ ਕਿਸੇ ਸਕੂਲ, ਕਾਲਜ, ਯੂਨੀਵਰਸਿਟੀ ਦੇ ਸਿਲੇਬਸ ਵਿੱਚ ਮਾਨਤਾ ਨਹੀਂ ਮਿਲ ਸਕੀ ਕਿਉਂਕਿ ਇਹ ਸਿਰਫ ਭਰਮਜ਼ਾਲ ਹੈ। ਇਸ ਵਿੱਚ ਕੋਈ ਸਚਾਈ ਨਹੀਂ ਹੈ।

ਅਸਲ ਵਿੱਚ ਅਜਿਹੇ ਟੂਣੇਹਾਰ, ਮਦਾਰੀਆਂ, ਸਿੱਧਾਂ, ਤਾਂਤਰਿਕਾਂ ਦੀ ਕਥਿਤ ਕਰਾਮਾਤੀ ਸ਼ਕਤੀ ਪ੍ਰਤੀ ਅਗਿਆਨੀ ਸ਼ਰਧਾਲੂਆਂ ਤੇ ਮਾਨਸਿਕ ਰੋਗੀਆਂ ਦਾ ਬਣਿਆ ਵਿਸ਼ਵਾਸ ਤੇ ਸ਼ਰਧਾ ਹੀ ਕਦੇ ਕਦਾਈਂ ਕੋਈ ਰੋਗ ਹਟਾ ਦਿੰਦੀ ਹੈ ਜਾਂ ਕੋਈ ਕੰਮ ਪੂਰਾ ਹੋ ਜਾਂਦਾ, ਪਰ ਅਜਿਹੀਆਂ ਭਰਮ ਗ੍ਰਸੀਆਂ ਸਚਾਈਆਂ ਤੋਂ ਟਪਲ਼ਾ ਖਾ ਕੇ ਭਰਮੀ ਲੋਕ ਹਜ਼ਾਰਾਂ ਸਾਲਾਂ ਤੋਂ ਯੋਗੀਆਂ ਦੇ ਮੱਠਾਂ, ਪੀਰਾਂ-ਫਕੀਰਾਂ ਦੀਆਂ ਦਰਗਾਹਾਂ, ਕਥਿਤ ਸਿਆਣਿਆਂ ਦੇ ਦਰਬਾਰਾਂ ਤੇ ਤਾਂਤਰਿਕਾਂ ਦੇ ਡੇਰਿਆਂ ਤੋਂ ਆਪਣੇ ਦੁੱਖਾਂ ਦੀ ਨਵਿਰਤੀ ਦਾ ਇਲਾਜ ਲੱਭਦੇ, ਭਟਕਦੇ ਫਿਰਦੇ, ਲੁੱਟ ਹੁੰਦੇ ਆ ਰਹੇ ਹਨ। ਪਰ ਇਨ੍ਹਾਂ ਨੇ ਕਦੇ ਵੀ ਮਨੁੱਖਤਾ ਦੇ ਸਾਂਝੇ ਦੁੱਖਾਂ-ਦਰਦਾਂ, ਮੁਸੀਬਤਾਂ, ਰੋਗਾਂ, ਗੁਲਾਮੀਆਂ, ਜ਼ੁਲਮਾਂ ਦੀ ਨਵਿਰਤੀ ਲਈ ਆਪਣੇ ਜੰਤਰਾਂ-ਮੰਤਰਾਂ ਦੀ ਵਰਤੋਂ ਨਹੀਂ ਕੀਤੀ, ਕਰ ਵੀ ਨਹੀਂ ਸਕਦੇ ਕਿਉਂਕਿ ਇਹ ਸਭ ਧਰਮ ਦੇ ਨਾਂ 'ਤੇ ਬਣਾਇਆ ਭਰਮਜ਼ਾਲ ਹੀ ਹੈ। ਪੁਜਾਰੀ ਧਰਮ ਗ੍ਰੰਥਾਂ ਵਿਚਲੇ ਕੁਦਰਤ ਦੇ ਗਿਆਨ, ਮਨ ਜਾਂ ਆਤਮਾ ਦੇ ਗਿਆਨ, ਮਨੁੱਖ ਨੂੰ ਅਜਿਹੇ ਭਰਮਾਂ ਤੋਂ ਮੁਕਤ ਕਰਨ ਵਾਲ਼ੇ ਗਿਆਨ ਨੂੰ ਵੀ ਮੰਤਰ ਬਣਾ ਕੇ, ਅਖੰਡ ਜਾਪ ਕਰਨ ਦਾ ਭਰਮ ਪਾ ਕੇ, ਧਰਮ ਗ੍ਰੰਥਾਂ ਦੇ ਪਾਠਾਂ ਦੀ ਲੜੀਆਂ ਚਲਾ ਕੇ, ਗ੍ਰੰਥਾਂ ਵਿਚਲੇ ਸ਼ਬਦਾਂ ਦੇ ਮੰਤਰ ਬਣਾ ਕੇ ਅਜੱਪਾ-ਜਾਪ ਕਰਨ, ਸਿਮਰਨ ਕਰਨ, ਜਪ-ਤਪ ਕਰਨ ਆਦਿ ਲਈ ਵਰਤਣ ਤੋਂ ਵੀ ਗੁਰੇਜ ਨਹੀਂ ਕਰਦੇ। ਪੁਜਾਰੀਆਂ ਨੇ ਮਨੁੱਖ ਦੀ ਮੱਤ ਅਜਿਹੀ ਮਾਰੀ ਹੋਈ ਹੈ ਕਿ ਉਹ ਧਰਮ ਗ੍ਰੰਥਾਂ ਵਿਚਲੇ ਸੱਚੇ ਤੇ ਰੱਬੀ ਗਿਆਨ ਨੂੰ ਵਿਚਾਰਨ ਤੇ ਸੱਚ ਦੇ ਮਾਰਗ 'ਤੇ ਤੁਰਨ ਦੀ ਥਾਂ, ਇਨ੍ਹਾਂ ਦੇ ਅਖੰਡ ਪਾਠਾਂ, ਪਾਠਾਂ ਦੀਆਂ ਲੜੀਆਂ, ਮੰਤਰ ਪਾਠਾਂ, ਅਜੱਪਾ-ਜਾਪਾਂ, ਜਪ-ਤਪ ਸਮਾਗਮਾਂ ਵਿੱਚ ਫਸ ਕੇ ਆਪਣਾ ਸਮਾਂ ਤੇ ਧਨ ਹੀ ਖਰਾਬ ਨਹੀਂ ਕਰ ਰਿਹਾ, ਸਗੋਂ ਪੁਜਾਰੀਆਂ, ਸਾਧਾਂ, ਤਾਂਤਰਿਕਾਂ ਕੋਲੋਂ ਆਪਣਾ ਸਰੀਰਕ, ਮਾਨਸਿਕ ਤੇ ਆਰਥਿਕ ਸੋਸ਼ਣ ਵੀ ਕਰਵਾ ਰਿਹਾ ਹੈ।

ਸਾਨੂੰ ਇਹ ਗੱਲ ਬੜੇ ਧਿਆਨ ਨਾਲ ਸਮਝ ਕੇ ਆਪਣੇ ਦਿਲੋ-ਦਿਮਾਗ ਵਿੱਚ ਵਸਾ ਲੈਣੀ ਚਾਹੀਦੀ ਹੈ ਕਿ ਇਸ ਦਿਸਦੇ ਜਾਂ ਅਣਦਿਸਦੇ ਸੰਸਾਰ ਵਿੱਚ ਜੋ ਕੁਝ ਵੀ ਵਾਪਰ ਰਿਹਾ ਹੈ, ਉਹ ਕੁਦਰਤ ਦੇ ਅਟੱਲ ਨਿਯਮਾਂ ਅਨੁਸਾਰ ਹੈ, ਜਿਨ੍ਹਾਂ ਨੂੰ ਬਦਲਿਆ ਨਹੀਂ ਜਾ ਸਕਦਾ, ਪਰ ਇਨ੍ਹਾਂ ਨੂੰ ਸਮਝ ਕੇ ਇਨ੍ਹਾਂ ਤੋਂ ਲਾਹਾ ਲਿਆ ਜਾ ਸਕਦਾ ਹੈ ਤੇ ਇਨ੍ਹਾਂ ਤੋਂ ਉਲਟ ਜਾ ਕੇ ਹੋਣ ਵਾਲੇ ਨੁਕਸਾਨ ਤੋਂ ਬਚਿਆ ਵੀ ਜਾ ਸਕਦਾ ਹੈ। ਪਰ ਇਨ੍ਹਾਂ ਅਟੱਲ ਨਿਯਮਾਂ ਨੂੰ ਕਿਸੇ ਮੰਤਰ-ਜੰਤਰ-ਤੰਤਰ, ਜਾਦੂ-ਟੂਣੇ, ਧਾਗੇ-ਤਵੀਤ ਨਾਲ਼ ਨਾ ਬਦਲਿਆ ਜਾ ਸਕਦਾ ਹੈ, ਨਾ ਹੀ ਕਿਸੇ ਦਾ ਫਾਇਦਾ ਕੀਤਾ ਜਾ ਸਕਦਾ ਹੈ ਤੇ ਨਾ ਹੀ ਕਿਸੇ ਦਾ ਨੁਕਸਾਨ ਕੀਤਾ ਜਾ ਸਕਦਾ ਹੈ। ਇਹ ਸਭ ਪੁਜਾਰੀਆਂ ਦਾ ਵਿਛਾਇਆ ਭਰਮਜ਼ਾਲ ਹੀ ਹੈ। ਇਸ ਭਰਮ ਜਾਲ ਤੋਂ ਬਚਣ ਲਈ, ਇਸ ਵਿੱਚੋਂ ਨਿਕਲਣ ਲਈ ਇਹ ਬੜਾ ਜ਼ਰੂਰੀ ਹੈ ਕਿ ਅਸੀਂ ਕੁਦਰਤ ਦੇ ਨਿਯਮਾਂ ਨੂੰ ਸਮਝੀਏ। ਕੋਈ ਪੂਜਾ-ਪਾਠ, ਮੰਤਰ-ਜੰਤਰ, ਜਪ-ਤਪ, ਮੰਤਰ ਰਟਨ ਆਦਿ ਕੁਦਰਤ ਦੇ ਕਿਸੇ ਨਿਯਮ ਨੂੰ ਬਣਾਉਣ ਜਾਂ ਬਦਲਣ ਦੀ ਸਮਰੱਥਾ ਨਹੀਂ ਰੱਖਦੇ। ਸਾਨੂੰ ਪੁਜਾਰੀਆਂ ਦੇ ਭਰਮਜ਼ਾਲ ਤੋਂ ਮੁਕਤ ਹੋਣ ਲਈ ਗਿਆਨਵਾਨ ਹੋਣ ਦੀ ਲੋੜ ਹੈ। ਜ਼ਿੰਦਗੀ ਵਿੱਚ ਕੋਈ ਮੁਸੀਬਤ ਬਣ ਆਵੇ ਤਾਂ ਸਿਰ ਸੁੱਟ ਕੇ, ਅੱਖਾਂ ਮੀਟ ਕੇ ਕਿਸੇ ਦੇ ਪੈਰਾਂ ਵਿੱਚ ਸਿਰ ਰੱਖ ਦੇਣਾ ਤੇ ਕਿਸੇ ਮੰਤਰ-ਜੰਤਰ ਦੀ ਕਰਾਮਾਤ ਦਾ ਭਰਮ ਪਾਲਣਾ ਬੜਾ ਸੌਖਾ ਰਸਤਾ ਹੈ, ਪਰ ਜੀਵਨ ਦੀਆਂ ਸਮੱਸਿਆਵਾਂ ਨੂੰ ਸਮਝਣਾ, ਉਨ੍ਹਾਂ ਦਾ ਸਮਾਧਾਨ ਖੋਜਣਾ, ਜੀਵਨ ਦੀਆਂ ਚੁਨੌਤੀਆਂ ਦਾ ਮੁਕਾਬਲਾ ਕਰਨਾ, ਥੋੜ੍ਹਾ ਜਿਹਾ ਔਖਾ ਮਾਰਗ ਹੈ, ਇਸੇ ਲਈ ਅਖੌਤੀ ਪੀਰਾਂ, ਸਾਧਾਂ, ਤਾਂਤਰਿਕਾਂ ਦੇ ਡੇਰਿਆਂ ਤੇ ਬਥੇਰੀਆਂ ਭੀੜਾਂ ਮਿਲ ਜਾਂਦੀਆਂ ਹਨ, ਪਰ ਆਪਣੀ ਸਮਰੱਥਾ ਦੇ ਬਲ 'ਤੇ ਜੀਵਨ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਵਾਲ਼ੇ ਥੋੜ੍ਹੇ ਹੁੰਦੇ ਹਨ। ਇਹ ਅਸੀਂ ਦੇਖਣਾ ਹੈ ਕਿ ਅਸੀਂ ਭੇਡਾਂ ਦੇ ਵੱਗ ਬਣਨਾ ਹੈ ਜਾਂ ਆਪਣਾ ਰਸਤਾ ਆਪ ਬਣਾ ਕੇ ਹੋਰਨਾਂ ਲਈ ਵੀ ਰਾਹ ਪੱਧਰਾ ਕਰਨਾ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇਨ੍ਹਾਂ ਅਖੌਤੀ ਸਾਧਾਂ, ਸੰਤਾਂ, ਬ੍ਰਹਮ ਗਿਆਨੀਆਂ, ਪੀਰਾਂ, ਤਾਂਤਰਿਕਾਂ, ਪੁਜਾਰੀਆਂ, ਜੋਤਸ਼ੀਆਂ ਆਦਿ ਨੂੰ ਦੱਸੀਏ ਕਿ ਬਥੇਰੀ ਹੋ ਚੁੱਕੀ ਤੁਹਾਡੀ ਬਕਵਾਸ, ਹੁਣ ਅਸੀਂ ਤੁਹਾਡੇ ਧੋਖਿਆਂ ਵਿੱਚ ਨਹੀਂ ਫਸਣਾ, ਸਾਨੂੰ ਕੁਦਰਤ ਦੇ ਅਟੱਲ ਨਿਯਮਾਂ ਦੀ ਸੋਝੀ ਹੋ ਚੁੱਕੀ ਹੈ, ਜੇ ਹੈ ਤਾਂ ਦਿਖਾਉ ਆਪਣੀ ਕਰਾਮਾਤ, ਵਰਤੋ ਆਪਣੇ ਜੰਤਰ, ਮੰਤਰ, ਤੰਤਰ ਤੇ ਕਰੋ ਮਨੁੱਖਤਾ ਦਾ ਭਲਾ, ਕਰੋ ਮਨੁੱਖਤਾ ਦੇ ਸਾਂਝੇ ਦੁੱਖਾਂ, ਦਰਦਾਂ ਦਾ ਛੁਟਕਾਰਾ, ਨਹੀਂ ਤੇ ਧਰਮ ਦੇ ਨਾਮ ਤੇ ਬਣਾਈਆਂ ਆਪਣੀਆਂ ਦੁਕਾਨਾਂ ਬੰਦ ਕਰੋ ਤੇ ਸਾਡੇ ਵਾਂਗ ਆਪਣੇ ਤੇ ਆਪਣੇ ਪਰਿਵਾਰ ਦੀ ਪਾਲਨਾ ਲਈ ਹੱਥੀਂ ਕਿਰਤ ਕਰੋ। ਹੁਣ ਅਸੀਂ ਤੁਹਾਡੇ ਝੂਠੇ ਝਾਂਸਿਆਂ ਵਿੱਚ ਨਹੀਂ ਫਸਣਾ। ਸਮਾਜ ਵਿੱਚ ਜਾਗਰੂਕ ਤੇ ਮਾਨਸਿਕ ਤੌਰ ਤੇ ਬਲਵਾਨ ਲੋਕਾਂ ਨੂੰ ਆਮ ਲੋਕਾਂ ਦੀ ਮਾਨਸਿਕਤਾ ਇਸ ਪੱਧਰ ਤੇ ਲਿਆਉਣ ਲਈ ਯਤਨ ਕਰਨ ਦੀ ਲੋੜ ਹੈ, ਤਾਂ ਹੀ ਅਸੀਂ ਸੋਸ਼ਣ ਰਹਿਤ ਸਮਾਜ ਸਿਰਜ ਸਕਦੇ ਹਾਂ।

# ਯਾਰਕ ਯੂਨੀਵਰਸਿਟੀ ਦੇ ਕਰਮਚਾਰੀ ਅਤੇ ਵਿਦਿਆਰਥੀ ਸੰਘਰਸ਼ ਦੇ ਰਾਹ ’ਤੇ






ਸੈਂਕੜੇ ਸਿੱਖਿਆ ਕਰਮਚਾਰੀ ਯਾਰਕ ਯੂਨੀਵਰਸਿਟੀ ਦੇ ਬਾਹਰ ਇਕੱਠੇ ਹੋਏ ਚਿੰਨ੍ਹ ਲਹਿਰਾਉਂਦੇ ਹੋਏ ਅਤੇ ਨਾਅਰੇਬਾਜ਼ੀ ਕਰਦੇ ਹੋਏ, ‘ਹੁਣ ਹੋਰ ਤਨਖਾਹ!’ ਕੈਨੇਡੀਅਨ ਯੂਨੀਅਨ ਆਫ਼ ਪਬਲਿਕ ਇੰਪਲਾਈਜ਼ 3903, ਸਕੂਲ ਦੇ ਕੰਟਰੈਕਟ ਇੰਸਟ੍ਰਕਟਰਾਂ, ਟੀਚਿੰਗ ਅਸਿਸਟੈਂਟਸ ਅਤੇ ਗ੍ਰੈਜੂਏਟ ਸਹਾਇਕਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਅਤੇ ਯੂਨੀਵਰਸਿਟੀ ਹਫਤੇ ਦੇ ਅੰਤ ਵਿੱਚ ਨਹੀਂ ਪਹੁੰਚੀ ਸੀ, ਦੇ ਵਿਚਕਾਰ ਇੱਕ ਸੌਦੇ ਤੋਂ ਬਾਅਦ ਹੁਣ ਯੌਰਕ ਯੂਨੀਵਰਸਿਟੀ ਦੇ 3,000 ਮਜ਼ਦੂਰਾਂ ਵਿੱਚੋਂ ਵਰਕਰ ਸਨ। ਕੈਨੇਡੀਅਨ ਯੂਨੀਅਨ ਆਫ਼ ਪਬਲਿਕ ਇਂਪਲਾਈਜ਼ 3903 ਦੇ ਸੰਚਾਰ ਅਧਿਕਾਰੀ ਏਰਿਨ ਮੈਕਿੰਟੋਸ਼ ਨੇ ਕਿਹਾ, ‘ਅਸੀਂ ਅੰਤ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਹੇ ਹਾਂ’, ਰਿਹਾਇਸ਼ ਅਤੇ ਭੋਜਨ ਵਰਗੀਆਂ ਬੁਨਿਆਦੀ ਲੋੜਾਂ ਦੀ ਕੀਮਤ ਅਸਮਾਨ ਨੂੰ ਛੂਹ ਗਈ ਹੈ, ਪਰ ਜਿਹੜੇ ਲੋਕ ਯੌਰਕ ਵਿੱਚ ਅਧਿਆਪਨ ਦਾ ਜ਼ਿਆਦਾਤਰ ਕੰਮ ਕਰਦੇ ਹਨ, ਉਨ੍ਹਾਂ ਲਈ ਤਨਖਾਹਾਂ ਹੋਰ ਅਤੇ ਹੋਰ ਪਿੱਛੇ ਹੋ ਰਹੀਆਂ ਹਨ। ਰੁਜ਼ਗਾਰਦਾਤਾ ਅਜੇ ਵੀ ਇੱਕ ਪੇਸ਼ਕਸ਼ ਕਰ ਰਿਹਾ ਹੈ ਜੋ ਕਿ ਰਹਿਣ ਦੀ ਵੱਧ ਰਹੀ ਲਾਗਤ ਤੋਂ ਬਹੁਤ ਘੱਟ ਹੈ ਅਤੇ ਕਰਮਚਾਰੀਆਂ ਨੂੰ ਹੜਤਾਲ ਦੀ ਸਥਿਤੀ ਵਿੱਚ ਮਜ਼ਬੂਰ ਕਰ ਰਿਹਾ ਹੈ।’ ਮੈਕਿੰਟੋਸ਼ ਨੇ ਕਿਹਾ ਕਿ ਯੂਨੀਅਨ ਕੰਟਰੈਕਟ ਫੈਕਲਟੀ ਅਤੇ ਗ੍ਰੈਜੂਏਟ ਵਿਦਿਆਰਥੀ ਕਰਮਚਾਰੀਆਂ ਲਈ ਉਚਿਤ ਤਨਖਾਹ, ਨੌਕਰੀ ਦੀ ਸੁਰੱਖਿਆ ਅਤੇ ਕੰਮ ਵਾਲੀ ਥਾਂ ਦੀ ਸੁਰੱਖਿਆ ਦੀ ਮੰਗ ਕਰ ਰਹੀ ਹੈ। ਉਸਨੇ ਅੱਗੇ ਕਿਹਾ ਕਿ ਉਸਦਾ ਮੰਨਣਾ ਹੈ ਕਿ ਅੰਡਰਗਰੈਜੂਏਟ ਅਤੇ ਗ੍ਰੈਜੂਏਟ ਵਿਦਿਆਰਥੀਆਂ ਦੋਵਾਂ ਲਈ ਮਿਆਰੀ ਸਿੱਖਿਆ ਦਾਅ ’ਤੇ ਹੈ। ਕੈਨੇਡੀਅਨ ਯੂਨੀਅਨ ਆਫ਼ ਪਬਲਿਕ ਇਂਪਲਾਈਜ਼ ਦੇ ਪ੍ਰਧਾਨ ਫਰੇਡ ਹੈਨ ਨੇ ਭੀੜ ਨੂੰ ਸੰਬੋਧਿਤ ਕਰਨ ਤੋਂ ਪਹਿਲਾਂ ਸਟਾਰ ਨੂੰ ਕਿਹਾ, ‘ਸਾਡੇ ਲਗਭਗ 70 ਪ੍ਰਤੀਸ਼ਤ ਮੈਂਬਰ ਆਪਣੇ ਆਪ ਨੂੰ ਭੋਜਨ ਦੇਣ ਲਈ ਫੂਡ ਬੈਂਕਾਂ ’ਤੇ ਨਿਰਭਰ ਕਰਦੇ ਹਨ ਕਿਉਂਕਿ ਉਨ੍ਹਾਂ ਦੀਆਂ ਤਨਖਾਹਾਂ ਮਹਿੰਗਾਈ ਦੇ ਵਿਰੁੱਧ ਬਹੁਤ ਨਾਟਕੀ ਢੰਗ ਨਾਲ ਘਟੀਆਂ ਹਨ।’ ਯਾਰਕ ਫੈਡਰੇਸ਼ਨ ਆਫ਼ ਸਟੂਡੈਂਟਸ, ਯਾਰਕ ਯੂਨੀਵਰਸਿਟੀ ਗ੍ਰੈਜੂਏਟ ਸਟੂਡੈਂਟ ਐਸੋਸੀਏਸ਼ਨ ਅਤੇ ਯਾਰਕ ਯੂਨੀਵਰਸਿਟੀ ਫੈਕਲਟੀ ਐਸੋਸੀਏਸ਼ਨ ਨੇ ਵੀ ਭਾਸ਼ਣ ਦਿੱਤੇ। ਉਸਨੇ ਕਿਹਾ ਕਿ ਕਾਮੇ ਇੱਕ ‘ਸੰਕਟ’ ਦਾ ਸਾਹਮਣਾ ਕਰ ਰਹੇ ਹਨ, ਉਸਨੇ ਕਿਹਾ ਕਿ ਬਹੁਤ ਸਾਰੇ ਸਟਾਫ ਕਈ ਨੌਕਰੀਆਂ ਕਰ ਰਹੇ ਹਨ। ‘ਅਸੀਂ ਜਿੰਨੀ ਜਲਦੀ ਹੋ ਸਕੇ ਹੜਤਾਲ ਨੂੰ ਹੱਲ ਕਰਨਾ ਪਸੰਦ ਕਰਾਂਗੇ’ ਉਸਨੇ ਪ੍ਰਦਰਸ਼ਨ ਤੋਂ ਕਿਹਾ। ਰੈਲੀ ਦੇ ਆਲੇ ਦੁਆਲੇ ਪੱਕੇ ਤਨਖਾਹ ਲਈ ਇੱਕ ਲਾਈਨ-ਅੱਪ ਸੱਪ. ਯੂਨੀਅਨ ਦੇ ਅਨੁਸਾਰ, ਹੜਤਾਲ ’ਤੇ ਕੰਮ ਕਰਨ ਵਾਲੇ ਕਰਮਚਾਰੀ 15 ਡਾਲਰ ਪ੍ਰਤੀ ਘੰਟਾ ਤੱਕ ਦੇ ਹੱਕਦਾਰ ਹਨ। ਹੜਤਾਲ ਦੇ ਜਵਾਬ ਵਿੱਚ, ਯੂਨੀਵਰਸਿਟੀ ਨੇ ਕਿਹਾ ਕਿ ਉਸਨੇ ਆਪਣੀ ਯੋਜਨਾਬੱਧ ਹੜਤਾਲ ਤੋਂ ਪਹਿਲਾਂ ਯੂਨੀਅਨ ਦੇ ਨਾਲ ਹਫਤੇ ਦੇ ਅੰਤ ਵਿੱਚ ਇੱਕ ਗੱਲਬਾਤ ਕੀਤੇ ਸਮੂਹਿਕ ਸਮਝੌਤੇ ਨੂੰ ਪ੍ਰਾਪਤ ਕਰਨ ਦੀ ਉਮੀਦ ਕੀਤੀ ਸੀ। ‘ਉਸ ਟੀਚੇ ਨੂੰ ਧਿਆਨ ਵਿੱਚ ਰੱਖਦੇ ਹੋਏ, ਅਸੀਂ 7 ਅਤੇ 21 ਫਰਵਰੀ ਨੂੰ ਲਗਾਤਾਰ ਦੋ ਪ੍ਰਸਤਾਵ ਪੇਸ਼ ਕੀਤੇ, ਜਿਨ੍ਹਾਂ ਵਿੱਚ ਤਨਖ਼ਾਹ ਦੀਆਂ ਦਰਾਂ ਵਿੱਚ ਵਾਧੇ ਸਮੇਤ ਮਹੱਤਵਪੂਰਨ ਚੀਜ਼ਾਂ ਨੂੰ ਸੰਬੋਧਿਤ ਕੀਤਾ ਗਿਆ ਸੀ। ਹੁਣ ਤੱਕ, ਇਹਨਾਂ ਵਿੱਚੋਂ ਕਿਸੇ ਵੀ ਪ੍ਰਸਤਾਵ ਦਾ ਸੌਦੇਬਾਜ਼ੀ ਟੇਬਲ ’ਤੇ ਜਵਾਬ ਨਹੀਂ ਦਿੱਤਾ ਗਿਆ ਹੈ’ ਯੂਨੀਵਰਸਿਟੀ ਨੇ ਕਿਹਾ। ਸਟਾਰ ਨੂੰ ਦੱਸਿਆ। ਯੂਨੀਵਰਸਿਟੀ ਨੇ ਅੱਗੇ ਕਿਹਾ ਕਿ ਉਹ ਇਹ ਯਕੀਨੀ ਬਣਾਉਣਾ ਜਾਰੀ ਰੱਖੇਗੀ ਕਿ ਵਿਦਿਆਰਥੀਆਂ ਦੀਆਂ ਸਿੱਖਣ ਦੀਆਂ ਲੋੜਾਂ ਨੂੰ ਪ੍ਰਮੁੱਖ ਤਰਜੀਹ ਦਿੱਤੀ ਜਾਵੇ। ਯੂਨੀਵਰਸਿਟੀ ਨੇ ਕਿਹਾ, ‘ਯੂਨੀਵਰਸਿਟੀ ਦੇ ਸੰਚਾਲਨ ਦੇ ਹੋਰ ਸਾਰੇ ਪਹਿਲੂਆਂ ਲਈ ਅਚਨਚੇਤ ਯੋਜਨਾਵਾਂ ਲਾਗੂ ਹਨ ਅਤੇ ਲੋੜ ਅਨੁਸਾਰ ਸਰਗਰਮ ਕੀਤੀਆਂ ਜਾਣਗੀਆਂ ਅਤੇ ਅਸੀਂ ਕੈਨੇਡੀਅਨ ਯੂਨੀਅਨ ਆਫ਼ ਪਬਲਿਕ ਇਂਪਲਾਈਜ਼ 3903 ਦੇ ਨਾਲ ਇੱਕ ਤੇਜ਼, ਬਰਾਬਰੀ ਅਤੇ ਟਿਕਾਊ ਸਮਝੌਤੇ ਲਈ ਕੰਮ ਕਰਨਾ ਜਾਰੀ ਰੱਖਾਂਗੇ’ ਯੂਨੀਵਰਸਿਟੀ ਨੇ ਕਿਹਾ। ਹਾਲਾਂਕਿ, ਰੀਸਾ ਬੈਰੇਟ, ਇੱਕ ਚੌਥੇ ਸਾਲ ਦੀ ਕਾਇਨੀਓਲੋਜੀ ਅਤੇ ਹੈਲਥ ਸਾਇੰਸ ਦੀ ਵਿਦਿਆਰਥਣ ਨੇ ਕਿਹਾ ਕਿ ਉਸਦੇ ਪ੍ਰੋਫੈਸਰਾਂ ਅਤੇ ਅਧਿਆਪਨ ਸਹਾਇਕਾਂ ਨੇ ਹੜਤਾਲ ਬਾਰੇ ਬਹੁਤੀ ਸੂਝ ਜਾਂ ਨੋਟਿਸ ਦੀ ਪੇਸ਼ਕਸ਼ ਨਹੀਂ ਕੀਤੀ ਹੈ। ਸੋਮਵਾਰ ਨੂੰ ਰੈਲੀ ਦੇ ਨਾਲ ਚੱਲਦੇ ਹੋਏ ਉਸਨੇ ਕਿਹਾ, ‘ਮੈਨੂੰ ਸਿਰਫ਼ ਇਹ ਪਤਾ ਹੈ ਕਿ ਅਸੀਂ ਸਿੱਖਿਆ ਕਰਮਚਾਰੀਆਂ ਨੂੰ ਬਿਹਤਰ ਭੁਗਤਾਨ ਨਾ ਕਰਨ ਲਈ ਉਹਨਾਂ ਲਈ ਬਹੁਤ ਜ਼ਿਆਦਾ ਟਿਊਸ਼ਨ ਅਦਾ ਕਰਦੇ ਹਾਂ।’ ਓਨਟਾਰੀਓ ਦੇ ਆਡੀਟਰ ਜਨਰਲ ਦੇ ਅਨੁਸਾਰ, ਯੂਨੀਵਰਸਿਟੀ ਕੋਲ 20 ਜਾਂ ਘੱਟ ਵਿਦਿਆਰਥੀਆਂ ਵਾਲੇ ਬਹੁਤ ਸਾਰੇ ਪ੍ਰੋਗਰਾਮ ਹਨ ਅਤੇ ਸਮੁੱਚੀ ਨਾਮਾਂਕਨ ਦਰਾਂ ਦੇ ਬਰਾਬਰ ਹੋਣ ਦੇ ਬਾਵਜੂਦ ਇਸਦੇ ਸੀਨੀਅਰ ਪ੍ਰਬੰਧਕੀ ਰੈਂਕਾਂ ਨੂੰ ਲਗਭਗ 40 ਪ੍ਰਤੀਸ਼ਤ ਤੱਕ ਵਧਾ ਦਿੱਤਾ ਹੈ। ਯਾਰਕ ਯੂਨੀਵਰਸਿਟੀ ਵਿੱਚ 10 ਵਿੱਚੋਂ ਛੇ ਫੈਕਲਟੀ ਹਨ ਜੋ ਸਾਲਾਨਾ ਘਾਟੇ ਅਤੇ $600-ਮਿਲੀਅਨ ਕਰਜ਼ੇ ਵਿੱਚ ਰਿਪੋਰਟ ਕਰ ਰਹੀਆਂ ਹਨ।

ਚੌਥੇ ਸਾਲ ਦੇ ਕਾਰੋਬਾਰੀ ਵਿਦਿਆਰਥੀ ਸੁਮਰ ਬੁਸਾਰੀ ਹੈਰਾਨ ਹਨ ਕਿ ਹੜਤਾਲ ਕਿੰਨੀ ਦੇਰ ਤੱਕ ਚੱਲੇਗੀ ਅਤੇ ਕੀ ਅੰਤਿਮ ਪ੍ਰੀਖਿਆਵਾਂ ਅਤੇ ਗ੍ਰੈਜੂਏਸ਼ਨ ਪ੍ਰਭਾਵਿਤ ਹੋਣਗੇ। ਬੁਸਾਰੀ ਨੇ ਕਿਹਾ (ਇਹ) ਮੇਰੇ ਅਤੇ ਹੋਰ ਵਿਦਿਆਰਥੀਆਂ ਲਈ ਤਣਾਅਪੂਰਨ ਹੈ ਜਿਨ੍ਹਾਂ ਨੇ ਗ੍ਰੈਜੂਏਸ਼ਨ ਤੋਂ ਤੁਰੰਤ ਬਾਅਦ ਹੀ ਫੁੱਲ-ਟਾਈਮ ਰੁਜ਼ਗਾਰ ਪ੍ਰਾਪਤ ਕਰ ਲਿਆ ਹੈ। ਆਖਰੀ ਵਾਰ ਯੌਰਕ ਯੂਨੀਵਰਸਿਟੀ ਦੇ ਅਕਾਦਮਿਕ ਕਰਮਚਾਰੀ ਹੜਤਾਲ ’ਤੇ ਗਏ ਸਨ 2018 ਵਿੱਚ ਜਦੋਂ ਡੱਗ ਫੋਰਡ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਉਨ੍ਹਾਂ ਨੂੰ ਵਾਪਸ ਕਾਨੂੰਨ ਬਣਾਇਆ ਸੀ। ਕੰਮ ਕਰਨ ਲਈ ਉਸ ਹੜਤਾਲ ਦੇ ਸਮੇਂ, ਪ੍ਰਾਂਤ ਨੇ ਤਨਖ਼ਾਹ ਵਧਾਉਣ ਨੂੰ ਪ੍ਰਤੀ ਸਾਲ ਇੱਕ ਪ੍ਰਤੀਸ਼ਤ ਤੱਕ ਸੀਮਤ ਕਰਨ ਵਾਲਾ ਬਿੱਲ 124 ਪਾਸ ਕੀਤਾ ਸੀ। ਇਸ ਵਾਰ ਦੇ ਆਲੇ-ਦੁਆਲੇ, ਨਿਊਮੈਨ ਨੇ ਕਿਹਾ ਕਿ ਵਰਕਰ ਘੱਟੋ-ਘੱਟ ਚਾਰ ਫੀਸਦੀ ਵਾਧੇ ਦੀ ਮੰਗ ਕਰ ਰਹੇ ਹਨ। 2015 ਵਿੱਚ, ਯੂਨੀਵਰਸਿਟੀ ਦੇ 3,700 ਅਧਿਆਪਨ ਸਹਾਇਕਾਂ ਅਤੇ ਕੰਟਰੈਕਟ ਪ੍ਰੋਫੈਸਰਾਂ ਨੇ ਹੜਤਾਲ ’ਤੇ ਜਾਣ ਲਈ ਵੋਟ ਦਿੱਤੀ, ਇੱਕ ਪੇਸ਼ਕਸ਼ ਨੂੰ ਠੁਕਰਾ ਦਿੱਤਾ ਜਿਸ ਵਿੱਚ ਉਜਰਤਾਂ ਵਿੱਚ ਵਾਧੇ ਅਤੇ ਨੌਕਰੀ ਦੀ ਸੁਰੱਖਿਆ ਦੀ ਮੰਗ ਕੀਤੀ ਗਈ ਸੀ। ਇਹ ਹੜਤਾਲ ਇੱਕ ਸੌਦਾ ਕੀਤੇ ਜਾਣ ਤੋਂ ਇੱਕ ਮਹੀਨਾ ਪਹਿਲਾਂ ਚੱਲੀ ਸੀ ਜਿਸ ਨਾਲ ਕਲਾਸਾਂ ਰੱਦ ਹੋਣ ਤੋਂ ਬਾਅਦ ਮੁੜ ਸ਼ੁਰੂ ਹੋ ਸਕਦੀਆਂ ਸਨ। ਇਸ ਸੌਦੇ ਨੇ ਯੂਨੀਅਨ ਦੇ ਅਧਿਆਪਨ ਅਤੇ ਗ੍ਰੈਜੂਏਟ ਸਹਾਇਕਾਂ ਲਈ ਟਿਊਸ਼ਨਾਂ ਨੂੰ ਰੋਕ ਦਿੱਤਾ ਅਤੇ ਯੂਨੀਵਰਸਿਟੀ ਨੇ ਹੜਤਾਲ ਦੀ ਮਿਆਦ ਲਈ ਯੂਨੀਅਨ ਦੇ ਮੈਂਬਰਾਂ ਨੂੰ 100 ਪ੍ਰਤੀਸ਼ਤ ਵਾਪਸ ਤਨਖਾਹ ਦਾ ਭੁਗਤਾਨ ਵੀ ਕੀਤਾ।

Gill
Truck & Trailer Repair
& Mobile Service
Lube and Truck Wash
Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com

Best Mobile Signs
All kinds of mobile sign board
best mobile sign call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5



ਡਾ. ਬਲਜਿੰਦਰ
94170-79720
singh.drbaljinder@gmail.com

# ਕਿਤਾਬ : ਬੱਚਿਆਂ ਦੇ ਅਧਿਆਪਕਾਂ ਦੇ ਨਾਂ ਖ਼ਤ

"ਇੱਕ ਔਰਤ ਅਧਿਆਪਕ ਨੇ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਦਾ ਇਤਿਹਾਸ ਪੜ੍ਹਾਇਆ। ਉਹ ਠੀਕ ਉਸੇ ਨੁਕਤੇ 'ਤੇ ਆ ਕੇ ਰੁਕ ਗਈ, ਜਿਸ ਤੋਂ ਅੱਗੇ ਦੀ ਸਾਡੀ ਜ਼ਿੰਦਗੀ ਨਾਲ ਸਕੂਲ ਨੇ ਸਾਨੂੰ ਜੋੜਣਾ ਸੀ। ਪੂਰੇ ਸਾਲ ਉਹਨੇ ਸਾਡੀ ਕਲਾਸ 'ਚ ਕੋਈ ਵੀ ਅਖਬਾਰ ਪੜ੍ਹਕੇ ਨਹੀਂ ਸੁਣਾਇਆ।

ਸ਼ਾਇਦ ਉਹਦੀਆਂ ਅੱਖਾਂ ਸਾਹਵੇਂ ਫਾਸ਼ੀਵਾਦ ਦੇ ਉਸ ਦੌਰ ਦਾ ਇਹ ਇਸ਼ਤਿਹਾਰ ਘੁੰਮ ਰਿਹਾ ਹੋਊ: ਇੱਥੇ ਸਿਆਸਤ ਦੀ ਗੱਲ ਕਰਨਾ ਮਨ੍ਹਾ ਹੈ।


"ਸਰੀਰਕ ਸਿੱਖਿਆ ਦੇ ਇਮਤਿਹਾਨ ਮੌਕੇ ਸਾਡੇ ਇੱਕ ਅਧਿਆਪਕ ਨੇ ਸਾਡੇ ਵੱਲ ਇੱਕ ਗੇਂਦ ਵਗਾਹ ਕੇ ਮਾਰਦਿਆਂ ਕਿਹਾ: 'ਬਾਸਕੈਟਬਾਲ ਖੇਡੋ।' ਪਰ ਸਾਨੂੰ ਇਹ ਖੇਡ ਖੇਡਣੀ ਨਹੀਂ ਆਉਂਦੀ ਸੀ। ਅਧਿਆਪਕ ਨੇ ਸਾਡੇ ਵੱਲ ਫਿਟਲਾਨ੍ਹਤ ਦੀ ਤੱਕਣੀ ਨਾਲ ਤੱਕਿਆ, ਇਓਂ ਲੱਗਦਾ ਸੀ ਜਿਵੇਂ ਕਹਿ ਰਿਹਾ ਹੋਵੇ- 'ਬੇਚਾਰੇ!' ਉਹ ਅਧਿਆਪਕ ਵੀ ਥੋਡੇ 'ਚੋਂ ਈ ਆ। ਉਹਦੇ ਲਈ ਰਵਾਇਤੀ ਆਚਾਰ-ਵਿਹਾਰ 'ਚ ਨਿਪੁੰਨ ਹੋਣਾ ਐਨਾ ਮਾਅਨੇ ਰੱਖਦਾ ਆ। ਉਸਨੇ ਹੈਡਮਾਸਟਰ ਨੂੰ ਕਿਹਾ ਕਿ ਇਹਨਾਂ ਨੇ ਕਿਸੇ ਵੀ ਕਿਸਮ ਦੀ 'ਸਰੀਰਕ ਸਿੱਖਿਆ' ਗ੍ਰਹਿਣ ਨਹੀਂ ਕੀਤੀ, ਇਸ ਲਈ ਇਹਨਾਂ ਨੂੰ ਇਮਤਿਹਾਨ ਦੁਬਾਰਾ ਦੇਣਾ ਪਊ।


ਉਸ ਅਧਿਆਪਕ ਲਈ ਇਹ ਗੱਲ ਕੋਈ ਮਾਅਨੇ ਨਹੀਂ ਰੱਖਦੀ ਕਿ ਅਸੀਂ ਸ਼ਾਹਬਲੂਤ (ਯੂਰਪੀ ਮੁਲਕਾਂ ਅੰਦਰ ਬਹੁਤ ਲੰਬਾ ਤੇ ਮਜ਼ਬੂਤ ਦਰਖਤ ਓਕ) ਦੇ ਰੁੱਖ 'ਤੇ ਚੜ੍ਹ ਸਕਦੇ ਹਾਂ। ਉਸਤੇ ਚੜ੍ਹਕੇ ਅਸੀਂ ਆਪਣੇ ਦੋਨਾਂ ਹੱਥਾਂ 'ਚ ਕੁਹਾੜੀ ਫੜ੍ਹ ਕੁਅੰਟਲ ਪੱਕੇ ਭਾਰ ਵਾਲੀ ਟਾਹਣੀ ਨੂੰ ਵੱਢਕੇ ਤੇ ਫਿਰ ਉਸ ਟਾਹਣੀ ਨੂੰ ਬਰਫ਼ ਉੱਤੋਂ ਦੀ ਘੜੀਸਦਿਆਂ ਆਪਣੀ ਮਾਂ ਦੇ ਚੁੱਲ੍ਹੇ ਮੂਹਰੇ ਲਿਜਾਕੇ ਟਿਕਾ ਸਕਦੇ ਹਾਂ।

ਫਲੋਰੈਂਸ ਸ਼ਹਿਰ ਦੇ ਇੱਕ ਬੰਦੇ ਬਾਰੇ ਮੈਨੂੰ ਪਤਾ ਲੱਗਿਆ ਹੈ ਕਿ ਉਹ ਆਪਣੇ ਘਰ ਦੀ ਉੱਪਰਲੀ ਮੰਜ਼ਲ 'ਤੇ ਜਾਣ ਲਈ ਤਾਂ ਲਿਫਟ ਵਰਤਦਾ ਹੈ ਪਰ ਉਹਨੇ ਇੱਕ ਮਹਿੰਗਾ ਜਿਹਾ ਯੰਤਰ (ਜੁਗਾੜ) ਖਰੀਦਕੇ ਲਿਆਂਦਾ ਹੋਇਆ ਹੈ ਜੀਹਨੂੰ ਚਲਾਕੇ ਉਹ ਕਿਸ਼ਤੀ ਚਲਾਉਣ ਦਾ ਸਵਾਂਗ ਰਚਦਾ ਹੈ। ਸਰੀਰਕ ਸਿੱਖਿਆ ਦੇ ਪੇਪਰਾਂ 'ਚ ਨੰਬਰ ਦੇਣ ਲੱਗੇ ਤਾਂ ਤੁਸੀਂ ਅਜਿਹੇ ਬੰਦੇ ਨੂੰ ਪਹਿਲਾ ਦਰਜਾ ਦੇ ਦਿੰਦੇ ਹੋ।

ਇਹ ਕੋਈ ਨਾਵਲ ਦਾ ਅਧਿਆਏ ਨਹੀਂ ਹੈ। ਇਹ ਇੱਕ ਨਿੱਕੀ ਜਿਹੀ ਕਿਤਾਬ ਦੇ ਨਿੱਕੇ-ਨਿੱਕੇ ਅੰਸ਼ ਹਨ। ਕੋਈ ਚੁਟਕਲੇ ਨਹੀਂ ਹਨ, ਨਾ ਹੀ ਹਨ- ਇਸ 'ਚ ਕਬਿੱਤ। ਇਹ ਕਿਤਾਬ ਅਜਿਹੇ ਸੈਂਕੜੇ ਅੰਸ਼ਾਂ ਨਾਲ ਭਰੀ ਪਈ ਹੈ। ਕੋਈ ਇੱਕ ਬੰਦੇ ਦੀ ਇਹ ਕਹਾਣੀ ਨਹੀਂ ਹੈ। ਇਸ ਜਹਾਨ 'ਚ ਰਹਿਣ ਵਾਲਾ ਹਰ ਸ਼ਖਸ ਹੀ ਇਸਦਾ ਕਿਰਦਾਰ ਹੈ। ਕਿਤਾਬ ਨੂੰ ਪੜ੍ਹਣ ਬੈਠਣ ਦੀ ਹੀ ਦੇਰ ਹੈ ਕਿ ਤੁਸੀਂ ਇਸਨੂੰ ਪੜ੍ਹਕੇ ਮੁਕਾਇਆਂ ਬਿਨਾਂ ਰੁਕ ਹੀ ਨਹੀਂ ਸਕਦੇ।

ਲਗਪਗ ਸੌ ਕੁ ਸਫਿਆਂ ਦੀ ਮੂਲ ਰੂਪ 'ਚ ਇਤਾਲਵੀ ਭਾਸ਼ਾ ਦੀ 1966-67 'ਚ ਛਪੀ ਇਹ ਕਿਤਾਬ ਮੁੱਖ ਰੂਪ 'ਚ ਗੱਲ ਕਰਦੀ ਹੈ- ਰਵਾਇਤੀ ਵਿੱਦਿਅਕ ਢਾਂਚੇ ਦੀ, ਵਿਦਿਆਰਥੀਆਂ ਦੀ ਯੋਗਤਾ ਦੀ, ਉਹਨਾਂ ਦੇ ਪਰਿਵਾਰਕ ਪਿਛੋਕੜ ਦੀ, ਉਹਨਾਂ ਨੂੰ ਪੜ੍ਹਣ ਲਈ ਮਿਲਣ ਵਾਲੀਆਂ ਸਹੂਲਤਾਂ ਦੀ, ਉਹਨਾਂ ਨਾਲ ਹੁੰਦੇ ਭੇਦਭਾਵ ਦੀ, ਉਹਨਾਂ ਦੇ ਪਰਿਵਾਰਾਂ ਦੀ ਆਰਥਕ-ਸਮਾਜਕ ਹੈਸੀਅਤ ਦੀ, ਉਹਨਾਂ ਦੀਆਂ ਟਿਊਸ਼ਨਾਂ ਦੀ, ਭਾਸ਼ਾ ਦੀ, ਬੋਲੀ ਦੀ, ਗਣਿਤ ਦੀ ਅਲਜ਼ੈਬਰੇ ਦੀ, ਖੇਤਾਂ ਦੀ, ਅਧਿਆਪਕਾਂ ਦੀ ਤੇ ਉਹਨਾਂ ਨੂੰ ਪੜ੍ਹਾਏ ਜਾਣ ਵਾਲੇ ਸਿਲੇਬਸਾਂ ਦੀ, ਲੋਕ ਸਰੋਕਾਰਾਂ ਦੀ, ਮਜ਼ਦੂਰਾਂ ਦੀ ਤੇ ਉਹਨਾਂ ਦੇ ਬੱਚਿਆਂ ਦੀ ਜਿਹੜੇ ਪੜ੍ਹਣ ਲਈ ਰਵਾਇਤੀ ਸਕੂਲਾਂ 'ਚ ਜਾਂਦੇ ਹਨ, ਕਿਸਾਨਾਂ ਦੇ ਬੱਚਿਆਂ ਦੀ, ਪਾਦਰੀਆਂ ਦੇ ਰੋਲ ਦੀ, ਬਾਈਬਲ ਦੀ, ਲੈਟਿਨ ਭਾਸ਼ਾ ਦੀ, ਯੂਨਾਨੀ ਭਾਸ਼ਾ ਦੀ, ਫਾਸ਼ੀਵਾਦ ਦੀ। ਇਸ ਕਿਤਾਬ ਵਿਚਲੀ ਸਾਰੀ ਸਮੱਗਰੀ ਦੇ ਵਿਸ਼ਿਆਂ ਨੂੰ ਇਸ ਛੋਟੀ ਜਿਹੀ ਲਿਖਤ ਅੰਦਰ ਟੋਹਿਆ ਵੀ ਨਹੀਂ ਜਾ ਸਕਦਾ।




ਅਧਿਆਪਕ ਦੇ ਨਾਂ ਖ਼ਤ ਨਾਮ ਦੀ ਇਹ ਛੋਟੀ ਜਿਹੀ ਪੁਸਤਕਾ ਸਾਨੂੰ ਉਹਨਾਂ ਹਾਲਾਤਾਂ ਦੇ ਰੂਬਰੂ ਕਰ ਦਿੰਦੀ ਹੈ ਜਿਹੜੇ ਹਰ ਗਰੀਬ ਮੁਲਕ ਦੇ ਬਸ਼ਿੰਦਿਆਂ ਦੇ ਬੱਚੇ ਝੱਲ ਰਹੇ ਹਨ। ਇਹ ਕਿਤਾਬ ਸਿਰਫ ਬੱਚਿਆਂ ਦੀ ਤ੍ਰਾਸਦੀ ਹੀ ਬਿਆਨ ਨਹੀਂ ਕਰਦੀ ਬਲਕਿ ਇਸ ਤ੍ਰਾਸਦੀ ਦੇ ਪਿੱਛੇ ਛਿਪੇ ਕਾਰਨਾਂ 'ਤੇ ਵੀ ਉਂਗਲ ਧਰਦੀ ਹੈ ਤੇ ਅਖੀਰ 'ਚ ਹਰ ਸੰਭਵ ਵਿਸ਼ੇ 'ਤੇ ਆਪਣੇ ਸੁਝਾਅ ਵੀ ਦਿੰਦੀ ਹੈ।

ਪੁਸਤਕ ਵਿਚਲੀ ਭਾਸ਼ਾ ਦਾ ਪ੍ਰਵਾਹ ਬਹੁਤ ਸਹਿਜ ਹੈ। ਪਾਣੀ ਦੀ ਰਵਾਨਗੀ ਵਾਲੀ ਵਾਰਤਕ ਹੈ। ਕੋਈ ਗੁੰਝਲਦਾਰ ਸ਼ਬਦ-ਜਾਲ ਨਹੀਂ ਹੈ। ਲੋਕਾਂ ਦੀ ਸਮਝ 'ਚ ਆਉਣ ਵਾਲੀ ਬੋਲੀ ਵਰਤੀ ਗਈ ਹੈ।

ਇਹ ਗੱਲ ਨਹੀਂ ਕਿ ਇਹਦੇ ਅੰਦਰ ਕੋਈ ਬਿਨਾਂ ਸਿਰਪੈਰ ਤੋਂ ਹੀ ਗੱਲਾਂ ਕਹੀਆਂ ਗਈਆਂ ਹਨ। ਆਪਣੀ ਗੱਲ ਨੂੰ ਵਾਜਬੀਅਤ ਬਖਸ਼ਣ ਲਈ ਅੰਕੜੇ ਤੇ ਸਾਰਣੀਆਂ ਦਿੱਤੀਆਂ ਗਈਆਂ ਹਨ। ਅਧਿਆਪਕਾਂ ਦੀ ਪੜ੍ਹਾਈ 'ਤੇ ਵੀ ਸਿਰਜਣਾਤਮਕ ਟੀਕਾ ਕੀਤਾ ਗਿਆ ਹੈ ਕਿ ਕਿਵੇਂ ਇਹ ਸਿੱਖਿਆ ਹਕੀਕਤਾਂ ਤੋਂ ਕੋਹਾਂ ਦੂਰ ਹੈ।

ਇਹਦੇ 'ਚ ਹੈਰਾਨ ਹੋਣ ਵਾਲੀ ਗੱਲ ਹੈ ਕਿ ਇਸ ਪੁਸਤਕ ਦੇ ਰਚੈਤਾ ਕੋਈ ਬਹੁਤੀ ਉੱਚ-ਦਰਜੇ ਦੀ ਪੜ੍ਹਾਈ ਕਰਕੇ ਕਿਸੇ ਯੂਨੀਵਰਸਿਟੀਆਂ 'ਚ ਲੱਗੇ ਪ੍ਰੋਫੈਸਰ ਆਦਿ ਜਾਂ ਮਸ਼ਹੂਰ ਕਾਲਜਾਂ ਦੇ ਵਿਦਿਆਰਥੀ/ਅਧਿਆਪਕ ਨਹੀਂ ਹਨ। ਇਹ ਤਾਂ ਤੇਰਾਂ ਤੋਂ ਪੰਦਰਾਂ ਸਾਲਾਂ ਦੇ ਵਿਚਵਿਚਾਲੜੀ ਉਮਰ ਦੇ ਅੱਠ ਚੋਬਰ ਹਨ। ਜਿਹੜੇ ਇਟਲੀ ਦੇ ਮਸ਼ਹੂਰ ਸ਼ਹਿਰ ਫਰਾਂਸਿਸ ਸ਼ਹਿਰ ਤੋਂ ਪੰਜਾਹ ਕਿਲੋਮੀਟਰ ਦੂਰਦਰਾਜ ਦੇ ਦੁਰਗਮ ਰਾਹਾਂ ਵਾਲੇ ਪਹਾੜਾਂ 'ਚ ਸਥਿਤ ਬਾਰਬੀਆਨਾ ਪਿੰਡ ਦੇ ਸਕੂਲ ਦੇ ਵਿਦਿਆਰਥੀ ਹਨ। ਇਸੇ ਪਿੰਡ ਦੇ ਨਾਂ 'ਤੇ ਹੀ ਇਸ ਕਿਤਾਬ ਦਾ ਉਪ ਸਿਰਲੇਖ ਬਾਰਬੀਆਨਾ ਸਕੂਲ ਦੇ ਬੱਚੇ ਰੱਖਿਆ ਗਿਆ ਹੈ। ਇਹਨਾਂ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਾਲੀਆਂ ਕੋਈ ਸਹੂਲਤਾਂ ਉਪਲਬਧ ਨਹੀਂ ਸਨ। ਬਾਰਬੀਆਨਾ ਸਕੂਲ 'ਚ ਉਹ ਬੱਚੇ ਹੀ ਪੜ੍ਹਨ ਲਈ ਆਏ ਸਨ ਜਿਹਨਾਂ ਨੂੰ ਜਾਂ ਤਾਂ ਸਰਕਾਰੀ ਸਕੂਲਾਂ ਵਿੱਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ 'ਚ ਜਮਾ ਈ ਕੋਈ ਰੁਚੀ ਨਹੀਂ ਸੀ ਜਾਂ ਫਿਰ ਉਹਨਾਂ ਨੂੰ ਇਹਨਾਂ ਸਕੂਲਾਂ 'ਚ ਫੇਹਲ ਕਰ ਦਿੱਤਾ ਗਿਆ ਸੀ। ਇਹਨਾਂ ਬੱਚਿਆਂ ਨੂੰ ਤੰਗ ਤੇ ਨਿਰਉਤਸ਼ਾਹਤ ਕੀਤਾ ਗਿਆ ਸੀ। ਪਰ ਇਹਨਾਂ ਹੀ ਬੱਚਿਆਂ ਨੂੰ ਲੈ ਕੇ ਇਸ ਪਿੰਡ 'ਚ ਸਥਿਤ ਚਰਚ ਦੇ ਪਾਦਰੀ ਫਾਦਰ ਡੌਨ ਲੌਰੈਂਜ਼ੋ ਮਿਲਾਨੀ ਨੇ ਇੱਕ ਡੋਪੋਸਕੂਲਾ (ਕੰਮ ਦੇ ਘੰਟਿਆਂ ਤੋਂ ਬਾਅਦ ਘਰ ਆਉਣ ਤੋਂ ਬਾਅਦ ਸਕੂਲ ਜਾਣ ਵਾਲੇ ਸਕੂਲ) ਦਾ ਆਰੰਭ ਕੀਤਾ ਸੀ। ਉਸੇ ਨੇ ਹੀ ਇਹਨਾਂ ਬੱਚਿਆਂ ਦੀ ਰਾਹਨੁਮਾਈ ਕਰ ਅਜਿਹੀ ਕਰਾਮਾਤੀ ਪੁਸਤਕ ਲੋਕਾਂ ਲਈ ਪੇਸ਼ ਕੀਤੀ ਹੈ। ਅਤੇ ਇਹਨਾਂ 'ਚੋਂ ਹੀ ਅੱਠ ਬੱਚੇ ਇਸ ਪੁਸਤਕ ਦੇ ਰਚੇਤਾ ਬਣੇ।

ਪੁਸਤਕ ਵਿਚਲੀ ਬਿਆਨੀ ਵਿਦਿਆਰਥੀਆਂ ਦੀ ਜ਼ਿੰਦਗੀ ਕੋਈ ਇਟਲੀ ਦੇ ਪੇਂਡੂ ਖੇਤਰ ਤੱਕ ਹੀ ਸੀਮਤ ਨਹੀਂ ਹੈ। ਇਹ ਦੁਨੀਆਂ ਦੇ ਮੁਲਕਾਂ ਦੇ ਹੱਦਾਂ-ਬੰਨੇ ਟੱਪ ਹਰ ਉਸ ਮੁਲਕ ਦੇ ਬੱਚਿਆਂ ਤੇ ਮਾਪਿਆਂ ਦੀ ਵਿਥਿਆ ਹੈ। ਜਿਹਨਾਂ ਅੰਦਰ ਵਿਅਕਤੀਆਂ ਦਾ ਇੱਕ ਸਮੂਹ ਜ਼ਿੰਦਗੀ ਦੇ ਸਾਰੇ ਸ਼ੋਬਿਆਂ 'ਤੇ ਕਾਬਜ ਹੈ ਅਤੇ ਇਹਨੂੰ ਆਪਣੇ ਹੀ ਢੰਗਾਂ ਨਾਲ ਤੇ ਆਪਣੇ ਨਿੱਜੀ ਹਿੱਤਾਂ ਦੇ ਅਨੁਸਾਰ ਵਰਤੋਂ 'ਚ ਲਿਆਉਂਦਾ ਹੈ।

ਇਸ ਵਿਚਲੀ ਸਮੱਗਰੀ ਸਾਡੇ ਮੁਲਕ ਦੇ ਲੋਕਾਂ ਲਈ ਵੀ ਬਹੁਤ ਮਾਅਨੇ ਰੱਖਦੀ ਹੈ। ਦੁਨੀਆਂ ਦੇ ਹਰ ਦੱਬੇ-ਕੁਚਲੇ ਮੁਲਕ ਵਾਂਗ ਸਾਡੇ ਮੁਲਕ ਦੇ ਲੋਕ ਵੀ ਅੱਜ ਮੌਜੂਦਾ ਸਰਕਾਰ ਵੱਲੋਂ ਲੋਕਾਂ ਦੇ ਹੱਕਾਂ 'ਤੇ ਛਾਪੇ ਮਾਰਨ ਵਾਲੀ ਲਾਗੂ ਕੀਤੀ ਜਾ ਰਹੀ ਕੌਮੀ ਵਿੱਦਿਆ ਨੀਤੀ ਦੀ ਮਾਰ ਹੇਠ ਆਏ ਹੋਏ ਹਨ। ਜਿਹੜੀ ਹਰ ਪੱਧਰ ਦੀ ਸਿੱਖਿਆ ਦੇ ਨਿੱਜੀਕਰਣ ਨੂੰ ਉਤਸ਼ਾਹਤ ਤਰਕਦੀ ਹੈ ਤੇ ਵਿਦਿਆਰਥੀਆਂ ਨੂੰ ਕਾਰਪੋਰੇਟ ਘਰਾਣਿਆਂ ਲਈ ਖਾਜ਼ਾ ਬਣਾਉਂਦੀ ਹੈ। ਜਿੱਥੇ ਜਮਹੂਰੀ ਤੇ ਇਨਸਾਫ ਪਸੰਦ ਹਲਕੇ ਆਪਣੇ ਵਿੱਤ ਮੁਜਬ ਇਸ ਲੋਕ ਵਿਰੋਧੀ ਤੇ ਵਿਦਿਆਰਥੀ ਵਿਰੋਧੀ ਤੇ ਕਾਰਪੋਰੇਟ ਪੱਖੀ ਤੇ ਸਨਾਤਨੀ ਰਵਾਇਤਾਂ ਨੂੰ ਤੇ ਮਨੂੰਵਾਦੀ ਸੋਚ ਨੂੰ ਉਚਿਆਉਣ ਵਾਲੀ ਇਸ ਨੀਤੀ ਦਾ ਆਪਣੇ ਵਿੱਤ ਮੁਜਬ ਵਿਰੋਧ ਕਰ ਰਹੇ ਹਨ। ਉੱਥੇ ਇਸ ਵਿਰੋਧ ਅੰਦਰ ਉਹਨਾਂ ਲੋਕਾਂ ਹੱਥ ਇਹ ਪੁਸਤਕ ਇੱਕ ਕਾਰਗਰ ਹਥਿਆਰ ਹੈ ਜਿਹੜਾ ਕਿ ਪੀੜਤ ਵਰਗ ਦੇ ਬੱਚਿਆਂ ਨੇ ਸਿਰਜਿਆ ਹੈ। ਇਹ ਕਿਤਾਬ ਸਿੱਖਿਆ ਸ਼ਾਸਤਰੀਆਂ, ਸਿਆਸੀ ਕਾਰਕੁੰਨਾਂ, ਮਾਪਿਆਂ, ਅਧਿਆਪਕਾਂ ਤੇ ਆਪਣੇ ਮੁਲਕ ਦੇ ਲੋਕਾਂ ਦੀ ਜ਼ਿੰਦਗੀ ਪ੍ਰਤੀ ਫਿਕਰਮੰਦ ਲੋਕਾਂ ਲਈ ਬਹੁਤ ਹੀ ਲਾਭਦਾਇਕ ਸਿੱਧ ਹੋਵੇਗੀ। ਵਿਦਿਆਰਥੀਆਂ ਦੇ ਨਾਲ-ਨਾਲ ਵਿੱਦਿਆ ਪ੍ਰਤੀ ਸਰੋਕਾਰ ਰੱਖਣ ਵਾਲੇ ਸੱਭਨਾ ਵਰਗਾਂ ਦੇ ਲੋਕਾਂ ਨੂੰ ਇਹ ਪੁਸਤਕ ਵਾਚਣੀ ਚਾਹੀਦੀ ਹੈ।

ਇਸ ਪੁਸਤਕ ਨੂੰ ਪੜ੍ਹਕੇ ਇੱਕ ਫ਼ਿਲਮ ਚੇਤੇ ਆਉਂਦੀ ਹੈ ਜਿਹੜੀ ਬਹੁਤ ਹੀ ਰੌਚਕ ਢੰਗ ਨਾਲ ਅੱਜ ਦੇ ਪੜ੍ਹਾਈ ਦੇ ਢਾਂਚੇ 'ਤੇ ਤਿੱਖਾ ਵਿਅੰਗ ਕਸਦੀ ਹੈ ਤੇ ਨਾਲ ਹੀ ਬਹੁਤ ਹੀ ਸਪੱਸ਼ਟ ਰੂਪ 'ਚ ਇਸਦੀ ਪਾਜ ਉਘੜਾਈ ਕਰਦੀ ਹੈ- ਹਿੰਦੀ ਫ਼ ?ਲਮ ਥਰੀ ਈਡੀਅਟਸ, ਜਿਹੜੀ ਕਰੀਬ ਪੰਦਰਾਂ ਵਰ੍ਹੇ ਪਹਿਲਾਂ ਰਿਲੀਜ਼ ਹੋਈ ਸੀ। ਇਸ ਫ਼ਿਲਮ ਦਾ ਇੱਕ ਡਾਇਲਾਗ ਇੱਥੇ ਬਹੁਤ ਹੀ ਢੁੱਕਵਾਂ ਹੈ- ਪੜ੍ਹਾਉਣ ਦੀ ਤਰਕੀਬ 'ਤੇ ਬਹਿਸ ਦੌਰਾਨ ਫ਼ਿਲਮ ਦਾ ਇੱਕ ਅਹਿਮ ਕਿਰਦਾਰ ਕਹਿੰਦਾ ਹੈ ਕਿ ਅੱਜ ਮੈਂ ਤੁਹਾਨੂੰ ਇੰਜੀਨੀਅਰਿੰਗ ਨਹੀਂ ਪੜ੍ਹਾਵਾਂਗਾ (ਆਪਣੇ ਅਧਿਆਪਕ ਨੂੰ ਸੰਬੋਧਨ ਹੁੰਦਾ ਕਹਿੰਦਾ ਹੈ), ਉਹ ਤਾਂ ਤੁਸੀਂ ਮੇਰੇ ਨਾਲੋਂ ਕਿਤੇ ਬਿਹਤਰ ਪੜ੍ਹਾ ਸਕਦੇ ਹੋ। ਪਰ ਮੈਂ ਅੱਜ ਤੁਹਾਨੂੰ ਇਹ ਪੜ੍ਹਾਵਾਂਗਾ ਕਿ ਪੜ੍ਹਾਇਆ ਕਿਵੇਂ ਜਾਂਦਾ ਹੈ।

ਪੰਜਾਬੀ 'ਚ ਇਸ ਕਿਤਾਬ ਨੂੰ ਕਈ ਵਰ੍ਹੇ ਪਹਿਲਾਂ ਯੂਨੀਸਟਾਰ ਚੰਡੀਗੜ੍ਹ ਵਾਲਿਆਂ ਨੇ ਛਾਪਿਆ ਸੀ ਪਰ ਹੁਣ ਮਿਲ ਨਹੀਂ ਰਹੀ। ਹਿੰਦੀ ਭਾਸ਼ਾ 'ਚ ਇਹ 2006 'ਚ ਗ੍ਰੰਥ ਸ਼ਿਲਪੀ ਵੱਲੋਂ ਛਾਪੀ ਗਈ ਸੀ ਜਿਹੜੀ ਕਿ ਮਿਲ ਜਾਂਦੀ ਹੈ। ਅੰਗ੍ਰੇਜ਼ੀ 'ਚ ਏ ਲੈਟਰ ਟੂ ਟੀਚਰ ਦੇ ਨਾਮ 'ਤੇ ਪੀਡੀਐੱਫ ਦੇ ਰੂਪ 'ਚ ਇੰਟਰਨੈੱਟ ਤੋਂ ਮਿਲ ਜਾਂਦੀ ਹੈ।

ਅੰਤ 'ਚ ਇਸ ਖ਼ਤ ਵਿਚਲੇ ਹੀ ਇੱਕ ਵਾਕ ਨਾਲ ਇਸ ਚਰਚਾ ਨੂੰ ਸਿਰੇ ਲਾਉਂਦੇ ਹਾਂ-

ਗਿਆਨ ਦਾ ਉਦੇਸ਼ ਹੀ ਇਹ ਹੈ ਕਿ ਅਸੀਂ ਇਸ ਨੂੰ ਹੋਰਾਂ ਨਾਲ ਸਾਂਝਾ ਕਰੀਏ।



# ਪੰਜਾਬੀ ਭਾਸ਼ਾ ਦੀ ਸਥਿਤੀ ਦੇ ਸਰੋਕਾਰ




ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 18 ਫ਼ਰਵਰੀ ਨੂੰ ਕੈਨੇਡੀਆਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਇਸ ਮਹੀਨੇ ਦਾ ਸਮਾਗਮ ਜ਼ੂਮ ਮਾਧਿਅਮ 'ਤੇ ਮਾਂ-ਬੋਲੀ ਪੰਜਾਬੀ ਨੂੰ ਸਮੱਰਪਿਤ ਕੀਤਾ ਗਿਆ। ਕੈਨੇਡਾ ਦੇ ਕਈ ਸ਼ਹਿਰਾਂ ਤੋਂ ਇਲਾਵਾ ਭਾਰਤ, ਪਾਕਿਸਤਾਨ ਤੇ ਅਮਰੀਕਾ ਤੋਂ ਪੰਜਾਬੀ-ਪ੍ਰੇਮੀਆਂ ਵੱਲੋਂ ਇਸ ਵਿਚ ਭਰਪੂਰ ਸ਼ਮੂਲੀਅਤ ਕੀਤੀ ਗਈ। ਸਭਾ ਦੇ ਸੀਨੀਅਰ ਮੈਂਬਰ ਮਲੂਕ ਸਿੰਘ ਕਾਹਲੋਂ ਵੱਲੋਂ ਪੰਜਾਬ ਦੇ ਸਨਅਤੀ ਸ਼ਹਿਰ ਬਟਾਲਾ ਤੋਂ ਸਮਾਗਮ ਦੇ ਮੁੱਖ-ਬੁਲਾਰੇ ਡਾ. ਅਨੂਪ ਸਿੰਘ ਅਤੇ ਹਾਜ਼ਰ ਮੈਂਬਰਾਂ ਤੇ ਮਹਿਮਾਨਾਂ ਨੂੰ 'ਜੀ-ਆਇਆਂ' ਕਹਿਣ ਤੋਂ ਬਾਅਦ ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਵੱਲੋਂ ਡਾ. ਅਨੂਪ ਸਿੰਘ ਹੁਰਾਂ ਨੂੰ ਪੰਜਾਬੀ ਮਾਂ-ਬੋਲੀ ਦੀ ਅਜੋਕੀ ਸਥਿਤੀ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ ਗਈ।

ਆਪਣੇ ਸੰਬੋਧਨ ਦੀ ਸ਼ੁਰੂਆਤ ਕਰਦਿਆਂ ਡਾ. ਅਨੂਪ ਸਿੰਘ ਨੇ ਕਿਹਾ ਕਿ ਹਰੇਕ ਮਨੁੱਖ ਦੀਆਂ ਤਿੰਨ ਮਾਵਾਂ ਹਨ ਅਤੇ ਉਹ ਹਨ, ਮਾਂ-ਜਣਨੀ, ਮਾਂ-ਧਰਤੀ ਅਤੇ ਮਾਂ-ਬੋਲੀ। ਜਿਹੜਾ ਵੀ ਮਨੁੱਖ ਇਨ੍ਹਾਂ ਨਾਲੋਂ ਟੁੱਟ ਜਾਂਦਾ ਹੈ, ਉਹ ਆਪਣੀ ਹਸਤੀ ਗੁਆ ਬੈਠਦਾ ਹੈ। ਉਨ੍ਹਾਂ ਕਿਹਾ ਕਿ ਮਾਂ-ਬੋਲੀ ਬੱਚਾ ਆਪਣੀ ਮਾਂ ਦੀ ਗੋਦ ਅਤੇ ਚੌਗਿਰਦੇ ਤੋਂ ਸਿੱਖਦਾ ਹੈ, ਜਦਕਿ ਦੂਸਰੀਆਂ ਭਾਸ਼ਾਵਾਂ ਸਿੱਖਣ ਲਈ ਉਸ ਨੂੰ ਕਿਸੇ ਹੋਰ ਵਿਅੱਕਤੀ ਜਾਂ ਸੰਸਥਾ ਦੀ ਸਹਾਇਤਾ ਦੀ ਲੋੜ ਪੈਂਦੀ ਹੈ। ਦੁਨੀਆਂ-ਭਰ ਦੇ ਮਨੋ-ਵਿਗਿਆਨੀਆਂ ਦੀ ਇਹ ਸਾਂਝੀ ਰਾਇ ਹੈ ਕਿ ਜਿਸ ਵਿਅੱਕਤੀ ਨੂੰ ਮਾਂ-ਬੋਲੀ ਦੀ ਮੁਹਾਰਤ ਨਹੀਂ, ਉਹ ਕਿਸੇ ਵੀ ਹੋਰ ਬੋਲੀ ਵਿਚ ਮੁਹਾਰਤ ਹਾਸਲ ਨਹੀਂ ਕਰ ਸਕਦਾ। ਕੋਈ ਵਿਅਕਤੀ ਦੂਸਰੀਆਂ ਭਾਸ਼ਾਵਾਂ ਭਾਵੇਂ ਜਿੰਨੀਆਂ ਮਰਜ਼ੀ ਸਿੱਖ ਲਵੇ ਪਰ ਉਸ ਨੂੰ ਮਾਂ-ਬੋਲੀ ਕਦੇ ਨਹੀਂ ਭੁੱਲਣੀ ਚਾਹੀਦੀ। ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਵਿਚ ਆਈਸੀਐੱਸਸੀ ਤੇ ਸੀਬੀਐੱਸਸੀ ਸਕੂਲਾਂ ਵਿਚ ਪੰਜਾਬੀ ਬੋਲਣ 'ਤੇ ਵਿਦਿਆਰਥੀਆਂ ਨੂੰ ਜੁਰਮਾਨੇ ਕੀਤੇ ਜਾਂਦੇ ਹਨ। ਉਨ੍ਹਾਂ ਹੋਰ ਕਿਹਾ ਪੰਜਾਬੀ ਮਾਂ-ਬੋਲੀ ਦੇ ਪਸਾਰ ਲਈ ਸਰਕਾਰੀ ਸਰਪ੍ਰਸਤੀ ਦੀ ਜ਼ਰੂਰਤ ਹੈ ਅਤੇ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਸਿਖਾਉਣੀ ਜ਼ਰੂਰੀ ਹੈ, ਵਰਨਾ ਉਹ ਮਨੁੱਖਤਾ ਦੇ ਮਹਾਨ-ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਨੂੰ ਕਿਵੇਂ ਪੜ੍ਹ ਤੇ ਸਮਝ ਸਕਣਗੇ ?

ਉਨ੍ਹਾਂ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ ਹੋਇਆਂ ਖਾਲਸਾ ਕਾਲਜ ਫ਼ਾਰ ਵਿਮੈੱਨ ਜਲੰਧਰ ਦੀ ਪ੍ਰਿੰਸੀਪਲ ਡਾ. ਨਵਜੋਤ ਕੌਰ ਨੇ ਪੰਜਾਬੀ ਬੋਲੀ ਦੀ ਅਮੀਰੀ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬੀ ਗੁਰੂਆਂ, ਪੀਰਾਂ ਤੇ ਫ਼ਕੀਰਾਂ ਦੀ ਬੋਲੀ ਹੈ ਪਰ ਦੁੱਖ ਦੀ ਗੱਲ ਹੈ ਕਿ ਅਜੋਕੀ ਪੀੜ੍ਹੀ ਮਾਤ-ਭਾਸ਼ਾ ਪੰਜਾਬੀ ਤੋਂ ਉਪਰਾਮ ਹੋ ਕੇ ਵਿਦੇਸ਼ਾਂ ਵੱਲ ਦੌੜ ਰਹੀ ਹੈ। ਉਨ੍ਹਾਂ ਪੰਜਾਬ ਵਿਚ ਇਸ ਸਮੇਂ ਚੱਲ ਰਹੇ ਅਜੋਕੇ ਕਿਸਾਨ ਅੰਦੋਲਨ ਨੂੰ ਇਤਿਹਾਸਕ 'ਪੱਗੜੀ ਸੰਭਾਲ ਜੱਟਾ' ਅੰਦੋਲਨ ਨਾਲ ਜੋੜ ਕੇ ਆਪਣੀ ਗੱਲ ਬਾਖ਼ੂਬੀ ਕੀਤੀ। ਬਟਾਲਾ ਤੋਂ ਸਤਿੰਦਰ ਕੌਰ ਕਾਹਲੋਂ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਜਿਵੇਂ ਅਸੀਂ ਆਪਣੀਆਂ ਮਾਂਵਾਂ ਨੂੰ ਕਦੇ ਨਹੀਂ ਭੁੱਲ ਸਕਦੇ, ਸਾਨੂੰ ਆਪਣੀ ਮਾਂ-ਬੋਲੀ ਨੂੰ ਵੀ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਵਿਦੇਸ਼ਾਂ ਵਿਚ ਕਈ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਨੂੰ ਮਾਂ-ਬੋਲੀ ਪੰਜਾਬੀ ਨਾਲ ਜੋੜ ਰਹੇ ਹਨ। ਚੰਡੀਗੜ੍ਹ ਤੋਂ ਡਾ. ਮਨਜੀਤ ਸਿੰਘ ਬੱਲ ਨੇ ਕਿਹਾ ਕਿ ਪੰਜਾਬੀ ਚੜ੍ਹਦੇ ਤੇ ਲਹਿੰਦੇ ਦੋਹਾਂ ਪੰਜਾਬਾਂ, ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਿਚ ਤਾਂ ਪੰਜਾਬੀਆਂ ਵੱਲੋਂ ਬੋਲੀ ਜਾਂਦੀ ਹੈ ਪਰ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਵਿਚ ਇਸ ਦੇ ਬੋਲਣ 'ਤੇ ਮਨਾਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਕੋਲੋਂ ਇਸ ਦੇ ਪਸਾਰ ਦੀ ਆਸ ਛੱਡ ਕੇ ਪੰਜਾਬੀਆਂ ਨੂੰ ਇਸ ਪ੍ਰਤੀ ਪੂਰੀ ਤਰ੍ਹਾਂ ਸਮੱਰਪਿਤ ਹੋਣਾ ਚਾਹੀਦਾ ਹੈ। ਵੱਖ-ਵੱਖ ਬੁਲਾਰਿਆਂ ਵੱਲੋਂ ਉਠਾਏ ਗਏ ਕਈ ਨੁਕਤਿਆਂ ਦਾ ਜੁਆਬ ਦਿੰਦਿਆਂ ਡਾ. ਅਨੂਪ ਸਿੰਘ ਨੇ ਕਿਹਾ ਕਿ ਸਰਕਾਰੀ ਸਰਪ੍ਰਸਤੀ ਤੋਂ ਬਿਨਾਂ ਕਿਸੇ ਭਾਸ਼ਾ ਦਾ ਵੱਧਣਾ ਫੁੱਲਣਾ ਏਨਾ ਆਸਾਨ ਨਹੀਂ ਹੈ। ਅਗਲੀ ਪੀੜ੍ਹੀ ਨੂੰ ਪੰਜਾਬੀ ਮਾਂ-ਬੋਲੀ ਨਾਲ ਜੋੜਨਾ ਅਤੀ ਜ਼ਰੂਰੀ ਹੈ, ਨਹੀਂ ਤਾਂ ਪੰਜਾਬੀ ਵੀ ਪਾਲੀ ਤੇ ਸੰਸਕ੍ਰਿਤ ਵਾਂਗ ਹੌਲੀ-ਹੌਲੀ ਦਮ ਤੋੜ ਜਾਏਗੀ ਅਤੇ ਗੁਰੂ ਗ੍ਰੰਥ ਸਾਹਿਬ ਦਾ ਅਧਿਐੱਨ ਤੇ ਇਸ ਵਿਚਲੀਆਂ ਵੱਡਮੁੱਲੀਆਂ ਸਿੱਖਿਆਵਾਂ ਕੇਵਲ ਪੁਜਾਰੀ ਵਰਗ ਤੱਕ ਹੀ ਸੀਮਤ ਰਹਿ ਜਾਣਗੀਆਂ।


ਸਮਾਗਮ ਦੇ ਦੂਸਰੇ ਭਾਗ ਵਿਚ ਹੋਏ ਕਵੀ-ਦਰਬਾਰ ਦੀ ਸ਼ੁਰੂਆਤ ਸਭਾ ਦੇ ਰਸੀਲੇ ਗਾਇਕ ਇਕਬਾਲ ਬਰਾੜ ਦੇ ਗਾਏ ਗੀਤ 'ਦੀਵਾ ਬਲ਼ੇ ਸਾਰੀ ਰਾਤ' ਨਾਲ ਕੀਤੀ ਗਈ। ਫਿਰ ਵਾਰੋ-ਵਾਰੀ ਡਾ. ਨਵਜੋਤ ਕੌਰ, ਡਾ. ਰਵਿੰਦਰ ਕੌਰ ਭਾਟੀਆ, ਸਤਿੰਦਰ ਕੌਰ ਕਾਹਲੋਂ, ਬਲਵੰਤ ਰਾਏ ਗੱਖੜ, ਸੁਰਜੀਤ ਸਿੰਘ, ਰਣਜੀਤ ਬਾਜਵਾ, ਰਾਜ ਕੁਮਾਰ ਓਸ਼ੋਰਾਜ, ਸੁਖਦੇਵ ਸਿੰਘ ਝੰਡ ਤੇ ਹਰਦਿਆਲ ਝੀਤਾ ਵੱਲੋਂ ਮਾਂ-ਬੋਲੀ ਪੰਜਾਬੀ ਨਾਲ ਜੁੜੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਬਠਿੰਡਾ ਤੋਂ ਅਮਰਜੀਤ ਸਿੰਘ ਜੀਤ ਨੇ ਨਜ਼ਰ ਤੇ ਨਜ਼ਰੀਏ ਨਾਲ ਸਬੰਧਿਤ ਖ਼ੂਬਸੂਰਤ ਕਵਿਤਾ ਸੁਣਾਈ, ਜਦ ਕਿ ਡਾ. ਮਨਜੀਤ ਸਿੰਘ ਬੱਲ ਵੱਲੋਂ 'ਪੰਜਾਬ ਦੀ ਕੋਇਲ' ਮਰਹੂਮ ਸੁਰਿੰਦਰ ਕੌਰ ਦਾ ਗਾਇਆ ਹੋਇਆ ਹਰਮਨ-ਪਿਆਰਾ ਗੀਤ 'ਮਹਿਰਮ ਦਿਲਾਂ ਦੇ ਜਾਨੀ ਮੋੜੇਂਗਾ ਕਦ ਮੁਹਾਰਾਂ' ਪੂਰੇ ਸੁਰਤਾਲ ਵਿਚ ਗਾਇਆ ਗਿਆ। ਔਟਵਾ ਤੋਂ ਜੁੜੇ ਲਖਬੀਰ ਸਿੰਘ ਕਾਹਲੋਂ ਵੱਲੋਂ ਇਕ ਕਵਿਤਾ ਸੁਣਾਈ ਗਈ ਅਤੇ 'ਹੀਰ' ਦੇ ਕੁਝ ਬੰਦ ਤਰੰਨਮ ਵਿਚ ਗਾਏ ਗਏ। ਰਮਿੰਦਰ ਵਾਲੀਆ ਵੱਲੋਂ 'ਸ਼ਬਦ' ਦੀ ਮਹਾਨਤਾ ਬਾਰੇ ਕਵਿਤਾ ਪੇਸ਼ ਕੀਤੀ ਗਈ। ਕੁਲਵਿੰਦਰ ਕੰਵਲ ਅਤੇ ਮਲੂਕ ਸਿੰਘ ਕਾਹਲੋਂ ਵੱਲੋਂ ਅਜੋਕੇ ਕਿਸਾਨ ਅੰਦੋਲਨ ਨਾਲ ਸਬੰਧਿਤ ਕਵਿਤਾਵਾਂ ਸੁਣਾਈਆਂ ਗਈਆਂ। ਭਾਰਤ ਤੇ ਪਾਕਿਸਤਾਨ ਤੋਂ ਜੁੜੇ ਪੰਜਾਬੀ-ਪ੍ਰੇਮੀਆਂ ਦਾ ਸੁਆਗ਼ਤ ਕਰਦਿਆਂ ਮਕਸੂਦ ਚੌਧਰੀ ਨੇ ਆਪਣੀ ਕਵਿਤਾ ਪੇਸ਼ ਕੀਤੀ ਅਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਕੋਆਰਡੀਨੇਟਰ ਪ੍ਰੋ. ਤਲਵਿੰਦਰ ਮੰਡ ਦੀਆਂ ਦਰਦ ਭਿੱਜੀਆਂ ਕਵਿਤਾਵਾਂ ਨੇ ਮਾਹੌਲ ਨੂੰ ਭਾਵਨਾਤਮਿਕ ਬਣਾ ਦਿੱਤਾ।

ਸਮਾਗਮ ਦੇ ਅਖ਼ੀਰ ਵਿਚ ਸਮੂਹ ਬੁਲਾਰਿਆਂ, ਕਵੀਜਨਾਂ ਤੇ ਗਾਇਕਾਂ ਦਾ ਧੰਨਵਾਦ ਕਰਦਿਆਂ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਕਿਹਾ ਕਿ ਕੇਵਲ ਪ੍ਰਸ਼ੰਸਾ ਭਰੇ ਸ਼ਬਦਾਂ ਅਤੇ ਕਵਿਤਾਵਾਂ/ਗੀਤਾਂ ਨਾਲ ਹੀ ਪੰਜਾਬੀ ਭਾਸ਼ਾ ਜਿਊਂਦੀ ਨਹੀਂ ਰਹਿ ਸਕਦੀ। ਭਵਿੱਖ ਵਿਚ ਇਸ ਨੂੰ ਜਿਊਂਦੀ ਰੱਖਣ ਲਈ ਸਾਨੂੰ ਸਾਰਿਆਂ ਨੂੰ ਅਮਲੀ ਤੌਰ 'ਤੇ ਸਾਰਥਿਕ ਕੰਮ ਕਰਨ ਦੀ ਲੋੜ ਹੈ। ਇਸ ਸੰਦਰਭ ਵਿਚ ਉਨ੍ਹਾਂ 'ਮਹਾਨਕੋਸ਼' ਤਿਆਰ ਕਰਨ ਵਾਲੀ ਮਹਾਨ ਸ਼ਖ਼ਸੀਅਤ ਭਾਈ ਕਾਨ੍ਹ ਸਿੰਘ ਨਾਭਾ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਦੂਸਰੀਆਂ ਭਾਸ਼ਾਵਾਂ ਤੋਂ ਆਏ ਸ਼ਬਦਾਂ ਨੂੰ 'ਆਪਣੇ' ਬਣ ਜਾਣ 'ਤੇ ਉਨ੍ਹਾਂ ਨੂੰ ਵਰਤੋਂ ਵਿਚ ਲਿਆਉਣ ਵਿਚ ਕੋਈ ਹਰਜ ਨਹੀਂ ਹੈ। ਲਾਹੌਰ (ਪਾਕਿਸਤਾਨ) ਤੋਂ ਪੰਜਾਬੀ ਬੋਲੀ ਨੂੰ ਪੰਜਾਬ ਵਿਚ ਸਰਕਾਰੀ ਪੱਧਰ 'ਤੇ ਲਾਗੂ ਕਰਨ ਅਤੇ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਲਈ ਸੰਘਰਸ਼ਸ਼ੀਲ ਅਹਿਮਦ ਰਜ਼ਾ ਪੰਜਾਬੀ ਨੇ ਵੀ ਕੁਝ ਸਮੇਂ ਲਈ ਸਮਾਗਮ ਵਿਚ ਸ਼ਿਰਕਤ ਕੀਤੀ। ਉਨ੍ਹਾਂ ਤੋਂ ਇਲਾਵਾ ਚੰਡੀਗੜ੍ਹ ਤੋਂ ਡਾ. ਜਗਮੋਹਨ ਸਿੰਘ, ਪ੍ਰੋ. ਜਗੀਰ ਸਿੰਘ ਕਾਹਲੋਂ, ਸੁਖਵੰਤ ਸਿੱਧੂ, ਅਤੇ ਨਛੱਤਰ ਸਿੰਘ ਬਦੇਸ਼ਾ ਵੀ ਇਸ ਜ਼ੂਮ-ਸਮਾਗਮ ਵਿਚ ਸ਼ਾਮਲ ਹੋਏ।

We Provide Following Insurance Services

- SUPER VISA /TRAVEL INSURANCE
- DISABILITY INSURANCE
- MEDICAL AND DENTAL PLANS
- CRITICAL ILLNESS INSURANCE
- LIFE INSURANCE (TERM OR WHOLE LIFE)
- MORTGAGE OR LOAN INSURANCE
- RESP (CHILDREN EDUCATION PLANS)
- RRSP (RETIREMENT SAVING PLANS)
- INVESTMENTS (SEG FUNDS)
- NO MEDICAL OR FUNERAL INSURANCE

Aman Gill
Financial Security Advisor



2102, 3730-108 Ave. NE Calgary AB T3N 1V8
Cell: 403-919-6962
Email: amandeepbrr440@gmail.com

Desjardins Financial Security Independent Network | CPP | GREAT-WEST | BMO | RBC Royal Bank | Equitable Life of Canada | Manulife Financial | iA Financial Group | Canada Life | Foresters | ivari

BEAUTY BLISS
Mediaesthetics

INSTAGRAM: BOTOXINJECTORYYC_NAV
EMAIL: NAV.BEAUTYBLISS@GMAIL.COM

Contact :
Nav Gill RN BscN
587.971.0052
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler

SHAHEED BHAGAT SINGH BOOK CENTRE
Calgary Canada



ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :
Book Exhibition & Sale!
Contact: Master Bhajan Singh at 403-455-4220





Buying | Selling | Investing
HOMELIFE HIGHER STANDARDS
Homelife/Miracle Realty Ltd. Brokerage
Each Office Independently Owned & Operated
Bill (Baljinder) Bath
Realtor
Dir: 416.567.0008
Email: Bill5670008@gmail.com
821 Bovaird Drive Unit #31, Brampton L6X 0T9

# ਵਿਗਿਆਨੀ ਬਰੂਨੋ : ਵਿਗਿਆਨ ਲਈ ਦਿੱਤੀ ਕੀਮਤ



ਯਸ਼ ਪਾਲ
98145 35005

ਅੱਜ ਤੋਂ 422 ਸਾਲ ਪਹਿਲਾਂ 16 ਫਰਵਰੀ, 1600 ਨੂੰ ਇਟਲੀ ਅੰਦਰ ਨੇਪਲਜ਼ ਦੇ ਨੇੜੇ ਨੋਲਾ ਨਾਂ ਦੇ ਪਿੰਡ ਦੇ ਜੰਮਪਲ ਜੀਅਰ ਡੈਨੋ ਬਰੂਨੋ ਨੂੰ ਤਫਤੀਸ਼ੀ ਸੂਹੀਆਂ ਵਲੋਂ ਖੰਭੇ ਨਾਲ ਬੰਨ੍ਹ ਕੇ ਜਿਉਂਦੇ ਨੂੰ ਸਾੜ ਦਿੱਤਾ ਗਿਆ ਸੀ। ਬਰੂਨੋ ਉਨ੍ਹਾਂ ਪਹਿਲੇ ਦਾਰਸ਼ਨਿਕ-ਚਿੰਤਕਾਂ ਵਿੱਚੋਂ ਇੱਕ ਸੀ ਜਿਨ੍ਹਾਂ ਨੇ ਵਿਗਿਆਨਕ ਅਤੇ ਦਾਰਸ਼ਨਿਕ ਵਿਚਾਰ ਦੇਸੀ ਭਾਸ਼ਾ ਵਿੱਚ ਬਹਿਸ ਅਧੀਨ ਲਿਆਂਦੇ ਸਨ। ਉਨ੍ਹਾਂ ਸਮਿਆਂ ਵਿੱਚ ਬੌਧਿਕ ਵਾਰਤਾਲਾਪ ਦੀ ਭਾਸ਼ਾ ਲਾਤੀਨੀ ਸੀ। ਇਸ ਕਰਕੇ ਬਰੂਨੋ ਨੂੰ ਵਿਗਿਆਨ ਦੇ ਮੁੱਢਲੇ ਲੋਕ-ਪ੍ਰਚਾਰਕਾਂ ਵਿੱਚ ਗਿਣਿਆ ਜਾ ਸਕਦਾ ਹੈ। ਬਰੂਨੋ ਦਾ ਨਾਂ ਉਨ੍ਹਾਂ ਮੁੱਢਲੇ ਵਿਗਿਆਨੀਆਂ ਵਿਚੋਂ ਇੱਕ ਉੱਭਰਵੀਂ ਮਿਸਾਲ ਵਜੋਂ ਲਿਆ ਜਾਂਦਾ ਹੈ ਜਿਨ੍ਹਾਂ ਨੇ 16ਵੀਂ ਤੇ 17ਵੀਂ ਸਦੀ ਦੌਰਾਨ ਧਾਰਮਿਕ ਸੱਤਾਧਾਰੀਆਂ ਹੱਥੋਂ ਭਾਰੀ ਤਸੀਹੇ ਝੱਲੇ।

ਬਰੂਨੋ ਦਾ ਜੀਵਨ-ਕਾਲ ਉਹ ਸਮਾਂ ਸੀ ਜਦੋਂ ਅਜੋਕਾ ਵਿਗਿਆਨ ਅਜੇ ਉੱਭਰ ਰਿਹਾ ਸੀ। ਉਹ ਇੱਕ ਜੋਸ਼ੀਲਾ ਜਨਤਕ-ਬੁਲਾਰਾ ਸੀ। ਗਰਮ ਖਿਆਲੀ ਵਿਚਾਰਵਾਨ ਅਤੇ ਸੱਚਾ, ਸਿਰੜੀ-ਸਿਦਕੀ ਬੰਦਾ ਸੀ। ਉਹ ਸਚਾਈ ਨੂੰ ਸਾਬਤ ਕਰਨ ਲਈ ਤਰਕ ਅਤੇ ਦਲੀਲ ਵਿੱਚ ਯਕੀਨ ਰੱਖਦਾ ਸੀ ਅਤੇ ਇਸ ਦੀ ਜੋਰਦਾਰ ਵਕਾਲਤ ਵੀ ਕਰਦਾ ਸੀ। ਉਸਨੇ ਸਾਲ 1591 ਵਿੱਚ ਆਪਣੀ ਇੱਕ ਪੁਸਤਕ ਵਿੱਚ ਲਿਖਿਆ, ਜਿਹੜਾ ਵੀ ਦਾਰਸ਼ਨਿਕ ਬਣਨਾ ਚਾਹੁੰਦਾ ਹੈ ਉਸਨੂੰ ਸਭ ਤੋਂ ਪਹਿਲਾਂ ਸਭਨਾਂ ਵਿਚਾਰਾਂ ਉਪਰ ਕਿੰਤੂ-ਪ੍ਰੰਤੂ ਕਰਨਾ ਚਾਹੀਦਾ ਹੈ। ਉਸਨੂੰ ਕਿਸੇ ਵੀ ਵਾਦ-ਵਿਵਾਦ ਅੰਦਰ ਵੱਖ-ਵੱਖ ਦਲੀਲਾਂ ਸੁਣਨ ਅਤੇ ਹੱਕ ਤੇ ਵਿਰੋਧ ਵਿੱਚ ਦਿੱਤੀਆਂ ਦਲੀਲਾਂ ਉਪਰ ਵਿਚਾਰ ਕਰਨ ਤੋਂ ਬਿਨਾਂ ਆਪਣੀ ਪੱਕੀ ਰਾਇ ਨਹੀਂ ਬਣਾਉਣੀ ਚਾਹੀਦੀ। ਉਸਨੂੰ ਸਿਰਫ ਸੁਣੀ-ਸੁਣਾਈ ਗੱਲ ਉਪਰ ਭਰੋਸਾ ਕਰਕੇ ਜਾਂ ਬਹੁ-ਗਿਣਤੀ ਦੀ ਰਾਏ ਦੇ ਅਧਾਰ 'ਤੇ ਕਦੇ ਵੀ ਆਪਣਾ ਮਨ ਨਹੀਂ ਬਣਾਉਣਾ ਚਾਹੀਦਾ। ਸਗੋਂ ਉਸਨੂੰ ਇੱਕ ਜੀਵੰਤ ਸਿਧਾਂਤ ਦੀ ਸੇਧ ਮੁਤਾਬਕ ਚਲਣਾ ਚਾਹੀਦਾ ਹੈ, ਜਿਹੜਾ ਹਕੀਕਤ ਅਤੇ ਸਚਾਈ ਨਾਲ ਮੇਲ ਖਾਂਦਾ ਹੋਵੇ ਅਤੇ ਤਰਕ ਦੀ ਕਸੌਟੀ 'ਤੇ ਖਰਾ ਉਤਰਦਾ ਹੋਵੇ।

ਆਮ ਕਰਕੇ ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਬਰੂਨੋ ਨੂੰ ਤਫਤੀਸ਼ੀ ਸੂਹੀਆਂ ਵਲੋਂ ਇਸ ਲਈ ਖੰਭੇ ਨਾਲ ਬੰਨ੍ਹ ਕੇ ਜਿਉਂਦੇ ਸਾੜਿਆ ਗਿਆ ਕਿ ਉਹ ਕਾਪਰਨੀਕਸ ਦੇ 'ਸੂਰਜੀ ਕੇਂਦਰਕ ਬ੍ਰਹਿਮੰਡ' ਦੇ ਵਿਚਾਰਾਂ ਦੀ ਵਕਾਲਤ ਕਰਦਾ ਸੀ ਅਤੇ ਉਹ ਧਰਤੀ ਵਰਗੇ ਹੋਰ ਅਨੰਤ ਵਸਦੇ ਸੰਸਾਰਾਂ ਵਿੱਚ ਯਕੀਨ ਰੱਖਦਾ ਸੀ। ਇਹ ਕਾਪਰਨੀਕਸ ਹੀ ਸੀ ਜਿਸ ਨੇ ਇਹ ਇਨਕਲਾਬੀ ਮਨੌਤ ਪੇਸ਼ ਕੀਤੀ ਕਿ ਸਾਰੇ ਗੋਲਾਕਾਰ ਪਿੰਡ ਸੂਰਜੀ ਕੇਂਦਰ ਦੁਆਲੇ ਘੁੰਮਦੇ ਹਨ। ਇਸ ਲਈ ਸੂਰਜ ਹੀ ਬ੍ਰਹਿਮੰਡ ਦਾ ਕੇਂਦਰ ਹੈ। ਇਸਦੀ ਪੁਸ਼ਟੀ ਗੈਲੀਲੀਓ ਦੀਆਂ ਖੋਜਾਂ ਰਾਹੀਂ ਹੋਈ। ਉਸਨੇ ਦਿਖਾਇਆ ਕਿ ਪ੍ਰਿਥਵੀ ਤਾਂ ਸੂਰਜ ਦੁਆਲੇ ਅਤੇ ਆਪਣੇ ਧੁਰੇ ਦੁਆਲੇ ਘੁੰਮਣ ਵਾਲੇ ਗ੍ਰਹਿਆਂ ਵਰਗਾ ਹੀ ਇੱਕ ਗ੍ਰਹਿ ਹੈ। ਬਰੂਨੋ ਦੀਆਂ ਲਿਖਤਾਂ ਵਿੱਚ ਭਾਵੇਂ ਕਾਪਰਨੀਕਸਵਾਦ ਦੀ ਵਕਾਲਤ ਕੀਤੀ ਗਈ ਦਿਸਦੀ ਹੈ ਪਰ ਉਹ ਤਾਰਾ ਵਿਗਿਆਨੀ ਨਹੀਂ ਸੀ। ਉਂਜ ਉਸਨੇ ਵਿਗਿਆਨ ਦੇ ਅਧਾਰ ਨੂੰ ਵਿਸ਼ਾਲ ਅਤੇ ਮਜਬੂਤ ਬਣਾਉਣ ਲਈ ਇੱਕ ਨਿਸ਼ਚਿਤ ਭੂਮਿਕਾ ਨਿਭਾਈ। ਉਸਨੇ ਕੁਦਰਤ ਵਿਗਿਆਨੀਆਂ ਅਤੇ ਦਾਰਸ਼ਨਿਕਾਂ ਨੂੰ ਕਾਪਰਨੀਕਸ ਦੇ ਸਿਧਾਂਤਾਂ ਦੀਆਂ ਦੂਰ-ਰਸ ਅਰਥ-ਸੰਭਾਵਨਾਵਾਂ ਪ੍ਰਤੀ ਸੋਚਣ ਲਈ ਮਜਬੂਰ ਕੀਤਾ ਜਿਸਨੇ ਅਜੋਕੇ ਵਿਗਿਆਨ ਦੇ ਬੂਹੇ 'ਤੇ ਦਸਤਕ ਦੇਣ ਵਿੱਚ ਮੱਦਦ ਕੀਤੀ।

ਬਰੂਨੋ ਨੇ ਸਭ ਕਿਸਮ ਦੇ ਰੂੜੀਵਾਦ ਨੂੰ ਚੁਣੌਤੀ ਦਿੱਤੀ। ਭਾਵੇਂ ਉਸਨੇ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਦੁਸ਼ਮਣ ਤੇ ਵਿਰੋਧੀ ਮੁਲਕਾਂ ਅੰਦਰ ਇਧਰ-ਉਧਰ ਘੁੰਮ ਫਿਰ ਕੇ ਹੀ ਗੁਜਾਰਿਆ ਫਿਰ ਵੀ ਉਸਨੇ 20 ਦੇ ਲਗਭਗ ਪੁਸਤਕਾਂ ਲਿਖੀਆਂ। ਉਹ ਸ਼ਬਦ-ਸ਼ਾਸਤਰ ਵਿੱਚ ਰੁਚੀ ਰੱਖਦਾ ਸੀ। ਉਸਨੂੰ ਇੱਕ ਮੋਢੀ ਸ਼ਬਦਾਰਥ-ਵਿਗਿਆਨੀ ਵੀ ਕਿਹਾ ਜਾ ਸਕਦਾ ਹੈ। ਬਰੂਨੋ ਦੇ ਬ੍ਰਹਿਮੰਡ-ਵਿਗਿਆਨ ਬਾਰੇ ਵਿਚਾਰ ਉਸ ਦੀਆਂ ਤਿੰਨ ਲਿਖਤਾਂ ਵਿੱਚ ਦਰਜ ਹਨ।

1. ਬੁੱਧਵਾਰ ਰਾਤਰੀ ਭੋਜ,
2. ਕਾਰਨ ਸਿਧਾਂਤ ਤੇ ਏਕਤਾ ਬਾਰੇ,
3. ਅਸੀਮ ਬ੍ਰਹਿਮੰਡ ਤੇ ਅਨੰਤ ਸੰਸਾਰਾਂ ਬਾਰੇ।

'ਬੁੱਧਵਾਰੀ ਰਾਤਰੀ ਭੋਜ' ਵਿੱਚ ਬਰੂਨੋ ਨੇ ਕਾਪਰਨੀਕਸ ਦੇ ਸੂਰਜੀ ਕੇਂਦਰਕ ਬ੍ਰਹਿਮੰਡ ਵਿਚਾਰਾਂ ਦੀ ਵਕਾਲਤ ਕੀਤੀ ਹੈ। 'ਕਾਰਨ, ਸਿਧਾਂਤ ਤੇ ਏਕਤਾ ਬਾਰੇ' ਵਿਚ ਉਸਨੇ ਲਿਖਿਆ ਹੈ, ਇਸ ਸਮੁਚੇ ਭੂ-ਮੰਡਲ ਦੀ, ਇਸ ਤਾਰੇ ਦੀ ਕਿਉਂਕਿ ਨਾ ਮੌਤ ਅਤੇ ਨਾ ਹੀ ਤਬਾਹੀ ਹੋ ਸਕਦੀ ਹੈ ਅਤੇ ਵਿਨਾਸ਼ ਕੁਦਰਤ ਵਿੱਚ ਕਿਤੇ ਵੀ ਸੰਭਵ ਨਹੀਂ ਹੈ, ਇਸ ਲਈ ਇਹ ਭੂ-ਮੰਡਲ ਆਪਣੇ ਸਭ ਅੰਸ਼ਾਂ ਦੀ ਅਦਲਾ-ਬਦਲੀ ਅਤੇ ਰੂਪਾਂਤਰਣ ਰਾਹੀਂ ਸਮੇਂ-ਸਮੇਂ ਸਿਰ ਆਪਣੇ ਆਪ ਨੂੰ ਨਵਿਆਉਂਦਾ ਰਹਿੰਦਾ ਹੈ। ਨਿਰੋਲ ਅਮੂਰਤ 'ਉਪਰ-ਹੇਠਾਂ' ਕੁਝ ਵੀ ਨਹੀਂ ਹੁੰਦਾ (ਜਿਵੇਂ ਕਿ ਅਰਸਤੂ ਦੀ ਸਿੱਖਿਆ ਪ੍ਰਚਲਿਤ ਸੀ) ਸਗੋਂ ਕਿਸੇ ਵਸਤੂ ਦੀ ਸਥਿਤੀ ਦੂਜੀਆਂ ਵਸਤੂਆਂ ਦੀ ਸਥਿਤੀ ਦੇ ਤੁਲਨਾਤਮਕ ਹੀ ਹੁੰਦੀ ਹੈ। ਸਾਰੇ ਬ੍ਰਹਿਮੰਡ ਅੰਦਰ ਹਰ ਜਗ੍ਹਾ ਲਗਾਤਾਰ



ਸਾਪੇਖ ਪਰਿਵਰਤਨ ਹੁੰਦਾ ਰਹਿੰਦਾ ਹੈ ਅਤੇ ਨਿਰੀਖਕ ਹਮੇਸ਼ਾ ਕੇਂਦਰ ਵਿਚ ਹੁੰਦਾ ਹੈ। ਆਪਣੀ ਲਿਖਤ 'ਅਸੀਮ ਬ੍ਰਹਿਮੰਡ ਤੇ ਅਨੰਤ ਸੰਸਾਰ' ਵਿਚ ਬਰੂਨੋ ਨੇ ਦਲੀਲ ਦਿੱਤੀ ਹੈ ਕਿ, ਬ੍ਰਹਿਮੰਡ ਅਸੀਮ ਹੈ। ਇਸ ਅੰਦਰ ਅਨੰਤ ਸੰਸਾਰ ਹਨ ਅਤੇ ਇਨ੍ਹਾਂ ਅਨੰਤ ਸੰਸਾਰਾਂ ਉਪਰ ਸੂਝਵਾਨ ਜੀਵਾਂ ਦੀ ਹੋਂਦ ਹੈ।

ਜੀਓਰ ਡੈਨੋ ਦਾ ਅਸਲੀ ਨਾਮ ਫਿਲੀਪੋ ਬਰੂਨੋ ਸੀ। ਉਸਦੇ ਫੌਜੀ ਪਿਤਾ ਜੀਓਵੈਲੀ ਬਰੂਨੋ ਨੇ ਉਸਨੂੰ ਨੇਪਲਜ਼ ਦੇ 'ਸੇਂਟ ਡੋਮੀਨੀਕੋ ਮੱਠ' ਵਿਚ ਦਾਖਲ ਕਰਵਾ ਦਿੱਤਾ। ਇਹ ਇੱਕ ਮਹਾਨ ਮੱਠ ਸੀ ਜਿਥੇ ਕਿਸੇ ਸਮੇਂ ਇਟਲੀ ਦਾ ਵਿਦਵਾਨ ਦਾਰਸ਼ਨਿਕ ਤੇ ਅਧਿਆਤਮਵਾਦੀ ਸੇਂਟ ਥਾਮਸ ਏਕਨਜ਼ (1225-1274) ਰਿਹਾ ਕਰਦਾ ਸੀ ਅਤੇ ਪੜ੍ਹਾਇਆ ਕਰਦਾ ਸੀ। ਬਰੂਨੋ ਦੇ ਮੱਠ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਸਦਾ ਨਾਮ ਜਿਅਰਡੈਨੋ ਪੈ ਗਿਆ। ਸਾਲ 1572 ਵਿੱਚ ਉਸਨੂੰ ਪਾਦਰੀ ਨਿਯੁਕਤ ਕਰ ਦਿੱਤਾ ਗਿਆ। ਇਸ ਡੋਮੀਨੀਕਨ ਮੱਤ ਦਾ ਮੁੱਖ ਉਦੇਸ਼ ਪ੍ਰਚਾਰ ਅਤੇ ਸਿੱਖਿਆ ਸੀ। ਇਸ ਦੇ ਪ੍ਰਚਾਰਕ ਰੂੜੀਵਾਦ ਦੇ ਪ੍ਰਮੁੱਖ ਮੁੱਦਈ ਸਨ। ਇਸ ਮੱਤ ਦੀ ਤਫਤੀਸ਼ੀ ਸੂਹੀਆ ਪ੍ਰਣਾਲੀ ਰਸਮੀ ਤੌਰ ਤੇ ਪੋਪ ਗਰੇਗਰੀ ਵਲੋਂ ਸਾਲ 1231 ਵਿੱਚ ਕਾਇਮ ਕੀਤੀ ਗਈ ਸੀ। ਇਸਦਾ ਮੁੱਖ ਮੰਤਵ ਵੱਧ ਰਹੇ 'ਨਾਸਤਿਕਤਾ ਦੇ ਖਤਰੇ' ਦਾ ਮੁਕਾਬਲਾ ਕਰਨਾ ਸੀ। ਤਫਤੀਸ਼ੀ ਸੂਹੀਏ, ਪੋਪ ਦੁਆਰਾ ਵਿਸ਼ੇਸ ਤੌਰ ਤੇ ਨਿਯੁਕਤ ਕੀਤੇ ਜਾਂਦੇ ਸਨ। ਉਨ੍ਹਾਂ ਦੇ ਹੱਥ ਵਿੱਚ ਕਾਫੀ ਤਾਕਤ ਹੁੰਦੀ ਸੀ। ਸਾਲ 1252 ਵਿੱਚ ਤਸ਼ੱਦਦ ਦੀ ਵਰਤੋਂ ਜਾਇਜ਼ ਕਰਾਰ ਦੇ ਦਿੱਤੀ ਗਈ। ਮੁਕੱਦਮੇ ਗੁਪਤ ਤੌਰ 'ਤੇ ਚਲਾਏ ਜਾਂਦੇ ਸਨ। ਜਿਹੜੇ ਵਿਅਕਤੀ ਆਪਣਾ ਦੋਸ਼ ਸਵੀਕਾਰ ਕਰ ਲੈਂਦੇ ਸਨ, ਤਫਤੀਸ਼ੀ ਸੂਹੀਏ ਉਨ੍ਹਾਂ ਤੋਂ ਪਸ਼ਚਾਤਾਪ ਕਰਵਾਉਂਦੇ ਸਨ ਅਤੇ ਮੁਆਫੀ ਮੰਗਵਾਉਂਦੇ ਸਨ।

ਜਿਹੜੇ ਆਪਣਾ ਦੋਸ਼ ਸਵੀਕਾਰ ਨਹੀਂ ਸੀ ਕਰਦੇ ਉਨ੍ਹਾਂ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਜਾਂਦਾ ਸੀ ਤੇ ਜਿਊਂਦਿਆਂ ਨੂੰ ਸਾੜ ਦਿੱਤਾ ਜਾਂਦਾ ਸੀ। ਬਰੂਨੋ ਆਪਣੇ ਵਿਦਿਆਰਥੀ ਜੀਵਨ ਵਿੱਚ ਵੀ ਆਪਣੇ ਮੌਲਿਕ ਵਿਚਾਰਾਂ ਕਰਕੇ ਅਤੇ ਪਰੰਪਰਾਗਤ ਅਧਿਆਤਮਕ ਸਿਧਾਂਤਾਂ ਦੀ ਬੇਬਾਕ ਆਲੋਚਨਾ ਕਰਨ ਕਰਕੇ ਖਾਸਾ ਚਰਚਿਤ ਸੀ। ਸਾਲ 1576 ਵਿਚ ਉਸਨੂੰ ਤਫਤੀਸ਼ੀ ਸੂਹੀਆਂ ਵਲੋਂ ਰਸਮੀ ਤੌਰ ਤੇ ਨਾਸਤਿਕਤਾ ਦਾ ਦੋਸ਼ੀ ਠਹਿਰਾਇਆ ਗਿਆ। ਉਹ ਗ੍ਰਿਫਤਾਰੀ ਤੋਂ ਬਚਣ ਲਈ ਨੇਪਲਜ਼ ਨੂੰ ਛੱਡ ਕੇ ਰੋਮ ਚਲਾ ਗਿਆ ਪਰ ਉਸਦੇ ਵਿਚਾਰਾਂ ਵਿੱਚ ਕੋਈ ਤਬਦੀਲੀ ਨਾ ਆਈ। ਇਸ ਲਈ ਉਸ ਵਿਰੁੱਧ ਦੋਸ਼ ਮੁੜ ਨਵੇਂ ਸਿਰਿਓਂ ਮੜ੍ਹ ਦਿੱਤੇ ਗਏ। ਇਸ ਮੌਕੇ ਉਸਨੇ 'ਡੋਮੀਨੀਕੀਨ' ਨਾਲੋਂ ਆਪਣਾ ਨਾਤਾ ਤੋੜ ਲਿਆ ਅਤੇ ਰੋਮ ਸ਼ਹਿਰ ਵੀ ਛੱਡ ਦਿੱਤਾ। ਬਰੂਨੋ ਇਟਲੀ, ਫਰਾਂਸ, ਇੰਗਲੈਂਡ ਅਤੇ ਜਰਮਨੀ ਸਾਰੇ ਘੁੰਮਿਆ।

ਫਰਾਂਸ ਵਿੱਚ ਉਸਨੂੰ ਰਾਜਾ ਹੈਨਰੀ-3 (1551-89) ਨੇ ਥਾਪਣਾ ਦਿੱਤੀ ਜਿਸ ਨੇ ਉਸਦੀ ਕਾਲਜ ਆਫ ਫਰਾਂਸ ਵਿੱਚ ਨਿਯੁਕਤੀ ਕੀਤੀ। ਬਰੂਨੋ ਸਾਲ 1583 ਵਿੱਚ ਲੰਦਨ ਪੰਹੁਚਿਆ ਅਤੇ ਉਥੇ ਤਿੰਨ ਸਾਲ ਤੱਕ ਰਿਹਾ। ਇੰਗਲੈਂਡ ਵਿੱਚ ਉਸਦੀ ਠਹਿਰ ਉਸ ਦੇ ਜੀਵਨ ਦੇ ਸਭ ਤੋਂ ਵੱਧ ਸਫਲ ਸਮਿਆਂ ਵਿਚੋਂ ਇੱਕ ਸੀ। ਇਥੇ ਉਸਨੇ ਪਹਿਲੀ ਵਾਰ ਆਪਣੇ ਦਾਰਸ਼ਨਿਕ ਵਿਚਾਰਾਂ ਦੀ ਵਿਸਥਾਰਤ ਵਿਆਖਿਆ ਵਾਲੀਆਂ ਤਿੰਨ ਪੁਸਤਕਾਂ ਇਟਲੀ ਦੀ ਭਾਸ਼ਾ ਵਿੱਚ ਲਿਖੀਆਂ। ਵਿਲਿਅਮ ਗਿਲਗਰਟ (1544-1603) ਅਤੇ ਥਾਮਸ ਹੈਰੀਅਟ (1560-1621) ਵਰਗੇ ਉੱਘੇ ਵਿਗਿਆਨੀ ਬਰੂਨੋ ਦੇ ਬ੍ਰਹਿਮੰਡੀ ਵਿਚਾਰਾਂ ਦੇ ਮੋਢੀ ਹਿਮਾਇਤੀ ਬਣ ਗਏ। ਗਿਲਗਰਟ ਨੇ ਬਰੂਨੋ ਦੇ ਬ੍ਰਹਿਮੰਡੀ ਵਿਚਾਰਾਂ ਦੀ ਰੋਸ਼ਨੀ ਵਿੱਚ ਪਹਿਲੀ ਮਹਾਨ ਵਿਗਿਆਨਕ ਕਿਰਤ 'ਚੁੰਬਕ, ਚੁੰਬਕੀ ਵਸਤਾਂ ਤੇ ਮਹਾਨ ਧਰਤ-ਚੁੰਬਕ' ਸਾਲ 1600 ਵਿੱਚ ਛਪਵਾਈ। ਹੈਰੀਅਟ ਨੇ ਸਾਲ 1608 ਵਿੱਚ ਬਰੂਨੋ ਦੇ ਅਸੀਮ ਬ੍ਰਹਿਮੰਡ ਵਿਚਾਰਾਂ ਉਪਰ ਬਹਿਸ ਕਰਨ ਲਈ ਜੋਹਨ ਕੈਪਲਰ (1571-1630) ਨਾਲ ਖ਼ਤੋ-ਖਿਤਾਬ ਕੀਤਾ।

ਸਾਲ 1591 ਵਿੱਚ ਬਰੂਨੋ ਜੁਆਨੋ-ਮੋਸੀਨੀਗੋ ਨਾਂ ਦੇ ਪਾਦਰੀ ਦੇ ਸੱਦੇ 'ਤੇ ਇਟਲੀ ਵਾਪਸ ਆ ਗਿਆ। ਕਿਸੇ ਨਾ ਕਿਸੇ ਤਰ੍ਹਾਂ ਮੋਸੀਨੀਗੋ ਨੇ ਉਸਨੂੰ ਵੀਨਸ ਵਿੱਚ ਤਫਤੀਸ਼ੀ ਸੂਹੀਆਂ ਅੱਗੇ ਦੋਸ਼ੀ ਠਹਿਰਾ ਦਿੱਤਾ ਅਤੇ ਬਰੂਨੋ ਨੂੰ ਸਾਲ 1592 ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਫਿਰ ਉਸ ਨੂੰ ਰੋਮ ਵਿੱਚ ਤਫਤੀਸ਼ੀ ਸੂਹੀਆਂ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਜੇਲ ਵਿੱਚ ਸੁੱਟ ਦਿੱਤਾ ਗਿਆ। 7 ਸਾਲਾਂ ਦੇ ਮੁਕੱਦਮੇ ਤੋਂ ਬਾਅਦ ਤਫਤੀਸ਼ੀ ਸੂਹਿਆਂ ਨੇ 20 ਜਨਵਰੀ 1600 ਨੂੰ ਆਪਣਾ ਫੈਸਲਾ ਸੁਣਾਇਆ। ਸਜਾ ਸੁਣਾਉਣ ਤੋਂ ਬਾਅਦ ਵੀ ਉਸਨੂੰ ਪਸ਼ਚਾਤਾਪ ਕਰਨ ਅਤੇ ਮੁਆਫੀ ਮੰਗਣ ਲਈ 8 ਦਿਨ ਦਿੱਤੇ ਗਏ ਪਰ ਉਹ ਫਿਰ ਵੀ ਨਹੀਂ ਝੁਕਿਆ। 16 ਫਰਵਰੀ 1600 ਨੂੰ ਬਰੂਨੋ ਨੂੰ ਰੋਮ ਵਿੱਚ ਖੰਭੇ ਨਾਲ ਬੰਨ੍ਹ ਕੇ ਜਿਉਂਦੇ ਨੂੰ ਸਾੜ ਦਿੱਤਾ ਗਿਆ। ਮਰਦੇ ਦਮ ਤਕ ਬਰੂਨੋ ਬਾਗੀ ਰਿਹਾ।










# ਮਾਨਵੀ ਤਰਾਸਦੀ : ਭੁੱਲੇ-ਵਿਸਰੇ ਕਤਲੇਆਮ ਦੇ 41 ਵਰ੍ਹੇ



ਬੂਟਾ ਸਿੰਘ ਮਹਿਮੂਦਪੁਰ
94634-74342





ਭਾਰਤ ਵਿਚ ਧਾਰਮਿਕ ਘੱਟਗਿਣਤੀਆਂ ਦੇ ਕਤਲੇਆਮ ਦੀ ਗੱਲ ਕਰਦਿਆਂ ਆਮ ਤੌਰ 'ਤੇ ਸਿੱਖਾਂ ਦੇ ਕਤਲੇਆਮ (1984), ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਮੁਸਲਮਾਨਾਂ ਦੇ ਕਤਲੇਆਮ (1992) ਅਤੇ ਫਿਰ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ (2002) ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ। ਪਰ ਚਾਰ ਦਹਾਕੇ ਪਹਿਲਾਂ ਹੋਏ ਨੇਲੀ ਕਤਲੇਆਮ ਨੂੰ ਇਸ ਤਰ੍ਹਾਂ ਭੁਲਾ ਦਿੱਤਾ ਗਿਆ ਹੈ ਜਿਵੇਂ ਇਹ ਹੋਇਆ ਹੀ ਨਾ ਹੋਵੇ। ਹਾਲਾਂਕਿ ਇਹ ਅਜਿਹਾ ਪਹਿਲਾਂ ਕਤਲੇਆਮ ਹੋਣ ਦੇ ਨਾਲ-ਨਾਲ ਆਪਣੀ ਹੌਲਨਾਕ ਵਿਆਪਕਤਾ ਪੱਖੋਂ ਦੇਖਿਆਂ ਬਹੁਤ ਵੱਡਾ ਕਤਲੇਆਮ ਵੀ ਸੀ। ਜੇ ਮੁਲਕ ਦੇ ਲੋਕ ਇਸ ਕਤਲੇਆਮ ਪ੍ਰਤੀ ਮਨੁੱਖੀ ਸੰਵੇਦਨਸ਼ੀਲਤਾ ਦਿਖਾ ਕੇ ਭਾਰਤੀ ਹੁਕਮਰਾਨਾਂ ਅਤੇ ਇਸ ਲਈ ਜ਼ਿੰਮੇਵਾਰ ਹੋਰ ਸਮਾਜ ਵਿਰੋਧੀ ਤਾਕਤਾਂ ਨੂੰ ਜਵਾਬਦੇਹ ਬਣਾਉਂਦੇ ਤਾਂ ਸ਼ਾਇਦ ਧਾਰਮਿਕ ਘੱਟਗਿਣਤੀਆਂ ਤੇ ਹੋਰ ਹਾਸ਼ੀਆਗ੍ਰਸਤ ਹਿੱਸਿਆਂ ਦੇ ਉਹ ਹੌਲਨਾਕ ਕਾਂਡ ਉਸ ਪੈਮਾਨੇ 'ਤੇ ਨਾ ਵਾਪਰਦੇ ਜਿਵੇਂ ਅਗਲੇ ਦਹਾਕਿਆਂ 'ਚ ਹਕੂਮਤਾਂ ਦੀ ਰਾਜਸੀ ਤੇ ਰਾਜਕੀ ਪੁਸ਼ਤ-ਪਨਾਹੀ ਨੇ ਬੇਖ਼ੌਫ਼ ਹੋ ਕੇ ਨੰਗਾ ਨਾਚ ਨੱਚਿਆ।

41 ਸਾਲ ਪਹਿਲਾਂ, 18 ਫਰਵਰੀ 1983 ਦੇ ਦਿਨ ਇਕ ਵੱਡੇ ਹਜੂਮ ਨੇ ਅਸਾਮ ਦੇ ਕੇਂਦਰੀ ਜ਼ਿਲ੍ਹੇ, ਮੌਰੀਗਾਓਂ ਵਿਚ ਨੇਲੀ ਤੇ ਇਸ



ਦੇ ਨਾਲ ਲੱਗਦੇ 14 ਪਿੰਡਾਂ ਦੇ 2000 ਤੋਂ ਵੱਧ ਮੁਸਲਮਾਨਾਂ ਨੂੰ ਬੇਹੱਦ ਕਰੂਰਤਾ ਨਾਲ ਕਤਲ ਕਰਕੇ ਛੇ-ਸੱਤ ਘੰਟਿਆਂ 'ਚ ਲਾਸ਼ਾਂ ਹੀ ਲਾਸ਼ਾਂ ਵਿਛਾ ਦਿੱਤੀਆਂ ਸਨ। ਸਰਕਾਰੀ ਅੰਕੜਿਆਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 2091, ਜਦਕਿ ਗੈਰਸਰਕਾਰੀ ਅੰਦਾਜ਼ਿਆਂ ਅਨੁਸਾਰ 7000 ਤੋਂ ਵੱਧ ਸੀ। ਮਾਰੇ ਜਾਣ ਵਾਲੇ ਬੰਗਾਲੀ ਮੂਲ ਦੇ ਮੁਸਲਮਾਨ ਸਨ ਅਤੇ ਕਤਲੇਆਮ ਨੂੰ ਅੰਜਾਮ ਦੇਣ ਵਾਲੇ ਸਥਾਨਕ ਅਸਾਮੀ ਤੇ ਹੋਰ ਸਥਾਨਕ ਭਾਈਚਾਰਿਆਂ ਦੇ ਹਜੂਮ ਸਨ ਜੋ ਤਲਵਾਰਾਂ, ਖੰਜਰਾਂ, ਚਾਕੂਆਂ, ਤਿ ?ਰਸ਼ੂਲਾਂ ਅਤੇ ਪੈਟਰੋਲ ਨਾਲ ਲੈਸ ਸਨ। ਹਮਲਾਵਰ ਹਜੂਮ ਸਧਾਰਨ ਰੋਜ਼ਮਰਾ ਕੰਮਾਂ ਕਾਰਾਂ 'ਚ ਲੱਗੇ ਇਨ੍ਹਾਂ ਨਿਹੱਥੇ, ਬੇਖ਼ਬਰ ਮੁਸਲਮਾਨਾਂ ਉੱਪਰ ਉਸੇ ਤਰ੍ਹਾਂ ਟੁੱਟ ਪਏ ਜਿਵੇਂ ਇਸ ਤਰ੍ਹਾਂ ਦੇ ਕਤਲੇਆਮਾਂ ਨੂੰ ਅੰਜਾਮ ਦੇਣ ਸਮੇਂ ਆਮ ਹੀ ਵਾਪਰਦਾ ਹੈ। ਘੁੱਗ ਵਸਦੇ ਘਰ ਵੱਢੀਆਂ-ਟੁੱਕੀਆਂ ਲਾਸ਼ਾਂ ਅਤੇ ਰਾਖ਼ ਦੇ ਢੇਰਾਂ 'ਚ ਬਦਲ ਦਿੱਤੇ ਗਏ।

ਚੋਣਾਂ ਕਰਾਉਣ ਲਈ ਸੀ.ਆਰ.ਪੀ.ਐੱਫ. ਦੀਆਂ ਚਾਰ ਸੌ ਕੰਪਨੀਆਂ ਅਤੇ ਭਾਰਤੀ ਫ਼ੌਜ ਦੇ 11 ਨੰਬਰ ਬਰਗੇਡ ਦੀ ਵਿਆਪਕ ਤਾਇਨਾਤੀ ਵੀ ਨਿਤਾਣੇ ਹਿੱਸਿਆਂ ਨੂੰ ਕੋਈ ਸੁਰੱਖਿਆ ਨਹੀਂ ਦੇ ਸਕੀ। ਪੱਤਰਕਾਰ ਅਰੁਣ ਸ਼ੋਰੀ, ਜੋ ਬਾਅਦ ਵਿਚ ਭਾਰਤ ਦੇ ਵੱਡੇ ਪੱਤਰਕਾਰ ਬਣੇ ਅਤੇ ਹਕੂਮਤ ਦਾ ਹਿੱਸਾ ਵੀ ਬਣੇ, ਦੀ ਖੋਜ ਭਰਪੂਰ ਰਿਪੋਰਟ (ਇੰਡੀਆ ਟੂਡੇ, ਅੰਕ 15 ਮਾਰਚ 1983) ਨੇ ਖ਼ੁਲਾਸਾ ਕੀਤਾ ਸੀ ਕਿ ਪੁਲਿਸ ਨੂੰ ਘਟਨਾ ਦੇ ਕਤਲੇਆਮ ਤੋਂ ਤਿੰਨ ਦਿਨ ਪਹਿਲਾਂ ਹੀ ਹੋਣ ਵਾਲੇ ਹਮਲੇ ਦੀ ਖ਼ਾਸ ਜਾਣਕਾਰੀ ਸੀ। ਹਮਲੇ ਨੂੰ ਰੋਕਣ ਲਈ ਕੋਈ ਪੇਸ਼ਬੰਦੀ ਨਹੀਂ ਕੀਤੀ ਗਈ। ਜਦੋਂ ਕਤਲੇਆਮ ਸ਼ੁਰੂ ਹੋ ਗਿਆ, ਓਦੋਂ ਵੀ ਰਾਜ ਮਸ਼ੀਨਰੀ ਨੇ ਇਸ ਨੂੰ ਨਿਰਵਿਘਨ ਹੋਣ ਦਿੱਤਾ। ਅਰੁਣ ਸ਼ੋਰੀ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ ਸਵੇਰ ਨੂੰ ਹਮਲੇ ਦੀਆਂ ਇਤਲਾਹਾਂ ਮਿਲ ਜਾਣ ਦੇ ਬਾਵਜੂਦ ਪੁਲਿਸ ਅਤੇ ਨੀਮ-ਫ਼ੌਜੀ ਦਸਤੇ ਤਿੰਨ ਵਜੇ ਦੁਪਹਿਰ ਤੋਂ ਪਹਿਲਾਂ ਉੱਥੇ ਨਹੀਂ ਪਹੁੰਚੇ ਜਿਸ ਇਲਾਕੇ ਵਿਚ ਵੱਢ-ਟੁੱਕ ਅਤੇ ਸਾੜਫੂਕ ਕੀਤੀ ਜਾ ਰਹੀ ਸੀ।

ਮਾਕਿਕਾ ਕਿਮੂਰਾ ਨੇ ਆਪਣੇ ਅਧਿਐਨ 'ਦੀ ਨੇਲੀ ਮੈਸੇਕਰ ਆਫ 1983' ਵਿਚ, ਜੋ ਮੁੱਖ ਤੌਰ 'ਤੇ ਜੁਰਮ ਨੂੰ ਅੰਜਾਮ ਦੇਣ ਵਾਲੇ ਭਾਈਚਾਰਿਆਂ ਦੇ ਮੈਂਬਰਾਂ ਨਾਲ ਇੰਟਰਵਿਊਆਂ 'ਤੇ ਅਧਾਰਤ ਹੈ, ਜ਼ਿਕਰ ਕੀਤਾ ਹੈ ਕਿ ਅਜਿਹੀਆਂ ਅਫ਼ਵਾਹਾਂ ਦੀ, ਜਿਨ੍ਹਾਂ ਨੂੰ ਆਲ ਅਸਾਮ ਸਟੂਡੈਂਟਸ ਯੂਨੀਅਨ ਦੇ ਕਾਰਕੁਨਾਂ ਨੇ ਵਾਜਬੀਅਤ ਮੁਹੱਈਆ ਕੀਤੀ, ਹਜੂਮਾਂ ਨੂੰ ਕਰੂਰ ਕਤਲੇਆਮ ਲਈ ਭੜਕਾਉਣ ਅਤੇ ਲਾਮਬੰਦ ਕਰਨ 'ਚ ਚੋਖੀ ਭੂਮਿਕਾ ਸੀ ਕਿ ਮੁਸਲਮਾਨ ਤਿਵਾ ਲੋਕਾਂ ਦੇ ਪਿੰਡਾਂ ਉੱਪਰ ਹਮਲੇ ਕਰਨ ਦੀ ਤਿਆਰੀ 'ਚ ਹਨ ਅਤੇ ਤਿਵਾ ਔਰਤਾਂ ਦੇ ਬਲਾਤਕਾਰ ਕੀਤੇ ਗਏ ਹਨ। ਉਪਰੋਕਤ ਕਤਲੇਆਮਾਂ ਤੋਂ ਇਲਾਵਾ, ਪਿਛਲੇ ਕਈ ਮਹੀਨਿਆਂ ਤੋਂ ਮਨੀਪੁਰ ਵਿਚ ਕੁਕੀ ਭਾਈਚਾਰੇ ਵਿਰੁੱਧ ਜਾਰੀ ਮੈਤੇਈ ਹਿੰਸਾ, ਖ਼ਾਸ ਕਰਕੇ ਔਰਤਾਂ ਵਿਰੁੱਧ ਦਿਲ-ਕੰਬਾਊ ਜਿਨਸੀ ਹਿੰਸਾ ਨੂੰ ਜਾਇਜ਼ ਠਹਿਰਾਉਣ ਲਈ ਅਜਿਹੀਆਂ ਅਫ਼ਵਾਹਾਂ ਗਿਣ-ਮਿੱਥ ਕੇ ਫੈਲਾਈਆਂ ਗਈਆਂ ਅਤੇ ਇਹ ਹਿੰਸਾ ਨੂੰ ਅੰਜਾਮ ਦੇਣ ਵਾਲੇ ਭਾਈਚਾਰੇ ਦੇ ਵੱਡੇ ਹਿੱਸੇ ਦੀ ਸੋਚ ਦਾ ਹਿੱਸਾ ਵੀ ਬਣੀਆਂ।

ਸਿੱਖ ਕਤਲੇਆਮ (1984) ਜਾਂ ਗੁਜਰਾਤ ਕਤਲੇਆਮ (2002) 'ਚ ਮਜ਼ਲੂਮ ਘੱਟਗਿਣਤੀਆਂ ਨੂੰ ਨਿਆਂ ਨਹੀਂ ਮਿਲਿਆ ਅਤੇ ਇਨ੍ਹਾਂ ਯੋਜਨਾਬੱਧ ਕਤਲੇਆਮ ਦੇ ਅਸਲ ਯੋਜਨਾਘਾੜਿਆਂ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਨਹੀਂ ਕਰਨਾ ਪਿਆ। ਇਸ ਦੇ ਬਾਵਜੂਦ ਬਹੁਤ ਸਾਰੇ ਕੇਸ ਦਰਜ ਹੋਏ ਅਤੇ ਬਹੁਤ ਸਾਰੇ ਕਾਤਲਾਂ ਨੂੰ ਮੁਕੱਦਮਿਆਂ ਦਾ ਸਾਹਮਣਾ ਕਰਨਾ ਪਿਆ। ਕੁਝ ਕੁ ਨੂੰ ਸਜ਼ਾਵਾਂ ਵੀ ਹੋਈਆਂ। ਪਰ ਨੇਲੀ ਕਤਲੇਆਮ ਦੀ ਖ਼ਾਸੀਅਤ ਇਹ ਹੈ ਕਿ ਇਸ ਕਤਲੇਆਮ ਦੇ ਇਕ ਵੀ ਵਿਅਕਤੀ ਨੂੰ ਮੁਕੱਦਮੇ ਦਾ ਸਾਹਮਣਾ ਨਹੀਂ ਕਰਨਾ ਪਿਆ ਕਿਉਂਕਿ ਇਹ 'ਗੈਰਕਾਨੂੰਨੀ ਬਦੇਸ਼ੀਆਂ' ਦਾ ਕਤਲੇਆਮ ਸੀ। ਮੁਸਲਮਾਨ ਹੋਣਾ ਤਾਂ ਐਸਾ ਗੁਨਾਹ ਮੰਨਿਆ ਜਾਂਦਾ ਹੈ ਜਿਸ ਨੂੰ ਵਾਜਬ ਠਹਿਰਾਉਣ ਲਈ ਫਿਰਕੂ ਜ਼ਿਹਨੀਅਤ ਦੇ ਡੰਗੇ ਸਾਡੇ ਸਮਾਜ ਨੇ ਅਣਗਿਣਤ ਦਲੀਲਾਂ ਘੜ ਰੱਖੀਆਂ ਹਨ। ਨਾਗਰਿਕ ਸਮਾਜ ਨੇ ਵੀ ਇਸ ਕਤਲੇਆਮ ਦਾ ਗੰਭੀਰਤਾ ਨਾਲ ਨੋਟਿਸ ਨਹੀਂ ਲਿਆ।

ਇਸ ਕਤਲੇਆਮ ਦੀ ਜਾਂਚ ਲਈ ਨਿਯੁਕਤ ਕੀਤੇ ਤਿਵਾੜੀ ਕਮਿਸ਼ਨ ਦੀ 600 ਪੰਨਿਆਂ ਦੀ ਰਿਪੋਰਟ ਅੱਜ ਵੀ ਗੁਪਤ ਹੈ। ਇਹ ਰਿਪੋਰਟ 1984 'ਚ ਅਸਾਮ ਸਰਕਾਰ ਨੂੰ ਸੌਂਪੀ ਗਈ ਸੀ। ਇਸ ਕਰਕੇ, ਇਹ ਵੀ ਸਾਹਮਣੇ ਨਹੀਂ ਆਇਆ ਕਿ ਜਾਂਚ ਕਮਿਸ਼ਨ ਨੇ ਐਨੇ ਵੱਡੇ ਕਤਲੇਆਮ ਲਈ ਕਿਸ ਨੂੰ ਦੋਸ਼ੀ ਠਹਿਰਾਇਆ, ਇਸ ਦੀ ਯੋਜਨਾਬੰਦੀ ਕਰਨ ਅਤੇ ਇਸ ਨੂੰ ਅੰਜਾਮ ਦੇਣ ਵਾਲੀਆਂ ਤਾਕਤਾਂ ਕੌਣ ਸਨ।

ਇਹ ਕਤਲੇਆਮ ਕੋਈ ਚਾਣਚੱਕ ਵਾਪਰਿਆ, ਸਧਾਰਨ ਕਤਲ ਕਾਂਡ ਨਹੀਂ ਸੀ। ਇਹ ਆਲ ਅਸਾਮ ਸਟੂਡੈਂਟਸ ਯੂਨੀਅਨ-ਆਲ ਅਸਾਮ ਗਣ ਸੰਗਰਾਮ ਪ੍ਰੀਸ਼ਦ ਵੱਲੋਂ ਉੱਥੇ 'ਬਦੇਸ਼ੀ ਨਾਗਰਿਕਾਂ' ਵਿਰੁੱਧ ਵਿੱਢੇ ਅੰਦੋਲਨ ਦੌਰਾਨ ਸਿਰਜੇ ਮਾਹੌਲ ਵਿਚ ਵਾਪਰਿਆ ਸੀ। ਅੰਦੋਲਨ ਦੀ ਮੰਗ ਸੀ ਕਿ 'ਗੈਰਕਾਨੂੰਨੀ ਬਦੇਸ਼ੀਆਂ' ਦੀ ਸ਼ਨਾਖ਼ਤ ਕਰਕੇ ਉਨ੍ਹਾਂ ਨੂੰ ਬਾਹਰ ਕੱਢਿਆ ਜਾਵੇ। ਇਹ ਵੀ ਕਿ ਜਦੋਂ ਤੱਕ 'ਬਦੇਸ਼ੀ ਨਾਗਰਿਕਾਂ' ਦੇ ਨਾਮ ਵੋਟਰ ਸੂਚੀਆਂ ਵਿੱਚੋਂ ਕੱਢ ਨਹੀਂ ਦਿੱਤੇ ਜਾਂਦੇ ਉਦੋਂ ਤੱਕ ਚੋਣਾਂ ਨਾ ਕਰਾਈਆਂ ਜਾਣ। ਕੇਂਦਰ ਸਰਕਾਰ ਨੇ 'ਹੱਲ' ਪੇਸ਼ ਕੀਤਾ ਕਿ ਮਾਰਚ 1971 ਤੋਂ ਬਾਅਦ ਰਾਜ ਵਿਚ ਦਾਖ਼ਲ ਹੋਣ ਵਾਲੇ ਆਵਾਸੀਆਂ ਨੂੰ ਵੋਟ ਦਾ ਹੱਕ ਨਹੀਂ ਦਿੱਤਾ ਜਾਵੇਗਾ। ਪਰ ਅਸਾਮ ਦੇ ਰਾਜਨੀਤਕ ਗਰੁੱਪਾਂ ਨੂੰ ਇਹ 'ਹੱਲ' ਮਨਜ਼ੂਰ ਨਹੀਂ ਸੀ, ਉਹ ਇਸ ਤੋਂ ਪਹਿਲਾਂ ਦੀ ਸਮਾਂ ਹੱਦ ਤੈਅ ਕਰਨ ਦੀ ਮੰਗ ਕਰ ਰਹੇ ਸਨ। ਇਸ ਤੋਂ ਇਲਾਵਾ, ਅਸਾਮ ਦੇ ਬਹੁਨਸਲੀ-ਸੱਭਿਆਚਾਰਕ ਸਮਾਜ ਵਿਚ ਹੋਰ ਵਿਰੋਧ ਅਤੇ ਟਕਰਾਵੇਂ ਹਿਤ ਵੀ ਸਨ ਜਿਵੇਂ ਲਾਲੁੰਗ ਆਦਿਵਾਸੀਆਂ 'ਚ ਫੈਲੀ ਇਹ ਬੇਚੈਨੀ ਕਿ ਉਨ੍ਹਾਂ ਦੀ ਜ਼ਮੀਨ ਉੱਪਰ ਬੰਗਾਲੀ ਮੂਲ ਦੇ ਆਵਾਸੀਆਂ ਦਾ ਕਬਜ਼ਾ ਹੁੰਦਾ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਕੁਝ ਗਰੁੱਪਾਂ ਦੇ ਤਿੱਖੇ ਵਿਰੋਧ ਦੇ ਬਾਵਜੂਦ ਆਪਣੀਆਂ ਚੋਣ ਗਿਣਤੀਆਂ-ਮਿਣਤੀਆਂ ਅਨੁਸਾਰ ਅਤੇ ਫ਼ੌਜੀ ਤੇ ਨੀਮ-ਫ਼ੌਜੀ ਤਾਕਤ ਦੇ ਜ਼ੋਰ, 1983 'ਚ ਵਿਧਾਨ ਸਭਾ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ। ਆਲ ਅਸਾਮ ਸਟੂਡੈਂਟਸ ਯੂਨੀਅਨ ਨੇ ਚੋਣਾਂ ਦਾ ਬਾਈਕਾਟ ਕੀਤਾ। ਬੰਗਾਲੀ ਹਿੰਦੂ ਤੇ ਮੁਸਲਮਾਨ ਅਤੇ ਬੋਰੋ ਆਦਿਵਾਸੀਆਂ ਦੀ ਜਥੇਬੰਦੀ (ਪਲੇਨ ਟਰਾਈਬਲ ਕਾਊਂਸਲ ਆਫ ਅਸਾਮ), ਜੋ ਅਸਾਮੀ ਬੋਲਬਾਲੇ ਦੇ ਵਿਰੁੱਧ ਸੀ, ਨੇ ਚੋਣਾਂ ਦੀ ਹਮਾਇਤ ਕੀਤੀ। ਇੰਝ, ਫਿਰਕੂ ਟਕਰਾਅ ਦੀ ਮੁੱਖ ਜ਼ਿੰਮੇਵਾਰ ਕਾਂਗਰਸ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਸੀ, ਜੋ ਓਦੋਂ ਕੇਂਦਰ ਅਤੇ ਅਸਾਮ ਦੋਹਾਂ 'ਚ ਸੱਤਾਧਾਰੀ ਸੀ ਅਤੇ ਜਿਸ ਦਾ ਇੱਕੋਇਕ ਨਿਸ਼ਾਨਾ ਮਸਲੇ ਦਾ ਤਰਕਪੂਰਨ ਹੱਲ ਕੱਢਣ ਤੇ ਕਮਜ਼ੋਰ ਹਿੱਸਿਆਂ ਲਈ ਸੁਰੱਖਿਅਤ ਮਾਹੌਲ ਮੁਹੱਈਆ ਕਰਨ ਦੀ ਬਜਾਏ ਸੱਤਾ ਉੱਪਰ ਕਾਬਜ਼ ਰਹਿਣਾ ਸੀ।

1980ਵਿਆਂ ਦੇ ਸ਼ੁਰੂ 'ਚ 'ਗ਼ੈਰਕਾਨੂੰਨੀ ਬਦੇਸ਼ੀ' ਅਸਾਮ ਦੀ ਸਿਆਸਤ ਦਾ ਵੱਡਾ ਮੁੱਦਾ ਬਣ ਚੁੱਕਾ ਸੀ। ਬੰਗਲਾਦੇਸ਼ ਤੋਂ ਆਏ ਮੁਸਲਮਾਨਾਂ ਵਿਰੁੱਧ 'ਮੀਏ' ਅਤੇ 'ਮੈਮਨਸਿੰਘੀਏ' (ਬੰਗਲਾਦੇਸ਼ ਦੇ ਮੈਮਨਸਿੰਘ ਜ਼ਿਲ੍ਹੇ ਤੋਂ) ਦਾ ਨਫ਼ਰਤੀ ਬਿਰਤਾਂਤ ਸਿਰਜਿਆ ਗਿਆ, ਜਿਵੇਂ ਪੰਜਾਬ ਵਿਚ ਯੂ.ਪੀ.-ਬਿਹਾਰ ਵਗੈਰਾ ਤੋਂ ਆਏ ਕਿਰਤੀਆਂ ਨੂੰ 'ਭਈਏ' ਕਹਿ ਕੇ ਨਫ਼ਰਤ ਕੀਤੀ ਜਾਂਦੀ ਹੈ। ਇਹ ਮਾਹੌਲ ਸਿਰਜਣ ਵਿਚ ਜਨ ਸੰਘ (ਭਾਜਪਾ ਦਾ ਪਹਿਲਾਂ ਰੂਪ) ਅਤੇ ਇਸ ਦਾ ਵਿਚਾਰਧਾਰਕ ਸਰੋਤ, ਆਰ.ਐੱਸ.ਐੱਸ., ਆਦਿ ਤਾਕਤਾਂ ਨੇ ਭੂਮਿਕਾ ਵੀ ਨਿਭਾਈ ਅਤੇ ਇਸ ਦਾ ਪੂਰਾ ਲਾਹਾ ਵੀ ਲਿਆ। ਕਤਲੇਆਮ ਤੋਂ ਪਹਿਲਾਂ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਨੇ ਅਸਾਮ ਵਿਚ ਭਾਸ਼ਣ ਦੇ ਕੇ ਅਸਾਮੀ ਲੋਕਾਂ ਨੂੰ ਆਵਾਸੀਆਂ ਵਿਰੁੱਧ ਭੜਕਾਇਆ ਕਿ ਜੇ ਇਹ ਆਵਾਸੀ ਪੰਜਾਬ ਵਿਚ ਗਏ ਹੁੰਦੇ ਤਾਂ ਉੱਥੋਂ ਦੇ ਲੋਕਾਂ ਨੇ ਇਨ੍ਹਾਂ ਦੇ ਟੁਕੜੇ-ਟੁਕੜੇ ਕਰ ਦੇਣੇ ਸਨ।


ਇਕ ਸਰਕਾਰੀ ਜਾਇਜ਼ਾ ਰਿਪੋਰਟ ਨੇ ਹਿੰਸਾ ਤੋਂ ਪਹਿਲਾਂ ਹੀ ਚੌਕਸ ਕੀਤਾ ਸੀ ਕਿ "ਬਹੁਤ ਸਾਰੇ ਥਾਵਾਂ ਉੱਪਰ ਆਰਐੱਸਐੱਸ ਦੇ ਅਨਸਰਾਂ ਅਤੇ ਅੰਦੋਲਨ ਦੀ ਸਾਂਝ ਚੋਣਾਂ ਤੋਂ ਪਹਿਲਾਂ ਜਾਂ ਚੋਣਾਂ ਤੋਂ ਤੁਰੰਤ ਬਾਅਦ ਸੰਵੇਦਨਸ਼ੀਲ ਇਲਾਕਿਆਂ ਵਿਚ ਵੱਡੀਆਂ ਫਿਰਕੂ ਗੜਬੜਾਂ ਦੀ ਮਜ਼ਬੂਤ ਸੰਭਾਵਨਾ ਵੱਲ ਇਸ਼ਾਰਾ ਕਰਦੀ ਹੈ।" ਪਰ ਸਰਕਾਰ ਅਤੇ ਪ੍ਰਸ਼ਾਸਨ ਨੇ ਇਨ੍ਹਾਂ ਚੇਤਾਵਨੀਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਨਿਤਾਣੇ ਹਿੱਸਿਆਂ ਨੂੰ ਭੜਕ ਚੁੱਕੇ ਮਾਹੌਲ ਦੇ ਰਹਿਮ 'ਤੇ ਛੱਡ ਦਿੱਤਾ।

ਚਾਰ ਦਹਾਕੇ ਬਾਅਦ 'ਗ਼ੈਰਕਾਨੂੰਨੀ ਘੁਸਪੈਠੀਆਂ' ਦਾ ਮੁੱਦਾ ਨਾ ਸਿਰਫ਼ ਜਿਉਂ ਦਾ ਤਿਉਂ ਮੌਜੂਦ ਹੈ, ਸਗੋਂ 2014 'ਚ ਆਰ.ਐੱਸ.ਐੱਸ.-ਭਾਜਪਾ ਨੇ ਮੁਲਕ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਹੋ ਕੇ ਇਸ ਨੂੰ ਸਮੁੱਚੇ ਮੁਸਲਮਾਨ ਫਿਰਕੇ ਵਿਰੁੱਧ ਫਿਰਕੂ ਪਾਲਾਬੰਦੀ ਦਾ ਇਕ ਵੱਡਾ ਹਥਿਆਰ ਬਣਾ ਲਿਆ ਹੈ। ਦਸੰਬਰ 2019 'ਚ ਨਾਗਰਿਕਤਾ ਸੋਧ ਕਾਨੂੰਨ ਪਾਸ ਕਰਕੇ ਭਗਵਾ ਹਕੂਮਤ ਨੇ ਆਪਣੇ ਫਿਰਕੂ ਇਰਾਦੇ ਸਪਸ਼ਟ ਕਰ ਦਿੱਤੇ। ਇਸ ਤੋਂ ਪਹਿਲਾਂ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਗੈਰਕਾਨੂੰਨੀ ਘੁਸਪੈਠੀਆਂ ਨੂੰ ਮੁਲਕ ਦੇ ਵਸੀਲਿਆਂ ਨੂੰ ਚਿੰਬੜੀ 'ਸਿਉਂਕ' ਕਰਾਰ ਦਿੱਤਾ, ਜਿਨ੍ਹਾਂ ਨੂੰ ਉਨ੍ਹਾਂ ਦੀ ਸਰਕਾਰ ਨਿਸ਼ਾਨਦੇਹੀ ਕਰਨ ਤੋਂ ਬਾਅਦ ਇਕ-ਇਕ ਕਰਕੇ ਬੰਗਾਲ ਦੀ ਖਾੜੀ ਦੇ ਹਵਾਲੇ ਕਰ ਦੇਵੇਗੀ। ਇਹ ਉਸ ਸ਼ਖ਼ਸ ਦਾ ਬਿਆਨ ਹੈ ਜਿਸ ਨੂੰ ਬਤੌਰ ਗ੍ਰਹਿ ਮੰਤਰੀ ਸਮੂਹ ਨਾਗਰਿਕਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। 29 ਨਵੰਬਰ 2023 ਨੂੰ ਅਮਿਤ ਸ਼ਾਹ ਨੇ ਮੁੜ ਬਿਆਨ ਦਿੱਤਾ ਕਿ ਭਾਜਪਾ ਸਰਕਾਰ ਇਸ ਕਾਨੂੰਨ ਨੂੰ ਲਾਗੂ ਕਰੇਗੀ ਅਤੇ "ਕੋਈ ਵੀ ਇਸ ਨੂੰ ਰੋਕ ਨਹੀਂ ਸਕਦਾ"। 3 ਜਨਵਰੀ 2023 ਦੀ ਇਕ ਮੀਡੀਆ ਰਿਪੋਰਟ ਨੇ ਦੱਸਿਆ ਕਿ ਸੀਏਏ-2019 ਤਹਿਤ ਨਾਗਰਿਕਾਂ ਦੇਣ ਦੇ ਨਿਯਮ ਕੇਂਦਰ ਸਰਕਾਰ ਨੇ ਤਿਆਰ ਕਰ ਲਏ ਹਨ ਅਤੇ 2024 ਦੀਆਂ ਆਮ ਚੋਣਾਂ ਦੇ ਐਲਾਨ ਤੋਂ "ਬਹੁਤ ਪਹਿਲਾਂ" ਇਨ੍ਹਾਂ ਦਾ ਨੋਟੀਫੀਕੇਸ਼ਨ ਕਰ ਦਿੱਤਾ ਜਾਵੇਗਾ। ਕੇਂਦਰੀ ਮੰਤਰੀ ਸ਼ਾਂਤਨੂ ਠਾਕੁਰ ਨੇ ਤਾਂ ਪਿਛਲੇ ਦਿਨੀਂ ਹਿੱਕ ਠੋਕ ਕੇ ਕਹਿ ਦਿੱਤਾ ਕਿ ਪੂਰੇ ਮੁਲਕ ਵਿਚ ਸੀਏਏ 'ਇਕ ਹਫ਼ਤੇ ਵਿਚ' ਲਾਗੂ ਹੋ ਜਾਵੇਗਾ। ਇਹ ਕਦੋਂ ਅਤੇ ਕਿਸ ਰੂਪ 'ਚ ਲਾਗੂ ਕੀਤਾ ਜਾਵੇਗਾ, ਇਹ ਗੱਲ ਵੱਖਰੀ ਹੈ। ਪਰ ਭਾਜਪਾ ਨੇ ਚੋਣਾਂ ਤੋਂ ਪਹਿਲਾਂ ਇਸ ਨੂੰ ਮੁੱਦਾ ਬਣਾਉਣਾ ਤਾਂ ਸ਼ੁਰੂ ਕਰ ਹੀ ਦਿੱਤਾ ਹੈ।

ਬੇਸ਼ੱਕ ਇਸ ਵਕਤ ਸੀਏਏ ਦੀ ਮੁੱਖ ਪ੍ਰਯੋਗਸ਼ਾਲਾ ਅਸਾਮ ਹੈ, ਕੇਂਦਰੀ ਗ੍ਰਹਿ ਮੰਤਰਾਲੇ ਨੇ 2021-22 ਦੀ ਆਪਣੀ ਸਾਲਾਨਾ ਰਿਪੋਰਟ ਵਿਚ ਖ਼ੁਲਾਸਾ ਕੀਤਾ ਸੀ ਕਿ ਇਸ ਵੱਲੋਂ 2019 'ਚ ਸੋਧ ਕੀਤੇ ਵਿਵਾਦਪੂਰਨ ਨਾਗਰਿਕਤਾ ਐਕਟ ਨੂੰ ਲਾਗੂ ਕਰਨ ਦੀਆਂ ਤਾਕਤਾਂ 29 ਜ਼ਿਲ੍ਹਿਆਂ ਦੇ ਕੁਲੈਕਟਰਾਂ ਅਤੇ 9 ਰਾਜਾਂ ਦੇ ਗ੍ਰਹਿ ਸਕੱਤਰਾਂ ਨੂੰ ਦਿੱਤੀਆਂ ਗਈਆਂ ਹਨ। (ਮਈ 2021 ਦੇ ਨੋਟੀਫੀਕੇਸ਼ਨ ਅਨੁਸਾਰ, ਅਸਾਮ ਤੋਂ ਇਲਾਵਾ, ਗੁਜਰਾਤ ਦੇ ਚਾਰ ਜ਼ਿਲ੍ਹਿਆਂ, ਹਰਿਆਣਾ ਦੇ ਫਰੀਦਾਬਾਦ ਅਤੇ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਸੰਬੰਧ 'ਚ ਵੀ ਇਹ ਤਾਕਤਾਂ ਪ੍ਰਸ਼ਾਸਨਿਕ ਅਥਾਰਟੀਜ਼ ਨੂੰ ਦਿੱਤੀਆਂ ਗਈਆਂ ਹਨ।

ਲਿਹਾਜ਼ਾ, 'ਬਦੇਸ਼ੀ ਘੁਸਪੈਠੀਆਂ' ਦੇ ਸਵਾਲ ਨੇ ਨੇਲੀ ਕਤਲੇਆਮ ਤੋਂ ਲੈ ਕੇ ਨਾਗਰਿਕਤਾ ਸੋਧ ਕਾਨੂੰਨ-2019 ਤੱਕ ਦਾ ਲੰਮਾ ਪੈਂਡਾ ਤੈਅ ਕਰ ਲਿਆ ਹੈ। ਇਕ ਤਰ੍ਹਾਂ ਨਾਲ, ਨੇਲੀ ਕਤਲੇਆਮ ਦੀ ਹਿੰਸਾ ਕਦੇ ਵੀ ਬੰਦ ਨਹੀਂ ਹੋਈ। ਇਸ ਦੇ ਰੂਪ ਬਦਲਦੇ ਰਹੇ ਹਨ। ਹੁਣ ਤਾਂ ਇਕ ਤਰ੍ਹਾਂ ਨਾਲ ਪੂਰਾ ਮੁਲਕ ਹੀ ਇਸ ਦੀ ਲਪੇਟ ਵਿਚ ਆ ਚੁੱਕਾ ਹੈ। ਗ੍ਰਹਿ ਮੰਤਰੀ ਦੀ ਬੋਲ ਬਾਣੀ ਇਸ ਦਾ ਸੰਕੇਤ ਹੈ ਕਿ 1983 ਦੇ ਮੁਕਾਬਲੇ ਹੁਣ ਚਾਰ ਦਹਾਕੇ ਬਾਅਦ ਦੇ ਹਾਲਾਤ ਨਿਤਾਣੀ ਮੁਸਲਮਾਨ ਘੱਟਗਿਣਤੀ ਲਈ ਕਿੰਨੇ ਖ਼ਤਰਨਾਕ ਬਣ ਚੁੱਕੇ ਹਨ। ਜਿੱਥੋਂ ਤੱਕ ਅਸਾਮ ਦਾ ਸੰਬੰਧ ਹੈ, ਹੁਕਮਰਾਨ ਜਮਾਤ ਦੀ ਤਾਂ ਗੱਲ ਛੱਡੋ, ਉੱਥੋਂ ਦੇ ਨਾਗਰਿਕ ਸਮਾਜ ਨੇ ਵੀ ਨੇਲੀ ਕਤਲੇਆਮ ਬਾਰੇ ਕਦੇ ਚਰਚਾ ਨਹੀਂ ਕੀਤੀ। ਜਾਣਦੇ-ਬੁੱਝਦੇ ਹੋਏ ਵੀ ਜਦੋਂ ਇਕ ਸਮਾਜ ਹਕੀਕਤ ਤੋਂ ਅੱਖਾਂ ਮੀਟ ਕੇ ਅਣਜਾਣ ਹੋਣ ਦਾ ਦੰਭ ਕਰਦਾ ਹੈ ਤਾਂ ਮਸਲਿਆਂ ਦੇ ਉਸੇ ਬਾਰੂਦ ਉੱਪਰ ਬੈਠਾ ਹੁੰਦਾ ਹੈ ਜਿਨ੍ਹਾਂ ਦਾ ਅਤੀਤ ਵਿਚ ਨਤੀਜਾ 18 ਫਰਵਰੀ ਦੀਆਂ ਘਟਨਾਵਾਂ ਸਨ।

ਕੀ ਅਜੋਕੇ ਹਾਲਾਤ ਵਿਚ, ਬੀਤੇ ਦੇ ਸਬਕਾਂ ਨੂੰ ਸਗੋਂ ਜ਼ਿਆਦਾ ਗੰਭੀਰਤਾ ਨਾਲ ਨਹੀਂ ਲਿਆ ਜਾਣਾ ਚਾਹੀਦਾ?



Feb. 23, 1983

**Toll Exceeds 3,000 In India Violence**

NELLIE, India (UPI) — More than 2,000 Bengali immigrants, mostly women and children, were massacred in the weekend attack on villages in the northeastern state of Assam, survivors said today.

The survivors' accounts pushed the unofficial death toll from 23 straight days of violence in troubled Assam to more than 3,000 people.

The Lalung tribes object to Bengali immigrants occupying land in Assam state, about 1,000 miles east of New Delhi.

Thousands of troops patrolled the state yesterday in a bid to avert further bloodshed.

Many of the Assamese population of 9 million were protesting residence and voting rights granted an estimated 6 million Bengali immigrants.

Prime Minister Indira Ghandi, whose Congress-I Party was winning the weeklong staggered elections that triggered the violence on Feb. 1, appealed to Indians to strengthen unity and preserve the nation's independence.

# ਤਿੰਨ ਅਪਰਾਧਿਕ ਕਨੂੰਨ : ਭਾਰਤੀ ਜਮਹੂਰੀਅਤ ਲਈ ਖਤਰੇ ਦੀ ਘੰਟੀ

**ਕੁਲਵਿੰਦਰ ਰੋੜੀ**



*ਪਹਿਲਾਂ ਵਾਲ਼ੇ ਕਨੂੰਨ ਵਿੱਚ ਜਦੋਂ ਕੋਈ ਵਿਅਕਤੀ ਠਾਣੇ ਜਾਕੇ ਦਰਖਾਸਤ ਦਿੰਦਾ ਸੀ ਤਾਂ ਪੁਲਿਸ ਵੱਲੋਂ ਐਫ.ਆਈ.ਆਰ. ਦਰਜ ਕਰ ਲਈ ਜਾਂਦੀ ਸੀ ਤੇ ਅਗਲੀ ਤਫਤੀਸ਼ ਸ਼ੁਰੂ ਹੋ ਜਾਂਦੀ ਸੀ। ਪਰ ਹੁਣ ਵਾਲ਼ੇ ਕਨੂੰਨ ਮੁਤਾਬਕ ਅਜਿਹਾ ਨਹੀਂ ਹੋਵੇਗਾ। ਹੁਣ ਠਾਣੇ ਦਰਖਾਸਤ ਦੇਣ ਗਏ ਪੀੜਤ ਵਿਅਕਤੀ ਦੀ ਹੀ ਮੁਲਜਮਾਂ ਵਾਂਗ ਤਫਤੀਸ਼ ਕਰੇਗੀ ਜੇ ਓਹਨਾਂ ਨੂੰ ਲੱਗੇਗਾ ਕਿ ਕੇਸ ਦਰਜ ਕਰਨਾ ਚਾਹੀਦਾ ਹੈ ਤਾਂ ਪੁਲਿਸ ਕੇਸ ਦਰਜ ਕਰੇਗੀ ਨਹੀਂ ਤਾਂ ਪੀੜਤ ਦੀ ਅਰਜੀ ਕੂੜੇਦਾਨ 'ਚ ਸੁੱਟ ਦੇਣਗੇ।*

ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ 20 ਦਸੰਬਰ ਨੂੰ ਸੰਸਦ ਵਿੱਚ ਪੇਸ਼ ਤਿੰਨ ਅਪਰਾਧਿਕ ਬਿਲ ਕੀਤੇ ਗਏ। ਅਮਿਤ ਸ਼ਾਹ ਨੇ ਇੱਕ ਘੰਟੇ ਤੋਂ ਵੱਧ ਸਮੇਂ ਸੰਸਦ 'ਚ ਭਾਸ਼ਣ ਦਿੱਤਾ ਤੇ ਦੱਸਿਆ ਕਿ ਕਿਵੇਂ ਇਹ ਕਨੂੰਨ ਲੋਕਪੱਖੀ ਹਨ ਤੇ ਅਸੀਂ ਅੰਗਰੇਜਾਂ ਦੇ ਖਤਰਨਾਕ ਕਨੂੰਨ ਨੂੰ ਬਦਲ ਦਿੱਤਾ ਹੈ ਤੇ ਸਾਡੀ ਸਰਕਾਰ ਨਵੇਂ ਭਾਰਤੀ ਭਾਵਨਾ ਵਾਲੇ ਕਨੂੰਨ ਲੈਕੇ ਆਈ ਹੈ। ਇਹਨਾਂ ਕਨੂੰਨਾਂ ਨੂੰ ਪਾਸ ਕਰਨ ਤੋਂ ਪਹਿਲਾਂ ਸੰਸਦ 'ਚੋਂ ਵਿਰੋਧੀ ਧਿਰਾਂ ਦੇ 150 ਸੰਸਦ ਮੈਂਬਰਾਂ ਨੂੰ ਮੁਅੱਤਲ ਕਰ ਦਿੱਤਾ ਸੀ। ਅਮਿਤ ਸ਼ਾਹ ਦੇ ਭਾਸ਼ਣ ਤੋਂ ਬਾਅਦ ਇਹ ਤਿੰਨ ਕਨੂੰਨ ਬਿਨਾਂ ਕਿਸੇ ਬਹਿਸ ਦੇ ਸੰਸਦ 'ਚ ਉਸੇ ਦਿਨ ਹੀ ਪਾਸ ਹੋ ਗਏ ਤੇ ਰਾਸ਼ਟਰਪਤੀ ਨੇ ਵੀ ਕਨੂੰਨ ਲਾਗੂ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਮੋਦੀ ਭਾਰਤ ਨੂੰ 'ਮਦਰ ਆਫ ਡੇਮੋਕ੍ਰੇਸੀ' (ਜਮਹੂਰੀਅਤ ਦੀ ਮਾਂ) ਕਹਿੰਦਾ ਹੈ ਪਰ ਇਹ ਕਹਿੰਦਿਆਂ ਇਹਨਾਂ ਨੂੰ ਜਰਾ ਵੀ ਸ਼ਰਮ ਨਹੀਂ ਆਉਂਦੀ। ਜਿਹੜੀ ਸੰਸਦ 'ਚ ਕਨੂੰਨ ਬਿਨਾਂ ਕਿਸੇ ਬਹਿਸ ਤੋਂ ਪਾਸ ਹੋ ਜਾਣ ਤੇ ਵਿਰੋਧੀ ਧਿਰ ਨੂੰ ਬੋਲਣ ਨਾ ਦਿੱਤਾ ਜਾਵੇ ਓਥੇ ਜਮਹੂਰੀਅਤ ਕਿੰਨੀ ਕੁ ਹੈ ਸਹਿਜੇ ਹੀ ਅੰਦਾਜਾ ਲੱਗ ਜਾਂਦਾ ਹੈ। ਚੱਲੋ, ਖ਼ੈਰ ਹੁਣ ਆਪਾਂ ਕਨੂੰਨਾਂ ਵੱਲ ਪਰਤਦੇ ਹਾਂ। ਨਵੇਂ ਤਿੰਨ ਅਪਰਾਧਿਕ ਕਨੂੰਨ ਆਈ.ਪੀ.ਸੀ. ਭਾਵ 'ਇੰਡੀਅਨ ਪੀਨਲ ਕੋਡ 1860' ਜੋਕਿ ਜੁਰਮਾਂ ਦੀ ਸਜਾ ਤੈਅ ਕਰਨ ਵਾਲ਼ਾ ਕਨੂੰਨ ਸੀ ਦੀ ਥਾਂ 'ਭਾਰਤੀਆ ਨਿਆਂ ਸੰਹਿਤਾ' ਲਵੇਗੀ ਇਸੇ ਤਰ੍ਹਾਂ ਸੀ.ਆਰ.ਪੀ.ਸੀ. ਭਾਵ 'ਕ੍ਰਿਮੀਨਲ ਪ੍ਰੋਸੀਜਰ ਕੋਡ 1973' ਜੋਕਿ ਐਫ.ਆਈ.ਆਰ. ਤੋਂ ਲੈਕੇ ਫੈਸਲੇ ਤੱਕ ਦੀ ਪ੍ਰਕਿਰਿਆ ਦੱਸਦਾ ਹੈ ਦੀ ਥਾਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਲਵੇਗੀ ਤੇ 'ਇੰਡੀਅਨ ਐਵੀਡੈਂਸ ਐਕਟ 1872' ਦੀ ਥਾਂ 'ਭਾਰਤੀ ਸਾਕਸ਼ਿਆ ਅਧਿਨਿਯਮ' ਲਵੇਗਾ। ਇਹ ਤਿੰਨੇ ਅਪਰਾਧਿਕ ਕਨੂੰਨ ਹਨ ਜੋ ਅਪਰਾਧਿਕ ਪ੍ਰਕਿਰਿਆ ਤੈਅ ਕਰਦੇ ਹਨ। ਏਥੇ ਇਹ ਵੀ ਜਿਕਰਯੋਗ ਹੈ ਕਿ ਦੱਖਣ ਭਾਰਤ ਦੇ ਸੂਬਿਆਂ ਨੇ ਇਹਨਾਂ ਕਨੂੰਨਾਂ ਦੇ ਹਿੰਦੀ ਭਾਸ਼ਾ ਦੇ ਨਾਵਾਂ 'ਤੇ ਸਖ਼ਤ ਇਤਰਾਜ ਕੀਤਾ ਹੈ। ਮੁੱਢਲੇ ਤੌਰ 'ਤੇ ਇਹ ਕਨੂੰਨ ਪਿਛਲੇ ਕਨੂੰਨਾਂ ਦਾ ਹੀ ਦੁਹਰਾਅ ਹੈ ਪਰ ਕੁੱਝ ਵੱਡੇ ਬਦਲਾਅ ਕੀਤੇ ਗਏ ਹਨ ਜੋ ਸਾਡੇ ਪੂਰੇ ਕਨੂੰਨੀ ਤੰਤਰ ਨੂੰ ਪ੍ਰਭਾਵਿਤ ਕਰਨਗੇ।

ਸਭ ਤੋਂ ਪਹਿਲਾਂ ਉਸ ਝੂਠ ਦੀ ਗੱਲ ਕਰਦੇ ਹਾਂ ਜਿਹੜਾ ਅਮਿਤ ਸ਼ਾਹ ਨੇ ਬੋਲਿਆ ਕਿ "ਇਹ ਕਨੂੰਨ ਲੋਕਪੱਖੀ ਹਨ ਤੇ ਅੰਗਰੇਜ਼ਾਂ ਵੱਲੋਂ ਬਣਾਏ ਗਏ ਖਤਰਨਾਕ ਕਨੂੰਨ ਨੂੰ ਹੁਣ ਹਟਾ ਦਿੱਤਾ ਗਿਆ ਹੈ ਤੇ ਅੰਗਰੇਜ ਸਰਕਾਰ ਵੱਲੋਂ ਬਣਾਏ ਗਏ ਕਨੂੰਨਾਂ ਨਾਲ਼ੋਂ ਵਧੇਰੇ ਇਨਸਾਫ਼ ਦੇਣ ਵਾਲੇ ਹਨ। ਅੰਗਰੇਜੀ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਅਜਿਹੇ ਕਨੂੰਨ ਬਣਾਏ ਸਨ।" ਇੱਥੇ ਇਹ ਗੱਲ ਸਮਝਣ ਵਾਲ਼ੀ ਹੈ ਕਿ ਕਨੂੰਨ ਆਪਣੇ ਆਪ ਵਿੱਚ ਕੁੱਝ ਨਹੀਂ ਹੁੰਦਾ। ਕਨੂੰਨ ਬਣਾਉਣ ਪਿੱਛੇ ਖਾਸ ਸਿਆਸੀ ਵਿਚਾਰ ਤੇ ਆਰਥਿਕ ਰਾਜ ਪ੍ਰਬੰਧ ਜਿਵੇਂ ਹੁਣ ਸਰਮਾਏਦਾਰਾ ਪ੍ਰਬੰਧ ਹੈ ਕੰਮ ਕਰਦਾ ਹੈ ਤੇ ਇਸੇ ਲੋੜ ਵਿੱਚੋਂ ਕਨੂੰਨਾਂ ਦੀ ਲੋੜ ਉਪਜਦੀ ਹੈ। ਫੇਰ ਚਾਹੇ ਅੰਗਰੇਜ਼ ਹਕੂਮਤ ਹੋਵੇ ਜਾਂ ਮੌਜੂਦਾ ਭਾਜਪਾ ਸਰਕਾਰ ਅਜਿਹੇ ਕਨੂੰਨ ਬਣਾਉਂਦੀ ਹੈ ਜੋ ਰਾਜ ਸੱਤਾ ਨੂੰ ਕਾਇਮ ਰੱਖਣ। ਆਓ ਪਹਿਲਾਂ ਗੱਲ ਕਰਦੇ ਹਾਂ ਆਈਪੀਸੀ ਬਾਰੇ। ਆਈਪੀਸੀ ਭਾਰਤ ਦਾ ਬੁਨਿਆਦੀ ਕਨੂੰਨ ਹੈ। ਅਮਿਤ ਸ਼ਾਹ ਨੇ ਕਿਹਾ ਸੀ ਅਸੀਂ ਮੌਜੂਦਾ ਕਨੂੰਨ 'ਚੋਂ ਸੱਭ ਤੋਂ ਖਤਰਨਾਕ ਰਾਜਧ੍ਰੋਹ ਦਾ ਕਨੂੰਨ ਖਤਮ ਕਰ ਦਿੱਤਾ। ਆਈਪੀਸੀ ਦੀ ਧਾਰਾ 124 ਵਿੱਚ ਰਾਜਧ੍ਰੋਹ ਕਨੂੰਨ ਸੀ। ਜੋ ਕਹਿੰਦਾ ਸੀ ਕਿ ਕੋਈ ਕਨੂੰਨ ਵੱਲੋਂ ਸਥਾਪਤ ਸਰਕਾਰ ਦੇ ਖ਼ਿਲਾਫ਼ ਬੋਲਕੇ, ਲਿਖਕੇ, ਸੰਕੇਤਾਂ ਰਾਹੀਂ ਜਾਂ ਹੋਰ ਕਿਸੇ ਵੀ ਮਾਧਿਅਮ ਰਾਹੀਂ ਭਾਰਤ ਦੀ ਸਰਕਾਰ ਖਿਲਾਫ ਲੋਕਾਂ ਵਿੱਚ ਗੁੱਸਾ ਜਾਂ ਅਸੰਤੋਸ਼ ਪੈਦਾ ਕਰੇਗਾ ਜਾਂ ਕਰਨ ਦੀ ਕੋਸ਼ਿਸ਼ ਕਰੇਗਾ ਉਸ 'ਤੇ ਇਹ ਧਾਰਾ ਲੱਗ ਸਕਦੀ ਹੈ। ਖਾਸਕਰ 2014 ਤੋਂ ਬਾਅਦ ਵੱਡੇ ਪੱਧਰ 'ਤੇ ਇਸ ਧਾਰਾ ਦੀ ਵਰਤੋਂ ਕੀਤੀ ਗਈ। ਜਨਤਕ ਜਮਹੂਰੀ ਹੱਕਾਂ ਲਈ ਲੜਨ ਵਾਲ਼ਿਆਂ 'ਤੇ ਇਹ ਰਾਜਧ੍ਰੋਹ ਦੀ ਧਾਰਾ ਲਾਈ ਗਈ ਜਿਸ ਵਿੱਚ ਉਮਰ ਕੈਦ ਤੱਕ ਦੀ ਸਜਾ ਰੱਖੀ ਗਈ ਹੈ। ਮੋਦੀ ਸਰਕਾਰ ਨੇ ਇਸੇ ਗੱਲ 'ਤੇ ਜੋਰ ਦਿੱਤਾ ਕਿ ਅਸੀਂ ਹੁਣ ਆਪਣੇ ਨਵੇਂ ਕਨੂੰਨ (ਭਾਰਤੀ ਨਿਆਂ ਸੰਹਿਤਾ) ਵਿੱਚ ਇਹ ਧਾਰਾ ਹਟਾ ਦਿੱਤੀ ਤੇ ਲੋਕਾਂ ਵਿੱਚ ਵੀ ਸਰਕਾਰ ਨੇ ਭਰਮ ਭੁਲੇਖਾ ਖੜ੍ਹਾ ਕੀਤਾ। ਪਰ ਅਸਲ ਵਿੱਚ 124 ਦੀ ਰਾਜਧ੍ਰੋਹ ਦੀ ਥਾਂ ਹੁਣ ਹੋਰ ਵੀ ਖ਼ਤਰਨਾਕ ਧਾਰਾ ਨਵੇਂ ਰੂਪ ਵਿੱਚ ਲਿਆਂਦੀ ਗਈ। ਜਿਸ 'ਚ ਪਹਿਲਾਂ ਵਾਲ਼ੀ ਧਾਰਾ ਦੇ ਹੀ ਸ਼ਬਦਾਂ ਵਿੱਚ ਕੁੱਝ ਨਵੇਂ ਸ਼ਬਦ ਜੋੜ ਦਿੱਤੇ ਹਨ। ਭਾਰਤੀ ਨਿਆਂ ਸੰਹਿਤਾ ਦੀ ਧਾਰਾ 152 ਵਿੱਚ ਹੁਣ ਇਹ ਦੇਸ਼ਧ੍ਰੋਹ ਦੇ ਰੂਪ ਵਿੱਚ ਆਈ ਹੈ। ਰਾਜਧ੍ਰੋਹ ਤੇ ਦੇਸ਼ਧ੍ਰੋਹ ਵਿੱਚ ਥੋੜਾ ਫ਼ਰਕ ਹੈ ਰਾਜਧ੍ਰੋਹ ਸਰਕਾਰ ਖ਼ਿਲਾਫ਼ ਬੋਲਣ 'ਤੇ ਲੱਗਦਾ ਹੈ ਜਦਕਿ ਦੇਸ਼ਧ੍ਰੋਹ ਦੇਸ਼ ਖਿਲਾਫ ਬੋਲਣ 'ਤੇ ਲੱਗਦਾ ਹੈ। ਹੁਣ ਇਸ ਵਿੱਚ ਦੇਸ਼ਧ੍ਰੋਹ ਤੇ ਰਾਜਧ੍ਰੋਹ ਨੂੰ ਇੱਕ ਕਰ ਦਿੱਤਾ ਗਿਆ ਹੈ ਤੇ ਧਾਰਾ 152 ਵਿੱਚ ਕਿਹਾ ਗਿਆ ਹੈ ਕਿ ਜੋ ਕੋਈ ਬੋਲਕੇ, ਲਿਖਕੇ, ਚਿਤਰਾਂ, ਵੀਡੀਓ ਜਾਂ ਕੋਈ ਆਰਥਿਕ ਸਾਧਨ ਜਾਂ ਕਿਸੇ ਵੀ ਹੋਰ ਮਾਧਿਅਮ ਰਾਹੀਂ ਭਾਰਤ ਦੀ ਏਕਤਾ, ਅਖੰਡਤਾ, ਸੰਪ੍ਰਭੂਤਾ ਨੂੰ ਖ਼ਤਰਾ ਪੈਦਾ ਕਰੇਗਾ ਤੇ ਲੋਕਾਂ ਵਿੱਚ ਕੋਈ ਹਥਿਆਰਬੰਦ ਲਹਿਰ ਜਾਂ ਕੋਈ ਵੱਖਵਾਦੀ ਭਾਵਨਾਵਾਂ ਨੂੰ ਵਧਾਵਾ ਦੇਵੇਗਾ ਤਾਂ ਉਸ 'ਤੇ ਦੇਸ਼ਧ੍ਰੋਹ ਲੱਗੇਗਾ। ਭਾਵ ਹੁਣ ਸਰਕਾਰ ਖਿਲਾਫ ਬੋਲਣਾ ਭਾਰਤ ਦੀ ਹੋਂਦ ਲਈ ਖ਼ਤਰਾ ਹੋਵੇਗਾ ਤੇ ਉਹ ਦੇਸ਼ਧ੍ਰੋਹੀ ਹੋਵੇਗਾ। ਅੰਗਰੇਜੀ ਰਾਜ ਨਾਲ਼ੋਂ ਇਹ ਕਨੂੰਨ ਦਸ ਗੁਣਾਂ ਵੱਧ ਖਤਰਨਾਕ ਹੈ। ਨਵੇਂ ਭੇਸ 'ਚ ਕਨੂੰਨ ਵੱਧ ਮਾਰੂ ਕਰ ਦਿੱਤਾ ਹੈ। ਇਸੇ ਤਰ੍ਹਾਂ ਹੀ ਨਵੀਂ ਭਾਰਤੀ ਨਿਆਂ ਸੰਹਿਤਾ ਵਿੱਚ ਧਾਰਾ 113 ਲਿਆਂਦੀ ਗਈ ਹੈ ਜੋਕਿ ਪਹਿਲਾਂ ਵਾਲ਼ੇ ਕਨੂੰਨ ਵਿੱਚ ਨਹੀਂ ਸੀ। ਧਾਰਾ 113 ਅੱਤਵਾਦ ਨੂੰ ਪ੍ਰੀਭਾਸ਼ਤ ਕਰਦੀ ਹੈ। ਇਹ ਬੜੀ ਖਤਰਨਾਕ ਧਾਰਾ ਹੈ। ਅਸਲ ਵਿੱਚ ਇਹ ਧਾਰਾ ਯੂ.ਏ.ਪੀ.ਏ. ਕਨੂੰਨ ਵਿੱਚੋਂ ਲਈ ਗਈ ਹੈ। ਭਾਰਤੀ ਨਿਆਂ ਸੰਹਿਤਾ ਦੀ ਧਾਰਾ 13 ਮੁਤਾਬਕ ਜੋ ਦੇਸ਼ ਦੀ ਏਕਤਾ ਅਖੰਡਤਾ ਲਈ ਖਤਰਾ ਪੈਦਾ ਕਰੇਗਾ ਜਾਂ ਭਾਰਤ ਦੀ ਸਰਕਾਰ ਜਾਂ ਸੂਬਾ ਸਰਕਾਰ ਜਾਂ ਸਰਕਾਰ ਦੀ ਕਿਸੇ ਏਜੰਸੀ ਦੀ ਜਾਇਦਾਦ ਦਾ ਨੁਕਸਾਨ ਜਾਂ ਭਾਰਤ ਦੀ ਕਿਸੇ ਜਰੂਰੀ ਸਪਲਾਈ ਸੇਵਾ 'ਚ ਅੜਿੱਕਾ ਪੈਦਾ ਕਰੇਗਾ ਉਹ ਵਿਅਕਤੀ ਅੱਤਵਾਦੀ ਸਰਗਰਮੀਆਂ ਵਿੱਚ ਸ਼ਾਮਲ ਮੰਨਿਆ ਜਾਵੇਗਾ। ਅੱਗੇ ਹੋਰ ਇਹ ਧਾਰਾ ਕਹਿੰਦੀ ਹੈ ਕਿ ਜੋ ਕੋਈ ਵਿਅਕਤੀ ਭਾਰਤ ਦੀ ਕਿਸੇ ਸੰਵਿਧਾਨਕ ਸੰਸਥਾ 'ਤੇ ਹਮਲਾ ਜਾਂ ਸਰਕਾਰ ਦੇ ਹੁਕਮਾਂ ਅਧੀਨ ਕੰਮ ਕਰਨ ਵਾਲ਼ੇ ਅਫਸਰ ਨੂੰ ਧਮਕੀਆਂ ਜਾਂ ਉਸਤੇ ਕੋਈ ਹਮਲਾ ਕਰੇਗਾ ਜਾਂ ਕੋਈ ਜਥੇਬੰਦੀ ਕੈਂਪ ਕਰੇਗੀ ਜਾਂ ਕੋਈ ਟਰੇਨਿੰਗ ਦੇਵੇਗੀ ਜੋ ਕਿ ਕਿਸੇ ਅੱਤਵਾਦੀ ਕਾਰਵਾਈ ਲਈ ਹੋਣ ਤਾਂ ਉਸਤੇ ਇਹ ਧਾਰਾ ਲਾਗੂ ਹੋਵੇਗੀ ਜਿਸ ਵਿੱਚ ਉਮਰ ਕੈਦ ਤੋਂ ਮੌਤ ਦੀ ਸਜ਼ਾ ਦਾ ਪ੍ਰਾਵਧਾਨ ਹੈ। ਮੋਟੇ ਤੌਰ 'ਤੇ ਦੇਸ਼ ਦੀ ਅਖੰਡਤਾ ਏਕਤਾ ਦੇ ਨਾਂ ਹੇਠ ਸਰਕਾਰ ਕਿਸੇ ਵੀ ਕਾਰਵਾਈ ਨੂੰ ਅੱਤਵਾਦੀ ਕਾਰਵਾਈ ਐਲਾਨ ਕੇ ਜੇਲ੍ਹ 'ਚ ਡੱਕ ਸਕਦੀ ਹੈ। ਇਹ ਆਪਣੇ ਆਪ 'ਚ ਬਹੁਤ ਖਤਰਨਾਕ ਕਨੂੰਨ ਹੈ ਜੋ ਭਾਰਤ ਦੀ ਅਖੌਤੀ ਜਮਹੂਰੀਅਤ ਦਾ ਜੀਉਂਦਾ ਜਾਗਦਾ ਸਬੂਤ ਹੈ। ਇਸ ਨਾਲ਼ ਲੋਕਾਂ ਉੱਤੇ ਖਤਰਾ ਵਧ ਗਿਆ ਹੈ ਖਾਸਕਰ ਲੋਕਪੱਖੀ ਬੁੱਧੀਜੀਵੀ, ਜਨਤਕ ਆਗੂਆਂ ਤੇ ਹੋਰ ਸਮਾਜਿਕ ਜਮਹੂਰੀ ਕਾਰਕੁਨਾਂ ਲਈ ਖਤਰਾ ਕਿਤੇ ਵਧ ਗਿਆ ਹੈ। ਕਿਉਂਕਿ ਭਾਰਤੀ ਨਿਆਂ ਸੰਹਿਤਾ ਭਾਰਤ ਦਾ ਬੁਨਿਆਦੀ ਕਨੂੰਨ ਹੈ ਇਸ ਕਨੂੰਨ ਵਿੱਚ ਯੂ.ਏ.ਪੀ.ਏ. ਵਰਗੇ ਖਤਰਨਾਕ ਕਨੂੰਨਾਂ ਦਾ ਆਉਣਾ ਪੁਲਿਸ ਦੀ ਤਾਕਤ 'ਚ ਦੂਣਾ ਵਾਧਾ ਕਰਦਾ ਹੈ ਤੇ ਅਜਿਹੇ ਖਤਰਨਾਕ ਕਨੂੰਨ ਆਮ ਪ੍ਰਚਲਨ 'ਚ ਆਉਂਦੇ ਹਨ। ਦੂਜੀ ਗੱਲ ਯੂ.ਏ.ਪੀ.ਏ. ਕਨੂੰਨ ਬਹੁਤ ਖਤਰਨਾਕ ਕਨੂੰਨ ਹੈ ਜਿਸ ਵਿੱਚ ਕੋਈ ਅਪੀਲ ਦਲੀਲ ਨਹੀਂ ਚੱਲਦੀ। ਪਰ ਯੂ.ਏ.ਪੀ.ਏ. ਵਿੱਚ ਆਮ ਲੋਕਾਂ ਲਈ ਕਾਗਜ਼ੀ ਤੌਰ 'ਤੇ ਦੋ ਸੁਰੱਖਿਆ ਨਿਯਮ ਰੱਖੇ ਗਏ ਜੋ ਇਸ ਕਨੂੰਨ ਵਿੱਚ ਹਟਾ ਦਿੱਤੇ ਗਏ ਹਨ। ਪਹਿਲਾਂ ਉਸ 'ਚ ਨਿਯਮ ਸੀ ਕਿ ਯੂ.ਏ.ਪੀ.ਏ. 'ਚ ਮੁਕੱਦਮਾ ਦਰਜ ਲਈ ਐਸ.ਪੀ. ਪੱਧਰ ਦੇ ਅਫਸਰ ਤੋਂ ਇਜਾਜ਼ਤ ਲਈ ਜਾਵੇਗੀ ਓਹ ਘੋਖ ਪੜਤਾਲ ਕਰੇਗਾ। ਦੂਜਾ ਨਿਯਮ ਸੀ ਕਿ ਮਾਹਿਰਾਂ ਦੀ ਇੱਕ ਨਿਰਪੱਖ ਕਮੇਟੀ ਪੂਰੇ ਕੇਸ ਦੀ ਨਿਗਰਾਨੀ ਕਰੇਗੀ ਜੇ ਉਸ ਨੂੰ ਲੱਗੇਗਾ ਕੇਸ ਬਣਦਾ ਹੈ ਤਾਂ ਕੇਸ ਅੱਗੇ ਚੱਲੇਗਾ ਨਹੀਂ ਤਾਂ ਕੇਸ ਰੱਦ ਕਰ ਦਿੱਤਾ ਜਾਵੇਗਾ। ਇਹ ਦੋਵੇਂ ਕਨੂੰਨ ਨਿਯਮ ਸਨ। ਹਕੀਕਤ 'ਚ ਐਸ.ਪੀ. ਤੇ ਨਿਰਪੱਖ ਕਮੇਟੀ ਸਰਕਾਰ ਦੇ ਇਸ਼ਾਰੇ 'ਤੇ ਚੱਲਦੀ ਹੈ ਪਰ ਹੁਣ ਇਹ ਕਾਗਜੀ ਨਿਯਮ ਵੀ ਹਟਾ ਦਿੱਤੇ ਗਏ ਹਨ। ਹੁਣ ਇੱਕ ਥਾਣੇਦਾਰ ਵੀ ਇਸ ਧਾਰਾ ਤਹਿਤ ਮੁਕੱਦਮਾ ਦਰਜ ਕਰ ਸਕਦਾ ਹੈ। ਅਮਿਤ ਸ਼ਾਹ ਦੀ ਨਿਆਂ ਸੰਹਿਤਾ ਵਿੱਚ ਲੋਕਾਂ ਲਈ ਕੋਈ ਨਿਆਂ ਨਹੀਂ ਸਗੋਂ ਅਨਿਆਂ ਦੀ ਸਿਖ਼ਰ ਹੈ।

ਹੁਣ ਗੱਲ ਕਰਦੇ ਹਾਂ ਦੂਜੇ ਮੁੱਖ ਕਨੂੰਨ ਕ੍ਰਿਮੀਨਲ ਪ੍ਰੋ. ਸੀਜਰ ਕੋਡ 1973 ਦੀ ਜਿਸਦੀ ਥਾਂ ਹੁਣ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਲਵੇਗੀ। ਇਸ ਸੰਹਿਤਾ 'ਚ ਲੋਕਾਂ ਦੀ ਸੁਰੱਖਿਆ ਨਹੀਂ ਸਗੋਂ ਲੋਕਾਂ 'ਤੇ ਹੋਰ ਡੰਡਾ ਚਲਾਉਣ ਦੇ ਪੁਖ਼ਤਾ ਪ੍ਰਬੰਧ ਕਰਨ ਲਈ ਕਈ ਨਵੇਂ ਕਨੂੰਨ ਲਿਆਂਦੇ ਗਏ ਹਨ। ਮੁੱਢਲੇ ਤੌਰ 'ਤੇ 1898 'ਚ ਇਹ ਕਨੂੰਨ ਬਣਿਆ ਬਾਅਦ ਵਿੱਚ 1973 'ਚ ਇਹ ਮੁੜ ਲਾਗੂ ਕੀਤਾ ਹੁਣ ਫੇਰ ਮੋਦੀ ਸਰਕਾਰ ਪਹਿਲਾਂ ਵਾਲ਼ੇ ਕਨੂੰਨ ਦੀ ਨਵੀਂ ਸੰਹਿਤਾ ਲਿਆ ਰਹੀ ਹੈ। ਇਸ ਸੰਹਿਤਾ ਜਣੀ ਕਨੂੰਨ ਵਿੱਚ ਪੁਲਸ ਦੀਆਂ ਤਾਕਤਾਂ ਵਿੱਚ ਅਥਾਹ ਵਾਧਾ ਕੀਤਾ ਗਿਆ ਹੈ। ਮੌਜੂਦਾ ਦੌਰ ਵਿੱਚ ਜੋ ਸਰਮਾਏਦਾਰੀ ਪ੍ਰਬੰਧ ਸੰਕਟ ਵੱਲ ਵਧ ਰਿਹਾ ਹੈ ਤਾਂ ਸਰਮਾਏਦਾਰੀ ਰਾਜ ਸੱਤਾ ਨੂੰ ਵਧੇਰੇ ਸਖ਼ਤ ਕਨੂੰਨਾਂ ਦੀ ਲੋੜ ਹੈ, ਭਾਵ ਕਨੂੰਨ ਦੇ ਰਾਜ ਦੀ!!! ਪਹਿਲਾਂ ਵਾਲ਼ੇ ਕਨੂੰਨ ਦੀ ਥਾਂ ਨਵੇਂ ਕਨੂੰਨ ਵਿੱਚ ਕਈ ਨਵੀਆਂ ਧਾਰਾਵਾਂ ਜੋੜੀਆਂ ਗਈਆਂ ਹਨ, ਬਾਕੀ ਕਨੂੰਨ ਪਹਿਲਾਂ ਵਾਲ਼ਾ ਹੀ ਹੈ। ਪਰ ਇਹ ਵੱਡੇ ਕਨੂੰਨੀ ਬਦਲਾਅ ਹਨ। ਪਹਿਲਾਂ ਵਾਲ਼ੇ ਕਨੂੰਨ ਵਿੱਚ ਜਦੋਂ ਕੋਈ ਵਿਅਕਤੀ ਠਾਣੇ ਜਾਕੇ ਦਰਖਾਸਤ ਦਿੰਦਾ ਸੀ ਤਾਂ ਪੁਲਿਸ ਵੱਲੋਂ ਐਫ.ਆਈ.ਆਰ. ਦਰਜ ਕਰ ਲਈ ਜਾਂਦੀ ਸੀ ਤੇ ਅਗਲੀ ਤਫਤੀਸ਼ ਸ਼ੁਰੂ ਹੋ ਜਾਂਦੀ ਸੀ। ਪਰ ਹੁਣ ਵਾਲ਼ੇ ਕਨੂੰਨ ਮੁਤਾਬਕ ਅਜਿਹਾ ਨਹੀਂ ਹੋਵੇਗਾ। ਹੁਣ ਠਾਣੇ ਦਰਖਾਸਤ ਦੇਣ ਗਏ ਪੀੜਤ ਵਿਅਕਤੀ ਦੀ ਹੀ ਮੁਲਜਮਾਂ ਵਾਂਗ ਤਫਤੀਸ਼ ਕਰੇਗੀ ਜੇ ਓਹਨਾਂ ਨੂੰ ਲੱਗੇਗਾ ਕਿ ਕੇਸ ਦਰਜ ਕਰਨਾ ਚਾਹੀਦਾ ਹੈ ਤਾਂ ਪੁਲਿਸ ਕੇਸ ਦਰਜ ਕਰੇਗੀ ਨਹੀਂ ਤਾਂ ਪੀੜਤ ਦੀ ਅਰਜੀ ਕੂੜੇਦਾਨ 'ਚ ਸੁੱਟ ਦੇਣਗੇ। ਨਵੀਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 173 ਅਨੁਸਾਰ ਪੁਲਸ ਪਹਿਲਾਂ ਪੀੜਤ ਦੇ ਦੋਸ਼ਾਂ ਦੇ ਸੱਚ ਝੂਠ ਨੂੰ ਜਾਨਣ ਲਈ ਇੱਕ ਮੁੱਢਲੀ ਤਫਤੀਸ਼ ਕਰੇਗੀ। ਇਹ ਤਫਤੀਸ਼ ਚੌਦਾਂ ਦਿਨਾਂ 'ਚ ਕਰਨੀ ਹੋਵੇਗੀ। ਮਿਸਾਲ ਵਜੋਂ ਕੋਈ ਪੀੜਤ ਆਪਣੀ ਦਰਖਾਸਤ ਠਾਣੇ ਲੈਕੇ ਜਾਂਦਾ ਹੈ ਕਿ ਕਿਸੇ ਵਿਅਕਤੀ ਨੇ ਉਸਦੀ ਕੁੱਟਮਾਰ ਕੀਤੀ ਤਾਂ ਪੁਲਿਸ ਕੇਸ ਦਰਜ ਕਰਨ ਦੀ ਬਜਾਏ ਦਰਖਾਸਤ ਦੇਣ ਵਾਲ਼ੇ ਪੀੜਤ ਦੇ ਇਲਜਾਮਾਂ ਦੀ ਪਰਖ ਕਰੇਗੀ। ਜੇ ਅੱਗੋਂ ਕੋਈ ਸਿਆਸੀ ਪ੍ਰਭਾਵ ਵਾਲ਼ਾ ਜਾਂ ਕੋਈ ਰਸੂਖਦਾਰ ਹੋਇਆ ਤਾਂ ਪੁਲਿਸ ਕੇਸ ਦਰਜ ਨਹੀਂ ਕਰੇਗੀ ਸਗੋਂ ਰਫ਼ਾ ਦਫ਼ਾ ਕਰ ਦੇਵੇਗੀ। ਭਾਰਤ ਵਿੱਚ ਪਹਿਲਾਂ ਹੀ ਮਜਦੂਰਾਂ, ਦਲਿਤਾਂ, ਆਦਿਵਾਸੀਆਂ, ਧਾਰਮਿਕ ਘੱਟਗਿਣਤੀਆਂ ਤੇ ਵੱਖ-ਵੱਖ ਕੌਮੀਅਤਾਂ ਉੱਪਰ ਜਬਰ ਹੁੰਦਾ ਹੈ ਤੇ ਲਗਾਤਾਰ ਸੁਣਵਾਈ ਹੁੰਦੀ ਹੈ। ਨਵੇਂ ਕਨੂੰਨ ਮੁਤਾਬਿਕ ਜਦੋਂ ਇਹਨਾਂ ਨਾਲ਼ ਕੋਈ ਜੁਲਮ ਹੋਵੇਗਾ ਤਾਂ ਪੁਲਿਸ ਨੇ ਪੀੜਤ ਨੂੰ ਹੀ ਦੋਸ਼ੀ ਬਣਾ ਦੇਣਾ ਹੈ ਤੇ ਕਦੇ ਕੇਸ ਦਰਜ ਨਹੀਂ ਕਰਨਾ। ਇਸ ਤਰੀਕੇ ਨਾਲ਼ ਇਹ ਨਾਗਰਿਕ ਸੁਰੱਖਿਆ ਸੰਹਿਤਾ ਬਚੀ-ਖੁਚੀ ਸੁਰੱਖਿਆ ਵੀ ਖੋਹ ਲਵੇਗੀ। ਇਸੇ ਤਰ੍ਹਾਂ ਇਸ ਵਿੱਚ ਪੁਲਿਸ ਹਿਰਾਸਤ ਬਾਰੇ ਵਾਧਾ ਕੀਤਾ ਗਿਆ ਹੈ। ਆਮ ਤੌਰ 'ਤੇ ਰੋਜ ਹੀ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ ਕਿ ਪੁਲਿਸ ਵਾਲ਼ਿਆਂ ਨੇ ਬੇਦੋਸ਼ਿਆਂ ਨੂੰ ਠਾਣੇ ਲਿਜਾਕੇ ਨਜਾਇਜ ਕੁੱਟਮਾਰ ਕੀਤੀ ਤੇ ਪੁਲਿਸ ਹਿਰਾਸਤ 'ਚ ਮੌਤਾਂ ਹੁੰਦੀਆਂ ਹਨ ਤੇ ਲੋਕਾਂ ਨਾਲ਼ ਅਣਮਨੁੱਖੀ ਵਿਹਾਰ ਤਾਂ ਆਮ ਹੈ। ਇਸ ਨਵੇਂ ਕਨੂੰਨ ਨੇ ਹੁਣ ਇਸ 'ਚ ਹੋਰ ਵੀ ਵਾਧਾ ਕਰ ਦਿੱਤਾ ਹੈ। ਪਹਿਲਾਂ ਵਾਲ਼ੇ ਕਨੂੰਨ ਮੁਤਾਬਕ ਜਦੋਂ ਕਿਸੇ ਬੰਦੇ ਨੂੰ ਪੁਲਸ ਨੇ ਗਿ?ਰਫ਼ਤਾਰ ਕਰ ਲਿਆ ਤਾਂ ਪੁਲਿਸ ਗਿ?ਰਫ਼ਤਾਰ ਬੰਦੇ ਨੂੰ 15 ਦਿਨਾਂ ਤੋਂ ਵੱਧ ਠਾਣੇ 'ਚ ਜਾਂ ਪੁਲਿਸ ਹਿਰਾਸਤ 'ਚ ਨਹੀਂ ਸੀ ਰੱਖ ਸਕਦੀ ਤੇ ਚੌਵੀ ਘੰਟਿਆਂ ਤੋਂ ਵੱਧ ਪੁਲਸ ਹਿਰਾਸਤ ਲਈ ਨੇੜਲੇ ਕਿਸੇ ਮੈਜਿਸਟਰੇਟ ਤੋਂ ਇਜਾਜਤ ਦੀ ਲੋੜ ਪੈਂਦੀ ਸੀ। ਹੁਣ ਵਾਲ਼ੇ ਨਵੇਂ ਕਨੂੰਨ ਵਿੱਚ ਪੁਲਸ ਹਿਰਾਸਤ ਨੂੰ ਨੱਬੇ ਦਿਨ ਕਰ ਦਿੱਤਾ ਗਿਆ ਹੈ, ਭਾਵ ਹੁਣ ਨਵੇਂ ਕਨੂੰਨ ਮੁਤਾਬਕ ਕਿਸੇ ਵੀ ਗ੍ਰਿਫ਼ਤਾਰ ਬੰਦੇ ਨੂੰ ਨੱਬੇ ਦਿਨਾਂ ਤੱਕ ਪੁਲਸ ਹਿਰਾਸਤ 'ਚ ਰੱਖਿਆ ਜਾ ਸਕਦਾ ਹੈ। ਭਾਵ ਭਾਜਪਾ ਸਰਕਾਰ ਨੇ ਹਿਰਾਸਤੀ ਤਸੀਹਿਆਂ ਨੂੰ ਵਧਾ ਦਿੱਤਾ ਹੈ। ਇਸ ਨਾਲ਼ ਪੁਲਸ ਦੀਆਂ ਤਾਕਤਾਂ 'ਚ ਅਥਾਹ ਵਾਧਾ ਕੀਤਾ ਹੈ ਤੇ ਪੁਲਸ ਰਾਜ ਬਣਾਉਣ ਦਾ ਯਤਨ ਹੈ। ਅੱਗੇ ਇਸ ਕਨੂੰਨ ਦੀ ਧਾਰਾ 172 ਅਨੁਸਾਰ ਹਰ ਕੋਈ ਵਿਅਕਤੀ ਪੁਲਸ ਦੇ ਹੁਕਮਾਂ ਨੂੰ ਮੰਨਣ ਲਈ ਪਬੰਦ ਹੈ। ਜੇਕਰ ਕੋਈ ਪੁਲਸ ਦੇ ਹੁਕਮਾਂ ਦੀ ਉਲੰਘਣਾ ਕਰਦਾ ਹੈ ਤਾਂ ਪੁਲਿਸ ਉਸ ਨੂੰ ਗ੍ਰਿਫਤਾਰ ਕਰਕੇ ਚੌਵੀ ਘੰਟਿਆਂ ਲਈ ਠਾਣੇ ਰੱਖ ਸਕਦੀ ਜਾਂ ਉਸਤੇ ਕੋਈ ਕਨੂੰਨੀ ਕਾਰਵਾਈ ਕਰ ਸਕਦੀ ਹੈ। ਪਹਿਲਾਂ ਵਾਲ਼ੇ ਕਨੂੰਨ ਵਿੱਚ ਪੁਲਿਸ ਦੇ ਹੁਕਮਾਂ ਨੂੰ ਮੰਨਣ ਲਈ ਕੋਈ ਪਬੰਦੀ ਨਹੀਂ ਸੀ। ਜਣੀ ਸਾਡੇ ਲੋਕਾਂ ਉੱਤੇ ਪੁਲਸੀਆ ਰਾਜ ਲੱਦਿਆ ਜਾ ਰਿਹਾ। ਲੋਕਾਂ ਨੂੰ ਮਿਲ਼ੇ ਕਈ ਤਰ੍ਹਾਂ ਦੇ ਜਮਹੂਰੀ ਹੱਕ ਖੋਹੇ ਜਾ ਰਹੇ ਹਨ। ਜਦੋਂ ਤੋਂ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਆਈ ਹੈ। ਹਰ ਰੋਜ ਲੋਕਾਂ ਉੱਤੇ ਨਵੇਂ-ਨਵੇਂ ਖਤਰਨਾਕ ਕਨੂੰਨ ਥੋਪੇ ਜਾ ਰਹੇ ਹਨ। ਅਸਲ ਵਿੱਚ ਭਾਰਤ ਦਾ ਸੰਵਿਧਾਨ ਲੋਕਾਂ ਨੂੰ ਬਹੁਤ ਸੀਮਤ ਜਮਹੂਰੀ ਹੱਕ ਦਿੰਦਾ ਹੈ ਤੇ ਜਿਹੜੇ ਹੱਕ ਲੋਕਾਂ ਨੂੰ ਸੰਵਿਧਾਨ ਨੇ ਦਿੱਤੇ ਹਨ ਉਹਨਾਂ 'ਤੇ ਵੀ ਕਈ ਤਰ੍ਹਾਂ ਦੀਆਂ ਬੰਦਿਸ਼ਾਂ ਹਨ, ਕਿ ਉਹ ਹੱਕ ਸਿਰਫ ਨਾਂ ਦੇ ਰਹਿ ਜਾਂਦੇ ਹਨ। ਜਿਵੇਂ ਕਿ ਸ਼ੁਰੂ ਵਿੱਚ ਹੀ ਗੱਲ ਕੀਤੀ ਸੀ ਕਿ 'ਤੇ ਕੋਈ ਕਨੂੰਨ ਨਹੀਂ ਹੁੰਦਾ। ਕਨੂੰਨਾਂ ਦਾ ਕੋਈ ਨਾ ਕੋਈ ਜਮਾਤੀ ਪੱਖ ਹੁੰਦਾ ਹੈ। ਮੌਜੂਦਾ ਸਰਮਾਏਦਾਰਾ ਪ੍ਰਬੰਧ 'ਚ ਕਨੂੰਨ ਸਰਮਾਏਦਾਰਾਂ ਦੀ ਸੇਵਾ ਲਈ ਬਣਾਏ ਤੇ ਬਦਲੇ ਜਾਂਦੇ ਹਨ। ਚਾਹੇ ਖੇਤੀ ਕਨੂੰਨ ਹੋਣ ਜਾਂ ਫੇਰ ਕਿਰਤ ਕਨੂੰਨਾਂ ਨੂੰ ਸੋਧ ਕੇ ਨਵੇਂ ਲੇਬਰ ਕੋਡ ਲਿਆਂਦੇ ਹੋਣ, ਭਾਰਤ ਵਿੱਚ ਲੋਕ ਵਿਰੋਧੀ ਕਨੂੰਨਾਂ ਦੀ ਸੂਚੀ ਲੰਬੀ ਹੈ। 1947 ਤੋਂ ਬਾਅਦ ਕਾਂਗਰਸ ਨੇ ਲੋਕ ਵਿਰੋਧੀ ਕਨੂੰਨ ਪਾਸ ਕੀਤੇ ਮਿਸਾਲ ਵਜੋਂ ਯੂਏਪੀਏ, ਟਾਡਾ, ਪੋਟਾ ਤੇ ਐਨਐਸਏ ਤੇ ਅਫਸਫ਼ਾ ਵਰਗੇ ਕਾਲ਼ੇ ਕਨੂੰਨ ਕਾਂਗਰਸ ਨੇ ਲਿਆਂਦੇ ਤੇ ਹੁਣ ਭਾਜਪਾ ਸਰਕਾਰ ਲਿਆ ਰਹੀ ਹੈ। ਇਸੇ ਕੜੀ 'ਚ ਮੋਦੀ ਸਰਕਾਰ ਨੇ ਇਹ ਤਿੰਨ ਅਪਰਾਧਿਕ ਕਨੂੰਨ ਲਿਆਂਦੇ ਹਨ। ਜੋ ਪਹਿਲਾਂ ਵਾਲ਼ੇ ਕਨੂੰਨਾਂ ਨਾਲ਼ੋਂ ਵਧੇਰੇ ਲੋਕ ਵਿਰੋਧੀ ਤੇ ਖਤਰਨਾਕ ਹਨ। ਭਾਰਤ ਵਿੱਚ ਕਾਲ਼ੇ ਕਨੂੰਨਾਂ ਦੀ ਸੂਚੀ ਲੰਮੀ ਹੈ ਜੋ ਭਾਰਤ ਦੀ ਅਖੌਤੀ ਜਮਹੂਰੀਅਤ ਦੇ ਪਰਦੇ ਨੂੰ ਲੀਰੋਲੀਰ ਕਰਦੀ ਹੈ ਤੇ ਅਸਲੀਅਤ ਲੋਕਾਂ ਸਾਹਮਣੇ ਆਉਂਦੀ ਹੈ। ਮੋਦੀ ਸਰਕਾਰ ਵੱਲੋਂ ਲਿਆਂਦੇ ਇਹ ਕਾਲ਼ੇ ਕਨੂੰਨ ਲੋਕਾਂ 'ਤੇ ਜਨਤਕ ਜਮਹੂਰੀ ਲਹਿਰ ਲਈ ਵੱਡਾ ਖਤਰਾ ਹਨ। ਸਾਡੇ ਦੇਸ਼ ਦੇ ਚੇਤਨ ਲੋਕਾਂ ਨੂੰ ਇਹਨਾਂ ਤਿੰਨ ਕਾਲ਼ੇ ਕਨੂੰਨਾਂ ਬਾਰੇ ਆਮ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਤੇ ਅਜਿਹੇ ਕਾਲ਼ੇ ਕਨੂੰਨਾਂ ਖ਼ਿਲਾਫ਼ ਸਰਗਰਮ ਅਵਾਜ ਬੁਲੰਦ ਕਰਨੀ ਚਾਹੀਦੀ ਹੈ।

ਲਲਕਾਰ 'ਚੋਂ ਧੰਨਵਾਦ ਸਹਿਤ

# Ontario: The Ford Government's Hospital Privatization Scheme

Anew report, Robbing from the public to build the private: The Ford government's hospital privatization scheme reveals that local hospitals in every region of Ontario have operating rooms sitting idle the majority of the time. The public has funded local hospitals for more than 70 years to build operating room capacity that is unused while the Ford government is shunting unprecedented public money to private for-profit clinics and hospitals to build new operating rooms, the Coalition reports.

For the last year, the Ontario Health Coalition (OHC) researched the unused capacity in local public hospitals through Freedom of Information requests and interviews with surgical staff. They gathered figures from Ontario government budget and expense documents, media reports, contracts, and accountability agreements to provide a litany of examples of much higher costs and large funding increases provided by the Ford government to for-profit corporation clinics, hospitals, and staffing agencies. At the same time, the government has imposed dollar cuts, deficits, and wage caps on public hospitals, robbing them of the ability to attract and retain staff and use their existing operating room capacity.

For example, the following communities have operating rooms that are functional but unused: Alexandria, Brockville, Cambridge, Hawkesbury, Kitchener, London, North Bay, Oakville, Sault Ste. Marie, St. Catharines, Southampton, and Wiarton. In addition, the majority of operating rooms in the following communities are closed the majority of the time (late afternoons, evenings, overnight, and/or on weekends): Alliston, Almonte, Barrie, Bowmanville, Carleton Place, Collingwood, Cornwall, Kingston, Meaford, Nepean, Niagara Falls, Orillia, Oshawa, Ottawa, Pembroke, Peterborough, Toronto, and Welland.

**In addition, the Coalition reports the Ford government has:**

imposed real dollar cuts on public hospitals, pushing them into service closures and deficits, while funding for-profit hospitals and clinics with increases up to and over 300%. Ontario funds its public hospitals at the lowest rate of all provinces;

funded private for-profit hospitals at double the rate per surgery than it funds public hospitals,

funded private for-profit ophthalmology clinics across Ontario at 21% – 56% more for each cataract surgery,

refused to take action on the for-profit staffing agencies that are charging up to three times more than public hospitals for staff, having escalated their prices by more than 70% since Ford took office, while imposing wage caps and real dollar cuts on staff in public hospitals,

chronically underspent the health care budget, shunting billions to contingency fund and budget surplus, while leaving




hospitals in unprecedented crisis.

"Hundreds of millions of dollars in public money is being used to dismantle and privatize our public hospitals, robbing the public to build the private," said Natalie Mehra, executive director of the Ontario Health Coalition.

"A few for-profit corporations are being enriched by the Ford government's privatization scheme while our public hospitals and patients pay the price. It is beyond time that there is a rigorous investigation into who is benefitting from these policy choices and what their connections are to this government because the costs and threats to our local public hospitals and the future of our single-tier public health system are very real and urgent." •

The Ontario Health Coalition is comprised of a Board of Directors, committees of the Board as approved in the Coalition's annual Action Plan, Local Coalitions, member organizations and individual members. The Ontario Health Coalition represents more than 400 member organizations and a network of Local Health Coalitions and individual members. Follow their tweets at @OntarioHealthC.

# ਸਰਕਾਰੀ ਹਸਪਤਾਲਾਂ ਨੂੰ ਖਤਮ ਕਰਨ ਅਤੇ ਨਿੱਜੀਕਰਨ ਕਰਨ ਲਈ ਕਰੋੜਾਂ ਡਾਲਰ ਦੇ ਜਨਤਕ ਧਨ ਦੀ ਵਰਤੋਂ ਕੀਤੀ ਜਾ ਰਹੀ ਹੈ : ਨਤਾਲੀ ਮਹਿਰਾ, ਓਨਟਾਰੀਓ ਹੈਲਥ ਕੋਲੀਸ਼ਨ

ਟੋਰਾਂਟੋ, (ਸਰੋਕਾਰਾਂ ਦੀ ਆਵਾਜ਼) : "ਸਾਡੇ ਸਰਕਾਰੀ ਹਸਪਤਾਲਾਂ ਨੂੰ ਖਤਮ ਕਰਨ ਅਤੇ ਨਿੱਜੀਕਰਨ ਕਰਨ ਲਈ ਕਰੋੜਾਂ ਡਾਲਰ ਦੇ ਜਨਤਕ ਧਨ ਦੀ ਵਰਤੋਂ ਕੀਤੀ ਜਾ ਰਹੀ ਹੈ"– ਓਨਟਾਰੀਓ ਹੈਲਥ ਕੋਲੀਸ਼ਨ ਦੀ ਕਾਰਜਕਾਰੀ ਨਿਰਦੇਸ਼ਕ ਨਤਾਲੀ ਮਹਿਰਾ ਨੇ ਕਿਹਾ। 'ਓਨਟਾਰੀਓ ਹੈਲਥ ਕੋਲੀਸ਼ਨ' ਆਮ ਲੋਕਾਂ ਦੇ ਸਿਹਤ ਅਧਿਕਾਰਾਂ ਲਈ ਕੰਮ ਕਰਨ ਵਾਲੀ ਇੱਕ ਸਵੈਸੇਵੀ ਲੋਕ ਪੱਖੀ ਸੰਸਥਾ ਹੈ। 'ਓਨਟਾਰੀਓ ਹੈਲਥ ਕੋਲੀਸ਼ਨ' ਨੇ ਇੱਕ ਨਵੀਂ ਰਿਪੋਰਟ ਜਾਰੀ ਕੀਤੀ ਹੈ, 'ਨਿੱਜੀਕਰਨ ਦਾ ਢਾਂਚਾ ਬਣਾਉਣ ਲਈ ਜਨਤਾ ਤੋਂ ਲੁੱਟ': ਇਸ ਰਿਪੋਰਟ ਵਿਚ ਵਿਸਥਾਰ ਨਾਲ ਖੁਲਾਸਾ ਕੀਤਾ ਗਿਆ ਹੈ ਕਿ ਫੋਰਡ ਸਰਕਾਰ ਦੀ ਹਸਪਤਾਲ ਨਿੱਜੀਕਰਨ ਸਕੀਮ ਤੋਂ ਪਤਾ ਲੱਗਦਾ ਹੈ ਕਿ ਓਨਟਾਰੀਓ ਦੇ ਹਰ ਖੇਤਰ ਵਿੱਚ ਸਥਾਨਕ ਹਸਪਤਾਲਾਂ ਵਿੱਚ 'ਓਪਰੇਟਿੰਗ ਰੂਮ' ਜ਼ਿਆਦਾਤਰ ਸਮੇਂ ਅਣਵਰਤੇ ਰਹਿੰਦੇ ਹਨ। 'ਹੈਲਥ ਕੋਲੀਸ਼ਨ' ਦੀ ਰਿਪੋਰਟ ਮੁਤਾਬਕ, ਲੋਕਾਂ ਨੇ 70 ਸਾਲਾਂ ਤੋਂ ਵੱਧ ਸਮੇਂ ਤੋਂ ਸਥਾਨਕ ਹਸਪਤਾਲਾਂ ਨੂੰ ਓਪਰੇਟਿੰਗ ਰੂਮ ਦੀ ਸਮਰੱਥਾ ਬਣਾਉਣ ਲਈ ਫੰਡ ਦਿੱਤੇ ਹਨ, ਜੋ ਸਮਰੱਥਾ ਅਣਵਰਤੀ ਹੈ, ਜਦੋਂ ਕਿ ਫੋਰਡ ਸਰਕਾਰ ਨਵੇਂ ਓਪਰੇਟਿੰਗ ਰੂਮ ਬਣਾਉਣ ਲਈ ਨਿੱਜੀ 'ਮੁਨਾਫਾ' ਕਲੀਨਿਕਾਂ ਅਤੇ ਹਸਪਤਾਲਾਂ ਨੂੰ ਬੇਮਿਸਾਲ ਜਨਤਕ ਪੈਸਾ ਭੇਜ ਰਹੀ ਹੈ।

'ਹੈਲਥ ਕੋਲੀਸ਼ਨ' ਨੇ ਫਰੀਡਮ ਆਫ ਇਨਫਰਮੇਸ਼ਨ ਬੇਨਤੀਆਂ ਅਤੇ ਸਰਜੀਕਲ ਸਟਾਫ ਨਾਲ ਇੰਟਰਵਿਊ ਜ਼ਰੀਏ ਸਥਾਨਕ ਜਨਤਕ ਹਸਪਤਾਲਾਂ ਵਿੱਚ ਅਣਵਰਤੀ ਸਮਰੱਥਾ ਬਾਰੇ ਖੋਜ ਕੀਤੀ। ਉਨ੍ਹਾਂ ਨੇ ਓਨਟਾਰੀਓ ਸਰਕਾਰ ਦੇ 'ਬਜਟ ਅਤੇ ਖਰਚੇ' ਦਸਤਾਵੇਜ਼ਾਂ, ਮੀਡੀਆ ਰਿਪੋਰਟਾਂ, 'ਇਕਰਾਰਨਾਮਿਆਂ ਅਤੇ ਜਵਾਬਦੇਹੀ' ਸਮਝੌਤਿਆਂ ਤੋਂ ਅੰਕੜੇ ਇਕੱਠੇ ਕੀਤੇ ਅਤੇ ਲੋਕਾਂ ਨੂੰ ਫੋਰਡ ਸਰਕਾਰ ਦੁਆਰਾ ਲਾਭਕਾਰੀ ਕਾਰਪੋਰੇਸ਼ਨ ਕਲੀਨਿਕਾਂ, ਹਸਪਤਾਲਾਂ ਅਤੇ ਸਟਾਫਿੰਗ ਏਜੰਸੀਆਂ ਨੂੰ ਵੰਡੇ ਗਏ ਬਹੁਤ ਜ਼ਿਆਦਾ ਖਰਚਿਆਂ ਅਤੇ ਵੱਡੇ ਫੰਡਾਂ ਦੇ ਵਾਧੇ ਦੀਆਂ ਉਦਾਹਰਣਾਂ ਉਪਲਬਧ ਕਰਵਾਈਆਂ। ਇਸ ਦੇ ਨਾਲ ਹੀ, ਸਰਕਾਰ ਨੇ ਸਰਕਾਰੀ ਹਸਪਤਾਲਾਂ 'ਤੇ ਡਾਲਰ ਦੀ ਕਟੌਤੀ, ਘਾਟੇ ਅਤੇ ਤਨਖਾਹ ਦੀਆਂ ਸੀਮਾਵਾਂ ਲਾਗੂ ਕੀਤੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਸਟਾਫ ਨੂੰ ਆਕਰਸ਼ਿਤ ਕਰਨ ਅਤੇ ਬਰਕਰਾਰ ਰੱਖਣ ਅਤੇ ਉਨ੍ਹਾਂ ਦੀ ਮੌਜੂਦਾ ਓਪਰੇਟਿੰਗ ਰੂਮ ਸਮਰੱਥਾ ਦੀ ਵਰਤੋਂ ਕਰਨ ਦੀ ਯੋਗਤਾ ਖੋਹ ਲਈ ਗਈ ਹੈ। ਉਦਾਹਰਨ ਲਈ, ਹੇਠ ਲਿਖੇ ਭਾਈਚਾਰਿਆਂ ਦੇ ਓਪਰੇਟਿੰਗ ਰੂਮ ਹਨ ਜੋ ਕਾਰਜਸ਼ੀਲ ਹਨ ਪਰ ਅਣਵਰਤੇ ਹਨ: ਅਲੈਗਜ਼ੈਂਡਰੀਆ, ਬਰੋਕਵਿਲੇ, ਕੈਂਬਰਿਜ, ਹਾਕਸਬਰੀ, ਕਿਚਨਰ, ਲੰਡਨ, ਨਾਰਥ ਬੇ, ਓਕਵਿਲੇ, ਸੌਲਟ ਸੇਂਟ ਮੈਰੀ, ਸੇਂਟ ਕੈਥਰੀਨਜ਼, ਸਾਊਥੈਮਪਟਨ, ਅਤੇ ਵਿਆਰਟਨ। ਇਸ ਤੋਂ ਇਲਾਵਾ, ਨਿਮਨਲਿਖਤ ਭਾਈਚਾਰਿਆਂ ਦੇ ਜ਼ਿਆਦਾਤਰ ਓਪਰੇਟਿੰਗ ਰੂਮ ਜ਼ਿਆਦਾਤਰ ਸਮੇਂ ਬੰਦ ਹੁੰਦੇ ਹਨ (ਦੇਰ ਦੁਪਹਿਰ, ਸ਼ਾਮ, ਰਾਤ ਭਰ ਅਤੇ/ਜਾਂ ਹਫਤੇ ਦੇ ਅੰਤ ਤੇ): ਐਲੀਸਟਨ, ਅਲਮੋਂਟੇ, ਬੈਰੀ, ਬੋਮਨਵਿਲੇ, ਕਾਰਲਟਨ ਪਲੇਸ, ਕੋਲਿੰਗਵੁੱਡ, ਕੌਰਨਵਾਲ, ਕਿੰਗਸਟਨ, ਮੀਫੋਰਡ, ਨੇਪੀਅਨ, ਨਿਆਗਰਾ ਫਾਲਜ਼, ਓਰੀਲੀਆ, ਓਸ਼ਾਵਾ, ਓਟਾਵਾ, ਪੈਮਬ੍ਰੋਕ, ਪੀਟਰਬਰੋ, ਟੋਰਾਂਟੋ ਅਤੇ ਵੇਲੈਂਡ।

ਜ਼ਿਕਰਯੋਗ ਹੈ ਕਿ ਟੋਰਾਂਟੋ ਵਿੱਚ ਵੀ ਬਹੁਤੇ ਹਸਪਤਾਲਾਂ ਵਿੱਚ ਓਪਰੇਟਿੰਗ ਰੂਮ ਹਨ ਜੋ ਸ਼ਾਮ 4 ਵਜੇ ਤੋਂ ਬਾਅਦ ਅਤੇ ਵੀਕਐਂਡ 'ਤੇ ਬੰਦ ਹੋ ਜਾਂਦੇ ਹਨ। ਓਪਰੇਟਿੰਗ ਰੂਮ ਦੀ ਜ਼ਿਆਦਾਤਰ ਸਮਰੱਥਾ ਦੀ ਵਰਤੋਂ ਨਹੀਂ ਕੀਤੀ ਜਾਂਦੀ। ਜ਼ਿਕਰਯੋਗ ਹੈ ਕਿ ਟੋਰਾਂਟੋ ਵਿੱਚ ਵੀ ਬਹੁਤੇ ਹਸਪਤਾਲਾਂ ਵਿੱਚ ਓਪਰੇਟਿੰਗ ਰੂਮ ਹਨ ਜੋ ਸ਼ਾਮ 4 ਵਜੇ ਤੋਂ ਬਾਅਦ ਅਤੇ ਵੀਕਐਂਡ 'ਤੇ ਬੰਦ ਹੋ ਜਾਂਦੇ ਹਨ। ਓਪਰੇਟਿੰਗ ਰੂਮ ਦੀ ਜ਼ਿਆਦਾਤਰ ਸਮਰੱਥਾ ਦੀ ਵਰਤੋਂ ਨਹੀਂ ਕੀਤੀ ਜਾਂਦੀ। 'ਓਕਵਿਲੇ ਟਰੈਫਲਗਰ ਮੈਮੋਰੀਅਲ ਹਸਪਤਾਲ' ਵਿੱਚ ਤੇਰ੍ਹਾਂ ਓਪਰੇਟਿੰਗ ਰੂਮ ਅਤੇ ਚਾਰ ਪ੍ਰਕਿਰਿਆ ਕਮਰੇ ਹਨ। 13 ਓਪਰੇਟਿੰਗ ਰੂਮਾਂ ਵਿੱਚੋਂ, ਇੱਕ ਕਮਰਾ ਬਿਲਕੁਲ ਵੀ ਵਰਤੋਂ ਵਿੱਚ ਨਹੀਂ ਹੈ। ਛੇ ਸਮਰਪਿਤ ਹਨ (ਦੋ ਲੇਬਰ/ਡਿਲਿਵਰੀ, ਦੋ ਆਰਥੋਪੀਡਿਕਸ, ਇੱਕ ਖਾਸ ਕਿਸਮ ਦੀ ਜਨਰਲ ਸਰਜਰੀ, ਇੱਕ ਕੰਨ, ਨੱਕ ਅਤੇ ਗਲਾ)। ਓਪਰੇਟਿੰਗ ਰੂਮਾਂ ਵਿੱਚੋਂ ਦਸ ਸਵੇਰੇ 8 ਵਜੇ ਤੋਂ ਦੁਪਹਿਰ 3:30 ਵਜੇ ਤੱਕ ਚੱਲਦੇ ਹਨ। ਗੁੰਝਲਦਾਰ ਕੇਸਾਂ ਦੇ ਨਾਲ ਲਗਭਗ ਚੱਲ ਰਹੇ ਹਨ। ਸ਼ਾਮ 5:30 ਵਜੇ ਇੱਕ ਓਪਰੇਟਿੰਗ ਰੂਮ ਸ਼ਾਮ ਨੂੰ ਅਤੇ ਰਾਤ ਭਰ ਅਤੇ ਹਫਤੇ ਦੇ ਅੰਤ ਵਿੱਚ ਸਿਰਫ ਜ਼ਰੂਰੀ ਐਮਰਜੈਂਸੀ ਕੇਸਾਂ ਲਈ ਉਪਲਬਧ ਹੁੰਦਾ ਹੈ ਅਤੇ ਇੱਕ ਸਟਾਫ ਟੀਮ ਉਹਨਾਂ ਸਮੇਂ ਕੇਸਾਂ ਲਈ ਉਪਲਬਧ ਹੁੰਦੀ ਹੈ। ਲੇਬਰ/ਡਿਲਿਵਰੀ ਰੂਮ 24/7 ਖੁੱਲ੍ਹਾ ਹੈ। ਚਾਰ ਪ੍ਰਕਿਰਿਆ ਕਮਰਿਆਂ ਵਿੱਚੋਂ, ਦੋ ਯੂਰੋਲੋਜੀ (ਸਾਈਸਟੋਸਕੋਪੀ, ਯੂਰੋਡਾਇਨਾਮਿਕਸ) ਨੂੰ ਸਮਰਪਿਤ ਹਨ ਅਤੇ ਦੋ ਹਨ। ਅੱਖਾਂ ਦੀ ਸਰਜਰੀ ਲਈ ਸਮਰਪਿਤ ਅੱਖਾਂ ਦੀ ਸਰਜਰੀ ਪ੍ਰਕਿਰਿਆ ਵਾਲੇ ਕਮਰੇ ਵਿੱਚੋਂ ਇੱਕ ਵੀ ਵਰਤੋਂ ਵਿੱਚ ਨਹੀਂ ਹੈ। ਯੂਰੋਲੋਜੀ ਰੂਮਾਂ ਵਿੱਚੋਂ ਇੱਕ ਹਫ਼ਤੇ ਵਿੱਚ ਦੋ ਦਿਨ ਚਲਾਇਆ ਜਾਂਦਾ ਹੈ। ਬਾਕੀ ਦੋ ਪ੍ਰਕਿਰਿਆ ਰੂਮ ਸਵੇਰੇ 8 ਵਜੇ ਤੋਂ ਦੁਪਹਿਰ 3:30 ਵਜੇ ਤੱਕ ਹੀ ਚਲਾਏ ਗਏ ਹਨ।

1 ਅਪ੍ਰੈਲ, 2023 ਨੂੰ, ਮਾਈਕਲ ਗੈਰੋਨ ਅਤੇ ਸਨੀਬਰੂਕ ਹਸਪਤਾਲਾਂ ਨੇ ਇੱਕ ਪਹਿਲਕਦਮੀ 'ਤੇ ਭਾਈਵਾਲੀ ਕੀਤੀ, ਜੋ ਕਿ ਕਮਰ ਅਤੇ ਗੋਡਿਆਂ ਦੀਆਂ ਸਰਜਰੀਆਂ ਦੇ ਕੇਂਦਰੀ ਦਾਖਲੇ ਦਾ ਵਿਸਤਾਰ ਕਰੇਗੀ ਅਤੇ 1,335 ਕਮਰ ਅਤੇ ਗੋਡਿਆਂ ਦੀਆਂ ਸਰਜਰੀਆਂ ਪ੍ਰਦਾਨ ਕਰਨ ਲਈ ਵਾਧੂ ਓਪਰੇਟਿੰਗ ਰੂਮ ਲਈ ਵੀਕੈਂਡ 'ਤੇ ਹੋਰ ਸਮਾਂ ਖੋਲ੍ਹੇਗਾ। ਇਹ ਇੱਕ ਸਾਲ ਵਿੱਚ ਟੋਰਾਂਟੋ ਅਤੇ ਖੇਤਰ ਵਿੱਚ ਮਰੀਜ਼ਾਂ ਦੀ ਉਡੀਕ ਸੂਚੀਆਂ ਨੂੰ 24% ਤੱਕ ਘਟਾਉਣ ਲਈ ਹੈ। ਇਹ ਪਬਲਿਕ ਓਪਰੇਟਿੰਗ ਰੂਮ ਦੇ ਸਮੇਂ ਦੇ ਵਿਸਤਾਰ ਦੀ ਇੱਕ ਉਦਾਹਰਣ ਹੈ ਜਿਸਦਾ 'ਮਰੀਜ਼ ਦੇ ਉਡੀਕ ਸਮੇਂ' 'ਤੇ ਬਹੁਤ ਵੱਡਾ ਪ੍ਰਭਾਵ ਪੈਂਦਾ ਹੈ, ਇਹ ਓਪਰੇਟਿੰਗ ਰੂਮ ਦੇ ਘੰਟਿਆਂ ਦੀ ਘੱਟ ਵਰਤੋਂ ਦੇ ਪ੍ਰਭਾਵ ਨੂੰ ਦੱਸਦਾ ਹੈ।

ਇਸ ਤੋਂ ਇਲਾਵਾ, 'ਗੱਠਜੋੜ' ਨੇ ਦੱਸਿਆ ਹੈ ਕਿ ਫੋਰਡ ਸਰਕਾਰ ਨੇ ਇਹ ਕੀਤਾ ਹੈ:

- ਜਨਤਕ ਹਸਪਤਾਲਾਂ 'ਤੇ ਅਸਲ ਡਾਲਰ ਦੀ ਕਟੌਤੀ ਲਾਗੂ ਕੀਤੀ, ਉਨ੍ਹਾਂ ਨੂੰ ਸੇਵਾ ਬੰਦ ਕਰਨ ਅਤੇ ਘਾਟੇ ਵਿੱਚ ਧੱਕ ਦਿੱਤਾ, ਜਦੋਂ ਕਿ ਮੁਨਾਫਾ ਕਮਾਉਣ ਵਾਲੇ ਹਸਪਤਾਲਾਂ ਅਤੇ ਕਲੀਨਿਕਾਂ ਨੂੰ 300% ਤੋਂ ਵੱਧ ਦੇ ਵਾਧੇ ਨਾਲ ਫੰਡ ਦਿੱਤਾ। ਓਨਟਾਰੀਓ ਆਪਣੇ ਜਨਤਕ ਹਸਪਤਾਲਾਂ ਨੂੰ ਸਾਰੇ ਸੂਬਿਆਂ ਨਾਲੋਂ ਸਭ ਤੋਂ ਘੱਟ ਦਰ 'ਤੇ ਫੰਡ ਦਿੰਦਾ ਹੈ।
- ਨਿੱਜੀ ਮੁਨਾਫਾ ਹਸਪਤਾਲਾਂ ਨੂੰ ਸਰਕਾਰੀ ਹਸਪਤਾਲਾਂ ਨਾਲੋਂ ਪ੍ਰਤੀ ਸਰਜਰੀ ਦੁੱਗਣੀ ਦਰ ਨਾਲ ਫੰਡ ਦਿੱਤਾ ਜਾਂਦਾ ਹੈ।
- ਹਰੇਕ ਮੋਤੀਆਬਿੰਦ ਸਰਜਰੀ ਲਈ ਓਨਟਾਰੀਓ ਭਰ ਵਿੱਚ 'ਨਿੱਜੀ ਲਾਭਕਾਰੀ' ਅੱਖਾਂ ਦੇ ਕਲੀਨਿਕਾਂ ਨੂੰ 21%–56% ਵੱਧ ਫੰਡ ਦਿੱਤਾ ਗਿਆ।
- ਮੁਨਾਫਾ ਕਮਾਉਣ ਵਾਲੀਆਂ ਸਟਾਫਿੰਗ ਏਜੰਸੀਆਂ 'ਤੇ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਜੋ ਸਟਾਫ ਲਈ ਸਰਕਾਰੀ ਹਸਪਤਾਲਾਂ ਨਾਲੋਂ ਤਿੰਨ ਗੁਣਾ ਵੱਧ ਫੀਸ ਵਸੂਲ ਰਹੀਆਂ ਹਨ। ਫੋਰਡ ਦੇ ਅਹੁਦਾ ਸੰਭਾਲਣ ਤੋਂ ਬਾਅਦ ਇਨ੍ਹਾਂ ਦੀਆਂ ਕੀਮਤਾਂ ਵਿੱਚ 70% ਤੋਂ ਵੱਧ ਦਾ ਵਾਧਾ ਹੋਇਆ ਹੈ, ਜਦੋਂ ਕਿ ਸਰਕਾਰੀ ਹਸਪਤਾਲਾਂ ਵਿੱਚ ਕਰਮਚਾਰੀਆਂ ਦੀ ਤਨਖਾਹ ਦੀ ਸੀਮਾ ਅਤੇ ਅਸਲ ਡਾਲਰ ਵਿੱਚ ਕਟੌਤੀ ਕੀਤੀ ਗਈ ਹੈ।
- ਲੰਬੇ ਸਮੇਂ ਤੋਂ ਸਿਹਤ-ਸੰਭਾਲ ਬਜਟ ਨੂੰ ਘੱਟ ਖਰਚ ਕੀਤਾ ਗਿਆ ਸੀ, ਜਿਸ ਨਾਲ ਹਸਪਤਾਲਾਂ ਨੂੰ ਬੇਮਿਸਾਲ ਸੰਕਟ ਵਿੱਚ ਛੱਡ ਦਿੱਤਾ ਗਿਆ ਸੀ, ਐਮਰਜੈਂਸੀ ਫੰਡ ਅਤੇ ਬਜਟ ਸਰਪਲੱਸ ਵਿੱਚ ਅਰਬਾਂ ਰੁਪਏ ਖਰਚ ਕੀਤੇ ਗਏ ਸਨ।

'ਫੋਰਡ ਸਰਕਾਰ ਦੀ ਨਿੱਜੀਕਰਨ ਯੋਜਨਾ ਦੁਆਰਾ ਕੁਝ 'ਮੁਨਾਫਾ ਕਾਰਪੋਰੇਸ਼ਨਾਂ' ਨੂੰ ਅਮੀਰ ਬਣਾਇਆ ਜਾ ਰਿਹਾ ਹੈ ਜਦੋਂ ਕਿ ਸਾਡੇ ਸਰਕਾਰੀ ਹਸਪਤਾਲ ਅਤੇ ਮਰੀਜ਼ ਇਸ ਦੀ ਕੀਮਤ ਅਦਾ ਕਰਦੇ ਹਨ। ਇਹ ਸਮੇਂ ਤੋਂ ਪਰੇ ਹੈ ਕਿ ਇਨ੍ਹਾਂ ਨੀਤੀਆਂ ਤੋਂ ਕਿਸ ਨੂੰ ਫਾਇਦਾ ਹੋ ਰਿਹਾ ਹੈ ਅਤੇ ਇਸ ਸਰਕਾਰ ਨਾਲ ਉਨ੍ਹਾਂ ਦੇ ਕੀ ਸਬੰਧ ਹਨ, ਇਸ ਦੀ ਸਖਤ ਜਾਂਚ ਕੀਤੀ ਜਾਵੇ, ਕਿਉਂਕਿ ਸਾਡੇ ਸਥਾਨਕ ਜਨਤਕ ਹਸਪਤਾਲਾਂ ਅਤੇ ਸਾਡੀ 'ਸਿੰਗਲ-ਟੀਅਰ' ਜਨਤਕ ਸਿਹਤ ਪ੍ਰਣਾਲੀ ਦੇ ਭਵਿੱਖ ਲਈ ਲਾਗਤ ਅਤੇ ਖਤਰੇ ਬਹੁਤ ਅਸਲ ਹਨ ਅਤੇ ਇਸ 'ਤੇ ਤੁਰੰਤ ਧਿਆਨ ਦੇਣ ਦੀ ਲੋੜ ਹੈ– ਨਤਾਲੀ ਮਹਿਰਾ ਨੇ ਕਿਹਾ।

# ਕੈਨੇਡਾ ਸਮੇਤ ਪੱਛਮੀ ਦੇਸ਼ਾਂ ਦੇ ਲੋਕਾਂ ਵਲੋਂ ਫਲਸਤੀਨੀ ਮਨੁੱਖੀ ਅਧਿਕਾਰਾਂ ਦਾ ਸਮਰਥਨ

**ਪ੍ਰੋ. ਹੈਵਨ ਹੈਲੀਫਿਕਸ**

ਇਨ੍ਹੀਂ ਦਿਨੀਂ, ਇਜ਼ਰਾਈਲ ਪੱਖੀ ਸਥਾਪਤੀ ਅਤੇ ਲਗਭਗ ਹਰ ਪੱਛਮੀ ਦੇਸ਼ ਦੀ ਰਾਜਨੀਤਿਕ ਜਮਾਤ ਫਲਸਤੀਨੀ ਆਵਾਜ਼ਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਬੰਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਦਮਨ ਇੱਥੇ ਖਤਮ ਨਹੀਂ ਹੁੰਦਾ ਕਿਉਂਕਿ ਇਹ ਸਿਰਫ ਆਵਾਜ਼ਾਂ ਹੀ ਨਹੀਂ ਹਨ ਜੋ ਦਬਾਈ ਜਾ ਰਹੀਆਂ ਹਨ। ਕੈਨੇਡਾ ਸਮੇਤ ਪੱਛਮੀ ਦੇਸ਼ਾਂ ਦੇ ਸ਼ਕਤੀਸ਼ਾਲੀ ਲੋਕ ਫਲਸਤੀਨੀ ਮਨੁੱਖੀ ਅਧਿਕਾਰਾਂ ਦੇ ਸਮਰਥਨ ਵਿੱਚ ਖੜ੍ਹੇ ਹੋਣ ਦੀ ਹਿੰਮਤ ਕਰਨ ਵਾਲੇ ਲੋਕਾਂ ਨੂੰ ਧਮਕੀਆਂ, ਗ੍ਰਿਫਤਾਰੀਆਂ, ਮੁਅੱਤਲ ਅਤੇ ਗੋਲੀਬਾਰੀ ਦਾ ਸਹਾਰਾ ਲੈ ਰਹੇ ਹਨ। ਇਹ ਉਸੇ ਤਰ੍ਹਾਂ ਦਾ ਹੈ ਜੋ 1940 ਅਤੇ 1950 ਦੇ ਦਹਾਕੇ ਦੇ ਅਖੀਰ ਵਿੱਚ ਅਮਰੀਕਾ ਅਤੇ ਕੈਨੇਡਾ ਵਿੱਚ ਰੈੱਡ ਸਕੇਅਰ ਦੌਰਾਨ ਵਾਪਰਿਆ ਸੀ। ਉਸ ਸਮੇਂ ਤੋਂ, ਅਸੀਂ ਜਾਣਦੇ ਹਾਂ ਕਿ ਜਿਨ੍ਹਾਂ ਲੋਕਾਂ ਨੂੰ ਕਮਿਊਨਿਸਟ ਲੇਬਲ ਕੀਤਾ ਗਿਆ ਸੀ, ਉਨ੍ਹਾਂ ਨੇ ਪਟਕਥਾ ਲੇਖਕਾਂ, ਅਦਾਕਾਰਾਂ, ਨਾਟਕਕਾਰਾਂ ਅਤੇ ਅਮਰੀਕਾ ਦੇ ਸਾਰੇ ਸੱਭਿਆਚਾਰਕ ਖੇਤਰਾਂ ਵਿੱਚ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ। ਵਕੀਲਾਂ ਨੇ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ, ਜਿਵੇਂ ਕਿ ਅਧਿਆਪਕਾਂ, ਪਾਦਰੀਆਂ, ਅਤੇ ਬਹੁਤ ਸਾਰੇ ਲੋਕ ਜੋ ਸਰਕਾਰੀ ਅਤੇ ਪ੍ਰਾਈਵੇਟ ਸੈਕਟਰਾਂ ਵਿੱਚ ਕੰਮ ਕਰਦੇ ਸਨ। ਅਸੀਂ ਜਾਣਦੇ ਹਾਂ ਕਿ 1953 ਵਿੱਚ ਅਮਰੀਕਾ ਨੇ ਇੱਕ ਵਿਆਹੁਤਾ ਜੋੜੇ, ਐਥਲ ਅਤੇ ਜੂਲੀਅਸ ਰੋਜ਼ਨਬਰਗ ਨੂੰ ਇਲੈਕਟ੍ਰਿਕ ਚੇਅਰ ਦੁਆਰਾ ਉਨ੍ਹਾਂ ਦੀ ਮੌਤ ਲਈ ਭੇਜਿਆ ਕਿਉਂਕਿ ਉਹ ਕਮਿਊਨਿਸਟ ਸਨ ਅਤੇ ਉਨ੍ਹਾਂ ਨੂੰ ਰੂਸੀ ਜਾਸੂਸ ਮੰਨਿਆ ਜਾਂਦਾ ਸੀ। ਫਲਸਤੀਨੀਆਂ ਦਾ ਸਮਰਥਨ ਕਰਨ ਕਰਕੇ ਬੇਰੋਜ਼ਗਾਰ ਜਾਂ ਮੁਅੱਤਲ ਕੀਤਾ ਗਿਆ ਹੈ ਲਗਭਗ ਇੱਕ ਮਹੀਨਾ ਪਹਿਲਾਂ, ਦ ਮੈਪਲ ਦੇ ਇੱਕ ਸੰਸਥਾਪਕ ਲੇਖਕ, ਡੇਵਿਡ ਮਾਸਟਰਾਸੀ ਨੇ ਕੈਨੇਡਾ ਵਿੱਚ 21 ਤੋਂ ਵੱਧ ਲੋਕਾਂ ਦੀ ਇੱਕ ਸੂਚੀ ਦਾ ਖੁਲਾਸਾ ਕੀਤਾ ਸੀ ਜਿਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਜਾਂ ਉਹਨਾਂ ਦੀਆਂ ਨੌਕਰੀਆਂ ਤੋਂ ਹਟਾ ਦਿੱਤਾ ਗਿਆ ਹੈ ਕਿਉਂਕਿ ਉਹ ਗਾਜ਼ਾ ਉੱਤੇ ਇਜ਼ਰਾਈਲ ਦੀ ਲੜਾਈ ਵਿੱਚ ਫਲਸਤੀਨ ਦੇ ਪੱਖ ਲਈ ਖੜ੍ਹੇ ਹੋਏ ਸਨ। ਦਰਅਸਲ, ਹੁਣ 'ਸਿਵਲ ਟੈਰਰ' ਦਾ ਸਮਾਂ ਹੈ – ਮਤਲਬ ਕਿ ਸਰਕਾਰ, ਕਲਾ ਸੰਸਥਾਵਾਂ, ਯੂਨੀਵਰਸਿਟੀਆਂ ਅਤੇ ਨਾਲ ਹੀ ਕਈ ਮਾਲਕਾਂ ਦੁਆਰਾ ਕੀਤੀਆਂ ਗਈਆਂ ਅਨੁਸ਼ਾਸਨੀ ਅਤੇ ਪੁਲਿਸ ਕਾਰਵਾਈਆਂ ਦੁਆਰਾ ਜੀਵਨ ਦੇ ਕਈ ਖੇਤਰਾਂ ਵਿੱਚ ਨਾਗਰਿਕਾਂ ਨੂੰ ਧਮਕਾਇਆ ਜਾ ਰਿਹਾ ਹੈ, ਪਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਡਰਾਇਆ ਜਾ ਰਿਹਾ ਹੈ। . ਸਿਰਫ ਇਹ ਹੀ ਨਹੀਂ, ਬਲਕਿ ਲਾਇਬ੍ਰੇਰੀਆਂ, ਆਰਟ ਗੈਲਰੀਆਂ ਅਤੇ ਇੱਥੋਂ ਤੱਕ ਕਿ ਕਮਿਊਨਿਟੀ ਸੈਂਟਰਾਂ ਵਰਗੀਆਂ ਸੰਸਥਾਵਾਂ ਨੇ ਪੇਸ਼ਕਾਰੀਆਂ ਅਤੇ ਫਿਲਮਾਂ ਨੂੰ ਰੱਦ ਕਰ ਦਿੱਤਾ ਹੈ ਕਿਉਂਕਿ ਇਜ਼ਰਾਈਲ ਪੱਖੀ ਲਾਬੀ ਨੇ ਉਨ੍ਹਾਂ ਨੂੰ ਰੋਕਣ ਲਈ ਦਖਲ ਦਿੱਤਾ ਹੈ। ਡੇਵਿਡ ਮਾਸਟਰਾਕੀ ਦੇ ਸ਼ਾਨਦਾਰ ਕੰਮ ਵਿੱਚ ਸ਼ਾਮਲ ਕਰਨ ਲਈ ਇੱਥੇ ਇੱਕ ਸੂਚੀ ਹੈ। 1. 29 ਨਵੰਬਰ: ਹੈਮਿਲਟਨ, ਓਨਟਾਰੀਓ ਵਿੱਚ ਵੈਸਟਡੇਲ ਸਿਨੇਮਾ ਗਰੁੱਪ ਦੇ ਬੋਰਡ ਆਫ਼ ਡਾਇਰੈਕਟਰਜ਼ ਨੇ ਇਜ਼ਰਾਈਲਵਾਦ, ਇੱਕ ਦਸਤਾਵੇਜ਼ੀ ਫ਼ਿਲਮ ਦੀ ਸਕ੍ਰੀਨਿੰਗ ਰੱਦ ਕਰ ਦਿੱਤੀ। ਇਜ਼ਰਾਈਲਵਾਦ ਅਮਰੀਕਾ ਵਿੱਚ ਨੌਜਵਾਨ ਯਹੂਦੀਆਂ ਨੂੰ ਦਰਸਾਉਂਦਾ ਹੈ ਜਿਨ੍ਹਾਂ ਨੂੰ 'ਬਿਨਾਂ ਸ਼ਰਤ ਪਿਆਰ' ਕਰਨ ਲਈ ਉਭਾਰਿਆ ਗਿਆ ਸੀ ਇਜ਼ਰਾਈਲ ਹੁਣ 'ਇਸਰਾਈਲ ਫਲਸਤੀਨੀਆਂ ਨਾਲ ਵਹਿਸ਼ੀਆਨਾ ਢੰਗ ਨਾਲ ਪੇਸ਼ ਆਉਂਦਾ ਹੈ' ਦਾ ਸਾਹਮਣਾ ਕਰ ਰਿਹਾ ਹੈ। ਵੈਸਟਡੇਲ ਸਿਨੇਮਾ ਨੇ ਮੰਨਿਆ ਕਿ ਇਸ ਨੂੰ ਫਿਲਮ ਨੂੰ ਰੱਦ ਕਰਨ ਦੀ ਮੰਗ ਕਰਨ ਵਾਲੀਆਂ 12 'ਲਗਭਗ ਇੱਕੋ ਜਿਹੀਆਂ




*ਰੇਮ ਨੇ ਉਸਨੂੰ ਦੱਸਿਆ ਕਿ ਜ਼ਾਇਓਨਿਜ਼ਮ ਵਿਰੋਧੀ ਯਹੂਦੀਵਾਦ ਦੇ ਬਰਾਬਰ ਹੈ । ਇਕ ਹੋਰ ਨੇ ਕਿਹਾ ਕਿ ਉਹ ਆਪਣੇ ਸਾਥੀ ਹੋਣ ਲਈ 'ਨਫ਼ਰਤ' ਸੀ । ਨਿਵਾਸੀ ਨੇ ਕਿਹਾ, 'ਅਸਲ ਵਿੱਚ, ਫਲਸਤੀਨੀ ਪੱਖੀ ਆਵਾਜ਼ਾਂ ਜਾਂ ... ਫਲਸਤੀਨੀ ਮਨੁੱਖੀ ਅਧਿਕਾਰਾਂ ਲਈ ਕਿਸੇ ਵੀ ਵਕਾਲਤ ਨੂੰ ਜ਼ਰੂਰੀ ਤੌਰ 'ਤੇ ਬਦਨਾਮ ਕੀਤਾ ਗਿਆ ਹੈ ਅਤੇ ਅਜਿਹੀ ਚੀਜ਼ ਵਿੱਚ ਬਦਲ ਦਿੱਤਾ ਗਿਆ ਹੈ ਜੋ ਇਹ ਨਹੀਂ ਹੈ ਅਤੇ ਇਹ ਨਿਰਾਸ਼ਾਜਨਕ ਹੈ ।' – ਸੰਪਾਦਕ*

ਈਮੇਲਾਂ' ਪ੍ਰਾਪਤ ਹੋਈਆਂ – ਹਾਲਾਂਕਿ 200 ਟਿਕਟਾਂ ਪਹਿਲਾਂ ਹੀ ਵੇਚੀਆਂ ਜਾ ਚੁੱਕੀਆਂ ਹਨ ਅਤੇ ਸ਼ੋਅ ਦੀ ਯੋਜਨਾ ਬਣਾਉਣ ਤੋਂ ਬਾਅਦ ਫਿਲਮ ਨਿਰਮਾਤਾਵਾਂ ਵਿੱਚੋਂ ਇੱਕ ਨਾਲ ਗੋਲਮੇਜ਼ ਚਰਚਾ ਕੀਤੀ ਗਈ ਸੀ। ਦੋ ਦਿਨਾਂ ਬਾਅਦ, ਜਦੋਂ ਵੈਸਟਡੇਲ ਨੂੰ ਸਿਨੇਮਾ ਸਕ੍ਰੀਨ ਅਤੇ ਗੋਲਮੇਜ਼ ਦੀ ਮੇਜ਼ਬਾਨੀ ਕਰਨ ਦੀ ਮੰਗ ਕਰਨ ਵਾਲੀਆਂ ਈਮੇਲਾਂ ਦਾ ਹੜ੍ਹ ਆਇਆ ਸੀ, ਤਾਂ ਸਿਨੇਮਾ ਬੋਰਡ ਨੇ ਹੌਸਲਾ ਛੱਡਿਆ – ਇਹ ਇੱਕ ਜਿੱਤ ਹੈ। ਪਰ ਇਹ ਇਸ ਸਟਿੰਗ ਤੋਂ ਨਹੀਂ ਹਟਦਾ ਹੈ ਕਿ ਇਜ਼ਰਾਈਲ ਦੀ ਆਲੋਚਨਾਤਮਕ ਫਿਲਮ ਨੂੰ ਪਹਿਲਾਂ ਹੀ ਰੱਦ ਕਰ ਦਿੱਤਾ ਗਿਆ ਸੀ।

2. ਹੈਲੀਫੈਕਸ ਪਬਲਿਕ ਲਾਇਬ੍ਰੇਰੀਆਂ ਨੇ ਮੁੱਖ ਪਬਲਿਕ ਲਾਇਬ੍ਰੇਰੀ ਵਿੱਚ ਆਯੋਜਿਤ ਕੀਤੇ ਜਾਣ ਤੋਂ ਦੋ ਦਿਨ ਪਹਿਲਾਂ ਇੱਕ ਦੋ-ਦਿਨ ਸਮਾਗਮ, 'ਇਸਰਾਈਲੀ ਕਬਜ਼ੇ ਹੇਠ ਫਿਲਸਤੀਨੀ ਹੋਂਦ' ਨੂੰ ਰੱਦ ਕਰ ਦਿੱਤਾ। ਹੈਲੀਫੈਕਸ ਵਿੱਚ ਸੇਂਟ ਮੈਰੀ ਯੂਨੀਵਰਸਿਟੀ ਦੇ ਮਾਨਵ ਵਿਗਿਆਨ ਵਿਭਾਗ ਨੇ 4 ਅਤੇ 6 ਨਵੰਬਰ ਨੂੰ ਇਸ ਮੁੱਦੇ 'ਤੇ ਚਰਚਾ ਕਰਨ ਲਈ ਅੱਠ ਅੰਤਰਰਾਸ਼ਟਰੀ ਅਕਾਦਮਿਕਾਂ ਨੂੰ ਪੇਸ਼ ਕਰਨ ਵਾਲੇ ਦੋ ਪੈਨਲਾਂ ਵਿੱਚ ਸ਼ਾਮਲ ਹੋਣ ਲਈ ਜਨਤਾ ਨੂੰ ਸੱਦਾ ਦਿੱਤਾ। ਪਹਿਲੇ ਸਮਾਗਮ ਤੋਂ ਦੋ ਦਿਨ ਪਹਿਲਾਂ, ਹੈਲੀਫੈਕਸ ਪਬਲਿਕ ਲਾਇਬ੍ਰੇਰੀਆਂ ਦੇ ਮੁੱਖ ਲਾਇਬ੍ਰੇਰੀਅਨ ਨੇ ਪੈਨਲਾਂ ਨੂੰ ਰੱਦ ਕਰ ਦਿੱਤਾ, ਇਸ ਤੱਥ ਦਾ ਹਵਾਲਾ ਦਿੰਦੇ ਹੋਏ ਕਿ ਇਹ ਸਰਬਨਾਸ਼ ਯਾਦਗਾਰ ਹਫ਼ਤਾ ਸੀ, ਇਸ ਲਈ ਸੈਮੀਨਾਰ ਚੰਗੇ ਸਵਾਦ ਵਿੱਚ ਨਹੀਂ ਹੋਣਗੇ। ਲਾਇਬ੍ਰੇਰੀ ਨੇ ਦੋ ਮੀਟਿੰਗ ਕਮਰੇ ਅਲਾਟ ਕੀਤੇ ਸਨ ਅਤੇ ਸਮਾਗਮਾਂ ਨੂੰ ਅਚਾਨਕ ਰੱਦ ਕੀਤੇ ਜਾਣ ਤੋਂ ਪਹਿਲਾਂ ਹੀ ਪੋਸਟਰ ਅਤੇ ਇਸ਼ਤਿਹਾਰਬਾਜ਼ੀ ਸ਼ੁਰੂ ਹੋ ਗਈ ਸੀ। ਲਾਇਬ੍ਰੇਰੀ ਨੇ ਕਦੇ ਵੀ ਸੈਮੀਨਾਰਾਂ ਨੂੰ ਮੁੜ ਤਹਿ ਨਹੀਂ ਕੀਤਾ।

3. ਅਕਤੂਬਰ ਦੇ ਅੱਧ ਵਿੱਚ, ਕੈਨੇਡਾ ਦੇ ਸਭ ਤੋਂ ਵੱਡੇ ਸੰਚਾਰ ਨੈੱਟਵਰਕ, ਬੈੱਲ ਕੈਨੇਡਾ ਐਂਟਰਪ੍ਰਾਈਜ਼ਿਜ਼ (ਬੀ.ਸੀ.ਈ.), ਨੇ ਐਟਲਾਂਟਿਕ ਕੈਨੇਡਾ ਵਿੱਚ ਆਪਣੇ ਸਟਾਫ ਨੂੰ ਇੱਕ ਈਮੇਲ ਭੇਜੀ – ਅਤੇ ਸੰਭਵ ਤੌਰ 'ਤੇ ਦੇਸ਼ ਭਰ ਵਿੱਚ ਬੈੱਲ ਦੁਆਰਾ ਨਿਯੁਕਤ ਕੀਤੇ ਗਏ ਹਰੇਕ ਵਿਅਕਤੀ ਨੂੰ। ਈਮੇਲ ਵਿੱਚ ਕਿਹਾ ਗਿਆ ਹੈ, 'ਇਸਰਾਈਲ ਵਿੱਚ ਬੇਕਸੂਰ ਲੋਕਾਂ ਦੇ ਖਿਲਾਫ ਹਮਾਸ ਦੁਆਰਾ ਭਿਆਨਕ ਅੱਤਵਾਦੀ ਹਮਲੇ ਦੁਖਦਾਈ ਹਨ। ... ਬੈੱਲ ਹਿੰਸਾ ਅਤੇ ਨਫ਼ਰਤ ਦੇ ਸਾਰੇ ਰੂਪਾਂ ਦੀ ਸਖ਼ਤ ਨਿੰਦਾ ਕਰਦਾ ਹੈ। ਬੇਲ ਨੂੰ ਛੱਡ ਕੇ ਕਦੇ ਵੀ ਫਲਸਤੀਨੀ ਦੁੱਖਾਂ ਬਾਰੇ ਇੱਕ ਸ਼ਬਦ ਨਹੀਂ ਕਿਹਾ – ਅਤੇ ਜਿਵੇਂ ਕਿ ਅਸੀਂ ਜਾਣਦੇ ਹਾਂ, ਯੁੱਧ ਦੇ ਸ਼ੁਰੂ ਵਿੱਚ ਵੀ, ਇੱਕ ਇਜ਼ਰਾਈਲੀ ਨੂੰ 5 ਫਲਸਤੀਨੀ ਮਾਰੇ ਗਏ ਸਨ। ਬੇਸ਼ੱਕ, ਇਹ ਸੰਖਿਆ 4 ਦਸੰਬਰ ਤੱਕ ਤੇਜ਼ੀ ਨਾਲ ਵਧੀ ਹੈ।

4. ਸੂਜ਼ਨ ਕਿਮ, ਵਿਕਟੋਰੀਆ, ਬੀ.ਸੀ. ਵਿੱਚ ਇੱਕ ਸਿਟੀ ਕੌਂਸਲਰ, ਸਿਰਫ਼ ਦੋ ਚੁਣੇ ਗਏ ਕੈਨੇਡੀਅਨ ਸਿਆਸਤਦਾਨਾਂ ਵਿੱਚੋਂ ਇੱਕ ਹੈ (ਦੂਜਾ ਸਾਰਾਹ ਜਾਮਾ, ਹੈਮਿਲਟਨ, ਓਨਟਾਰੀਓ ਵਿੱਚ ਐਮਪੀਪੀ ਹੈ) ਗਾਜ਼ਾ ਵਿੱਚ ਜੰਗਬੰਦੀ ਦੀ ਮੰਗ ਕਰਨ ਵਾਲੇ ਇੱਕ ਪੱਤਰ 'ਤੇ ਦਸਤਖਤ ਕਰਨ ਅਤੇ ਕੈਨੇਡੀਅਨ ਸਿਆਸੀ ਨੇਤਾਵਾਂ 'ਤੇ ਦੋਸ਼ ਲਗਾਉਣ ਲਈ। ਗਾਜ਼ਾ ਵਿੱਚ ਇਜ਼ਰਾਈਲ ਦੁਆਰਾ ਫਲਸਤੀਨੀਆਂ ਦੇ ਕਤਲ ਵਿੱਚ ਸ਼ਾਮਲ ਹੋਣ ਦਾ. ਕਿਮ ਸ਼ਹਿਰ ਦੀ ਕੌਂਸਲਰ ਹੈ। ਖੁੱਲੇ ਪੱਤਰ ਵਿੱਚ – ਜਿਸ 'ਤੇ ਪਹਿਲਾਂ ਜਾਮਾ ਦੁਆਰਾ ਦਸਤਖਤ ਕੀਤੇ ਗਏ ਸਨ ਅਤੇ ਯੂਨੀਵਰਸਿਟੀ ਆਫ ਅਲਬਰਟਾ ਸੈਕਸੁਅਲ ਅਸਾਲਟ ਸੈਂਟਰ ਦੇ ਹੁਣ ਕੱਢੇ ਗਏ ਨਿਰਦੇਸ਼ਕ ਦੁਆਰਾ – ਇਸ ਦੋਸ਼ 'ਤੇ ਸਵਾਲ ਉਠਾਉਂਦੇ ਹਨ ਕਿ ਫਲਸਤੀਨੀਆਂ ਨੇ 7 ਅਕਤੂਬਰ ਦੇ ਹਮਲਿਆਂ ਦੌਰਾਨ ਇਜ਼ਰਾਈਲੀ ਔਰਤਾਂ 'ਤੇ ਜਿਨਸੀ ਹਮਲੇ ਕੀਤੇ ਸਨ। ਸੂਬੇ ਦੀ ਵਿਰੋਧੀ ਧਿਰ ਬੀਸੀ ਯੂਨਾਈਟਿਡ ਪਾਰਟੀ ਦੇ ਆਗੂ ਨੇ ਕਿਮ ਦੇ ਅਸਤੀਫੇ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ 8,600 ਲੋਕਾਂ ਨੇ ਇਕ ਪਟੀਸ਼ਨ 'ਤੇ ਦਸਤਖਤ ਕਰਕੇ ਉਸ ਨੂੰ ਅਸਤੀਫਾ ਦੇਣ ਲਈ ਕਿਹਾ ਸੀ। ਦਿਲਚਸਪ ਗੱਲ ਇਹ ਹੈ ਕਿ ਵਿਕਟੋਰੀਆ ਦੀ ਮੇਅਰ ਮਾਰੀਅਨ ਆਲਟੋ ਨੇ ਕਿਮ ਦੀ ਨਿੰਦਾ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਹਰ ਕੌਂਸਲਰ ਨੂੰ ਆਪਣੇ ਵਿਚਾਰ ਰੱਖਣ ਦਾ ਅਧਿਕਾਰ ਹੈ।

5. ਕਿਊਬਿਕ ਵਿੱਚ, ਕਿਊਬਿਕ ਵਿਧਾਨ ਸਭਾ ਦੇ ਇੱਕ ਲਿਬਰਲ ਮੈਂਬਰ, ਐਮਐਨਏ ਬ੍ਰਿਗਿਟ ਗਾਰਸੀਓ ਲਈ ਇੱਕ ਅਣਪਛਾਤੇ ਸਿਆਸੀ ਕਰਮਚਾਰੀ ਨੂੰ ਸੋਸ਼ਲ ਮੀਡੀਆ 'ਤੇ ਦੋ ਪੋਸਟਾਂ ਨੂੰ 'ਪਸੰਦ' ਕਰਨ ਲਈ ਬਰਖਾਸਤ ਕਰ ਦਿੱਤਾ ਗਿਆ ਸੀ। ਸਟਾਫਰ ਨੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਨੂੰ 'ਪਸੰਦ' ਕੀਤਾ ਜਿਸ ਵਿੱਚ 12 ਅਕਤੂਬਰ ਨੂੰ ਫਲਸਤੀਨੀਆਂ ਨਾਲ ਏਕਤਾ ਵਿੱਚ ਮਾਂਟਰੀਅਲ ਰੈਲੀ ਦਾ ਜ਼ਿਕਰ ਕੀਤਾ ਗਿਆ ਸੀ। ਫਿਰ ਉਸਨੇ ਇੱਕ ਵਿਦਿਆਰਥੀ ਸਮੂਹ ਦੀ ਇੱਕ ਪੋਸਟ ਨੂੰ 'ਪਸੰਦ' ਕੀਤਾ ਜਿਸ ਵਿੱਚ ਫਲਸਤੀਨੀਆਂ ਦੀ ਘੇਰਾਬੰਦੀ ਕੀਤੀ ਗਈ ਸੀ। ਕਰਮਚਾਰੀ ਨੂੰ ਦੱਸਿਆ ਗਿਆ ਸੀ ਕਿ ਫਲਸਤੀਨ ਨਾਲ ਉਸਦੀ 'ਸਾਈਡਿੰਗ' ਲਿਬਰਲ ਪਾਰਟੀ ਦੀ ਨੀਤੀ ਦੀ ਉਲੰਘਣਾ ਕਰਦੀ ਹੈ।

6. ਨਵੰਬਰ ਦੇ ਸ਼ੁਰੂ ਵਿੱਚ ਟੋਰਾਂਟੋ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਦੇ ਨਾਲ ਗ੍ਰੈਜੂਏਟ ਹੋਈ ਇੱਕ ਵਿਦਿਆਰਥੀ ਨੂੰ ਕਿਹਾ ਗਿਆ ਸੀ ਕਿ ਉਹ ਆਪਣਾ ਕੈਫੀਏਹ ਸਕਾਰਫ਼ ਉਤਾਰ ਦੇਵੇ ਨਹੀਂ ਤਾਂ ਉਸਨੂੰ ਡਿਗਰੀ ਪ੍ਰਾਪਤ ਕਰਨ ਲਈ ਸਟੇਜ ਤੋਂ ਪਾਰ ਨਹੀਂ ਚੱਲਣ ਦਿੱਤਾ ਜਾਵੇਗਾ। ਉਸਨੇ ਦੇਖਿਆ ਕਿ ਸਵਦੇਸ਼ੀ ਗ੍ਰੈਜੂਏਟਾਂ ਨੂੰ ਰਿਬਨ ਸਕਰਟ ਪਹਿਨਣ ਦੀ ਇਜਾਜ਼ਤ ਦਿੱਤੀ ਗਈ ਸੀ ਅਤੇ ਇੱਕ ਦੱਖਣੀ-ਏਸ਼ੀਅਨ ਮਹਿਲਾ ਵਿਦਿਆਰਥੀ ਨੂੰ ਉਸਦਾ ਨਸਲੀ ਪਹਿਰਾਵਾ ਪਹਿਨਣ ਦੀ ਇਜਾਜ਼ਤ ਦਿੱਤੀ ਗਈ ਸੀ। ਇੱਕ ਕਾਲੇ ਗ੍ਰੈਜੂਏਟ ਨੂੰ ਇੱਕ ਸਕਾਰਫ਼ ਪਹਿਨਣ ਦੀ ਇਜਾਜ਼ਤ ਦਿੱਤੀ ਗਈ ਸੀ ਜੋ ਬਲੈਕ ਗ੍ਰੇਡ ਮੈਟਰ ਪੜ੍ਹਦਾ ਹੈ। ਪਰ ਮਾਸਟਰ ਦੇ ਵਿਦਿਆਰਥੀ ਨੂੰ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ ਉਹ ਕੇਫੀਆ ਨੂੰ ਹਟਾ ਦੇਵੇ ਨਹੀਂ ਤਾਂ ਉਹ ਗ੍ਰੈਜੂਏਟ ਨਹੀਂ ਹੋਵੇਗੀ। ਸ਼ਰਮਿੰਦਗੀ ਤੋਂ ਬਚਣ ਲਈ, ਖਾਸ ਤੌਰ 'ਤੇ ਉਸ ਦੇ ਮਾਤਾ-ਪਿਤਾ ਲਈ ਜੋ ਸ਼ੁਰੂਆਤ 'ਤੇ ਸਨ, ਉਸਨੇ ਸਕਾਰਫ ਉਤਾਰ ਦਿੱਤਾ।

7. 5 ਨਵੰਬਰ ਨੂੰ ਇੱਕ ਰੈਲੀ ਵਿੱਚ, ਕੈਲਗਰੀ ਪੁਲਿਸ ਨੇ ਵੇਸਮ ਖਾਲਿਦ 'ਤੇ ਗੜਬੜ ਪੈਦਾ ਕਰਨ ਦਾ ਦੋਸ਼ ਲਗਾਇਆ ਅਤੇ 'ਨਫ਼ਰਤ ਵਾਲੀ ਪ੍ਰੇਰਣਾ' ਲਾਗੂ ਕੀਤੀ ਜੋ – ਜੇਕਰ ਦੋਸ਼ੀ ਪਾਇਆ ਜਾਂਦਾ ਹੈ – ਤਾਂ ਜੁਰਮਾਨੇ ਵਿੱਚ ਵਾਧਾ ਹੋਵੇਗਾ। ਪੁਲਿਸ ਨੇ ਇੱਕ ਬਿਆਨ ਜਾਰੀ ਕੀਤਾ ਜਿਸ ਵਿੱਚ ਕਿਹਾ ਗਿਆ ਹੈ ਕਿ ਖਾਲਿਦ '... ਫਿਰ ਭੀੜ ਨੂੰ ਨਾਲ ਚੱਲਣ ਲਈ ਉਤਸ਼ਾਹਿਤ ਕਰਦੇ ਹੋਏ ਵਾਰ-ਵਾਰ ਇੱਕ ਵਿਰੋਧੀ ਵਾਕਾਂਸ਼ ਦੀ ਵਰਤੋਂ ਕਰਨ ਲਈ ਅੱਗੇ ਵਧਿਆ।' ਮੁਹਾਵਰਾ ਸੀ 'ਨਦੀ ਤੋਂ ਸਮੁੰਦਰ ਤੱਕ, ਫਲਸਤੀਨ ਆਜ਼ਾਦ ਹੋਵੇਗਾ।' ਤਾਜ ਨੇ ਦੋਸ਼ਾਂ ਨੂੰ ਰੋਕਣ ਦਾ ਫੈਸਲਾ ਕੀਤਾ – ਪਰ ਸਪੱਸ਼ਟ ਤੌਰ 'ਤੇ ਕੈਨੇਡੀਅਨ ਕਾਨੂੰਨ ਲਾਗੂ ਕਰਨ ਵਾਲੇ ਇਸ ਪ੍ਰਗਟਾਵੇ ਨੂੰ ਅਪਰਾਧਿਕ ਅਤੇ ਨਫ਼ਰਤ ਭਰੇ ਮੰਨ ਰਹੇ ਹਨ।

8. 22 ਅਕਤੂਬਰ ਨੂੰ, ਪੁਲਿਸ ਨੇ ਲੰਡਨ, ਓਨਟਾਰੀਓ ਦੇ ਡਾ: ਤਾਰੇਕ ਲੂਬਾਨੀ 'ਤੇ ਉਸ ਦੇ ਦਫ਼ਤਰ ਦੇ ਬਾਹਰ ਜੰਗਬੰਦੀ ਦੀ ਮੰਗ ਕਰਨ ਵਾਲੇ ਪ੍ਰਦਰਸ਼ਨ ਤੋਂ ਬਾਅਦ ਲੰਡਨ ਉੱਤਰੀ ਐਮਪੀ ਪੀਟਰ ਫ੍ਰੈਗਿਸਕਾਟੋਸ ਦੇ ਦਫ਼ਤਰ ਦੇ ਦਰਵਾਜ਼ੇ 'ਤੇ ਕੈਚੱਪ ਪਾ ਕੇ ਸ਼ਰਾਰਤੀ ਕਰਨ ਦਾ ਦੋਸ਼ ਲਗਾਇਆ। ਡਾ: ਲੂਬਾਨੀ, ਜੋ ਕਿ ਇੱਕ ਕੈਨੇਡੀਅਨ ਮੈਡੀਕਲ ਡਾਕਟਰ ਹੈ, ਨੇ ਗਾਜ਼ਾ ਵਿੱਚ ਮਰੀਜ਼ਾਂ ਦੀ ਦੇਖਭਾਲ ਕੀਤੀ ਹੈ; 2018 ਵਿੱਚ, ਇਜ਼ਰਾਈਲੀ ਸਨਾਈਪਰਾਂ ਨੇ ਉਸਨੂੰ ਦੋਵੇਂ ਲੱਤਾਂ ਵਿੱਚ ਗੋਲੀ ਮਾਰ ਦਿੱਤੀ ਜਦੋਂ ਉਹ ਅਜਿਹਾ ਕਰ ਰਿਹਾ ਸੀ। ਲੰਡਨ ਵਿੱਚ, ਡਾ: ਲੂਬਾਨੀ ਨੂੰ ਇੱਕ ਰਾਤ ਜੇਲ੍ਹ ਵਿੱਚ ਬਿਤਾਉਣੀ ਪਈ, ਹਾਲਾਂਕਿ ਉਸ ਨੂੰ 6 ਦਸੰਬਰ ਨੂੰ ਮੁਕੱਦਮਾ ਲੰਬਿਤ ਹੋਣ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ ਸੀ। ਇਹ ਸ਼ੱਕੀ ਹੈ ਕਿ ਸ਼ਰਾਰਤ ਦੇ ਦੋਸ਼ੀ ਕਿਸੇ ਹੋਰ ਨੂੰ ਜੇਲ੍ਹ ਵਿੱਚ ਇੱਕ ਰਾਤ ਕੱਟਣੀ ਪਈ ਹੈ। ਉਸ ਦੇ ਵਕੀਲਾਂ ਨੇ ਨੋਟ ਕੀਤਾ ਕਿ ਕੈਚੱਪ ਨੂੰ ਸਕਿੱਟ ਕਰਨਾ ਕੋਈ ਜੁਰਮ ਨਹੀਂ ਹੈ, ਜਿਵੇਂ ਕਿ ਇੱਕ ਨੇ ਕਿਹਾ, 'ਜਨਤਾ ਦੇ ਮੈਂਬਰਾਂ ਨੂੰ ਆਪਣੇ ਚੁਣੇ ਹੋਏ ਅਧਿਕਾਰੀਆਂ ਵਿਰੁੱਧ ਵਿਰੋਧ ਕਰਨ ਦਾ ਸੰਵਿਧਾਨਕ ਅਧਿਕਾਰ ਹੈ।'

9. ਅਨੀਸ਼ੀਨਾਬੇ ਕਲਾਕਾਰ ਅਤੇ ਲੇਖਕ ਵਾਂਡਾ ਨਾਨੀਬੁਸ਼ ਓਨਟਾਰੀਓ ਦੀ ਆਰਟ ਗੈਲਰੀ (AGO) ਦੀ ਪਹਿਲੀ ਸਵਦੇਸ਼ੀ ਕੈਨੇਡੀਅਨ ਕਿਊਰੇਟਰ ਸੀ। ਉਸਨੂੰ 2016 ਵਿੱਚ ਨੌਕਰੀ 'ਤੇ ਰੱਖਿਆ ਗਿਆ ਸੀ, ਪਰ ਅਕਤੂਬਰ 2023 ਦੇ ਅੱਧ ਤੱਕ, ਉਹ ਹੁਣ ਗੈਲਰੀ ਦੁਆਰਾ ਕੰਮ 'ਤੇ ਨਹੀਂ ਹੈ। ਇਜ਼ਰਾਈਲ ਮਿਊਜ਼ੀਅਮ ਆਫ਼ ਆਰਟਸ ਕੈਨੇਡਾ (ਆਈਐਮਏਏਸੀ) – ਪਹਿਲਾਂ ਕੈਨੇਡੀਅਨ ਫਰੈਂਡਜ਼ ਆਫ਼ ਇਜ਼ਰਾਈਲ ਮਿਊਜ਼ੀਅਮ ਵਜੋਂ ਜਾਣਿਆ ਜਾਂਦਾ ਸੀ – ਨੇ ਗਾਜ਼ਾ 'ਤੇ ਇਜ਼ਰਾਈਲ ਦੀ ਬੰਬਾਰੀ ਬਾਰੇ ਨਾਨੀਬਸ਼ ਦੇ ਜਨਤਕ 'ਨਫ਼ਰਤ ਭਰੇ ਵਿਚਾਰਾਂ' ਅਤੇ 'ਵਿਟ੍ਰੀਓਲ' ਦਾ ਵਿਰੋਧ ਕਰਦੇ ਹੋਏ AGO ਨੂੰ 'ਚਿੰਤਾ' ਦੀ ਇੱਕ ਈਮੇਲ ਭੇਜੀ। ਈਮੇਲ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਨਾਨੀਬੁਸ਼ ਨੇ 'ਇਸਰਾਈਲ ਦੇ ਵਿਰੁੱਧ ਭੜਕਾਊ, ਗਲਤ ਰੰਜਿਸ਼ਾਂ' ਪੋਸਟ ਕੀਤੀਆਂ ਹਨ। ਬਿਨਾਂ ਸ਼ੱਕ ਈਮੇਲ ਤੋਂ ਨਤੀਜਾ ਉਸ ਦੇ ਹੈਰਾਨ ਕਰਨ ਵਾਲੇ ਨਿਕਾਸ ਦਾ ਕਾਰਨ ਬਣਿਆ। ਉਸ ਦੇ ਵਿਰੋਧੀਆਂ ਨੇ ਨਾਨੀਬੁਸ਼ ਦੀਆਂ ਸੋਸ਼ਲ ਮੀਡੀਆ ਪੋਸਟਾਂ ਨੂੰ ਨੋਟ ਕੀਤਾ, ਜਿਸ ਵਿੱਚ ਨਸਲਕੁਸ਼ੀ ਅਤੇ ਬਸਤੀਵਾਦ ਵਿੱਚ ਇਜ਼ਰਾਈਲ ਦੀ ਭੂਮਿਕਾ ਦਾ ਹਵਾਲਾ ਦਿੱਤਾ ਗਿਆ, ਕਈ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਨੇਤਾਵਾਂ ਅਤੇ ਸੰਗਠਨਾਂ ਦੁਆਰਾ ਵੀ ਨਿੰਦਾ ਕੀਤੀ ਗਈ। AGO ਨੇ ਨਾਨੀਬੁਸ਼ ਦੇ ਜਾਣ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ, ਪਰ ਗੈਲਰੀ ਦੀ ਵੈਬਸਾਈਟ 'ਤੇ ਉਸਦੀ ਮੌਜੂਦਗੀ ਨੂੰ 'ਚੁੱਪਚਾਪ ਰਗੜਿਆ' ਗਿਆ ਹੈ। ਸੱਟ ਦੇ ਅਪਮਾਨ ਨੂੰ ਜੋੜਨ ਲਈ, ਉਸੇ IMAAC ਈਮੇਲ ਨੇ AGO ਨੂੰ 'ਯਹੂਦੀ ਭਾਈਚਾਰੇ ਲਈ ਨਿੱਜੀ ਵਚਨਬੱਧਤਾਵਾਂ' ਕਰਨ ਦੀ ਮੰਗ ਕੀਤੀ ਹੈ, ਜੋ ਕਿ ਅੰਤਰਰਾਸ਼ਟਰੀ ਹੋਲੋਕਾਸਟ ਰੀਮੇਮਬਰੈਂਸ ਅਲਾਇੰਸ (IHRA) ਦੀ ਸਮਾਜ ਵਿਰੋਧੀ ਪਰਿਭਾਸ਼ਾ ਦੇ ਆਧਾਰ 'ਤੇ ਆਪਣੇ ਕਿਊਰੇਟੋਰੀਅਲ ਸਟਾਫ ਲਈ ਲਾਜ਼ਮੀ ਸੰਵੇਦਨਸ਼ੀਲਤਾ ਸਿਖਲਾਈ ਨੂੰ ਲਾਗੂ ਕਰਕੇ ਹੈ।

10. ਅਕਤੂਬਰ ਦੇ ਸ਼ੁਰੂ ਵਿੱਚ, ਮੈਕਗਿਲ ਯੂਨੀਵਰਸਿਟੀ, ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ, ਟੋਰਾਂਟੋ ਯੂਨੀਵਰਸਿਟੀ, ਟੋਰਾਂਟੋ ਮੈਟਰੋਪੋਲੀਟਨ ਯੂਨੀਵਰਸਿਟੀ ਅਤੇ ਯਾਰਕ ਯੂਨੀਵਰਸਿਟੀ ਦੇ ਵਿਦਿਆਰਥੀ ਸਮੂਹਾਂ ਨੇ ਫਲਸਤੀਨ ਦੇ ਲੋਕਾਂ ਲਈ ਉਹਨਾਂ ਦੇ ਸਮਰਥਨ ਨੂੰ ਦਰਸਾਉਂਦੇ ਹੋਏ ਅਤੇ ਚੱਲ ਰਹੇ ਨਸਲਕੁਸ਼ੀ ਨੂੰ ਖਤਮ ਕਰਨ ਦੀ ਮੰਗ ਕਰਦੇ ਹੋਏ ਰੈਲੀਆਂ ਕੀਤੀਆਂ ਅਤੇ ਬਿਆਨ ਪ੍ਰਕਾਸ਼ਿਤ ਕੀਤੇ। ਗਾਜ਼ਾ ਵਿੱਚ ਜਵਾਬ ਵਿੱਚ, ਹਰੇਕ ਯੂਨੀਵਰਸਿਟੀ ਪ੍ਰਸ਼ਾਸਨ ਨੇ ਬਿਆਨਾਂ ਦੀ ਨਿੰਦਾ ਕੀਤੀ ਅਤੇ ਵਿਦਿਆਰਥੀ ਯੂਨੀਅਨਾਂ ਨੂੰ ਰੱਦ ਕਰਨ ਦੀ ਧਮਕੀ ਦਿੱਤੀ। 13 ਅਕਤੂਬਰ ਨੂੰ, ਲਿਬਰਲ ਐਮਪੀ ਐਂਥਨੀ ਹਾਉਸਫਾਦਰ ਨੇ ਯੌਰਕ ਯੂਨੀਵਰਸਿਟੀ ਨੂੰ ਕੈਂਪਸ ਵਿੱਚ ਯਹੂਦੀ ਅਤੇ 'ਇਜ਼ਰਾਈਲ ਪੱਖੀ' ਵਿਦਿਆਰਥੀਆਂ ਲਈ ਇੱਕ ਸੁਰੱਖਿਅਤ ਜਗ੍ਹਾ ਬਣਾਈ ਰੱਖਣ ਲਈ ਆਪਣੀਆਂ ਤਿੰਨ ਵਿਦਿਆਰਥੀ ਐਸੋਸੀਏਸ਼ਨਾਂ ਨੂੰ ਪ੍ਰਮਾਣਿਤ ਕਰਨ ਦੀ ਮੰਗ ਕੀਤੀ।

11. ਅਕਤੂਬਰ 20 ਨੂੰ, ਯਾਰਕ ਯੂਨੀਵਰਸਿਟੀ ਦੇ ਪ੍ਰਧਾਨ ਨੇ ਘੋਸ਼ਣਾ ਕੀਤੀ ਕਿ ਉਹ ਵਿਦਿਆਰਥੀ ਕੌਂਸਲਾਂ ਅਤੇ ਉਹਨਾਂ ਦੇ ਕਾਰਜਕਾਰੀਆਂ ਨੂੰ ਗਾਜ਼ਾ 'ਤੇ ਜੰਗ ਬਾਰੇ ਆਪਣੇ ਬਿਆਨ ਵਾਪਸ ਲੈਣ ਅਤੇ ਬਿਆਨਾਂ ਨੂੰ ਉਹਨਾਂ ਦੀਆਂ ਵੈੱਬਸਾਈਟਾਂ ਤੋਂ ਹਟਾਉਣ ਲਈ ਪੰਜ ਦਿਨ

ਦੇ ਰਹੀ ਹੈ। ਵਿਦਿਆਰਥੀ ਨੇਤਾਵਾਂ ਨੂੰ ਵੀ "ਸਾਮ ਵਿਰੋਧੀ ਜਾਂ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਜਾਂ ਹਿੰਸਾ ਦਾ ਸਮਰਥਨ ਜਾਂ ਸਮਰਥਨ ਨਹੀਂ ਕਰਨਾ ਸੀ, ਅਤੇ ਉਹਨਾਂ ਨੂੰ ਆਪਣੇ ਕੌਂਸਲ ਅਹੁਦਿਆਂ ਤੋਂ ਅਸਤੀਫਾ ਦੇਣਾ ਪਿਆ। ਜੇਕਰ ਉਹ ਉਨ੍ਹਾਂ ਸਖ਼ਤ ਹੁਕਮਾਂ ਨਾਲ ਸਹਿਮਤ ਨਹੀਂ ਹੁੰਦੇ ਸਨ, ਤਾਂ ਵਿਦਿਆਰਥੀਆਂ ਨੂੰ ਸਾਬਤ ਕਰਨਾ ਪੈਂਦਾ ਸੀ ਕਿ ਉਨ੍ਹਾਂ ਨੇ ਵਿਦਿਆਰਥੀ ਸੰਗਠਨਾਂ ਨੂੰ ਨਿਯਮਤ ਕਰਨ ਵਾਲੇ ਨਿਯਮਾਂ ਦੀ ਉਲੰਘਣਾ ਨਹੀਂ ਕੀਤੀ ਸੀ। ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਮਾਮਲਿਆਂ ਵਿੱਚ ਇਸ ਤਰ੍ਹਾਂ ਦੀ ਸਿਆਸੀ ਦਖਲ ਅੰਦਾਜ਼ੀ ਲਗਭਗ ਅਣਸੁਣੀ ਹੈ।

12. 17 ਅਕਤੂਬਰ ਨੂੰ, ਓਨਟਾਰੀਓ ਦੀ ਯੂਨੀਵਰਸਿਟੀਆਂ ਦੀ ਮੰਤਰੀ, ਜਿਲ ਡਨਲੌਪ, ਯੌਰਕ ਯੂਨੀਵਰਸਿਟੀ ਦੀਆਂ ਤਿੰਨ ਵਿਦਿਆਰਥੀ ਕੌਂਸਲਾਂ ਅਤੇ ਟੋਰਾਂਟੋ ਮਿਸੀਸਾਗਾ ਯੂਨੀਵਰਸਿਟੀ ਵਿੱਚ ਇੱਕ 'ਨਫ਼ਰਤ ਭਰੇ ਬਿਆਨ' ਜਾਰੀ ਕਰਨ ਲਈ ਨਿੰਦਾ ਕਰਨ ਲਈ ਵਿਧਾਨ ਸਭਾ ਵਿੱਚ ਖੜ੍ਹੀ ਹੋਈ ਸੀ, ਜਿਸ ਨੂੰ ਉਸਨੇ ਕਿਹਾ ਸੀ ਕਿ ਉਹ ਯਹੂਦੀ ਵਿਰੋਧੀ ਸਨ ਕਿਉਂਕਿ ਉਨ੍ਹਾਂ ਨੇ ਆਲੋਚਨਾ ਕੀਤੀ ਸੀ। ਗਾਜ਼ਾ 'ਤੇ ਇਜ਼ਰਾਈਲ ਦੀ ਬੰਬਾਰੀ ਅਤੇ ਹਜ਼ਾਰਾਂ ਫਲਸਤੀਨੀਆਂ ਦੀ ਹੱਤਿਆ। ਡਨਲੌਪ ਨੇ ਵੀ ਤਿੰਨ ਦਾ ਨਾਂ ਲਿਆ


ਹੇਮ ਨੇ ਉਸਨੂੰ ਦੱਸਿਆ ਕਿ ਜ਼ਾਇਓਨਿਜ਼ਮ ਵਿਰੋਧੀ ਯਹੂਦੀਵਾਦ ਦੇ ਬਰਾਬਰ ਹੈ। ਇਕ ਹੋਰ ਨੇ ਕਿਹਾ ਕਿ ਉਹ ਆਪਣੇ ਸਾਥੀ ਹੋਣ ਲਈ 'ਨਫ਼ਰਤ' ਸੀ। ਨਿਵਾਸੀ ਨੇ ਕਿਹਾ, 'ਅਸਲ ਵਿੱਚ, ਫਲਸਤੀਨੀ ਪੱਖੀ ਆਵਾਜ਼ਾਂ ਜਾਂ ... ਫਲਸਤੀਨੀ ਮਨੁੱਖੀ ਅਧਿਕਾਰਾਂ ਲਈ ਕਿਸੇ ਵੀ ਵਕਾਲਤ ਨੂੰ ਜ਼ਰੂਰੀ ਤੌਰ 'ਤੇ ਬਦਨਾਮ ਕੀਤਾ ਗਿਆ ਹੈ ਅਤੇ ਅਜਿਹੀ ਚੀਜ਼ ਵਿੱਚ ਬਦਲ ਦਿੱਤਾ ਗਿਆ ਹੈ ਜੋ ਇਹ ਨਹੀਂ ਹੈ ਅਤੇ ਇਹ ਨਿਰਾਸ਼ਾਜਨਕ ਹੈ।' ਨਿਵਾਸੀ ਨੇ ਦੱਸਿਆ ਕਿ ਯੂਨੀਵਰਸਿਟੀ ਨੇ ਕੁਝ ਨਹੀਂ ਕਿਹਾ, ਜੋ ਹੋਰ ਵੀ ਨਿਰਾਸ਼ਾਜਨਕ ਹੈ। ਉਸਨੇ ਕਿਹਾ, 'ਮੈਂ ਮਹਿਸੂਸ ਕਰਦਾ ਹਾਂ ਕਿ ਇਹ ਚੁੱਪ ਰਹਿਣ ਦੇ ਸੱਭਿਆਚਾਰ ਵਿੱਚ ਯੋਗਦਾਨ ਪਾਉਂਦਾ ਹੈ।' 21. 2 ਦਸੰਬਰ ਨੂੰ, ਇਜ਼ਰਾਈਲ ਨੇ ਯਰੂਸ਼ਲਮ-ਅਧਾਰਤ ਲਿਨ ਹੇਸਟਿੰਗਜ਼ ਦਾ ਵੀਜ਼ਾ ਰੀਨਿਊ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸਦਾ ਮਤਲਬ ਹੈ ਕਿ ਉਸ ਨੂੰ ਦਸੰਬਰ ਦੇ ਅੰਤ ਤੱਕ ਇਜ਼ਰਾਈਲ ਛੱਡਣਾ ਪਵੇਗਾ। ਇੱਕ ਕੈਨੇਡੀਅਨ, ਹੇਸਟਿੰਗਜ਼ ਕੋਲ ਸੰਯੁਕਤ ਰਾਸ਼ਟਰ ਦਾ ਇੱਕ ਉੱਚ ਅਹੁਦਾ ਹੈ- ਉਹ ਕਬਜ਼ੇ ਵਾਲੇ ਫਲਸਤੀਨੀ ਪ੍ਰਦੇਸ਼ਾਂ ਲਈ ਮਾਨਵਤਾਵਾਦੀ ਸਹਾਇਤਾ ਕੋਆਰਡੀਨੇਟਰ ਹੈ। ਇਜ਼ਰਾਈਲ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਹੇਸਟਿੰਗਜ਼ 'ਨਿਰਪੱਖ ਨਹੀਂ" ਅਤੇ 'ਖਤਰਨਾਕ ਬਿਆਨਬਾਜ਼ੀ' ਨਾਲ ਭਰਿਆ ਹੋਇਆ ਸੀ। ਸੰਯੁਕਤ ਰਾਸ਼ਟਰ ਵਿੱਚ ਇਜ਼ਰਾਈਲ ਦੇ ਰਾਜਦੂਤ, ਗਿਲਾਡ ਏਰਡਨ, ਨੇ ਦਾਅਵਾ ਕੀਤਾ ਕਿ ਸੰਯੁਕਤ ਰਾਸ਼ਟਰ ਦੇ ਕੁਝ ਅਧਿਕਾਰੀਆਂ ਨੇ ਸਥਿਤੀ ਬਾਰੇ 'ਝੂਠ ਫੈਲਾਇਆ' ਸੀ। 22. ਆਰਟ ਕੈਨੇਡਾ ਇੰਸਟੀਚਿਊਟ (ਏਸੀਆਈ), ਜੋ ਕਿ ਟੋਰਾਂਟੋ ਯੂਨੀਵਰਸਿਟੀ ਦੇ ਮੈਸੀ ਕਾਲਜ ਦਾ ਹਿੱਸਾ ਹੈ, ਨੇ ਇੱਕ ਔਨਲਾਈਨ ਕਲਾ ਪ੍ਰਦਰਸ਼ਨੀ ਨੂੰ ਰੱਦ ਕਰ ਦਿੱਤਾ ਜਿਸ ਵਿੱਚ ਅਰਬ-ਕੈਨੇਡੀਅਨ, ਮੁਸਲਿਮ ਅਤੇ ਕੁਝ ਦੱਖਣੀ ਏਸ਼ੀਆਈ ਕਲਾਕਾਰਾਂ ਦੇ ਇੱਕ ਸਮੂਹ ਦੁਆਰਾ ਫੋਟੋਗ੍ਰਾਫਿਕ ਕੰਮ ਦਿਖਾਇਆ ਗਿਆ ਸੀ। ਸ਼ੋਅ ਤੋਂ ਪੰਜ ਦਿਨ ਪਹਿਲਾਂ, ਲੈਂਡਸ ਵਿਦਿਨ, 28 ਨਵੰਬਰ ਨੂੰ ਸ਼ੁਰੂ ਹੋਣਾ ਸੀ, ਏਸੀਆਈ ਦੀ ਸੰਸਥਾਪਕ ਅਤੇ ਕਾਰਜਕਾਰੀ ਨਿਰਦੇਸ਼ਕ, ਸਾਰਾ ਏਂਜਲ, ਨੇ ਜ਼ੋਰ ਦੇ ਕੇ ਕਿਹਾ ਕਿ ਕੰਮ ਨੂੰ ਆਖਰੀ ਮਿੰਟ 'ਸੰਵੇਦਨਸ਼ੀਲਤਾ ਸਮੀਖਿਆ' ਤੋਂ ਗੁਜ਼ਰਨਾ ਪਿਆ। ਸ਼ੋਅ ਵਿੱਚ ਸ਼ਾਮਲ ਸਾਰੇ ਕਲਾਕਾਰਾਂ ਅਤੇ ਹੋਰਾਂ ਨੇ ਆਪਣਾ ਕੰਮ ਵਾਪਸ ਲੈ ਲਿਆ ਅਤੇ ਸ਼ੋਅ ਨੂੰ ਮਾਊਂਟ ਨਹੀਂ ਕੀਤਾ ਗਿਆ। ਸ਼ੋਅ ਵਿੱਚ ਮੌਜੂਦ ਹੋਰ ਕਲਾਕਾਰਾਂ ਨੇ ਵੀ ਵਿਰੋਧ ਵਿੱਚ ਆਪਣਾ ਕੰਮ ਵਾਪਸ ਲੈ ਲਿਆ। ਕਾਰਜਕਾਰੀ ਨਿਰਦੇਸ਼ਕ ਸਾਰਾ ਏਂਜਲ ਨੇ ਵੀ ਇੱਕ ਪੱਤਰ ਦਾ ਸਮਰਥਨ ਕੀਤਾ ਜਿਸ ਵਿੱਚ ਓਨਟਾਰੀਓ ਦੀ ਸਾਬਕਾ ਆਰਟ ਗੈਲਰੀ ਇੰਡੀਜੀਨਸ ਕਿਊਰੇਟਰ ਵਾਂਡਾ ਨਾਨੀਬੁਸ਼ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਏਂਜਲ, ਏਜੀਓ ਬੋਰਡ ਅਤੇ ਕਾਰਜਕਾਰੀ ਸਟਾਫ਼ ਦੇ ਨਾਲ, ਨਾਨੀਬੁਸ਼ ਨੂੰ ਕਿਸੇ ਤਰੀਕੇ ਨਾਲ ਚੁੱਪ ਕਰਾਉਣ ਵਿੱਚ ਕਾਮਯਾਬ ਰਿਹਾ - ਕਿਉਂਕਿ ਉਹ ਹੁਣ ਅੱਠ ਸਾਲਾਂ ਦੇ ਕਾਰਜਕਾਲ ਤੋਂ ਬਾਅਦ ਏਜੀਓ ਵਿੱਚ ਸਟਾਫ ਵਿੱਚ ਨਹੀਂ ਹੈ। ਕਿਰਪਾ ਕਰਕੇ ਉੱਪਰ ਆਈਟਮ 9 ਦੇਖੋ। 22 ਘਟਨਾਵਾਂ: ਸੱਤਾਧਾਰੀ ਲੋਕਾਂ ਨੇ ਫਲਸਤੀਨ ਪੱਖੀ ਸਮਰਥਕਾਂ ਨੂੰ ਕੱਟ ਦਿੱਤਾ ਇਹ 22 ਘਟਨਾਵਾਂ ਹਨ ਜੋ ਮੈਂ ਮੀਡੀਆ ਰਿਪੋਰਟਾਂ ਵਿੱਚ ਪਾਈਆਂ ਜਾਂ ਮੈਨੂੰ ਦੱਸੀਆਂ ਗਈਆਂ। ਇਸਦਾ ਕੀ ਮਤਲਬ ਹੈ? ਅਸੀਂ ਅਸਲ ਰਿਪੋਰਟਾਂ ਤੋਂ ਇੱਕ ਮਹੀਨਾ ਬਾਅਦ ਹਾਂ ਜੋ 10 ਨਵੰਬਰ ਨੂੰ ਦ ਮੈਪਲ ਦੀ ਸੂਚੀ ਵਿੱਚ ਸਾਹਮਣੇ ਆਈਆਂ ਸਨ। ਇਜ਼ਰਾਈਲ ਪੱਖੀ ਲਾਬੀ ਦੁਆਰਾ ਪੈਦਾ ਕੀਤਾ ਸਿਵਲ ਆਤੰਕ ਵਧ ਰਿਹਾ ਹੈ। ਇੱਥੇ ਦੋ ਨੁਕਤੇ ਹਨ ਜੋ ਮੈਂ ਬਣਾਵਾਂਗਾ। ਚਿਲਿੰਗ ਪ੍ਰਭਾਵ ਅਤੇ 'ਏਜੰਸੀ' ਦਾ ਮੁੱਦਾ ਪਹਿਲਾਂ, ਠੰਢਾ ਪ੍ਰਭਾਵ ਦਾ ਮੁੱਦਾ ਹੈ. ਜਿਵੇਂ ਕਿ ਸੁਤੰਤਰ ਯਹੂਦੀ ਵੌਇਸਜ਼ ਕੈਨੇਡਾ ਦੇ ਖੋਜਕਰਤਾ ਸ਼ੈਰਲ ਨੈਸਟਲ ਅਤੇ ਰੋਵਨ ਗੌਡੇਟ ਨੇ ਆਪਣੇ ਮੋਨੋਗ੍ਰਾਫ "ਅਨਵੀਲਿੰਗ ਦ ਚਿਲੀ ਕਲਾਈਮੇਟ" ਵਿੱਚ ਨੋਟ ਕੀਤਾ: "ਜਨਤਕ ਦੋਸ਼ ਅਤੇ ਇਜ਼ਰਾਈਲ ਦੇ ਆਲੋਚਕਾਂ ਨੂੰ ਅਨੁਸ਼ਾਸਿਤ ਕਰਨ ਦੀਆਂ ਕੋਸ਼ਿਸ਼ਾਂ ਕਹਾਣੀ ਦਾ ਸਿਰਫ ਹਿੱਸਾ ਹਨ। 'ਸ਼ਾਂਤ ਪ੍ਰਭਾਵ' ਗਿਆਨ ਦੇ ਉਤਪਾਦਨ, ਖੋਜ, ਸਰਗਰਮੀ ਅਤੇ ਨਿਆਂ ਲਈ ਫਿਲਸਤੀਨੀਆਂ ਦੇ ਸੰਘਰਸ਼ ਬਾਰੇ ਜਾਗਰੂਕਤਾ ਪੈਦਾ ਕਰਨ 'ਤੇ ਛੂਹਦਾ ਹੈ। 'ਠੰਢਾ ਕਰਨ ਵਾਲਾ ਪ੍ਰਭਾਵ' 75 ਸਾਲਾਂ ਦੇ ਫਲਸਤੀਨ ਦੇ ਕਬਜ਼ੇ ਅਤੇ 55 ਸਾਲਾਂ ਦੇ ਬੇਰਹਿਮੀ ਅਤੇ ਗੈਰ-ਕਾਨੂੰਨੀ ਇਜ਼ਰਾਈਲੀ ਫੌਜੀ ਕਬਜ਼ੇ ਨਾਲ ਸਾਡੇ ਨਜਿੱਠਣ ਨੂੰ ਕਮਜ਼ੋਰ ਕਰਦਾ ਹੈ। 'ਠੰਢਾ ਕਰਨ ਵਾਲਾ ਪ੍ਰਭਾਵ' ਗਾਜ਼ਾ ਅਤੇ ਵੈਸਟ ਬੈਂਕ ਦੀ ਮੌਜੂਦਾ ਸਥਿਤੀ ਦੀ ਵਿਆਖਿਆ ਜਾਂ ਜਾਂਚ ਦੀਆਂ ਕੋਸ਼ਿਸ਼ਾਂ ਨੂੰ ਇੱਕ ਚੁੱਪ ਦੇ ਨਾਲ ਦਫਨ ਕਰਦਾ ਹੈ ਜੋ ਫਲਸਤੀਨ 'ਤੇ ਸੁਤੰਤਰ ਭਾਸ਼ਣ ਨੂੰ ਦਬਾ ਦਿੰਦਾ ਹੈ। ਦੂਜਾ, 'ਏਜੰਸੀ' ਦਾ ਸਵਾਲ ਹੈ। ਬਹੁਤ ਵਾਰ ਅਸੀਂ ਅਖਬਾਰਾਂ ਅਤੇ ਔਨਲਾਈਨ ਪੜ੍ਹਦੇ ਹਾਂ, ਅਤੇ ਅਸੀਂ ਪੱਤਰਕਾਰਾਂ ਨੂੰ ਸੁਚਾਰੂ ਆਵਾਜ਼ ਵਿੱਚ ਘਟਨਾਵਾਂ ਬਾਰੇ ਰਿਪੋਰਟ ਕਰਦੇ ਸੁਣਦੇ ਹਾਂ। ਇੱਕ ਉਦਾਹਰਣ ਇਹ ਹੈ ਕਿ ਫਲਸਤੀਨੀਆਂ ਨੂੰ ਕਤਲੇਆਮ ਤੋਂ ਬਚਣ ਲਈ ਗਾਜ਼ਾ ਵਿੱਚ ਦੱਖਣ ਵੱਲ ਜਾਣ ਦੀ ਚੇਤਾਵਨੀ ਦਿੱਤੀ ਗਈ ਸੀ। ਫ਼ਰਮਾਨ ਕੌਣ ਜਾਰੀ ਕਰ ਰਿਹਾ ਹੈ ਅਤੇ ਕਤਲ ਕੌਣ ਕਰ ਰਿਹਾ ਹੈ? ਜਾਂ ਵੱਖ-ਵੱਖ ਸਿਆਸਤਦਾਨਾਂ, ਪ੍ਰੋਫੈਸਰਾਂ, ਜਾਂ ਵਿਦਿਆਰਥੀਆਂ ਨੂੰ ਗਾਜ਼ਾ 'ਤੇ ਜੰਗ ਦੀ ਆਲੋਚਨਾ ਵਾਪਸ ਲੈਣ ਲਈ ਕਿਹਾ ਗਿਆ ਸੀ, ਜਾਂ ਅਨੁਸ਼ਾਸਨ ਜਾਂ ਗੋਲੀਬਾਰੀ ਦਾ ਸਾਹਮਣਾ ਕਰਨਾ ਪਿਆ ਸੀ। ਕੌਣ ਅਨੁਸ਼ਾਸਨ ਕਰ ਰਿਹਾ ਹੈ ਅਤੇ ਕੌਣ ਗੋਲੀਬਾਰੀ ਕਰ ਰਿਹਾ ਹੈ? ਜਦੋਂ ਅਥਾਰਟੀ ਵਿਚਲੇ ਲੋਕ ਜੰਗਬੰਦੀ ਦਾ ਸਮਰਥਨ ਕਰਨ ਵਾਲੇ ਲੋਕਾਂ ਨੂੰ ਸਜ਼ਾ ਦਿੰਦੇ ਹਨ ਜਾਂ ਨਿੰਦਾ ਕਰਦੇ ਹਨ (ਇੱਕ ਪਟੀਸ਼ਨ 'ਤੇ ਹਸਤਾਖਰ ਕਰਕੇ ਵੀ), ਜਾਂ ਫਿਲਸਤੀਨ ਪੱਖੀ ਸੰਗਠਨਾਂ ਦਾ ਸਮਰਥਨ ਕਰਦੇ ਹਨ, ਤਾਂ ਅਥਾਰਟੀ ਵਿਚ ਸ਼ਾਮਲ ਲੋਕਾਂ ਨੂੰ ਅਕਸਰ ਇਸ ਮੁੱਦੇ ਤੋਂ ਨਕਾਬ ਪਾ ਦਿੱਤਾ ਜਾਂਦਾ ਹੈ ਜਾਂ ਲਿਖਿਆ ਜਾਂਦਾ ਹੈ - ਇਸ ਤੱਥ ਦੇ ਬਾਵਜੂਦ ਕਿ ਉਹ ਜਾਣ ਬੁੱਝ ਕੇ, ਜਾਂ ਨਹੀਂ। ਇਜ਼ਰਾਈਲ ਲਈ ਲਾਬਿਸਟ ਵਜੋਂ ਕੰਮ ਕਰ ਰਿਹਾ ਹੈ। ਧਾਰਨਾ ਇਹ ਹੈ ਕਿ ਜਿਹੜੇ ਅਧਿਕਾਰ ਵਿੱਚ ਹਨ ਉਹ ਸਭ ਤੋਂ ਚੰਗੀ ਤਰ੍ਹਾਂ ਜਾਣਦੇ ਹਨ, ਇਸ ਲਈ ਉਹਨਾਂ ਨੂੰ ਨਾਮ ਜਾਂ ਸਵਾਲ ਕਰਨ ਦੀ ਲੋੜ ਨਹੀਂ ਹੈ। ਸਰਦੀਆਂ ਆ ਰਹੀਆਂ ਹਨ, ਪਰ ਸਿਵਲ ਆਤੰਕ, ਸੈਂਸਰਸ਼ਿਪ ਅਤੇ ਚੁੱਪ ਦੀ ਠੰਢ ਸਾਡੇ ਉੱਤੇ ਪਹਿਲਾਂ ਹੀ ਹੈ। ਜੂਡੀ ਹੈਵਨ ਹੈਲੀਫੈਕਸ, NS ਵਿੱਚ ਸੇਂਟ ਮੈਰੀਜ਼ ਯੂਨੀਵਰਸਿਟੀ ਵਿੱਚ ਇੱਕ ਸੇਵਾਮੁਕਤ ਪ੍ਰਬੰਧਨ ਪ੍ਰੋਫੈਸਰ ਹੈ। ਉਹ ਸੁਤੰਤਰ ਯਹੂਦੀ ਆਵਾਜ਼ ਕੈਨੇਡਾ ਦੀ ਮੈਂਬਰ ਹੈ।

**(ਸੋਸਲਿਸਟ ਪ੍ਰੋਜੈਕਟ 'ਚੋਂ ਧੰਨਵਾਦ ਸਹਿਤ)**

# ਤਰਕਸ਼ੀਲਤਾ : ਅੰਧਵਿਸ਼ਵਾਸ ਅਤੇ ਫਿਰਕਾਪ੍ਰਸਤੀ ਦਾ ਸੁਮੇਲ ਅਤੇ ਚੁਣੌਤੀਆਂ



ਜਸਵੰਤ ਜੀਰਖ
98151-69825



ਅੰਧਵਿਸ਼ਵਾਸਾਂ ਦਾ ਸ਼ਿਕਾਰ ਹੋ ਕੇ ਆਏ ਰੋਜ ਦੇਸ਼ ਦੀ ਵੱਡੀ ਗਿਣਤੀ ਅਬਾਦੀ ਜੋ ਪਹਿਲਾਂ ਹੀ ਗਰੀਬੀ, ਬੇਰੋਜ਼ਗਾਰੀ, ਮੰਦਹਾਲੀ ਦੀ ਜ਼ਿੰਦਗੀ ਵਿੱਚ ਰੀਂਗ ਰਹੀ ਹੈ, ਉਹ ਅੰਧਵਿਸ਼ਵਾਸੀ ਅਮਲਾਂ ਰਾਹੀਂ ਹੋਰ ਨਿਘਾਰ ਵੱਲ ਵਧ ਰਹੀ ਹੈ। ਦੇਸ਼ ਦੀ ਚੌਕੀਦਾਰੀ ਕਰਨ ਵਾਲੇ ਹਾਕਮ ਜ਼ੋਰ ਸ਼ੋਰ ਨਾਲ ਦਾਅਵੇ ਕਰ ਰਹੇ ਹਨ ਕਿ ਦੇਸ਼ ਆਤਮ ਨਿਰਭਰ ਹੋਣ ਵੱਲ ਤੇਜ ਰਫ਼ਤਾਰ ਨਾਲ ਅੱਗੇ ਵਧ ਰਿਹਾ ਹੈ। ਇਹ ਤੇਜ ਰਫ਼ਤਾਰ ਕਿਹੜੇ ਲੋਕਾਂ ਨੂੰ ਆਤਮ ਨਿਰਭਰ ਬਣਾ ਰਹੀ ਹੈ? ਇਸ ਬਾਰੇ ਦੇਸ਼ ਦੀ ਚੌਕੀਦਾਰੀ ਕਰਨ ਵਾਲਿਆਂ ਤੋਂ ਪੁੱਛਣਾ ਜਿਆਦਾ ਢੁਕਵਾਂ ਰਹੇਗਾ ਕਿਉਂਕਿ ਉਹ ਤਾਂ 24 ਘੰਟੇ ਹੀ ਇਸ ਅਖੌਤੀ ਤੇਜ ਰਫਤਾਰ ਦੇ ਨਾਲ ਨਾਲ ਚਲਦੇ ਹਨ। ਪਿਛਲੇ ਦਿਨੀਂ ਦਿੱਲੀ ਦੇ ਇਕ ਪ੍ਰਵਾਰ ਵੱਲੋਂ ਆਪਣੇ 7 ਸਾਲਾ ਬੱਚੇ ਨੂੰ ਬਲੱਡ ਕੈਂਸਰ ਦੀ ਲੱਗੀ ਨਾਮੁਰਾਦ ਬਿਮਾਰੀ ਦੇ ਇਲਾਜ਼ ਲਈ ਉਸ ਨੂੰ ਗੰਗਾ ਨਦੀ ਵਿੱਚ ਨਹਾਇਆ ਗਿਆ। ਬੱਚੇ ਦੀ ਮਾਂ ਜੋ ਅੰਧਵਿਸ਼ਵਾਸ ਦੇ ਆਤਮ ਵਿਸ਼ਵਾਸ ਵਿੱਚ ਫਸਕੇ ਆਪਣੇ ਬੱਚੇ ਦੀਆਂ ਗੰਗਾ ਵਿੱਚ ਡੁਬਕੀਆਂ ਲਗਾ ਰਹੀ ਟੀ ਵੀ ਰਾਹੀਂ ਸਭ ਨੇ ਵੇਖੀ ਹੋਵੇਗੀ। ਬੱਚੇ ਦੀ ਬਿਮਾਰੀ ਭਾਵੇਂ ਇਸ ਨਾਲ ਠੀਕ ਨਹੀਂ ਸੀ ਹੋਣੀ, ਪਰ ਉਸ ਦੇ 'ਆਤਮ ਵਿਸ਼ਵਾਸ' ਰਾਹੀਂ ਬੱਚੇ ਦੀ ਜਾਨ ਗੁਆ ਜਾਣ ਵਾਲੀ ਤਸਵੀਰ ਅਜੇ ਵੀ ਅੱਖਾਂ ਅੱਗੇ ਘੁੰਮ ਰਹੀ ਹੈ, ਜਿਸ ਨੇ ਦੇਸ਼ ਦੇ ਚੌਕੀਦਾਰਾਂ ਦੇ ਆਤਮ ਵਿਸ਼ਵਾਸ ਵੱਲ ਵਧਣ ਦੀ ਪਾਈ ਜਾ ਰਹੀ ਦੁਹਾਈ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇਹ ਕੋਈ ਪਹਿਲੀ ਜਾਂ ਆਖਰੀ ਘਟਨਾ ਨਹੀਂ, ਇਸ ਦੇਸ਼ ਵਿੱਚ ਅਜਿਹਾ ਕੁੱਝ ਅਣਗਿਣਤ ਵਾਰ ਵਾਪਰ ਚੁੱਕਾ ਹੈ ਅਤੇ ਅੱਗੇ ਵੀ ਜੇ ਅੱਜ ਵਰਗੇ ਚੌਕੀਦਾਰ ਰਾਜਸੱਤਾ ਤੇ ਕਾਬਜ ਰਹੇ ਤਾਂ ਇਸ ਦੇਸ਼ ਵਿੱਚ ਅੰਧਵਿਸ਼ਵਾਸਾਂ ਦਾ ਬੋਲਬਾਲਾ ਹੋਰ ਵਧਣ ਤੋਂ ਛੁਟਕਾਰਾ ਨਹੀਂ ਮਿਲੇਗਾ।

ਦੇਸ਼ ਦੇ ਚੌਕੀਦਾਰਾਂ ਨੇ ਇਨਸਾਨੀਅਤ ਨੂੰ ਦਰ ਕਿਨਾਰ ਕਰਕੇ ਕੁੱਝ ਅਜਿਹੇ ਅਖੌਤੀ ਧਰਮੀ ਠੇਕੇਦਾਰਾਂ ਦਾ ਘੇਰਾ ਆਪਣੇ ਦੁਆਲੇ ਪਾਲ ਰੱਖਿਆ ਹੈ, ਜਿਸ ਦੀਆਂ ਭਾਵਨਾਵਾਂ ਨੂੰ ਬਹੁਤ ਛੇਤੀ ਠੇਸ ਪਹੁੰਚ ਜਾਂਦੀ ਹੈ। ਇਹਨਾਂ ਠੇਕੇਦਾਰਾਂ ਵੱਲੋਂ ਭਾਵਨਾਵਾਂ ਨੂੰ ਠੇਸ ਪਹੁੰਚਣ ਦੇ ਬਹਾਨੇ, ਲੋਕ ਚੇਤਨਾ ਫੈਲਾ ਰਹੀ ਹਰ ਆਵਾਜ ਨੂੰ ਸੱਤਾ ਤੇ ਬਰਾਜਮਾਨ ਚੌਕੀਦਾਰਾਂ ਦੀ ਸਰਪ੍ਰਸਤੀ ਹੇਠ, ਅੰਧਵਿਸ਼ਵਾਸ ਵਿਰੋਧੀ ਸਹੀ ਆਵਾਜ਼ ਦਾ ਗਲਾ ਘੁੱਟਣ ਲਈ ਧਾਰਾ 295 ਅਤੇ 295 ਏ ਨੂੰ ਵਰਤਣ ਵਿੱਚ ਜਰਾ ਜਿੰਨੀ ਵੀ ਦੇਰੀ ਨਹੀਂ ਲਗਦੀ। ਰਾਮ ਮੰਦਰ ਦੇ ਉਦਘਾਟਨੀ ਸਮਾਰੋਹ ਵਿੱਚ ਧਰਮ ਦੇ ਪਰਦੇ ਹੇਠ ਦੇਸ਼ ਨੂੰ ਲੁੱਟਕੇ ਮਾਲੋ ਮਾਲ ਹੋ ਰਹੇ ਵੱਡੇ ਵੱਡੇ ਧਨਾਡਾਂ ਨੂੰ ਸਰਕਾਰੀ ਮਹਿਮਾਨ ਬਣਾਕੇ ਇਸ ਸਮਾਰੋਹ ਵਿੱਚ ਸਰਕਾਰੀ ਮਾਨ ਸਨਮਾਨਾਂ ਨਾਲ ਨਿਵਾਜਿਆ ਗਿਆ। ਕਰੋਨਾ ਦੀ ਮਹਾਂਮਾਰੀ ਦੌਰਾਨ ਕਰੋੜਾਂ ਲੋਕਾਂ ਦੇ ਰੋਜ਼ਗਾਰ ਖਤਮ ਹੋਏ ਤੇ ਕਰੋੜਾਂ ਘਰੋਂ ਬੇ ਘਰ ਹੋਏ। ਸੈਂਕੜੇ ਮੀਲ ਪੈਦਲ ਚੱਲਕੇ ਪੈਰਾਂ ਵਿੱਚ ਛਾਲੇ ਪੈ ਜਾਣ ਦੇ ਬਾਵਜੂਦ ਅਨੇਕਾਂ ਮਜਦੂਰ ਪੰਜਾਬ ਵਿੱਚੋਂ ਦੂਰ ਦੁਰਾਡੇ ਸੂਬਿਆਂ 'ਚ ਆਪਣੇ ਜੱਦੀ ਘਰਾਂ ਵਿੱਚ ਮੌਤ ਨਾਲ ਲੜਦੇ ਹੋਏ ਪੁੱਜੇ। ਗਰਵਵਤੀ ਔਰਤਾਂ ਨੇ ਇਹਨਾਂ ਬਿਖੜੇ ਪੈਂਡਿਆਂ ਦੌਰਾਨ ਰਸਤੇ ਵਿੱਚ ਬੱਚਿਆਂ ਨੂੰ ਜਨਮ ਦਿੱਤੇ ਅਤੇ ਨਵਜੰਮੇ ਬਾਲਾਂ ਨੂੰ ਮੌਤ ਨਾਲ ਖੇਡਕੇ ਆਪਣੀ ਮਮਤਾ ਨਿਭਾਈ। ਪਰ ਦੇਸ਼ ਦੇ ਚੌਕੀਦਾਰਾਂ ਨੇ ਸਭ ਕੁੱਝ ਵੇਖਦੇ ਹੋਏ ਵੀ ਅਣ ਵੇਖਿਆ ਕਰੀ ਰੱਖਿਆ। ਦੂਜੇ ਪਾਸੇ ਸਮੇਂ ਦੇ ਇਸੇ ਦੌਰ ਵਿੱਚ ਸਰਕਾਰੀ ਮਾਨ ਸਨਮਾਨ ਲੈ ਰਹੇ ਇਹ ਵੱਡੇ ਵੱਡੇ ਅਰਬ ਪਤੀ ਧਨਾਡ ਖਰਬ ਪਤੀ ਕਿਵੇਂ ਬਣੇ? ਦੇਸ਼ ਦੀ ਚੌਕੀਦਾਰੀ ਕਰਨ ਵਾਲੇ ਵਧੇਰੇ ਚੰਗੀ ਤਰ੍ਹਾਂ ਦੱਸ ਸਕਦੇ ਹਨ। ਰੋਜਗਾਰ ਤੋਂ ਸੱਖਣੇ ਹੋਏ ਕ੍ਰੋੜਾਂ ਦੇਸ਼ ਵਾਸੀਆਂ ਵੱਲੋਂ ਇਹ ਸਵਾਲ ਪੁੱਛਣੇ ਵੀ ਬਣਦੇ ਹਨ। ਕੀ ਰਾਮ ਮੰਦਰ ਦੀ ਉਸਾਰੀ ਅਤੇ ਨਵੀਂ ਸੰਸਦੀ ਇਮਾਰਤ ਬਣਾਉਣ ਆਦਿ ਨਾਲ ਲੋਕਾਂ ਦੇ ਰੋਜ਼ਗਾਰ ਦੀ ਸਮੱਸਿਆ ਦਾ ਵੀ ਕੋਈ ਸਮਾਧਾਨ ਹੋਵੇਗਾ? ਜੇ ਕੋਈ ਇਹ ਸਵਾਲ ਉਠਾਉਂਦਾ ਹੈ ਤਾਂ ਧਰਮ ਦਾ ਹੋ ਹੱਲਾ ਖੜ੍ਹਾ ਕਰਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦੀ ਦੁਹਾਈ ਪਾਉਣ ਵਾਲੇ 295 ਏ ਲੈਕੇ ਪੁਲਸ ਪਾਸ ਪਹੁੰਚ ਜਾਂਦੇ ਹਨ। ਅੱਗੋਂ ਪੁਲਿਸ ਵੀ ਬਿਨਾ ਕੋਈ ਸੱਦ ਪੁੱਛ ਤੋਂ 295 ਏ ਦੇ ਅਧੀਨ ਝੱਟ ਕੇਸ ਦਰਜ ਕਰ ਲੈਂਦੀ ਹੈ। ਪੰਜਾਬ ਵਿੱਚ ਅਜਿਹੇ ਕੇਸਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।


ਪਰ ਦੂਜੇ ਪਾਸੇ ਜਦੋਂ ਕਠੂਆ ਵਿੱਚ ਇਕ ਬਾਲੜੀ ਨਾਲ ਮੰਦਰ ਵਿੱਚ ਹੀ ਬਲਾਤਕਾਰ ਕਰਨ ਦੀ ਘਟਨਾ ਵਾਪਰਦੀ ਹੈ, ਓਦੋਂ ਕਦੀ ਵੀ ਅਜਿਹੇ ਧਰਮੀਆਂ ਦੀ ਭਾਵਨਾ ਨੂੰ ਕੁੱਝ ਵੀ ਨਹੀਂ ਹੁੰਦਾ ਸਗੋਂ ਬਲਾਤਕਾਰੀਆਂ ਦੇ ਹੱਕ ਵਿੱਚ ਮਾਰਚ ਕੀਤੇ ਜਾਂਦੇ ਹਨ। ਜਦੋਂ ਬਿਲਕਸ ਬਾਨੋ ਵਰਗੀਆਂ ਔਰਤਾਂ ਦੇ ਬਲਾਤਕਾਰੀ ਦੋਸੀਆਂ ਦੀ ਉਮਰ ਕੈਦ ਖਤਮ ਕਰਕੇ ਚੰਗੇ ਆਚਰਣ ਦਾ ਸਰਟੀਫਿਕੇਟ ਦੇ ਕੇ ਬਰੀ ਕੀਤਾ ਜਾਂਦਾ ਹੈ, ਓਦੋਂ ਕਿਸੇ ਦੀ ਵੀ ਭਾਵਨਾ ਨੂੰ ਠੇਸ ਨਹੀਂ ਪੁੱਜਦੀ। ਜਦੋਂ ਪਸ਼ੂਆਂ ਦੇ ਨਾਂ ਤੇ ਮਨੁੱਖਾਂ ਨੂੰ ਸ਼ਰੇਆਮ ਕੁੱਟ ਕੁੱਟ ਕੇ ਮਾਰ ਦਿੱਤਾ ਜਾਂਦਾ ਹੈ, ਓਦੋਂ ਵੀ ਕਿਸੇ ਦੀ ਭਾਵਨਾ ਨੂੰ ਸੱਟ ਨਹੀਂ ਵੱਜਦੀ। ਅਜਿਹਾ ਕੁੱਝ ਇੱਕ ਨਹੀਂ ਸਾਰੇ ਧਰਮਾਂ ਵਿੱਚ ਬਾਰ ਬਾਰ ਵਾਪਰਦਾ ਅਸੀਂ ਸਭ ਵੇਖ ਰਹੇ ਹਾਂ। ਬੇ ਅਦਬੀ ਦੇ ਨਾਂ ਹੇਠ ਧਰਮ ਅਸਥਾਨਾਂ ਤੇ ਕਤਲ ਹੋ ਰਹੇ ਹਨ, ਧਰਮ ਗ੍ਰੰਥਾਂ ਨੂੰ ਮੰਨਣ ਅਤੇ ਨਾ ਮੰਨਣ ਪਿੱਛੇ ਝਗੜੇ ਹੋ ਰਹੇ ਹਨ। ਪੁਰਾਤਨ ਬਣੀਆਂ ਧਰਮ ਤੇ ਅਧਾਰਤ ਇਮਾਰਤਾਂ ਦੇ ਨਾਂ ਹੇਠ ਫਿਰਕੂ ਨਫਰਤ ਰਾਹੀਂ ਮਨੁੱਖਤਾ ਕਤਲ ਹੋ ਰਹੀ ਹੈ, ਪਰ ਅਜਿਹੇ ਹਾਲਾਤਾਂ ਨੂੰ ਜਨਮ ਦੇਣ ਵਾਲੇ, ਇਸ ਦੇਸ਼ ਦੇ ਰਖਵਾਲੇ ਕਹਾਉਣ, ਬੜੇ ਸਿਤਮ ਵਾਲੀ ਗੱਲ ਹੈ।

ਦੁਨੀਆਂ ਨੂੰ ਨਵੀਂ ਰੌਸ਼ਨੀ ਦੇਣ ਵਾਲੇ ਗਲੀਲੀਓ, ਬਰੂਨੋ, ਕਾਪਰਨਿਕਸ ਵਰਗੇ ਅਨੇਕਾਂ ਹੀ ਵਿਗਿਆਨੀਆਂ ਨੂੰ ਧਰਮਾਂ ਦੇ ਠੇਕੇਦਾਰਾਂ ਨੇ ਇਸ ਕਰਕੇ ਸਰੀਰਕ ਤਸੀਹੇ ਦੇ ਕੇ ਹਕੂਮਤਾਂ ਪਾਸੋਂ ਕਤਲ ਕਰਵਾਏ ਗਏ, ਕਿਉਂਕਿ ਉਹਨਾਂ ਦੀਆਂ ਵਿਗਿਆਨਿਕ ਖੋਜਾਂ ਧਰਮ ਵਿੱਚ ਮੰਨੀ ਜਾਂਦੀ ਮਾਨਤਾ ਨੂੰ ਝੁਠਲਾਉਂਦੀਆਂ ਸਨ। ਪਰ ਅੱਜ ਉਹਨਾਂ ਹੀ ਵਿਗਿਆਨੀਆਂ ਦੀਆਂ ਖੋਜ਼ਾਂ ਰਾਹੀਂ ਸਿੱਧ ਕੀਤੀਆਂ ਸਚਿਆਈਆਂ ਨੂੰ ਪੂਰੀ ਦੁਨੀਆਂ ਮੰਨ ਰਹੀ ਹੈ। ਇਸ ਦੇ ਬਾਵਜੂਦ ਅੱਜ ਵੀ ਸਾਡੇ ਸਾਹਮਣੇ ਅਜਿਹਾ ਕੁੱਝ ਹੀ ਵਾਪਰ ਰਿਹਾ ਹੈ ਜਿਸ ਰਾਹੀਂ ਧਰਮਾਂ ਦੇ ਪਰਦੇ ਹੇਠ ਗੈਰ ਵਿਗਿਆਨਿਕ ਮਾਨਤਾਵਾਂ ਨੂੰ ਪ੍ਰਚਾਰਕੇ ਦੇਸ਼ ਦੀ ਜਨਤਾ ਨੂੰ ਅੰਧਵਿਸ਼ਵਾਸਾਂ ਅਤੇ ਫਿਰਕਾਪ੍ਰਸਤੀ ਵੱਲ ਧੱਕਿਆ ਜਾ ਰਿਹਾ ਹੈ। ਜੇਕਰ ਕੋਈ ਉਹਨਾਂ ਨੂੰ ਅਜਿਹੇ ਹਾਲਾਤਾਂ ਤੋਂ ਮੁਕਤ ਕਰਨ ਦੀ ਗੱਲ ਕਰਦਾ ਹੈ ਤਾਂ ਧਰਮ ਦੇ ਅਖੌਤੀ ਚੌਧਰੀਆਂ ਵੱਲੋਂ ਭਾਵਨਾ ਨੂੰ ਠੇਸ ਪਹੁੰਚਣ ਦਾ ਹੋ ਹੱਲਾ ਖੜ੍ਹਾ ਕਰ ਲਿਆ ਜਾਂਦਾ ਹੈ। ਭਾਵੇਂ ਵਿਗਿਆਨ ਤੇ ਅਧਾਰਤ ਪ੍ਰਚਾਰ ਕਰਕੇ ਲੋਕਾਂ ਦਾ ਸੋਚਣ ਢੰਗ ਵਿਗਿਆਨਿਕ ਬਣਾਉਣ ਦੇ ਯਤਨ ਕਰਨ ਦੀ ਸੰਵਿਧਾਨਿਕ ਜ਼ੁੰਮੇਵਾਰੀ ਹਰ ਨਾਗਰਿਕ ਦੀ ਹੈ, ਪਰ ਧਰਮ ਦੇ ਨਾਂ ਤੇ ਦੁਕਾਨਾਂ ਚਲਾ ਰਹੇ 'ਧਰਮੀਆਂ' ਵੱਲੋਂ ਆਪਣੀ ਗਾਹਕੀ ਘਟਣ ਦੇ ਡਰੋਂ, ਉਹਨਾਂ ਨੂੰ ਅਜਿਹਾ ਰਾਸ ਨਹੀਂ ਆਉਂਦਾ। ਇਸ ਲਈ ਲੋਕਾਂ ਨੂੰ ਧਰਮਾਂ ਦੁਆਰਾ ਸਥਾਪਤ ਕੀਤੀਆਂ ਗਈਆਂ ਗੈਰ ਵਿਗਿਆਨਿਕ ਮਾਨਤਾਵਾਂ ਨੂੰ ਨਾ ਮੰਨਣ ਦਾ ਪ੍ਰਚਾਰ ਕਰਨ ਬਦਲੇ, 295/295 ਏ ਵਰਗੇ ਕੇਸ ਦਰਜ ਹੋਣੇ ਸੰਵਿਧਾਨ ਦੀ ਸਰਾ ਸਰ ਉਲੰਘਣਾ ਹੈ। ਸਮੇਂ ਦੇ ਮੌਜੂਦਾ ਦੌਰ ਅੰਦਰ ਸਮਾਜ ਨੂੰ ਧਰਮਾਂ, ਜਾਤਾਂ, ਫਿਰਕਿਆਂ ਵਿੱਚ ਵੰਡਕੇ ਆਪਣੇ ਸੌੜੇ ਹਿਤਾਂ ਦੀ ਪੂਰਤੀ ਕਰਨ ਬਦਲੇ, ਮਨੁੱਖਤਾ ਦਾ ਖੂਨ ਵਹਾਉਣ ਵਾਲੇ ਸਿਆਸਤਦਾਨ ਅਤੇ ਧਰਮਾਂ ਦੇ ਅਲੰਬਰਦਾਰਾਂ ਦੀ ਆਪਸੀ ਸਾਂਝ ਦੇ ਅਨੇਕਾਂ ਕਿੱਸਿਆਂ ਰਾਹੀਂ, ਇਹਨਾਂ ਦੀ ਮਿਲੀ ਭੁਗਤ ਦੇ ਨਮੂਨੇ ਵੇਖੇ ਜਾ ਸਕਦੇ ਹਨ। ਇਹ ਨਮੂਨੇ 1947 ਤੋਂ ਬਾਅਦ 1984 ਵਿੱਚ ਦਿੱਲੀ ਸਮੇਤ ਦੇਸ਼ ਦੇ ਕਈ ਹੋਰ ਵੱਡੇ ਸ਼ਹਿਰਾਂ ਅਤੇ 2002 ਵਿੱਚ ਗੁਜਰਾਤ, 2023 ਵਿੱਚ ਮਨੀਪੁਰ, ਹਰਿਆਣਾ ਆਦਿ ਵਿੱਚ ਇਨਸਾਨਾ ਦੇ ਵੱਡੀ ਪੱਧਰ ਤੇ ਡੁਲ੍ਹੇ ਖੂਨ ਰਾਹੀਂ ਸਪਸਟ ਵੇਖੇ ਜਾ ਸਕਦੇ ਹਨ।

ਅੱਜ ਜਦੋਂ ਹਰ ਪੰਜੀਂ ਸਾਲੀਂ ਰਾਜ ਗੱਦੀਆਂ ਤੇ ਬਰਾਜਮਾਨ ਹੋ ਰਹੇ ਰੰਗ ਬਰੰਗੀਆਂ ਸਿਆਸੀ ਪਾਰਟੀਆਂ ਨਵੇਂ ਨਵੇਂ ਵਾਦਿਆਂ ਦੀ ਪੂਰਤੀ ਦੀ ਗਰੰਟੀ ਦੇ ਲਾਰਿਆਂ ਰਾਹੀਂ ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਨ ਲਈ ਲੋਕ ਲਭਾਉਣੇ ਫੁਰਮਾਨ ਜਾਰੀ ਕਰ ਰਹੀਆਂ ਹਨ, ਨੂੰ ਸਵਾਲ ਪੁੱਛਣ ਲਈ ਹਰ ਨਾਗਰਿਕ ਦੀ ਜੁੰਮੇਵਾਰੀ ਬਣਦੀ ਹੈ। 2024 ਦੀਆਂ ਚੋਣਾ ਸਿਰ ਤੇ ਹਨ, ਇਸ ਸਮੇਂ ਲੋਕਾਂ ਨੂੰ ਧਰਮਾਂ ਜਾਤਾਂ, ਫਿਰਕਿਆਂ ਵਿੱਚ ਵੰਡਕੇ ਉਹਨਾਂ ਦੀਆਂ ਬੁਨਿਆਦੀ ਸਮੱਸਿਆਵਾਂ ਤੋਂ ਧਿਆਨ ਦੂਜੇ ਪਾਸੇ ਕਰਨ ਦੇ ਸਿਰਤੋੜ ਯਤਨ ਸੱਤਾ ਤੇ ਕਾਬਜ ਧਿਰ ਦੀ ਛਤਰਸ਼ਾਇਆ ਹੇਠ ਹੁੰਦੇ ਵੇਖ ਰਹੇ ਹਾਂ। ਅਜਿਹੇ ਸਮੇਂ ਲੋਕਾਂ ਦੀ ਕੀ ਜੁੰਮੇਵਾਰੀ ਬਣਦੀ ਹੈ, ਬਾਰੇ ਲੋਕ ਚੇਤਨਾ ਫੈਲਾਉਣ ਦਾ ਵਰਤਾਰਾ ਨਿਰੰਤਰ ਜਾਰੀ ਰੱਖਣਾ ਬੇਹੱਦ ਜਰੂਰੀ ਹੈ। ਭਾਵੇਂ ਇਹ ਚੇਤਨਾ ਫੈਲਾਉਣ ਵਾਲਿਆਂ ਦੀ ਜੁਬਾਨਬੰਦੀ ਕਰਨ ਲਈ ਸਰਕਾਰੀ ਸ਼ਹਿ ਹੇਠ ਧਰਮ ਦੀ ਹੇਠੀ ਕਰਨ ਦੇ ਬਹਾਨੇ 295/295 ਏ ਦੇ ਅਧੀਨ ਪਰਚੇ ਦਰਜ ਕਰਕੇ ਸਹੀ ਤੇ ਵਿਗਿਆਨ ਅਧਾਰਤ ਆਵਾਜ ਬੰਦ ਕਰਨ ਦਾ ਭਰਮ ਪਾਲਿਆ ਜਾ ਰਿਹਾ ਹੈ। ਪਰ ਅੰਤ ਜਿੱਤ ਵਿਗਿਆਨ ਤੇ ਅਧਾਰਤ ਵਿਚਾਰਧਾਰਾ ਦੀ ਹੀ ਹੋਣੀ ਹੈ ਅਤੇ ਸਰਕਾਰੀ ਸਰਪ੍ਰਸਤੀ ਹੇਠ ਪਨਪ ਰਹੇ ਅੰਧਕਾਰ ਦਾ ਖਾਤਮਾ ਅਟੱਲ ਹੈ। ਦੇਸ਼ ਦੀ ਚੌਕੀਦਾਰੀ ਕਰਨ ਦਾ ਹੋਕਾ ਦੇ ਕੇ ਸੱਤਾ 'ਚ ਆਏ ਇਹ ਗੱਲ ਜਾਣਦੇ ਹੋਏ ਵੀ ਆਪਣੀ ਸੱਤਾ ਦੇ ਗਰੂਰ ਹੇਠ ਵਿਗਿਆਨਿਕ ਦਲੀਲਾਂ ਦਾ ਜਵਾਬ ਨਾ ਦੇ ਕੇ, ਧਰਮ ਨੂੰ ਪੁਰਾਣੀ ਸੰਸਕਿਰਤੀ ਬਹਾਲ ਕਰਨ ਲਈ ਵਰਤਦਿਆਂ, ਸੰਵਿਧਾਨਿਕ ਉਲੰਘਣਾ ਕਰਨ ਦੀ ਵੀ ਪ੍ਰਵਾਹ ਨਹੀਂ ਕਰ ਰਹੇ। ਜਿਹੜੇ ਸੰਵਿਧਾਨ ਨੂੰ ਮੰਨਣ ਦੀ ਸੌਂਹ ਖਾ ਕੇ ਉਸ ਦੀ ਪਾਲਣਾ ਕਰਨ ਦਾ ਵਾਅਦਾ ਕਰਕੇ ਰਾਜ ਗੱਦੀ ਸੰਭਾਲੀ ਸੀ, ਉਸ ਨਾਲ ਵਾਅਦਾ ਖਿਲਾਫੀ ਹੀ ਨਹੀਂ ਸਗੋਂ ਉਸ ਨੂੰ ਮੰਨਣ ਤੋਂ ਹੀ ਕਿਨਾਰਾ ਕੀਤਾ ਜਾ ਰਿਹਾ ਹੈ। ਇਸ ਲਈ ਸੰਵਿਧਾਨਿਕ ਜੁੰਮੇਵਾਰੀਆਂ ਨਾ ਨਿਭਾਉਣ ਵਾਲਿਆਂ ਨੂੰ ਕੋਈ ਹੱਕ ਨਹੀਂ ਕਿ ਉਹ ਧਰਮ ਦੀ ਤੋਹੀਨ ਦੇ ਬਹਾਨੇ ਗੈਰ ਵਿਗਿਆਨਿਕ ਮਾਨਤਾਵਾਂ ਦੀ ਰਾਖੀ ਕਰਨ। ਧਰਮ ਨੂੰ ਅੰਧਵਿਸ਼ਵਾਸ ਅਤੇ ਫਿਰਕੂ ਨਫਰਤ ਫੈਲਾਉਣ ਲਈ ਵਰਤਕੇ ਆਪਣੇ ਰਾਜ ਦੀ ਉਮਰ ਲੰਮੀ ਕਰਨ ਹਿੱਤ ਦੇਸ਼ ਵਿੱਚ ਮਨੁੱਖਤਾ ਦਾ ਖੂਨ ਤਾਂ ਵਹਾਇਆ ਜਾ ਸਕਦਾ ਹੈ, ਪਰ ਕਦੀ ਵੀ ਆਤਮ ਨਿਰਭਰ ਨਹੀਂ ਬਣਾਇਆ ਜਾ ਸਕਦਾ। ਹੁਣ ਦੇਸ਼ ਦੀ ਜਨਤਾ ਨੇ ਵੇਖਣਾ ਹੈ ਕਿ ਅਜਿਹੇ ਹਾਲਾਤਾਂ ਵਿੱਚ ਵਿਗਿਆਨਕ ਵਿਚਾਰਾਂ ਵੱਲ ਮੋੜਾ ਕੱਟਕੇ ਆਤਮ ਨਿਰਭਰਤਾ ਵੱਲ ਵਧਣਾ ਹੈ ਜਾਂ ਅੰਧਵਿਸ਼ਵਾਸੀ ਅਤੇ ਫਿਰਕੂ ਨਫਰਤ ਫੈਲਾਉਣ ਵਾਲਿਆਂ ਵਾਲੀ ਨਿਰਭਰਤਾ ਵੱਲ?

# ਸੰਕਟ ਦੇ ਨਵੇਂ ਰੂਪਾਂ ਦੇ ਪ੍ਰਸੰਗ 'ਚ

**ਬਲਵਿੰਦਰ ਸਿੰਘ ਔਲਖ**
+91-94631-19829



ਪਿਛਲੇ ਦਿਨੀਂ 22 ਜਨਵਰੀ 2024 ਨੂੰ ਭਾਰਤ ਦੀ ਹੁਕਮਰਾਨ ਸੱਤਾ ਨੇ ਅਯੁੱਧਿਆ ਵਿਚ ਜੋ ਮਹਾ-ਆਡੰਬਰ ਰਚਿਆ ਅਤੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਦੇਸ਼ ਵਿੱਚ ਉਹਨਾਂ ਤੋਂ ਵੱਡਾ ਹਿੰਦੂ ਧਰਮ ਦਾ ਝੰਡਾ ਬਰਦਾਰ ਕੋਈ ਹੋਰ ਨਹੀਂ ਹੈ। ਦੇਸ਼ ਦੇ ਰਾਸ਼ਟਰੀ ਮੀਡੀਆ ਨੇ ਵੀ ਪੂਰਾ ਜ਼ੋਰ ਲਗਾ ਕੇ ਭੋਲੀ ਭਾਲੀ ਜਨਤਾ ਤੱਕ ਸਰਕਾਰ ਦਾ ਇਹ ਸੰਦੇਸ਼ ਇੰਨ ਬਿੰਨ ਪਹੁੰਚਾਉਣ ਲਈ ਜੀ ਜਾਨ ਦੀ ਬਾਜ਼ੀ ਲਗਾ ਦਿੱਤੀ। ਪੂਰਾ ਦੇਸ਼ ਰਾਮਮਈ ਹੋ ਕੇ ਹਿੰਦੁਤਵ ਦੇ ਰੰਗ ਵਿਚ ਸ਼ਰਾਬੋਰ ਹੋਇਆ ਝੂਮਦਾ ਨਜ਼ਰ ਆਇਆ। ਹੁਣ ਸਵਾਲ ਇਹ ਹੈ ਕਿ ਕੀ ਇਹ ਰਾਮ ਭਗਤੀ ਅਤੇ ਹਿੰਦੂਤਵ ਹੀ ਸਰਕਾਰ ਦਾ ਅਸਲੀ ਧਰਮ ਹੈ ਜਾਂ ਫਿਰ ਅਸਲ ਵਿੱਚ ਇਹ ਸਿਰਫ਼ ਇੱਕ ਡਰਾਮਾ ਹੈ ਅਤੇ ਅਤੇ ਸਰਕਾਰ ਦਾ ਅਸਲੀ ਧਰਮ ਕੋਈ ਹੋਰ ਹੀ ਹੈ। ਇਹ ਸਾਰਾ ਨਾਟਕ ਕੇਵਲ ਅਤੇ ਕੇਵਲ ਲੋਕਾਂ ਨੂੰ ਮੂਰਖ ਬਣਾਉਣ ਲਈ ਹੀ ਰਚਿਆ ਗਿਆ ਹੈ।

ਕਿਸਾਨ ਮੋਰਚਾ ਜੋ ਦਿੱਲੀ ਦੇ ਬਾਰਡਰਾਂ ਉੱਪਰ ਕਰੀਬ ਤੇਰਾਂ ਮਹੀਨੇ ਚੱਲਿਆ, ਨੇ ਇੱਕ ਗੱਲ ਪੂਰੀ ਤਰ੍ਹਾਂ ਸਿੱਧ ਕਰ ਕੇ ਲੋਕ ਮਨਾਂ ਵਿਚ ਬਿਠਾ ਦਿੱਤੀ ਕਿ ਸਰਕਾਰਾਂ ਦਾ ਅਸਲੀ ਧਰਮ ਤਾਂ ਬਸ ਕਾਰਪੋਰੇਟ ਹੀ ਹੁੰਦਾ ਹੈ ਅਤੇ ਕਾਰਪੋਰੇਟ ਘਰਾਣਿਆਂ ਦੇ ਮੁਨਾਫ਼ਿਆਂ ਨੂੰ ਅੰਧਾਧੁੰਦ ਵਧਾਉਣ ਦੀ ਖਾਤਰ ਸਰਕਾਰਾਂ ਆਪਣੇ ਸਾਰੇ ਹੀ ਧਰਮ ਅਤੇ ਸੰਸਕਾਰ ਮਿੱਟੀ ਵਿੱਚ ਮਿਲਾਉਣ ਵਿੱਚ ਜਰਾ ਵੀ ਸੰਕੋਚ ਨਹੀਂ ਕਰਦੀਆਂ ਭਾਵੇਂ ਕਿ ਫਿਰ ਉਹਨਾਂ ਨੂੰ ਆਪਣੇ ਪ੍ਰਚਾਰਿਤ ਧਾਰਮਿਕ ਅਕੀਦਿਆਂ ਦੇ ਬਿਲਕੁਲ ਉਲਟ ਆਚਰਣ ਹੀ ਕਿਉਂ ਨਾ ਕਰਨਾ ਪਵੇ। ਇਵੇਂ ਹੀ ਹਿੰਦੂਤਵ ਦੇ ਸਿਧਾਂਤਾਂ ਦਾ ਢਿੰਡੋਰਾ ਪਿੱਟਣ ਵਾਲੀ ਸਰਕਾਰ ਨੂੰ ਅਗਰ ਜੇ ਜ਼ਰੂਰਤ ਪਈ ਤਾਂ ਇਹ ਹਿੰਦੂ ਧਰਮ ਦੇ ਬੁਨਿਆਦੀ ਸਿਧਾਂਤਾਂ ਉੱਪਰ ਘਾਤਕ ਪਰਹਾਰ ਕਰਨ ਤੋਂ ਇੱਕ ਪਲ ਵੀ ਸੰਕੋਚ ਨਹੀਂ ਕਰੇਗੀ।

ਅਸੀਂ ਸਭ ਜਾਣਦੇ ਹਾਂ ਕਿ 'ਦੇਸ਼ ਨਹੀਂ ਬਿਕਨੇ ਦੂੰਗਾ' ਦਾ ਨਾਅਰਾ ਦੇ ਕੇ ਸੱਤਾ ਵਿਚ ਆਈ ਸਰਕਾਰ ਨੇ ਰੇਲ, ਤੇਲ, ਹਵਾਈ ਜਹਾਜ਼ ਸਮੇਤ ਨਵਰਤਨ ਕੰਪਨੀਆਂ ਦੇ ਸਾਰੇ ਦੇਸ਼ ਦੇ ਖਣਿਜ, ਜੰਗਲ ਵਗੈਰਾ ਵੀ ਕਾਰਪੋਰੇਟ ਘਰਾਣਿਆਂ ਨੂੰ ਔਨੇ ਪੌਨੇ ਦਾਮ ਵੇਚ ਦਿੱਤੇ ਹਨ। ਹੁਣ ਅਗਰ ਕੁੱਝ ਬਚਿਆ ਹੈ ਤਾਂ ਉਹ ਕੇਵਲ ਖੇਤੀ ਯੋਗ ਜ਼ਮੀਨ ਹੀ ਹੈ ਜਿਸ ਦੀ ਮਾਲਕੀ ਸਰਕਾਰ ਦੇ ਮੰਦੇ ਭਾਗਾਂ ਨੂੰ ਸਰਕਾਰ ਕੋਲ ਨਹੀਂ ਹੈ ਬਲਕਿ ਡੇਢ ?, ਦੋ ਕਿੱਲਿਆਂ ਦੇ ਮਾਲਕ ਛੋਟੇ ਛੋਟੇ ਕਿਸਾਨਾਂ ਕੋਲ ਹੈ ਜਿਸ ਨੂੰ ਕਾਰਪੋਰੇਟ ਘਰਾਣੇ ਕਿਸੇ ਵੀ ਕੀਮਤ ਤੇ ਖੋਹਣਾ ਚਾਹੁੰਦੇ ਹਨ। ਇਸੇ ਮਕਸਦ ਦੀ ਪੂਰਤੀ ਲਈ ਹੀ ਕੇਂਦਰ ਸਰਕਾਰ ਤਿੰਨ ਮਸ਼ਹੂਰ ਖੇਤੀ ਕਾਨੂੰਨ ਲੈ ਕੇ ਆਈ ਸੀ ਜਿਹਨਾਂ ਨੂੰ ਕਿਸਾਨਾਂ ਨੇ ਕਾਲੇ ਕਾਨੂੰਨ ਕਰਾਰ ਦਿੱਤਾ ਅਤੇ ਸਰਕਾਰ ਦੀਆਂ ਗੋਡਣੀਆਂ ਲਵਾਉਂਦੇ ਹੋਏ ਉਸਨੂੰ ਇਹ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ।

ਪਰ ਤਸਵੀਰ ਦਾ ਇੱਕ ਹੋਰ ਪਹਿਲੂ ਵੀ ਹੈ। ਸਰਕਾਰਾਂ ਅਕਸਰ ਹੀ ਕਈ ਪਾਸਿਆਂ ਤੋਂ ਹਮਲੇ ਕਰਦੀਆਂ ਹਨ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਹਮਲੇ ਤਾਂ ਨਜ਼ਰ ਵੀ ਨਹੀਂ ਆਉਂਦੇ। ਅਜਿਹੇ ਹਮਲੇ ਬਹੁਤ ਵਾਰ ਕਿਸਾਨਾਂ ਅਤੇ ਲੋਕਾਂ ਦੀ ਭਲਾਈ ਦੇ ਨਾਮ ਹੇਠ ਕੀਤੇ ਜਾਂਦੇ ਹਨ। ਅਜਿਹਾ ਹੀ ਇਕ ਹਮਲਾ ਪਿਛਲੇ ਕਈ ਸਾਲਾਂ ਤੋਂ ਡੇਅਰੀ ਦੇ ਧੰਦੇ ਉੱਪਰ ਵਿੱਢਿਆ ਜਾ ਚੁੱਕਾ ਹੈ। ਸਰਕਾਰ ਡੇਅਰੀ ਦੇ ਧੰਦੇ ਨੂੰ ਮਾਰੂ ਸੱਟ ਮਾਰ ਕੇ ਕਿਸਾਨਾਂ ਦਾ ਲੱਕ ਤੋੜਨਾ ਚਾਹੁੰਦੀ ਹੈ। ਅਗਰ ਡੇਅਰੀ ਫੇਲ੍ਹ ਹੋ ਗਈ ਤਾਂ ਕਿਸਾਨੀ ਇੱਕ ਵਾਰ ਫਿਰ ਤੋਂ ਵੱਡੇ ਸੰਕਟ ਵਿੱਚ ਫਸ ਜਾਵੇਗੀ। ਨਿਸ਼ਾਨਾ ਫਿਰ ਕਿਸਾਨਾਂ ਦੀਆਂ ਜ਼ਮੀਨਾਂ ਉੱਪਰ ਹੀ ਹੈ। ਇਸੇ ਕ੍ਰਮ ਵਿਚ ਕਿਸਾਨਾਂ ਦੀਆਂ ਗਾਵਾਂ ਵੱਡੇ ਪੱਧਰ ਤੇ ਬਾਂਝ ਬਣਾਈਆਂ ਜਾ ਰਹੀਆਂ ਹਨ। ਇਹਨਾਂ ਨੂੰ ਆਮ ਭਾਸ਼ਾ ਵਿਚ ਫੰਡਰ ਬੋਲਿਆ ਜਾਂਦਾ ਹੈ। ਇਹ ਫੰਡਰ ਗਾਵਾਂ ਅੱਜ ਕੱਲ੍ਹ ਅਕਸਰ ਹੀ ਹਰ ਪਿੰਡ, ਸ਼ਹਿਰ ਤੇ ਗਲੀ ਮੁਹੱਲਿਆਂ ਵਿੱਚ ਘੁੰਮਦੀਆਂ ਦੇਖੀਆਂ ਜਾ ਸਕਦੀਆਂ ਹਨ। ਇਹ ਗਾਂਵਾਂ ਇੰਨੀ ਵੱਡੀ ਗਿਣਤੀ ਵਿਚ ਫੰਡਰ ਕਿਉਂ ਹੋ ਰਹੀਆਂ ਹਨ, ਇਹ ਗੱਲ ਕੋਈ ਨਹੀਂ ਦੱਸਦਾ ਪਰ ਇਸ ਨਾਲ ਉਨ੍ਹਾਂ ਕਿਸਾਨਾਂ ਦਾ ਤਾਂ ਬੁਰੀ ਤਰ੍ਹਾਂ ਧੂੰਆਂ ਹੀ ਨਿਕਲ ਜਾਂਦਾ ਹੈ ਜਿਨ੍ਹਾਂ ਦੇ ਡੇਅਰੀ ਫਾਰਮਾਂ ਤੇ ਇਹਨਾਂ ਫੰਡਰ ਗਾਵਾਂ ਦੇ ਝੁੰਡ ਪੈਦਾ ਹੋਣ ਲੱਗ ਪੈਂਦੇ ਹਨ।

ਇਹ ਸਭ ਕੁਝ ਹੋ ਰਿਹਾ ਹੈ ਸੈਕਸਡ ਸੀਮਨ (ਲਿੰਗੀ ਵੀਰਜ) ਨਾਮ ਦੀ ਇੱਕ ਨਵੀਂ ਤਕਨੀਕ ਨਾਲ ਜਿਸ ਨੂੰ ਪੂਰੀ ਦੁਨੀਆਂ ਵਿੱਚੋਂ ਕੇਵਲ ਭਾਰਤੀ ਸਰਕਾਰ ਹੀ ਮਿਲੀ ਹੈ ਜੋ ਐਡੇ ਵੱਡੇ ਪੈਮਾਨੇ ਉੱਪਰ ਇਸਨੂੰ ਲਗਾਤਾਰ ਲਾਗੂ ਕਰੀ ਜਾ ਰਹੀ ਹੈ ਅਤੇ ਲੋਕਾਂ ਦੇ ਖੂਨ ਪਸੀਨੇ ਦੇ ਹਜ਼ਾਰਾਂ ਕਰੋੜ ਦੇ ਟੈਕਸਾਂ ਨਾਲ ਇਕੱਠਾ ਕੀਤੇ ਧੰਨ ਨੂੰ ਗ਼ਟਰ ਵਿੱਚ ਹੀ ਨਹੀਂ ਵਹਾ ਰਹੀ ਸਗੋਂ ਇਸ ਨਾਲ ਕਿਸਾਨਾਂ ਨੂੰ ਹੋਣ ਵਾਲੇ ਨੁਕਸਾਨ ਨੂੰ ਹੋਰ ਦੁਗਣਾ ਚੌਗੁਣਾ ਵੀ ਕਰ ਰਹੀ ਹੈ। ਵੈਸੇ ਕਹਿਣ ਨੂੰ ਤਾਂ ਸਾਡੀ ਸਰਕਾਰ ਇਹ ਕਹਿ ਕੇ ਇਸ ਤਕਨੀਕ ਨੂੰ ਲਾਗੂ ਕਰ ਰਹੀ ਹੈ ਕਿ ਇਸ ਨਾਲ ਗਾਂਵਾਂ ਵਿੱਚ ਕੇਵਲ ਮਾਦਾ ਸੰਤਾਨ ਨੂੰ ਪੈਦਾ ਕਰ ਕੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕੀਤਾ ਜਾਵੇਗਾ ਬਲਕਿ ਇਸ ਨਾਲ ਵੱਛੜੇ ਘੱਟ ਪੈਦਾ ਕਰ ਕੇ ਬੁੱਚੜਖਾਨੇ ਲਿਜਾਏ ਜਾਣ ਵਾਲੇ ਜਾਨਵਰਾਂ ਦੀ ਗਿਣਤੀ ਘਟਾ ਕੇ ਗਊ ਸੇਵਾ ਅਤੇ ਹਿੰਦੂਤਵ ਦੇ ਭਾਵ ਨੂੰ ਵੀ ਸੰਤੁਸ਼ਟ ਕੀਤਾ ਜਾ ਸਕੇਗਾ। ਪਰ ਹੁਣ ਇਸ ਤਕਨੀਕ ਦੇ ਬਹੁਤ ਸਾਰੇ ਦੁਰਪ੍ਰਭਾਵ ਸਾਹਮਣੇ ਆਉਣ ਲੱਗੇ ਹਨ ਜਿਨ੍ਹਾਂ ਵਿਚੋਂ ਇਕ ਹੈ ਕਨਸੈਪਸ਼ਨ ਰੇਟ (ਗਰਭ ਧਾਰਨ ਦਰ) ਦਾ ਬਹੁਤ ਨੀਚੇ ਗਿਰ ਜਾਣਾ ਅਤੇ ਦੂਸਰਾ ਇਸ ਵਿਧੀ ਨਾਲ ਪੈਦਾ ਹੋਣ ਵਾਲੇ ਭਰੂਣ, ਗਰਭ-ਸ਼ਿਸ਼ੂ ? ਅਤੇ ਨਵ ਜਨਮੇ ਬੱਚਿਆਂ ਵਿੱਚ ਹੋਣ ਵਾਲੇ ਡੀ ਐਨ ਏ ਦੇ ਵਿਗਾੜ, ਇਹਨਾਂ ਦੇ ਸਰੀਰ ਵਿੱਚ ਹੋਣ ਵਾਲੀਆਂ ਵਿਕਿਤੀਆਂ, ਅੰਦਰੂਨੀ ਅੰਗਾਂ ਜਿਵੇਂ ਦਿਲ, ਦਿਮਾਗ, ਗੁਰਦੇ, ਲਿਵਰ ਦਾ ਨੁਕਸਦਾਰ ਹੋਣਾ, ਕੈਂਸਰ ਵਰਗੀਆਂ ਬਿਮਾਰੀਆਂ ਤੋਂ ਪੀੜਤ ਹੋਣਾ ਆਦਿ। ਫਿਰ ਇਸ ਸਭ ਤੋਂ ਉਪਰ ਇਹਨਾਂ ਭਰੂਣਾਂ ਅਤੇ ਨਵ-ਜਨਮੇ ਬੱਚਿਆਂ ਦੀਆਂ ਵੱਡੀ ਗਿਣਤੀ ਵਿਚ ਹੋਣ ਵਾਲੀਆਂ ਮੌਤਾਂ।

ਸੈਕਸਡ ਸੀਮਨ ਦੀਆਂ ਵੈਸੇ ਤਾਂ ਕਈ ਤਕਨੀਕਾਂ ਮੌਜੂਦ ਹਨ ਪਰ ਇਹਨਾਂ ਸਾਰੀਆਂ ਵਿੱਚੋਂ ਸਭ ਤੋਂ ਜ਼ਿਆਦਾ ਪਾਪੂਲਰ 1982 ਵਿੱਚ ਪਿੰਕਲ ਅਤੇ ਗਲੈਂਡਹਿਲ ਨਾਮ ਦੇ ਵਿਗਿਆਨਕਾਂ ਦੁਆਰਾ ਖੋਜੀ ਫਲੋ ਸਾਈਟੋਮੀਟਰੀ ਸੀਮਨ ਸਾਰਟਿੰਗ (ਵਹਾ ਆਧਾਰਿਤ ਸੈੱਲ ਗਿਣਤੀ ਵੀਰਜ ਵੱਖਰਾ ਕਰਨ) ਦੀ ਤਕਨੀਕ ਹੈ ਜਿਸ ਨੂੰ ਇਸ ਸਮੇਂ ਭਾਰਤ ਸਮੇਤ ਪੂਰੀ ਦੁਨੀਆਂ ਵਿੱਚ ਵਰਤਿਆ ਜਾ ਰਿਹਾ ਹੈ। ਇਸ ਤਕਨੀਕ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਬਲਦ ਦੇ ਸਪਰਮਾਂ (ਸ਼ੁਕਰਾਣੂ) ਨੂੰ ਬਹੁਤ ਹੀ ਸਖ਼ਤ ਅਤੇ ਨੁਕਸਾਨ ਜਨਕ ਹਲਾਤਾਂ ਵਿੱਚੋਂ ਗੁਜ਼ਾਰਿਆ ਜਾਂਦਾ ਹੈ ਜਿਹਨਾਂ ਵਿੱਚ 35-50 ਐਟਮਸਫੀਅਰ (ਪ੍ਰੈਸ਼ਰ ਮਿਣਨ ਦੀ ਇਕਾਈ) ਦਾ ਪ੍ਰੈਸ਼ਰ, ਲੇਜ਼ਰ ਲਾਈਟਾਂ, ਕੈਮੀਕਲ ਟਰੀਟਮੈਂਟ, 100 ਕਿਲੋਮੀਟਰ ਦੀ ਸਪੀਡ ਤੇ ਘੁਮਾਉਣਾ ਅਤੇ ਬਿਜਲੀ ਦੇ ਝਟਕੇ ਦੇਣਾ ਤੱਕ ਸ਼ਾਮਲ ਹੈ। ਇਸ ਸਾਰੀ ਪ੍ਰਕਿਰਿਆ ਦੌਰਾਨ ਸਪਰਮ ਡੈਮੇਜ ਹੋ ਜਾਂਦੇ ਹਨ ਅਤੇ ਇੱਥੋਂ ਤੱਕ ਕਿ ਉਨ੍ਹਾਂ ਦਾ ਡੀ ਐਨ ਏ ਵੀ ਡੈਮੇਜ਼ ਹੋ ਜਾਂਦਾ ਹੈ। ਫਿਰ ਇਸ ਖ਼ਰਾਬ ਡੀ ਐਨ ਏ ਵਾਲੇ ਸਪਰਮ ਦੇ ਗਾਂ ਦੇ ਅੰਡੇ ਨਾਲ ਮੇਲ ਉਪਰੰਤ ਪੈਦਾ ਹੋਣ ਵਾਲੇ ਜ਼ਾਇਗੋਟ, ਭਰੂਣ ਅਤੇ ਗਰਭ-ਸ਼ਿਸ਼ੂ ਦਾ ਵੀ ਡੀ ਐਨ ਏ ਖ਼ਰਾਬ ਹੋ ਜਾਂਦਾ ਹੈ। ਜ਼ਾਇਗੋਟ ਅਤੇ ਭਰੂਣ ਵਗੈਰਾ ਵੱਡੀ ਗਿਣਤੀ ਵਿਚ ਮਰ ਜਾਂਦੇ ਹਨ। ਇਸੇ ਹੀ ਵਜ੍ਹਾ ਕਰਕੇ ਗਾਂਵਾਂ ਦਾ ਗਰਭ ਨੁਕਸਾਨਿਆ ਜਾਂਦਾ ਹੈ ਅਤੇ ਉਹ ਗਿਰ ਜਾਂਦਾ ਹੈ। ਗਊਆਂ ਫਿਰ ਜਾਂਦੀਆਂ ਹਨ ਅਤੇ ਇਕ ਅਰਸੇ ਬਾਅਦ ਫਿਰ ਤੋਂ ਹੀਟ ਵਿਚ ਆ ਜਾਂਦੀਆਂ ਹਨ। ਇਹ ਪ੍ਰਕਿਰਿਆ ਬਾਰ ਬਾਰ ਚਲਦੀ ਰਹਿੰਦੀ ਹੈ ਅਤੇ ਅੰਤ ਵਿਚ ਅਜਿਹੀਆਂ ਗਾਂਵਾਂ ਪੂਰੀ ਤਰ੍ਹਾਂ ਫੰਡਰ ਹੀ ਹੋ ਜਾਂਦੀਆਂ ਹਨ। ਅਜਿਹੀਆਂ ਗਾਂਵਾਂ ਵਿੱਚ ਕਨਸੈਪਸਨ ਰੇਟ ਦਾ ਗਿਰਨਾ ਅਤੇ ਇਹਨਾਂ ਗਾਂਵਾਂ ਦਾ ਫੰਡਰ ਹੋਣਾ ਇੱਕ ਆਮ ਜਿਹਾ ਵਰਤਾਰਾ ਹੈ। ਇਸ ਬਾਰੇ ਮਹਾਨ ਵਿਗਿਆਨਕ ਸ਼੍ਰੀ ਜ਼ਿਰਾਲਡ ਸੀਡਲ ਨੇ ਕਿਹਾ ਸੀ "ਕਨਸੈਪਸਨ ਰੇਟ ਵਿੱਚ ਇਹ ਕਮੀ ਦਾ ਇੱਕ ਕਾਰਨ ਇਸ ਪ੍ਰਕਿਰਿਆ ਦੌਰਾਨ ਹੋਣ ਵਾਲਾ ਸਪਰਮ ਡੈਮੇਜ਼ ਹੀ ਹੈ" (ਦਾ ਐਨੀਮਲ, 2014, ਵਾਲਿਊਮ 8, ਸਫ਼ਾ 160-164)। ਅਜਿਹੇ ਵਿਚਾਰ ਇਸ ਖੇਤਰ ਦੇ ਹੋਰ ਮਹਾਨ ਵਿਗਿਆਨਕਾਂ ਜਿਵੇਂ ਐਲ ਜਾਨਸਨ ਅਤੇ ਡੀ ਗੋਰਡਨ ਨੇ ਵੀ ਪੇਸ਼ ਕੀਤੇ ਹਨ।

ਸਪਰਮ ਬਹੁਤ ਹੀ ਨਾਜ਼ੁਕ ਅਤੇ ਹੈਪਲਾਇਡ (ਐਸੇ ਸੈੱਲ ਜਿਨ੍ਹਾਂ ਵਿਚ X ਅਤੇ Y ਕਰੋਮੋਸੋਮਾਂ ਦੀ ਗਿਣਤੀ ਅੱਧੀ ਹੁੰਦੀ ਹੈ) ਇਕਾਈਆਂ ਹੁੰਦੇ ਹਨ। ਉਹਨਾਂ ਦੀ ਸੁਰੱਖਿਆ ਲਈ ਉਹਨਾਂ ਨੂੰ ਢੱਕਣ ਲਈ ਉਹਨਾਂ ਕੋਲ ਤਾਂ ਇੱਕ ਸੈਲ ਵਾਲ (ਕੰਧ) ਵੀ ਨਹੀਂ ਹੁੰਦੀ। ਉਹ ਤਾਂ ਇੱਕ ਬਹੁਤ ਹੀ ਬਾਰੀਕ ਅਤੇ ਨਰਮ ਪਲਾਜ਼ਮਾ ਲੀਮਾਂ ਨਾਲ ਢੱਕੇ ਹੁੰਦੇ ਹਨ। ਉਹ ਇੰਨਾ ਪਰੈਸ਼ਰ ਜਾਂ ਲੇਜ਼ਰ ਲਾਈਟਾਂ ਵਗੈਰਾ ਨਹੀਂ ਸਹਾਰ ਸਕਦੇ। ਇਹ ਗੱਲ ਇਨਾਭਾ, ਸਪਾਈਨੇਸੀ, ਗੋਂਜ਼ਾ ਲਿਵਿਸ ਵਰਗੇ ਵੱਡੇ ਵਿਗਿਆਨੀਆਂ ਨੇ ਬੜੀ ਮਿਹਨਤ ਨਾਲ ਸਮਝਾਈ ਸੀ। ਜਾਈਗੋਟ ਦਾ ਡੈਮੇਜ਼ ਹੋ ਜਾਣਾ ਅਤੇ ਉਸਦੀਆਂ ਹੋਣ ਵਾਲੀਆਂ ਮੌਤਾਂ ਬਾਰੇ ਬੜੇ ਵਿਸਥਾਰ ਵਿਚ ਟਿਸਾਰਿਕ, ਪਾਲਮਾ ਅਤੇ ਟੈਲਫੋਰਡ ਵਰਗੇ ਵਿਗਿਆਨਕਾਂ ਨੇ ਦੱਸਿਆ ਸੀ। ਇਥੇ ਜ਼ਿਕਰਯੋਗ ਗੱਲ ਇਹ ਹੈ ਕਿ ਜ਼ਾਇਗੋਟ ਜਾਂ ਭਰੂਣ ਹੱਤਿਆਵਾਂ ਬਾਰੇ ਪੂਰਾ ਪੂਰਾ ਅੰਕੜਾ ਮਿਲਣਾ ਬਹੁਤ ਮੁਸ਼ਕਲ ਹੈ ਪਰ ਭਰੂਣ ਤੋਂ ਅਗਲੀ ਸਟੇਜ ਯਾਨਿ ਗਰਭ ਵਿੱਚ ਪਲ ਰਹੇ ਬੱਚੇ ਦੀ ਜਦੋਂ ਮੌਤ ਹੁੰਦੀ ਹੈ ਅਤੇ ਗਊ ਦਾ ਜਦੋਂ ਗਰਭ ਗਿਰਦਾ ਹੈ ਤਾਂ ਇਹ ਅੰਕੜਾ ਰਿਕਾਰਡ ਵਿੱਚ ਆ ਜਾਂਦਾ ਹੈ ਅਤੇ ਇਹ ਅੰਕੜਾ ਸਚਮੁੱਚ ਬਹੁਤ ਭਿਆਨਕ ਹੈ। ਜੈਡੋਵਿਕ ਅਤੇ ਜਿਰੜਾ ਨੇ ਇਹ ਅੰਕੜਾ 1.35% ਸੈਕਸਡ ਸੀਮਨ ਨਾਲ? ਹੋਣ ਵਾਲੀਆਂ ਵੱਧ ਮੌਤਾਂ ਦਾ ਦਿਤਾ ਹੈ। ਨਾਰਮਨ ਨੇ ਇਹ ਅੰਕੜਾ ਕਰੀਬ ਇੱਕ ਪਰਸੈਂਟ ਦਾ ਦਿਤਾ ਹੈ। ਹੀਅਲੀ ਨੇ ਇਹ ਅੰਕੜਾ 1.7% ਵੱਧ ਮੌਤਾਂ ਦਾ ਦਿਤਾ ਹੈ। ਇਹ ਸਚਮੁੱਚ ਬਹੁਤ ਵੱਡੇ ਅੰਕੜੇ ਹਨ। ਇਹਨਾਂ ਨੂੰ ਦੇਖ ਕੇ ਕਿਸੇ ਦਾ ਵੀ ਸਿਰ ਚਕਰਾ ਸਕਦਾ ਹੈ ਕਿਉਂਕਿ ਸਾਡੇ ਦੇਸ਼ ਵਿੱਚ ਇਹ ਪ੍ਰਾਜੈਕਟ ਇੰਡੇ ਵੱਡੇ ਪੈਮਾਨੇ ਉਪਰ 25-30 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਖਰਚਾ ਕਰਕੇ ਕਰੋੜਾਂ ਹੀ ਗਾਂਵਾਂ ਉਪਰ ਚਲਾ ਦਿੱਤਾ ਗਿਆ ਹੈ। ਹੁਣ ਤੱਕ ਕਈ ਕਰੋੜ ਡੋਜ਼ਾਂ ਇਸ ਤਕਨੀਕ ਨਾਲ ਤਿਆਰ ਕੀਤੇ ਸੀਮਨ ਦੀਆਂ ਲਗਾਈਆਂ ਜਾ ਚੁੱਕੀਆਂ ਹਨ। ਇਸ ਹਿਸਾਬ ਨਾਲ ਤਾਂ ਗਊ ਮਾਤਾ ਦੇ ਪੇਟ ਵਿੱਚ ਪਲਣ ਵਾਲੇ ਲੱਖਾਂ ਹੀ ਮਾਸੂਮ ਬਛੜੇ ਹੁਣ ਤੱਕ ਮਾਰ ਦਿੱਤੇ ਜਾ ਚੁੱਕੇ ਹਨ। ਇਹ ਸਭ ਉਸ ਦੇਸ਼ ਵਿੱਚ ਹੋ ਰਿਹਾ ਹੈ ਜਿਸ ਦੇਸ਼ ਵਿੱਚ ਗਊ ਨੂੰ ਮਾਤਾ ਦਾ ਦਰਜ਼ਾ ਹਾਸਲ ਹੈ। ਇਥੇ ਲੋਕ ਗਾਂ ਦੀ ਪੂਜਾ ਕਰਦੇ ਹਨ। ਅਸੀਂ ਸਰਕਾਰ ਨੂੰ ਸਲਾਹ ਦਿੰਦੇ ਹਾਂ ਕਿ ਇਸ ਤੋਂ ਪਹਿਲਾਂ ਕਿ ਇਹ ਗੱਲ ਲੋਕਾਂ ਨੂੰ ਪਤਾ ਚੱਲੇ, ਇਸ ਤਕਨੀਕ ਉੱਪਰ ਫੌਰਨ ਬਿਨਾਂ ਇੱਕ ਵੀ ਮਿੰਟ ਦੀ ਦੇਰੀ ਕੀਤੇ ਪੂਰਣ ਪ੍ਰਤੀਬੰਧ ਲਗਾ ਦਿੱਤਾ ਜਾਵੇ ਨਹੀਂ ਤਾਂ ਲੋਕਾਂ ਦਾ ਗੁੱਸਾ ਰੋਕੇ ਨਹੀਂ ਰੁਕੇਗਾ।

ਜੇ ਇਹਨਾਂ ਮੌਤਾਂ ਵਿਚ ਜਾਈਗੋਟ, ਭਰੂਣ ਅਤੇ ਨਵਜਨਮੇ ਬੱਚਿਆਂ ਦੀਆਂ ਹੱਤਿਆਵਾਂ ਵੀ ਜੋੜ ਦਿਤੀਆਂ ਜਾਣ ਤਾਂ ਇਹ ਅੰਕੜਾ 15-20% ਤੱਕ ਵੀ ਜਾ ਸਕਦਾ ਹੈ। ਇਹ ਤਾਂ ਕਹਿਰ ਹੈ। ਕਿਸਾਨਾਂ ਨੂੰ ਅਜਿਹੀ ਤਕਨੀਕ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ ਕਿਉਂਕਿ ਗਊ ਹੱਤਿਆ ਤਾਂ ਇੱਕ ਪਾਸੇ, ਇਸ ਨਾਲ ਉਨ੍ਹਾਂ ਦੀਆਂ ਗਾਵਾਂ ਲਗਾਤਾਰ ਫੰਡਰ ਹੋ ਰਹੀਆਂ ਹਨ ਅਤੇ ਡੇਅਰੀ ਫਾਰਮ ਲਗਾਤਾਰ ਘਾਟੇ ਵਿੱਚ ਜਾ ਰਹੇ ਹਨ। ਸਾਡੀਆਂ ਯੂਨੀਵਰਸਿਟੀਆਂ ਅਤੇ ਰਿਸਰਚ ਇੰਸਟੀਚਿਊਟ ਜੋ ਅੱਜਕਲ ਮਲਟੀ ਨੈਸ਼ਨਲ ਕਾਰਪੋਰੇਟ ਘਰਾਣਿਆਂ ਦੇ ਬੱਸ ਰਿਜਨਲ ਮਾਰਕੀਟਿੰਗ ਆਫਿਸ ਹੀ ਬਣ ਕੇ ਰਹਿ ਗਏ ਹਨ, ਇਸ ਬਾਬਤ ਕਿਸਾਨਾਂ ਨੂੰ ਕੁਝ ਨਹੀਂ ਦੱਸਦੇ ਬਲਕਿ ਲਗਾਤਾਰ ਗੁਮਰਾਹ ਕਰਦੇ ਹਨ। ਸਰਕਾਰਾਂ ਬੇਸ਼ਰਮੀ ਨਾਲ ਝੂਠ ਬੋਲਦੀਆਂ ਹਨ। ਪੂਰਾ ਸਿਸਟਮ ਚੰਦ ਕਾਰਪੋਰੇਟ ਘਰਾਣਿਆਂ ਦਾ ਬੰਧਕ ਬਣ ਜਾਂਦਾ ਹੈ। ਜਦੋਂ ਕਿ ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਜਦੋਂ ਵੀ ਕੋਈ ਜਾਈਗੋਟ, ਭਰੂਣ ਜਾਂ ਗਰਭ ਦਾ ਅੰਤ ਹੁੰਦਾ ਹੈ ਜਾਂ ਉਹ ਗਿਰ ਜਾਂਦਾ ਹੈ, ਉਸ ਮਾਂ ਦੇ ਬਾਂਝ ਹੋਣ ਦੀ ਸੰਭਾਵਨਾ ਬਹੁਤ ਵਧ ਜਾਂਦੀ ਹੈ। ਫਿਰ ਉਹ ਮਾਂ ਚਾਹੇ ਕੋਈ ਔਰਤ ਹੋਵੇ ਜਾਂ ਗਾਂ। ਇਹ ਗੱਲ ਵਰਲਡ ਸਿਹਤ ਸੰਸਥਾ, ਦੁਨੀਆਂ ਦੀਆਂ ਵੱਖ ਵੱਖ ਸਰਕਾਰਾਂ ਜਿਵੇਂ ਆਸਟ੍ਰੇਲੀਆ, ਇਗਲੈਂਡ, ਅਮਰੀਕਾ ਵਗੈਰਾ ਨੇ ਆਪਣੇ ਅਧਿਕਾਰਿਤ ਵੈੱਬਸਾਈਟਾਂ ਉਪਰ ਪਾਈ ਹੋਈ ਹੈ।

ਇੱਕ ਹੋਰ ਗੱਲ ਜੋ ਬੜੀ ਖਤਰਨਾਕ ਹੈ ਉਹ ਇਹ ਕਿ ਜੋ ਗਾਂਵਾਂ ਇਸ ਤਕਨੀਕ ਨਾਲ ਪੈਦਾ ਹੋਣਗੀਆਂ ਅਤੇ ਉਹਨਾਂ ਦਾ ਡੀ ਐਨ ਏ ਵੀ ਖ਼ਰਾਬ ਹੋਵੇਗਾ। ਉਹਨਾਂ ਨੂੰ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦੇ ਆਪਣੀ ਚਪੇਟ ਵਿੱਚ ਲੈ ਲੈਣ ਦੇ ਚਾਨਸ ਬਹੁਤ ਜ਼ਿਆਦਾ ਹੋਣਗੇ। ਇਹ ਗੱਲ ਹੁਣੇ ਹੁਣੇ ਦਸੰਬਰ 2019 ਵਿੱਚ ਬ੍ਰਿਟਿਸ਼ ਕੈਂਸਰ ਜਰਨਲ ਵਿਚ ਛਪੀ ਹਾਰਵਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਡੇਵਿਡ ਫਾਗੂਨੀ ਦੀ ਖੋਜ ਤੋਂ ਸਾਬਤ ਹੁੰਦੀ ਹੈ। ਅਜਿਹੀਆਂ ਕੈਂਸਰ ਪੀੜਤ ਗਾਂਵਾਂ ਦਾ ਦੁੱਧ ਅਸੀਂ ਆਪਣੇ ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਨੂੰ ਪਿਲਾਉਣਾ ਹਰਗਿਜ਼ ਗਵਾਰਾ ਨਹੀਂ ਕਰ ਸਕਦੇ। ਜੀਵਾਂ ਦਾ ਡੀ ਐਨ ਏ ਕੁਦਰਤ ਨੂੰ ਬਹੁਤ ਪਿਆਰਾ ਹੈ। ਕੁਦਰਤ ਨੇ ਕਰੋੜਾਂ ਹੀ ਸਾਲਾਂ ਦੀ ਮਿਹਨਤ, ਜਿਸ ਨੂੰ ਵਿਗਿਆਨ ਦੀ ਭਾਸ਼ਾ ਵਿੱਚ ਕਮਿਕ ਜੀਵ ਵਿਕਾਸ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਦੇ ਉਪਰੰਤ ਹਰ ਇੱਕ ਪ੍ਰਜਾਤੀ ਲਈ ਇਸਨੂੰ ਅਲੱਗ ਅਤੇ ਵਸ਼ਿਸ਼ਟ ਰੂਪ ਵਿੱਚ ਤਿਆਰ ਕੀਤਾ ਹੈ। ਕੁਦਰਤ ਕਦੇ ਵੀ ਆਪਣੀ ਸਿਰਜੀ ਹੋਈ ਸਰਵ ਸ੍ਰੇਸ਼ਟ ਰਚਨਾ ਯਾਨਿ ਡੀ ਐਨ ਏ ਦੀ ਵਿਭਿੰਨ ਵਿਸ਼ੇਸ਼ਤਾ ਵਿੱਚ ਕਿਸੇ ਬਾਹਰੀ ਤਾਕ ?ਤ ਯਾਨਿ ਇਨਸਾਨ ਵੱਲੋਂ ਕੀਤਾ ਗਿਆ ਕੋਈ ਵੀ ਦਖਲ ਪਸੰਦ ਨਹੀਂ ਕਰੇਗੀ। ਮਨੁੱਖ ਨੂੰ ਆਪਣੇ ਵਿਗਿਆਨਕ ਗਿਆਨ ਅਤੇ ਯੋਗਤਾ ਉੱਪਰ ਬੇਲੋੜਾ ਹੰਕਾਰ ਨਹੀਂ ਕਰਨਾ ਚਾਹੀਦਾ। ਇਸਦੇ ਨਾਲ ਹੀ ਚਾਹੇ ਉਹ ਕੋਈ ਸਰਕਾਰ ਹੋਵੇ ਜਾਂ ਕਾਰਪੋਰੇਟ ਘਰਾਣਾ, ਉਸਨੂੰ ਇਹ ਹੱਕ ਨਹੀਂ ਮਿਲ ਜਾਂਦਾ ਕਿ ਉਹ ਆਪਣੇ ਅੰਧਾਧੁੰਦ ਸੌੜੇ ਮੁਨਾਫ਼ਿਆਂ ਦੀ ਖਾਤਰ ਲੋਕਾਂ ਅਤੇ ਖਾਸਕਰ ਕਿਸਾਨਾਂ ਨੂੰ ਕਿਸੇ ਅਣਕਿਆਸੇ, ਅਣਚਾਹੇ ਸੰਕਟ ਦੇ ਮੂੰਹ ਧੱਕ ਦੇਵੇ। ਅਜਿਹੀ ਸੀਮਨ ਸਾਰਟਿੰਗ ਤਕਨੀਕ ਉੱਪਰ ਫੌਰਨ ਅਤੇ ਪੂਰਣ ਪਾਬੰਦੀ ਲੱਗਣੀ ਚਾਹੀਦੀ ਹੈ। ਇਸਦੇ ਵਿੱਚ ਹੀ ਸਮਾਜ ਅਤੇ ਦੇਸ਼ ਦੀ ਭਲਾਈ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਮੌਜੂਦਾ ਸਰਕਾਰ ਜੋ ਆਪਣੇ ਹਰ ਸਾਹ ਵਿੱਚ ਹਿੰਦੁਤਵ ਦਾ ਰਾਗ ਅਲਾਪਦੀ ਨਜ਼ਰ ਆਉਂਦੀ ਹੈ, ਉਹ ਭਲਾ ਕੋਈ ਅਜਿਹਾ ਕੰਮ ਕਿਉਂ ਕਰੇਗੀ ਜਿਸ ਨਾਲ ਹਿੰਦੂ ਧਰਮ ਦੇ ਮੁੱਖ ਆਧਾਰ ਸਤੰਭਾਂ ਵਿੱਚੋਂ ਇੱਕ ਯਾਨਿ ਗਊ ਮਾਤਾ ਦੇ ਗਰਭ ਵਿੱਚ ਪਲਦੇ ਲੱਖਾਂ ਅਣਜਨਮੇ, ਮਾਸੂਮ ਬੱਚਿਆਂ ਦੀ ਹੱਤਿਆ ਕਰਨੀ ਪੈ ਜਾਵੇ? ਹਿੰਦੂ ਧਰਮ ਦੀਆਂ ਮਾਨਤਾਵਾਂ ਅਨੁਸਾਰ ਗਊ ਮਾਤਾ ਦਾ ਦਰਜਾ ਸਭ ਤੋਂ ਉੱਤਮ ਹੈ। ਇਸ ਦੇ ਸ਼ਰੀਰ ਨੂੰ ਤਾਂ ਤੇਤੀ ਕੋਟਿ ਦੇਵੀ ਦੇਵਤਿਆਂ ਦਾ ਨਿਵਾਸ ਸਮਝਿਆ ਜਾਂਦਾ ਹੈ। ਪਰ ਅਜਿਹਾ ਸੋਚਦੇ ਹੋਏ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਅਯੁੱਧਿਆ ਵਿਚ ਸ਼੍ਰੀ ਰਾਮ ਚੰਦਰ ਜੀ ਦਾ ਮੰਦਰ ਬਣਾਉਣ ਵਾਲੀ ਅਤੇ ਸ਼੍ਰੀ ਕ੍ਰਿਸ਼ਨ ਜਨਮ ਸਥਲੀ ਮਥੁਰਾ ਅਤੇ ਕਾਂਸ਼ੀ ਵਿਸ਼ਵਨਾਥ ਵਿੱਚ ਮੁਸਲਿਮ ਧਰਮ ਅਸਥਾਨਾਂ ਖ਼ਿਲਾਫ ਉਨਮਾਦੀ ਮੁਹਿੰਮਾਂ ਚਲਾਉਣ ਵਾਲੀ ਇਸ ਅਖੌਤੀ ਹਿੰਦੁਤਵਵਾਦੀ ਸਰਕਾਰ ਦਾ ਅਸਲੀ ਧਰਮ ਤਾਂ ਆਖ਼ਰ ਕਾਰਪੋਰੇਟ ਹੀ ਹੈ ਜਿਸ ਦੀ ਖ਼ਾਤਰ ਇਹ ਗਊ ਮਾਤਾ ਤਾਂ ਕੀ, ਪੂਰੇ ਰਾਮ, ਕ੍ਰਿਸ਼ਨ ਅਤੇ ਸ਼ਿਵ ਜੀ, ਬ੍ਰਹਮਾ ਨੂੰ ਵੀ ਕਾਰਪੋਰੇਟਾਂ ਦੇ ਹੱਥ ਵੇਚਣ ਤੋਂ ਇੱਕ ਪਲ ਦਾ ਵੀ ਗੁਰੇਜ਼ ਨਾ ਕਰੇ। ਇਸ ਲਈ ਦੇਸ਼ ਦੀ ਅਣਭੋਲ ਅਤੇ ਮਾਸੂਮ ਜਨਤਾ ਤੱਕ ਇਹ ਜਾਣਕਾਰੀ ਪਹੁੰਚਾਉਣੀ ਬਹੁਤ ਜ਼ਰੂਰੀ ਹੈ ਕਿ ਧਾਰਮਿਕ ਹੋਣ ਦਾ ਪਾਖੰਡ ਕਰਨ ਵਾਲੀ ਇਹ ਗਊ ਹਤਿਆਰੀ ਸਰਕਾਰ ਅਸਲ ਵਿੱਚ ਕਿਸਾਨੀ ਦੇ ਨਾਲ ਨਾਲ ਹਿੰਦੂ ਧਰਮ ਦੀ ਵੀ ਸਭ ਤੋਂ ਵੱਡੀ ਦੁਸ਼ਮਣ ਹੈ ਜਿਸ ਨੇ ਕਾਰਪੋਰੇਟ ਘਰਾਣਿਆਂ ਦੇ ਹੱਥ ਪੂਰੇ ਦੇਸ਼ ਦੀ ਦੌਲਤ, ਸਮੇਤ ਕਿਸਾਨਾਂ ਦੀਆਂ ਜ਼ਮੀਨਾਂ ਦੇ; ਵੇਚ ਦੇਣ ਦਾ ਪੱਕਾ ਇਰਾਦਾ ਧਾਰ ਰੱਖਿਆ ਹੈ।

ਅੱਜ ਸਾਡੇ ਦੇਸ਼ ਵਿੱਚ ਅੰਧ ਰਾਸ਼ਟਰਵਾਦ ਦੀ ਇੱਕ ਖੂੰਖਾਰ ਹਨ੍ਹੇਰੀ ਚੜ੍ਹਦੀ ਆਉਂਦੀ ਸਭ ਨੂੰ ਨਜ਼ਰ ਆ ਰਹੀ ਹੈ। ਇਹ ਅੰਧ ਰਾਸ਼ਟਰਵਾਦੀ ਲੋਕ ਆਪਣੇ ਆਪ ਨੂੰ ਸ਼੍ਰੀਰਾਮ ਦੇ ਪੱਕੇ ਭਗਤ ਅਤੇ ਹਿੰਦੂ ਧਰਮ ਦੇ ਅਸਲੀ ਰਖਵਾਲੇ ਹੋਣ ਵਜੋਂ ਪੇਸ਼ ਕਰ ਰਹੇ ਹਨ। ਪਰ ਇਤਿਹਾਸ ਅਤੇ ਨੀਤੀ ਗਿਆਨ ਦੀ ਥੋੜ੍ਹੀ ਵੀ ਜਾਣਕਾਰੀ ਰੱਖਣ ਵਾਲਾ ਹਰ ਵਿਅਕਤੀ ਇਹ ਗੱਲ ਬੜੀ ਚੰਗੀ ਤਰ੍ਹਾਂ ਜਾਣਦਾ ਹੈ ਕਿ ਇਹ ਅੰਧ ਰਾਸ਼ਟਰਵਾਦੀ ਦਰਅਸਲ ਉਹ ਭੇਡੀਏ ਹੁੰਦੇ ਹਨ ਜਿਨ੍ਹਾਂ ਨੇ ਹਮੇਸ਼ਾਂ ਹੀ ਭੇਡ ਦੀ ਖੱਲ ਪਹਿਨੀ ਹੁੰਦੀ ਹੈ ਅਤੇ ਮੌਕਾ ਮਿਲਦਿਆਂ ਹੀ ਉਹ ਪੂਰਾ ਦਾ ਪੂਰਾ ਮੁਲਕ ਹੀ ਨਿਗਲ ਜਾਂਦੇ ਹਨ। ਅਸੀਂ ਪਹਿਲੇ ਵੀ ਜਰਮਨੀ, ਇਟਲੀ ਅਤੇ ਸਪੇਨ ਵਗੈਰਾ ਵਿਚ ਅਜਿਹੀਆਂ ਉਦਾਹਰਣਾਂ ਵੇਖ ਚੁੱਕੇ ਹਾਂ। ਇਸ ਲਈ ਗਊ ਗਰਭ ਹਤਿਆਰੀ ਸਰਕਾਰ ਦਾ ਇਹ ਅਸਲੀ ਚਿਹਰਾ ਲੋਕਾਂ ਮੂਹਰੇ ਬੇਨਕਾਬ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਕਿਸਾਨੀ ਦੀ ਹੋਣ ਵਾਲੀ ਬਰਬਾਦੀ ਨੂੰ ਤਾਂ ਰੋਕਿਆ ਹੀ ਜਾਵੇ ਪਰ ਇਸ ਦੇ ਨਾਲ ਹੀ ਨਾਲ ਹਿੰਦੂ ਧਰਮ ਉੱਪਰ ਆਏ ਇਸ ਸੰਕਟ ਨੂੰ ਵੀ ਭੋਲੇ ਭਾਲੇ, ਮਾਸੂਮ ਲੋਕਾਂ ਦੀ ਕਚਹਿਰੀ ਵਿੱਚ ਸਹੀ ਤਰੀਕੇ ਨਾਲ ਪੇਸ਼ ਕੀਤਾ ਜਾਣਾ ਚਾਹੀਦਾ ਹੈ।

**ਇੰਟਰਨੈਸ਼ਨਲ ਪੇਟੈਂਟ ਹੋਲਡਰ ਡਰੱਗ ਸਾਇੰਟਿਸਟ**

# ਜਲਵਾਯੂ ਕਾਨਫਰੰਸ : ਸਾਮਰਾਜੀ ਮੁਲਕਾਂ ਦੀ ਗਰੀਬੀ ਦੀ ਨਿਸ਼ਾਨੀ

**ਦਵਿੰਦਰ ਕੌਰ ਖੁਸ਼ ਧਾਲੀਵਾਲ**



*ਇਕੱਲਾ ਅਮਰੀਕਾ ਹੀ ਕੁੱਲ਼ ਸੰਸਾਰ ਵਿੱਚ ਪੈਦਾ ਹੋਣ ਵਾਲ਼ੀਆਂ ਕਾਰਬਨ ਗੈਸਾਂ ਦੇ ਚੌਥੇ ਹਿੱਸੇ ਤੋਂ ਵੱਧ ਦਾ ਰਿਸਾਅ ਕਰਦਾ ਹੈ । ਅੰਨੇ ਮੁਨਾਫੇ ਦੀ ਹਵਸ ਤੇ ਸਾਮਰਾਜੀ ਹਿੱਤਾਂ ਲਈ ਦੂਜੇ ਮੁਲਕਾਂ ਦੇ ਕੁਦਰਤੀ ਵਸੀਲਿਆਂ ਦੀ ਲੁੱਟ ਅਮਰੀਕਾ ਪੂਰੀ ਦੁਨੀਆਂ ਦੇ ਵੱਖ ਵੱਖ ਕੋਨਿਆਂ ਵਿੱਚ ਦੇਸ਼ਾਂ ਉੱਤੇ ਜੰਗਾ ਥੋਪ ਰਿਹਾ ਹੈ । ਇਸਦੇ ਲਈ ਅਮਰੀਕੀ ਫੌਜ ਵੱਲੋਂ ਅਥਾਹ ਹਥਿਆਰਾਂ, ਗੋਲ਼ਾ-ਬਰੂਦ ਤੇ ਪਥਰਾਟੀ ਬਾਲਣ ਦਾ ਇਸਤੇਮਾਲ ਕੀਤਾ ਜਾਂਦਾ ਹੈ । ਅਮਰੀਕੀ ਫੌਜ ਦੁਨੀਆਂ ਦੀ ਸਭ ਤੋਂ ਵੱਡੀ ਪ੍ਰਦੂਸ਼ਣ ਫੈਲਾਉਣ ਵਾਲ਼ੀ ਕੰਪਨੀ ਹੈ । ਇਸ ਲਈ ਕਾਨਫੰਰਸਾਂ ਵਿੱਚ ਜਲਵਾਯੂ ਪ੍ਰਤੀ ਸਾਮਰਾਜੀਆਂ ਲੋਟੂਆਂ ਦਾ ਹੇਜ ਦੰਭ ਹੈ । - ਸੰਪਾਦਕ*

ਜਲਵਾਯੂ ਸਬੰਧੀ ਦੁਨੀਆਂ ਭਰ ਦੇ ਸਾਮਰਾਜੀ ਸਰਮਾਏਦਾਰਾਂ ਮੁਲਕਾਂ ਵੱਲੋਂ ਕੀਤੀ ਜਾਂਦੀ ਕਾਨਫਰੰਸ ਇਸ ਵਾਰ ਦੁਬਈ ਵਿੱਚ ਮੁਕੰਮਲ ਹੋਈ, ਜਿਸਨੂੰ ਸੀਓਪੀ-28, 'ਕਾਨਫਰੰਸ ਆਫ ਪਾਰਟੀਜ' ਵੀ ਕਿਹਾ ਜਾਂਦਾ ਹੈ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਜਲਵਾਯੂ ਤਬਦੀਲੀ ਪ੍ਰਤੀ ਝੂਠੀ ਮੂਠੀ ਦੀ ਚਿੰਤਾ ਜਾਹਰ ਕਰਦਿਆਂ ਪਖੰਡ ਰਚਿਆ ਗਿਆ, ਕਈ ਲੋਕ-ਭਰਮਾਉ ਬਿਆਨ ਜਾਰੀ ਕਰਦਿਆਂ ਵਾਅਦੇ-ਦਾਅਵੇ ਕੀਤੇ ਗਏ। ਪਰ ਅਸਲ ਇਹ ਹੈ ਕਿ ਸਰਮਾਏਦਾਰਾ ਸਾਮਰਾਜੀ ਪ੍ਰਬੰਧ ਵੱਲੋਂ ਜਲਵਾਯੂ ਦੀ ਤਬਾਹੀ ਪਹਿਲਾਂ ਨਾਲ਼ੋਂ ਵੀ ਕਿਤੇ ਤੇਜ ਹੋਈ ਹੈ। ਜਲਵਾਯੂ ਵਿੱਚ ਜਹਿਰੀਲੀਆਂ ਤੇ ਨੁਕਸਾਨਦੇਹ ਗੈਸਾਂ ਜਿਵੇਂ ਕਾਰਬਨ ਡਾਈਆਕਸਾਈਡ, ਮੀਥੇਨ, ਨਾਇਟ੍ਰਿਸ ਆਕਸਾਈਡ ਆਦਿ ਦਾ ਰਿਸਾਅ ਪਹਿਲਾਂ ਨਾਲ਼ੋਂ ਵੱਧ ਤੇ ਕਿਤੇ ਜਿਆਦਾ ਤੇਜ ਹੋਇਆ ਹੈ। 1990 ਤੋਂ 2015 ਤੱਕ ਕਾਰਬਨ ਗੈਸਾਂ ਦਾ ਰਿਸਾਅ 60 ਫੀਸਦੀ ਵਧਿਆ ਹੈ। ਪਥਰਾਟੀ ਬਾਲਣਾਂ ਦੀ ਅੰਨ੍ਹੇਵਾਹ ਅਤੇ ਗੈਰ-ਵਿਉਂਤਬੱਧ ਵਰਤੋਂ ਕਾਰਨ ਧਰਤੀ ਦਾ ਲਗਾਤਾਰ ਵਧਦੇ ਤਾਪਮਾਨ ਕਾਰਨ ਕਈ ਮਾਰੀ ਜਲਵਾਯੂ ਤਬਦੀਲੀਆਂ ਵਾਪਰ ਰਹੀਆਂ ਹਨ। ਇਹਨਾਂ ਮਾਰੂ ਤਬਦੀਲੀਆਂ ਨਾਲ਼ ਦੁਨੀਆਂ ਭਰ ਦੇ ਆਮ ਲੋਕ ਬੁਰੀ ਤਰ੍ਹਾਂ ਕਿਸੇ ਨਾ ਕਿਸੇ ਢੰਗ ਨਾਲ਼ ਪੀੜਤ ਹਨ। ਕਿਤੇ ਭਿਅੰਕਰ ਮੀਂਹ, ਹੜ, ਭੂਚਾਲ, ਤੂਫਾਨ, ਚੱਕਰਵਾਤ ਆਦਿ ਕਰਕੇ ਲੋਕਾਈ ਦਾ ਜਿਉਣਾ ਮੁਹਾਲ ਹੈ। ਕਾਰਬਨ ਗੈਸਾਂ ਦੇ ਰਿਸਾਅ ਕਰਕੇ ਵਧਦੇ ਤਾਪਮਾਨ ਨਾਲ਼ ਹਰ ਸਾਲ ਧਰੁਵਾਂ ਉੱਤਲੀ ਬਰਫ ਪਿਘਲਦੀ ਜਾ ਰਹੀ ਹੈ, ਜਿਸ ਨਾਲ਼ ਮਹਾਂਸਾਗਰ ਹੋਰ ਜਿਆਦਾ ਗਰਮ ਹੋ ਰਹੇ ਹਨ। ਜੋ ਪੂਰੀ ਧਰਤੀ ਦੇ ਜਲਵਾਯੂ ਨੂੰ ਬੁਰੇ ਰੁਖ ਪ੍ਰਭਾਵਿਤ ਕਰਨ ਦੇ ਨਾਲ਼ ਨਾਲ਼ ਜਲ-ਜੀਵਨ ਨੂੰ ਵੀ ਨੁਕਸਾਨ ਪਹੁੰਚਾ ਰਿਹਾ ਹੈ। ਇਹ ਵਰਤਾਰਾ ਇਸ ਦੋਖੀ ਨਿਜਾਮ ਵਿੱਚ ਜਿਉਂ ਦਾ ਤਿਉਂ ਚੱਲ ਰਿਹਾ ਹੈ, ਜਿਸਨੂੰ ਦਰੁਸਤ ਕਰਨ ਲਈ ਹਰ ਸਾਲ਼ ਜਲਵਾਯੂ ਕਾਨਫਰੰਸਾਂ ਦਾ ਸਾਂਗ ਰਚਿਆ ਜਾਂਦਾ ਹੈ।

ਦਰਅਸਲ ਇਹ ਸਭ ਨਫੇ ਅਤੇ ਲੁੱਟ ਅਧਾਰਿਤ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਦੀ ਦੇਣ ਹੈ। ਦੁਨੀਆਂ ਭਰ ਧਨਾਢਾਂ ਵੱਲੋਂ ਆਵਦੀਆਂ ਝੋਲ਼ੀਆਂ ਭਰਨ ਲਈ ਕੁਦਰਤ ਦੀ ਅੰਨ੍ਹੇਵਾਹ ਲੁੱਟ-ਖੋਹ ਦਾ ਨਤੀਜਾ ਹੈ। ਜਿਸਦਾ ਬੁਰਾ ਸਿੱਟਾ ਦੁਨੀਆਂ ਭਰ ਦੇ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਅਤੇ ਜੇ ਸਭ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਲਾਜਮੀ ਹੀ ਭਵਿੱਖ ਦੀਆਂ ਪੀੜੀਆਂ ਵੀ ਭੁਗਤਣ ਲਈ ਸਰਾਪੀਆਂ ਰਹਿਣਗੀਆਂ। 30 ਨਵੰਬਰ ਤੋਂ ਦੁਬਈ ਵਿੱਚ ਸ਼ੁਰੂ ਹੋਈ ਜਲਵਾਯੂ ਕਾਨਫੰਰਸ ਵਿੱਚ ਲਗਭਗ 195 ਮੁਲਕਾਂ ਦੇ ਨੁਮਾਇੰਦੇ ਸ਼ਾਮਲ ਹੋਏ। ਹਰ ਸਾਲ ਹੋਣ ਵਾਲ਼ੀ ਇਸ ਕਾਨਫਰੰਸ ਦਾ ਮਕਸਦ ਜਲਵਾਯੂ ਤਬਦੀਲੀਆਂ ਨੂੰ ਅੰਗਣਾਂ ਅਤੇ ਉਸ ਪ੍ਰਤੀ ਨੀਤੀ ਤਿਆਰ ਕਰਨਾ ਦੱਸਿਆ ਜਾਂਦਾ ਹੈ। ਪਰ ਇਹ ਕਾਨਫਰੰਸਾਂ ਜਲਵਾਯੂ ਬਚਾਉਣ ਦੇ ਮਹਿਜ ਫੋਕੇ ਦਾਅਵੇ ਅਤੇ ਵਾਅਦੇ ਕਰਨ ਤੋਂ ਬਿਨਾਂ ਕੁੱਝ ਨਹੀਂ ਹਨ। ਕਈ ਦਹਾਕਿਆਂ ਤੋਂ, ਜਦੋਂ ਤੋਂ ਇਹ ਕਾਨਫਰੰਸਾਂ ਸ਼ੁਰੂ ਹੋਈਆਂ ਹਨ, ਪਰਨਾਲ਼ਾ ਉੱਥੇ ਦਾ ਉੱਥੇ ਹੀ ਹੈ। ਇਸ ਲਈ ਇਸ ਵਾਰ ਵਾਲ਼ੀ ਕਾਨਫਰੰਸ ਤੋਂ ਵੀ ਕਿਸੇ ਵੱਖਰੇ ਸਿੱਟੇ ਦੀ ਤਵੱਕੋ ਨਹੀਂ ਕੀਤੀ ਜਾਣੀ ਚਾਹੀਦੀ।

ਅਜਿਹੀਆਂ ਜਲਵਾਯੂ ਕਾਨਫਰੰਸਾਂ ਕੁਦਰਤ ਜਾਂ ਮਨੁੱਖਤਾ ਲਈ ਕਿਸੇ ਸੱਚੀ ਫਿਕਰਮੰਦੀ ਵਿੱਚੋਂ ਨਹੀਂ, ਸਗੋਂ ਦੁਨੀਆਂ ਭਰ ਦੇ ਸਰਮਾਏਦਾਰ ਤੇ ਸਾਮਰਾਜੀਆਂ ਵੱਲੋਂ ਆਵਦੇ ਹਿੱਤਾਂ ਨੂੰ ਯਕੀਨੀ ਬਨਾਉਣ ਲਈ ਕੀਤੀਆਂ ਜਾਂਦੀਆਂ ਹਨ। ਮੁੱਖ ਤੌਰ 'ਤੇ ਇਸ ਕਾਨਫਰੰਸ ਦੇ ਦੋ ਮਕਸਦ ਵੇਖੇ ਜਾ ਸਕਦੇ ਹਨ। ਪਹਿਲਾ, ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਵੱਲੋਂ ਮੁਨਾਫੇ ਦੀ ਅੰਨੀ ਹਵਸ ਤਹਿਤ ਜਲਵਾਯੂ ਦੀ ਅੰਨ੍ਹੀ ਤਬਾਹੀ ਕੀਤੀ ਜਾਂਦੀ ਹੈ। ਇਸ ਲੁੱਟ ਅਤੇ ਤਬਾਹੀ ਉੱਤੇ ਪਰਦਾ ਪਾਉਣ ਲਈ ਤੇ ਦੁਨੀਆਂ ਭਰ ਦੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਜਲਵਾਯੂ ਪ੍ਰਤੀ ਝੂਠੀ ਫਿਕਰਮੰਦੀ ਜਾਹਰ ਕੀਤੀ ਜਾਂਦੀ ਹੈ। ਜਿਸਨੂੰ ਦੁਨੀਆਂ ਭਰ ਦੇ ਸਰਮਾਏਦਾਰ ਮੀਡੀਆ ਵੱਲੋਂ ਜੋਰ ਸ਼ੋਰ ਨਾਲ਼ ਪ੍ਰਚਾਰਿਆ ਜਾਂਦਾ ਹੈ ਕਿ ਵੇਖੋ ਹਾਕਮ ਕਿੰਨੇ ਫਿਕਰਮੰਦ ਹਨ। ਦੂਜਾ, ਜੋ ਇਹਨਾਂ ਕਾਨਫਰੰਸਾਂ ਦਾ ਅਸਲ ਮਕਸਦ ਹੈ, ਉਹ ਹੈ ਕਿ ਸਾਮਰਾਜੀਆਂ ਵੱਲੋਂ ਕੁਦਰਤੀ ਵਸੀਲਿਆਂ ਤੋਂ ਨਫਾ ਕਮਾਉਣ ਲਈ ਆਪਸੀ ਕੁੱਕੜ-ਖੋਹ ਤੋਂ ਬਿਨਾਂ ਕੁੱਝ ਨਹੀਂ। ਇੱਕ ਪਾਸੇ ਅਮਰੀਕੀ ਧੁਰੀ ਵਾਲ਼ੇ ਨਾਟੋ ਮੁਲਕ ਅਤੇ ਦੂਜੇ ਪਾਸੇ ਰੂਸ-ਚੀਨੀ ਸਾਮਰਾਜੀ ਖੇਮੇ ਦਰਮਿਆਨ ਆਪਸੀ ਟਕਰਾਅ ਇਹਨਾਂ ਕਾਨਫਰੰਸਾਂ ਵਿੱਚ ਸਪੱਸ਼ਟ ਦਿਖਦਾ ਹੈ। ਇਸ ਭੇੜ ਵਿੱਚੋਂ ਆਵਦੇ ਲਈ ਵੱਧ ਹਾਸਲ ਕਰਨ ਤੇ ਦੂਜਿਆਂ ਉੱਤੇ ਦੋਸ਼ ਮੜਨ ਦੀ ਨੀਤੀ ਤਹਿਤ ਕਾਨਫਰੰਸਾਂ ਦੀ ਕਾਰਗੁਜਾਰੀ ਚਲਦੀ ਹੈ। ਇਹਨਾਂ ਸਾਮਰਾਜੀਆਂ ਲਈ ਰਵਾਨਗੀ ਨੁਕਤਾ ਜਲਵਾਯੂ ਫਿਰਕਮੰਦੀ ਨਹੀਂ, ਸਗੋਂ ਆਵਦੇ ਦੇਸ਼ ਦੇ ਨਿਰੋਲ ਆਰਥਕ ਹਿੱਤ ਹੁੰਦੇ ਹਨ।

ਇਸ ਸਭ ਵਿੱਚ ਪਿਸਦੇ ਗਰੀਬ ਜਾਂ ਪੱਛੜੇ ਸਰਮਾਏਦਾਰ ਮੁਲਕ ਹਨ, ਜੋ ਇਹਨਾਂ ਜਲਵਾਯੂ ਤਬਦੀਲੀਆਂ ਤੋਂ ਸਭ ਤੋਂ ਬੁਰੇ ਰੁਖ ਪ੍ਰਭਾਵਿਤ ਹੁੰਦੇ ਹਨ। ਕਿਉਂਕਿ ਸਾਮਰਾਜੀ ਦੇਸ਼ਾਂ ਵੱਲੋਂ ਸਭ ਤੋਂ ਜਿਆਦਾ ਕਾਰਬਨ (ਕਾਰਬਨਡਾਈਅਕਸਾਈਡ ਗੈਸ) ਨਿਕਾਸੀ ਕੀਤੀ ਜਾਂਦੀ ਹੈ ਜੋ ਆਲਮੀ ਤਪਸ਼ ਵਧਾਉਣ ਤੇ ਵਾਤਾਵਰਨ ਸਬੰਧੀ ਹੋਰ ਸਮੱਸਿਆਵਾਂ ਲਈ ਜ਼ਿੰਮਵਾਰ ਹੈ। 2008 ਤੱਕ ਵਾਤਾਵਰਨ ਵਿੱਚ ਛੱਡੀ ਕਾਰਬਨ ਗੈਸ ਵਿੱਚ ਸਾਮਰਾਜੀ ਦੇਸ਼ਾਂ ਦਾ ਹਿੱਸਾ 73 ਫੀਸਦੀ ਸੀ, ਜਦਕਿ ਉਹਨਾਂ ਦੀ ਅਬਾਦੀ ਪੂਰੀ ਦੁਨੀਆਂ ਦੀ ਵਸੋਂ ਦਾ ਸਿਰਫ 19 ਫੀਸਦੀ ਬਣਦੀ ਹੈ। ਸਭ ਤੋਂ ਜਿਆਦਾ ਅਮਰੀਕਾ, ਜਿਸਦੀ ਵਸੋਂ ਸੰਸਾਰ ਦੀ ਵਸੋਂ ਦਾ ਸਿਰਫ 5 ਫੀਸਦੀ ਬਣਦੀ ਹੈ ਨੇ, ਹੁਣ ਤੱਕ 29 ਫੀਸਦੀ ਕਾਰਬਨ ਨਿਕਾਸ ਕੀਤੀ ਹੈ। ਬਾਕੀ ਸੰਸਾਰ ਦੀ 81 ਫੀਸਦੀ ਵਸੋਂ ਨੇ ਸਿਰਫ 27 ਫੀਸਦ ਹੀ ਕਾਰਬਨ ਨਿਕਾਸੀ ਕੀਤੀ ਹੈ। ਸਾਫ ਹੈ ਕਿ ਸਾਮਰਾਜੀ ਮੁਲਕ ਮੁਨਾਫਾ ਕਮਾਉਣ ਲਈ ਕੁਦਰਤ ਦਾ ਅੰਨ੍ਹੇਵਾਹ ਘਾਣ ਕਰਦੇ ਹਨ, ਅਣਗਿਣਤ ਸਰਮਾਇਆ ਕਮਾਉਂਦੇ ਹਨ। ਪਰ ਜਲਵਾਯੂ ਤਬਦੀਲੀ ਦੇ ਬੁਰੇ ਸਿੱਟੇ ਗਰੀਬ ਜਾਂ ਪਛੜੇ ਸਰਮਾਏਦਾਰ ਮੁਲਕਾਂ ਨੂੰ ਭੁਗਤਣੇ ਪੈਂਦੇ ਹਨ। ਸਾਮਰਾਜੀ ਮੁਲਕ ਜਿੱਥੇ ਹੋਰਾਂ ਸਰਮਾਏਦਾਰ ਮੁਲਕਾਂ ਨੂੰ ਆਰਥਕ ਤੌਰ ਉੱਤੇ ਲੁੱਟਦੇ ਹਨ ਅਤੇ ਇਹੀ ਸਾਮਰਾਜੀ ਮੁਲਕ ਜਲਵਾਯੂ ਤਬਦੀਲੀ ਦੇ ਅਸਰਾਂ ਨੂੰ ਪਛੜੇ ਸਰਮਾਏਦਾਰ ਮੁਲਕਾਂ ਸਿਰ ਮੜਕੇ ਦੂਜੀ ਤਰ੍ਹਾਂ ਦੀ ਲੁੱਟ ਵੀ ਕਰਦੇ ਹਨ। ਪਛੜੇ ਸਰਮਾਏਦਾਰ ਮੁਲਕਾਂ ਨੂੰ ਇਸ ਨੁਕਸਾਨ ਲਈ ਸਾਮਰਾਜੀ ਮੁਲਕਾਂ ਵੱਲੋਂ 2020 ਤੱਕ 1 ਖਰਬ ਡਾਲਰ ਦੀ ਇਮਦਾਦ ਦੇਣ ਦਾ ਸਮਝੌਤਾ ਕੀਤਾ ਗਿਆ ਸੀ, ਜਿਸਨੂੰ "ਗਰੀਨ ਫੰਡ" ਦਾ ਨਾਂ ਦਿੱਤਾ ਗਿਆ। ਪਰ ਇਹ "ਗਰੀਨ ਫੰਡ" ਵੀ ਕਦੇ "ਹਰਾ"ਨਹੀਂ ਹੋ ਸਕਿਆ।

ਇਸ ਤਰ੍ਹਾਂ 1997 ਵਿੱਚ ਜਪਾਨ ਦੇ ਸ਼ਹਿਰ ਕਿਓਟੋ ਵਿੱਚ ਹੋਈ ਜਲਵਾਯੂ ਕਾਨਫਰੰਸ ਦੇ ਸਮਝੌਤੇ ਦੀ ਮਿਆਦ 2012 ਵਿੱਚ ਪੁੱਗ ਚੁੱਕੀ ਹੈ, ਜਿਸਦੇ ਮੁਤਾਬਕ ਵਿਕਸਤ ਭਾਵ ਸਾਮਰਾਜੀ ਦੇਸ਼ਾਂ ਨੇ 2012 ਤੱਕ ਕਾਰਬਨ ਨਿਕਾਸੀ ਵਿੱਚ 5 ਫੀਸਦ ਤੱਕ ਕਟੌਤੀ ਕਰਨ ਦੀ ਗੱਲ ਸਵੀਕਾਰ ਕੀਤੀ ਸੀ। ਪਰ ਹੋਇਆ ਇਸ ਤੋਂ ਬਿਲਕੁਲ ਉਲਟ ਕਿ 2011 ਤੱਕ ਹੀ ਕਾਰਬਨ ਨਿਕਾਸੀ 11 ਫੀਸਦ ਤੱਕ ਵਧ ਚੁੱਕੀ ਸੀ। ਇਸ 28ਵੀਂ ਕਾਨਫਰੰਸ ਤੋਂ ਪਹਿਲਾਂ ਹੋਏ ਸਮਝੌਤਿਆਂ ਤਹਿਤ ਸਾਮਰਾਜੀ ਦੇਸ਼ਾਂ ਵੱਲੋਂ ਕਾਰਬਨ ਨਿਕਾਸੀ ਵਿੱਚ 1990 ਦੇ ਪੱਧਰ ਤੋਂ 9-15 ਫੀਸਦ ਤੱਕ ਕਟੌਤੀ ਕਰਨ ਦੀ ਗੱਲ ਕਹੀ ਸੀ, ਪਰ ਸਮਝੌਤੇ ਸਭ ਕਾਗਜ ਉੱਤੇ ਝਰੀਟਾਂ ਹੀ ਸਾਬਤ ਹੋਏ ਹਨ। ਅਮਰੀਕਾ ਵਰਗੇ ਸਾਮਰਾਜੀ ਮੁਲਕ ਨੂੰ ਇਹਨਾਂ ਸਮਝੌਤਿਆਂ ਤੋਂ ਸਭ ਤੋਂ ਜਿਆਦਾ ਫਾਇਦਾ ਹੋਇਆ ਹੈ। ਇਹਨਾਂ ਜਲਵਾਯੂ ਤਬਦੀਲੀਆਂ ਰਾਹੀਂ ਹੋਣ ਵਾਲ਼ੀ 'ਗਲੋਬਲ ਵਾਰਮਿੰਗ' ਧਰਤੀ ਦੇ ਤਾਪਮਾਨ ਵਿੱਚ ਹੋਣ ਵਾਲ਼ੇ ਵਾਧੇ ਦੀ ਪ੍ਰਕਿਰਿਆ ਦਾ ਨਾਮ ਹੈ। ਜਿਹੜਾ ਕਾਰਬਨ ਨਿਕਾਸੀ ਨਾਲ਼ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ ਅਤੇ ਪਥਰਾਟੀ ਬਾਲਣ ਦੀ ਵਰਤੋਂ ਨਾਲ਼ ਕਾਰਬਨ ਨਿਕਾਸੀ ਬਹੁਤ ਜਿਆਦਾ ਹੁੰਦੀ ਹੈ। ਸੂਰਜ ਦੀਆਂ ਕਿਰਨਾਂ ਜਦੋਂ ਧਰਤੀ ਦੀ ਸਤ੍ਹਾ ਨਾਲ਼ ਟਕਰਾਉਂਦੀਆਂ ਹਨ ਤਾਂ ਉਹਨਾਂ ਵਿੱਚੋਂ ਕੁੱਝ ਵਾਪਸ ਮੁੜ ਜਾਂਦੀਆਂ ਹਨ। ਪਰ ਵਾਯੂਮੰਡਲ ਵਿੱਚ ਮੌਜੂਦ ਹਰਾ-ਗਹਿ੍ ਪ੍ਰਭਾਵ ਵਾਲ਼ੀਆਂ ਗੈਸਾਂ ਜਿਵੇਂ ਕਾਰਬਨ ਡਾਈਆਕਸਾਈਡ, ਮਿਥੇਨ ਆਦਿ ਇਹਨਾਂ ਕਿਰਨਾਂ ਨੂੰ ਸੋਖ ਕੇ ਬਾਹਰ ਜਾਣ ਤੋਂ ਰੋਕ ਲੈਂਦੀਆਂ ਹਨ, ਜਿਸ ਦੀ ਵਜ੍ਹਾ ਨਾਲ਼ ਧਰਤੀ ਦਾ ਤਾਪਮਾਨ ਗਰਮ ਹੋ ਜਾਂਦਾ ਹੈ। ਕਾਰਬਨ ਡਾਈਆਕਸਾਈਡ ਵਰਗੀਆਂ ਗੈਸਾਂ ਦੇ ਵਧਣ ਦੇ ਸਿੱਟੇ ਵਜੋਂ ਧਰਤੀ ਦਾ ਤਾਪਮਾਨ ਵੀ ਜਿਆਦਾ ਤੇਜੀ ਨਾਲ਼ ਵਧ ਰਿਹਾ ਹੈ। ਜਿਸਦੇ ਸਿੱਟੇ ਵਜੋਂ ਗੰਭੀਰ ਕੁਦਰਤੀ ਸੰਕਟਾਂ (ਹੜ੍ਹ, ਸੋਕਾ, ਤੂਫਾਨ ਆਦਿ) ਦੇ ਰੂਪ ਵਿੱਚ ਜਲਵਾਯੂ ਤਬਦੀਲੀਆਂ ਸਾਹਮਣੇ ਆਉਂਦੀਆਂ ਹਨ। ਪਿਛਲੀਆਂ ਦੋ ਸਦੀਆਂ ਤੋਂ ਅੰਨੇਵਾਹ ਤੇ ਮੁਨਾਫਾ ਕੇਂਦਰਿਤ ਸਨਅਤੀਕਰਨ, ਮੰਡੀ ਦੀ ਦੌੜ ਵਿੱਚ ਅੱਗੇ ਰਹਿਣ ਅਤੇ ਮੁਨਾਫਾ ਕਮਾਉਣ ਦੀ ਲਾਲਸਾ ਵਿੱਚ ਵੱਡੀਆਂ ਸਰਮਾਏਦਾਰ ਅਤੇ ਸਾਮਰਾਜੀ ਕੰਪਨੀਆਂ ਮਨੁੱਖਤਾ ਅਤੇ ਕੁਦਰਤ ਦਾ ਬੇਦਰਦੀ ਨਾਲ਼ ਘਾਣ ਕਰ ਰਹੀਆਂ ਹਨ। ਜਿਸਦੇ ਸਿੱਟੇ ਵਜੋਂ 'ਗਲੋਬਲ ਵਾਰਮਿੰਗ' ਦਾ ਵਰਤਾਰਾ ਵਧਦਾ ਜਾ ਰਿਹਾ ਹੈ ।

ਇਸ ਲਈ ਨਕਾਰਾਤਮਕ ਜਲਵਾਯੂ ਤਬਦੀਲੀ ਲਈ ਜਿੰਮੇਵਾਰ ਪਥਰਾਟੀ ਬਾਲਣ ਦੀ ਵਰਤੋਂ ਨੂੰ ਸੀਮਤ ਕਰਨ ਦਾ ਮਸਲਾ ਇਸ ਕਾਨਫਰੰਸ ਵਿੱਚ ਇੱਕ ਅਣਕਿਆਸ ਜਾਪਦਾ ਹੈ। ਕਿਉਂਕਿ ਕਾਨਫਰੰਸ ਦੀ ਪ੍ਰਧਾਨਗੀ ਕਰਨ ਵਾਲ਼ਾ ਅਰਬ ਇਮਰਾਤ ਦੁਨੀਆਂ ਦੇ ਸਿਖਰਲੇ ਤੇਲ ਪੈਦਾਕਾਰ ਮੁਲਕਾਂ ਵਿੱਚੋਂ ਇੱਕ ਹੈ। ਜਿਸਦੀ ਸਾਰੀ ਆਰਥਕਤਾ ਹੀ ਕੱਚਾ ਤੇਲ ਵੇਚਕੇ ਚਲਦੀ ਹੈ। ਇਸ ਲਈ ਪਥਰਾਟੀ ਬਾਲਣ ਦੀ ਵਰਤੋਂ ਨੂੰ ਸੀਮਤ ਕਰਨ ਦਾ ਮਸਲਾ ਹੀ ਇੱਥੇ ਓਪਰਾ ਲੱਗਦਾ ਹੈ। ਕਾਨਫਰੰਸ ਤੋਂ ਕੁੱਝ ਦਿਨ ਪਹਿਲਾਂ ਆਈ ਇੱਕ ਰਿਪੋਰਟ ਨੇ ਵੀ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਇਸ ਕਾਨਫਰੰਸ ਰਾਹੀਂ ਸੰਯੁਕਤ ਅਰਬ ਇਮਰਾਤ ਕੱਚੇ ਤੇਲ ਦੇ ਨਿਰਯਾਤ ਲਈ ਕਈ ਮੁਲਕਾਂ ਨਾਲ਼ ਸਮਝੌਤੇ ਉੱਤੇ ਸਹੀ ਪਾਉਣ ਜਾ ਰਿਹਾ ਹੈ। ਅਮਰੀਕਾ ਵੀ ਦੁਨੀਆਂ ਦਾ ਵੱਡਾ ਤੇਲ ਪੈਦਾਕਾਰ ਹੈ ਅਤੇ ਕਾਰਬਨ ਗੈਸਾਂ ਛੱਡਣ ਵਾਲ਼ਾ ਵੀ ਸਿਖਰਲਾ ਮੁਲਕ ਹੈ। ਇਸੇ ਸਾਲ ਅਮਰੀਕਾ ਨੇ ਤੇਲ ਦੇ ਕਈ ਨਵੇਂ ਖੂਹ ਵੀ ਲਾਏ ਹਨ ਅਤੇ ਤੇਲ ਕੱਢਣ ਵਿੱਚ ਰਿਕਾਰਡ ਵਾਧਾ ਕੀਤਾ ਹੈ। ਇਸ ਲਈ ਆਵਦੀ ਆਰਥਕਤਾ ਨੂੰ ਨੁਕਸਾਨ ਪਹੁੰਚਾਕੇ ਪਥਰਾਟੀ ਬਲਾਣ ਦੀ ਵਰਤੋਂ ਨੂੰ ਸੀਮਤ ਕਰਨਾ ਇਹਨਾਂ ਮੁਲਕਾਂ ਲਈ ਆਵਦੇ ਪੈਰ ਉੱਤੇ ਆਪ ਕੁਹਾੜੀ ਮਾਰਨ ਵਾਂਗ ਹੈ, ਜੋ ਇਹ ਕਦੇ ਨਹੀਂ ਕਰਨਗੇ। ਜਿਸਤੋਂ ਇਹਨਾਂ ਮੁਲਕਾਂ ਦੀਆਂ ਜਲਵਾਯੂ ਤਬਦੀਲੀਆਂ ਪ੍ਰਤੀ ਫਿਰਕਮੰਦੀ ਦੀ ਡਰਾਮੇਬਾਜੀ ਸਾਬਤ ਹੋ ਜਾਂਦੀ ਹੈ।

ਇਕੱਲਾ ਅਮਰੀਕਾ ਹੀ ਕੁੱਲ਼ ਸੰਸਾਰ ਵਿੱਚ ਪੈਦਾ ਹੋਣ ਵਾਲ਼ੀਆਂ ਕਾਰਬਨ ਗੈਸਾਂ ਦੇ ਚੌਥੇ ਹਿੱਸੇ ਤੋਂ ਵੱਧ ਦਾ ਰਿਸਾਅ ਕਰਦਾ ਹੈ। ਅੰਨੇ ਮੁਨਾਫੇ ਦੀ ਹਵਸ ਤੇ ਸਾਮਰਾਜੀ ਹਿੱਤਾਂ ਲਈ ਦੂਜੇ ਮੁਲਕਾਂ ਦੇ ਕੁਦਰਤੀ ਵਸੀਲਿਆਂ ਦੀ ਲੁੱਟ ਅਮਰੀਕਾ ਪੂਰੀ ਦੁਨੀਆਂ ਦੇ ਵੱਖ ਵੱਖ ਕੋਨਿਆਂ ਵਿੱਚ ਦੇਸ਼ਾਂ ਉੱਤੇ ਜੰਗਾ ਥੋਪ ਰਿਹਾ ਹੈ। ਇਸਦੇ ਲਈ ਅਮਰੀਕੀ ਫੌਜ ਵੱਲੋਂ ਅਥਾਹ ਹਥਿਆਰਾਂ, ਗੋਲ਼ਾ-ਬਰੂਦ ਤੇ ਪਥਰਾਟੀ ਬਾਲਣ ਦਾ ਇਸਤੇਮਾਲ ਕੀਤਾ ਜਾਂਦਾ ਹੈ। ਅਮਰੀਕੀ ਫੌਜ ਦੁਨੀਆਂ ਦੀ ਸਭ ਤੋਂ ਵੱਡੀ ਪ੍ਰਦੂਸ਼ਣ ਫੈਲਾਉਣ ਵਾਲ਼ੀ ਕੰਪਨੀ ਹੈ। ਇਸ ਲਈ ਕਾਨਫੰਰਸਾਂ ਵਿੱਚ ਜਲਵਾਯੂ ਪ੍ਰਤੀ ਸਾਮਰਾਜੀਆਂ ਲੋਟੂਆਂ ਦਾ ਹੇਜ ਦੰਭ ਹੈ।

ਅੱਜ ਜਲਵਾਯੂ ਦੀ ਇਸ ਤਬਾਹੀ ਨੂੰ ਥਾਏਂ ਰੋਕਣ ਦੀ ਅਣਸਰਦੀ ਲੋੜ ਹੈ। ਕਿਉਂਕਿ ਜਿਸ ਵੇਗ ਨਾਲ਼ ਹਾਲਤਾਂ ਵਿਗੜਦੀਆਂ ਜਾ ਰਹੀਆਂ ਹਨ, ਉਹਨਾਂ ਨੂੰ ਜੇ ਵੇਲ਼ਾ ਰਹਿੰਦਿਆਂ ਨਾ ਦਰੁਸਤ ਕੀਤਾ ਗਿਆ ਤਾਂ ਇਹ ਸਮੁੱਚੀ ਮਨੁੱਖਤਾ ਸਣੇ ਪੂਰੀ ਧਰਤੀ ਲਈ ਤਬਾਹਕੁੰਨ ਸਾਬਤ ਹੋਣਗੀਆਂ। ਇਸ ਪਥਰਾਟੀ ਬਾਲਣਾਂ ਦੀ ਵਰਤੋਂ ਸੀਮਤ ਕਰਨਾ ਸਭ ਤੋਂ ਅਹਿਮ ਕਦਮ ਹੋਵੇਗਾ। ਇੱਕ ਰਿਪੋਰਟ ਮੁਤਾਬਕ ਪਿਛਲੀ ਕਾਨਫਰੰਸ ਵਿੱਚ 2030 ਤੱਕ ਤਾਪਮਾਨ ਦੀ ਤੈਅ ਮਾਤਰਾ 1.5 ਸੈਂਟੀਗ੍ਰੇਡ ਤੋਂ ਘੱਟ ਵਧਣ ਦੇਣ ਦੀ ਸੀ, ਪਰ ਤਾਜਾ ਰਿਪੋਰਟ ਮੁਤਾਬਕ ਇਹ ਮਾਤਰਾ ਤੈਅ ਤਾਪਮਾਨ ਤੋਂ ਵੀ ਦੁੱਗਣੀ ਹੋ ਜਾਣ ਦੀ ਸੰਭਾਵਨਾ ਦੱਸੀ ਜਾ ਰਹੀ ਹੈ। ਪਿਛਲੇ ਲਗਭਗ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਜਲਵਾਯੂ ਮਾਹਰ ਪਥਰਾਟੀ ਬਾਲਣਾਂ ਦੀ ਵਰਤੋਂ ਸੀਮਤ ਕਰਨ ਦੀਆਂ ਸਿਫਾਰਿਸ਼ਾਂ ਕਰਦੇ ਆ ਰਹੇ ਹਨ। ਪਰ ਹਰ ਵਾਰ ਜਲਵਾਯੂ ਕਾਨਫਰੰਸ ਦਾ ਸਿੱਟਾ ਹੋਰ ਜਿਆਦਾ ਪਥਰਾਟੀ ਬਾਲਣਾਂ ਦੀ ਵਰਤੋਂ ਵਿੱਚ ਨਿੱਕਲਦਾ ਹੈ।

ਇਹ ਮੌਜੂਦਾ ਸਰਮਾਏਦਾਰਾ-ਸਾਮਰਾਜੀ ਸਰਮਾਏਦਾਰਾ ਪ੍ਰਬੰਧ ਦਾ ਕੁਦਰਤ ਦੋਖੀ ਚਿਹਰਾ ਅਤੇ ਨਫੇ ਦੀ ਅੰਨੀ ਹਵਸ ਉੱਘੜ ਕੇ ਸਾਹਮਣੇ ਲਿਆ ਦਿੱਤਾ ਹੈ ਕਿ ਸਰਮਾਇਆ ਕਮਾਉਣ ਵਿੱਚ ਅੰਨੇ ਹੋਏ ਧਨਾਢ ਉਸੇ ਟਾਹਣੀ ਨੂੰ ਵੱਢ ਰਹੇ ਹਨ, ਜਿਸ ਉੱਤੇ ਉਹ ਖੁਦ ਬੈਠੇ ਹਨ। ਸਿਰਫ ਪਰਦਾ ਪਾਉਣ ਲਈ ਜਲਵਾਯੂ ਕਾਨਫਰੰਸਾਂ ਵਰਗੇ ਮਜਮੇ ਲਾਏ ਜਾਂਦੇ ਹਨ, ਜਦਕਿ ਪਰਦੇ ਪਿੱਛੇ ਪੈਟਰੋਲੀਅਮ (ਕੱਚਾ ਤੇਲ) ਦੀ ਖਰੀਦ ਵੇਚ ਲਈ ਸਮਝੌਤਿਆਂ ਉੱਤੇ ਸਹੀਆਂ ਪਾਈਆਂ ਜਾ ਰਹੀਆਂ ਹੁੰਦੀਆਂ ਹਨ। ਇਹ ਮਸਲਾ ਇਕੱਲੀਆਂ ਕਾਨਫਰੰਸਾਂ ਦਾ ਨਹੀਂ, ਸਮੁੱਚੇ ਕੁਦਰਤ ਦੋਖੀ, ਲੋਕਦੋਖੀ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਦਾ ਹੈ, ਜਿਸਨੂੰ ਕੁਦਰਤ ਮਨੁੱਖਤਾ ਦੀ ਕੋਈ ਪ੍ਰਵਾਹ ਨਹੀਂ। ਇਸ ਲਈ ਇਹਨਾਂ ਤੋਂ ਕਦੇ ਵੀ ਜਲਵਾਯੂ ਦੀ ਭਲਾਈ ਦੀ ਆਸ ਰੱਖਣਾ 'ਬਘਿਆੜਾਂ ਘਰੋਂ ਮਾਸ ਭਾਲਣ' ਜਿਹਾ ਹੈ।

ਕਿਉਂਕਿ ਸਾਮਰਾਜੀ ਤਾਕਤਾਂ ਦੁਨੀਆਂ ਭਰ ਦੇ ਪੱਛੜੇ ਤੇ ਹੋਰ ਸਰਮਾਏਦਾਰ ਮੁਲਕਾਂ ਦੀ ਲੁੱਟ ਕਰਨ ਦੇ ਮਕਸਦ ਨਾਲ਼ ਉਹਨਾਂ ਉੱਤੇ ਜੰਗਾਂ ਥੋਪਣ, ਅੰਨ੍ਹੀ ਤਬਾਹੀ ਕਰਨ ਦੀ ਪ੍ਰਵਾਹ ਨਹੀਂ ਕਰਨਗੀਆਂ। ਇਸ ਲਈ ਜਿੰਨਾ ਚਿਰ ਇਹ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਕਾਇਮ ਰਹੇਗਾ ਜਲਵਾਯੂ ਦੀ ਹੋਰ ਵੱਧ ਤਬਾਹੀ ਤੈਅ ਹੈ। ਇਸ ਪ੍ਰਬੰਧ ਤੋਂ ਮਨੁੱਖਤਾ ਤੇ ਕੁਦਰਤ ਦੀ ਬਿਹਤਰੀ ਦੀ ਕੋਈ ਤਵੱਕੋ ਨਹੀਂ ਕੀਤੀ ਜਾਣੀ ਚਾਹੀਦੀ। ਸਿਰਫ ਇੱਕ ਅਜਿਹੇ ਪ੍ਰਬੰਧ ਰਾਹੀਂ, ਜਿਸ ਵਿੱਚ ਮਨੁੱਖ ਵੱਲ਼ੋਂ ਕੁਦਰਤ ਨੂੰ ਸਿਰਫ ਅੰਨੇ ?ਹਵਾਹ ਲੁੱਟ ਦਾ ਸੋਮਾ ਨਾ ਸਮਝਿਆ ਜਾਵੇ , ਸਗੋਂ ਕੁਦਰਤ ਮਨੁੱਖੀ ਹੋਂਦ ਦਾ ਇੱਕ ਅਹਿਮ ਹਿੱਸਾ ਹੋਵੇ। ਕੁਦਰਤ ਤੇ ਮਨੁੱਖ ਦੇ ਆਪਸੀ ਸਬੰਧ ਲੁੱਟ ਅਧਾਰਿਤ ਨਹੀਂ, ਸਹਿਜ ਹੋਣ। ਅਜਿਹਾ ਪ੍ਰਬੰਧ ਜੋ ਕੁਦਰਤ ਦੀ ਲੁੱਟ ਦੇ ਵਿਰੁੱਧ ਤਾਂ ਹੋਵੇ ਹੀ, ਲਾਜਮੀ ਦੀ ਮਨੁੱਖ ਦੀ ਲੁੱਟ ਦੇ ਵੀ ਬਰਖਿਲਾਫ ਹੋਵੇ, ਜੋ ਸਿਰਫ ਇੱਕ ਸਮਾਜਵਾਦੀ ਪ੍ਰਬੰਧ ਹੀ ਹੋ ਸਕਦਾ ਹੈ।

**ਖੋਜਕਰਤਾ, ਧੂਰਕੋਟ (ਮੋਗਾ) ਗੁਰੂ ਨਾਨਕ ਚੇਅਰ, ਚੰਡੀਗੜ੍ਹ ਯੂਨੀਵਰਸਿਟੀ**
8847227740

## ਢੋਲ ਢਮੱਕਿਆਂ ਨਾਲ ਐਲਾਨਾਂ ਦੇ ਅੰਬਾਰ ਲਗਾਵੋਂਗੇ

ਮੇਰੇ ਇੱਕੋ ਦਿਨ ਦੇ
ਸ਼ੁਭਚਿੰਤਕ ਪਿਆਰਿਓ!!
ਮੈਂ ਤੁਹਾਡੀ ਮਾਂ ਬੋਲੀ
ਮੈਨੂੰ ਪਤਾ ਤੁਸੀਂ ਅੱਜ ਦੇ ਦਿਨ
ਬਹੁਤ ਕਾਂਵਾਂ ਰੌਲੀ ਪਾਵੋਂਗੇ
ਢੋਲ ਢਮੱਕਿਆਂ ਨਾਲ ਐਲਾਨਾਂ
ਦੇ ਅੰਬਾਰ ਲਗਾਵੋਂਗੇ
ਪਲ ਦੋ ਪਲ ਆਪਣੇ ਝਾਤੀ ਮਾਰੋਂਗੇ
ਪਰ ਅੱਜ ਦੀ ਰਾਤ ਬੀਤਣ ਤੇ
ਕੱਲ ਸਵੇਰੇ ਦੇਖਾਂਗੀ, ਮੈਂ
ਦੀਵਾਲੀ ਦੀ ਰਾਤੇ ਸਾੜੇ ਫੂਕੇ ਪਟਾਕਿਆਂ ਦੇ
ਪਰਖੱਚਿਆਂ ਵਿਚੋਂ
ਤੁਹਾਡੇ ਅਹਿਦਨਾਮਿਆਂ ਦਾ ਉਠਦਾ ਧੂਆਂ
ਉਡਾ ਕੇ ਲੈ ਜਾ ਰਿਹਾ ਹੋਵੇਗਾ
ਤੁਹਾਥੋਂ ਦੂਰ, ਵਿਰਸੇ ਤੋਂ ਦੂਰ
ਸੱਭਿਆਚਾਰ ਤੋਂ ਦੂਰ ਤੁਹਾਡੀਆਂ ਨਸਲਾਂ ਨੂੰ,
ਤੁਹਾਡੀ ਮਾਂ ਬੋਲੀ ਤੁਹਾਨੂੰ
ਚਿਤਾਰ ਰਹੀ ਹੈ ਪਲ -ਪਲ,
ਮੇਰੇ ਬੁੱਧੀਜੀਵੀ ਪੁੱਤਰੋ
ਮੈਨੂੰ ਇਹ ਵੀ ਪਤਾ
ਅੱਜ ਮੇਰੇ ਨਾਮ ਤੇ ਤੁਸੀਂ
'ਜ਼ਖ਼ਮੀ' ਕਵਿਤਾਵਾਂ ਲਿਖੋਂਗੇ
ਮੇਰੀ ਵਲੂੰਧਰੀ ਦਾਸਤਾਨ ਨੂੰ
ਲੰਬੇ-ਲੰਬੇ ਲੇਖਾਂ ਦਾ ਰੂਪ ਦੇ
ਸ਼ੋਸ਼ਲ ਮੀਡੀਆ ਤੇ ਪਾਵੋਂਗੇ ਜਿਨਾਂ ਨੂੰ
ਤੁਹਾਡੇ ਕੁੱਝ ਚਹੇਤੇ
ਪਲਕ ਦੇ ਝਮਕਾਰੇ ਵਿਚ (like)
ਲਾਇਕ ਦਾ ਬਟਨ ਦਬਾ
ਅਗਲੀ ਪੋਸਟ ਤੇ ਚਲੇ ਜਾਣਗੇ ਉਹਨਾਂ ਨੂੰ
ਤੁਹਾਡੇ ਲਿਖੇ ਵਿਚੋਂ ਕੁਝ ਵੀ ਲੈਣਾ-ਦੇਣਾ ਨਹੀਂ
ਉਨ੍ਹਾਂ ਤਾਂ ਸਿਰਫ਼ ਇੱਕ ਖਾਨਾ ਪੂਰਤੀ ਜਾਂ
ਬਦਲੇ ਵਿਚ ਹਾਜਰੀ ਲਗਵਾਉਣੀ ਹੁੰਦੀ ਹੈ
ਜੋ ਕਲ ਤੁਸਾਂ
ਉਹਨਾਂ ਦੀ ਪੋਸਟ ਵੇਖ ਕੇ ਲਗਾਈ ਸੀ
ਤੇ ਜਾਂ ਸਿਰਫ ਇਨਾਮਾਂ ਸਰਟੀਫਿਕੇਟਾਂ ਤੇ
ਸਨਮਾਨਾਂ ਦੀ ਤਰੀਖ ਹੀ ਮਿਥਣੀ ਹੁੰਦੀ ਹੈ
ਕਿ ਮੈਂ ਤੇਰੀ ਪਿੱਠ ਥਪ-ਥਪਾਉਂਦਾ ਹਾਂ ਤੇ
ਤੂੰ ਮੇਰੀ ਪਿੱਠ ਥਪ-ਥਪਾ ਦੇਵੀਂ।
ਮੇਰੇ ਇਕ ਦਿਨ ਦੇ
'ਸ਼ੁਭਚਿੰਤਕੋ'
ਸਾਲ ਦੇ ਬਾਕੀ ਦਿਨ ਕਿਥੇ ਰਹਿੰਦੇ ਹੋ?
ਹਰ ਸਵੇਰੇ ਤੁਸੀਂ ਆਪਣੇ
ਬੱਚਿਆਂ ਨੂੰ ਤੋਰਦੇ ਹੋ ਮਾਡਲ ਅਤੇ ਮਹਿੰਗੇ
ਸਕੂਲਾਂ ਵਿੱਚ ਜਿਨ੍ਹਾਂ ਦੀਆਂ ਪਿੱਠਾਂ ਤੇ
ਭਾਰ ਲੱਦਿਆ ਹੁੰਦਾ
'ਮੇਰੀਆਂ ਸੌਂਕਣਾਂ ਦਾ'
ਤੇ ਜੋ ਹਰ ਪਲ ਮੈਨੂੰ ਮਿਹਣਾ ਮਾਰਦੀਆਂ
ਲੱਗਦੀਆਂ ਹਨ ਜਿਵੇਂ ਸਿਰਫ ਉਹੋ ਹੀ
ਧੰਨ-ਕੁਬੇਰ ਹੋਵਣ
ਮੇਰੇ ਇਕ ਦਿਨ ਦੇ ਚੱਟੇ ਸ਼ੁਭਚਿੰਤਕੋ
ਓ ਮੈਥੋਂ ਕੀ ਖੁਨਾਮੀ ਹੋਈ
ਮੈਥੋਂ ਤੁਹਾਨੂੰ
ਕੀ ਨਹੀਂ ਦੇ ਹੋਇਆ
ਮੇਰੇ ਪੁੱਤਰੋ ਤੁਸੀਂ ਮੇਰੇ ਨਾਲ
ਕਿਉਂ ਦਗਾ ਕਮਾ ਰਹੇ ਹੋ ਯਾਦ ਰੱਖਿਓ
ਤੁਹਾਡਾ ਮੈਥੋਂ ਮੂੰਹ ਮੋੜਨਾ ਤੁਹਾਡੀ ਬੇਰੁਖੀ
ਤੁਹਾਡੀ ਮੇਰੇ ਪ੍ਰਤੀ ਹੀਣ ਭਾਵਨਾ ਤੁਹਾਡਾ
ਪ੍ਰਦੂਸ਼ਤ ਹੁੰਦਾ ਜਾਂਦਾ ਸੱਭਿਆਚਾਰ
ਤੁਹਾਡੀ ਲਾਲਸਾ ਤੁਹਾਡੇ
ਤਿਲਾਂਜਲੀ ਦਿੰਦੇ ਸੰਸਕਾਰ ਜ਼ਰੂਰ ਮੇਰੀ ਜਾਨ
ਲੈ ਲੈਣਗੇ ਤੇ ਇੱਕ ਦਿਨ
ਮੈਂ ਤੁਹਾਡੀ ਮਾਂ ਬੋਲੀ ਮਰ ਜਾਵਾਂਗੀ
ਮੇਰੇ ਸਿਰਫ ਇੱਕ ਦਿਨ ਦੇ ਸ਼ੁਭਚਿੰਤਕੋ
ਮੈਂ ਦੁਹਾਈਆਂ ਦੇ ਰਹੀ ਹਾਂ
ਤੁਸੀਂ ਆਪ ਹੀ ਮਾਰ ਰਹੇ ਹੋ ਮੈਨੂੰ
ਪਲ ਪਲ.. ਦਿਨ ਦਿਨ
ਤੁਹਾਡੀ ਮਾਂ ਬੋਲੀ ਫਰਿਆਦ ਕਰ ਰਹੀ ਹਾਂ
ਅਜੇ ਵੀ ਵੇਲਾ ਜੇ
ਸੰਭਲ ਜਾਵੋ !!
ਮੈਂ ਤੁਹਾਡੀ ਮਾਂ ਬੋਲੀ ਹਾਂ!!
ਤੁਹਾਡੀ ਆਪਣੀ ਮਾਂ ਬੋਲੀ !!!

**ਹਰਦਿਆਲ ਸਿੰਘ ਝੀਤਾ**
**ਟੋਰੰਟੋ (ਕੈਨੇਡਾ)**

## ਫੌਜੀ ਦੀ ਲਾਸ਼

ਪਰਸੋਂ ਮੇਰੇ ਪਿੰਡ ਦੇ ਫੌਜੀ ਦੀ
ਲਾਸ਼ ਜਦੋਂ ਪਿੰਡ ਸੀ ਆਈ
ਫੌਜੀ ਗੱਡੀ 'ਚ ਤਾਬੂਤ ਸਜਾਇਆ
ਉੱਤੇ ਤਿਰੰਗਾ ਝੰਡਾ ਪਾਇਆ
ਬੈਂਡ ਵਾਜਿਆਂ ਨਾਲ ਸਲਾਮੀ ਦਿੱਤੀ
ਜੈ ਹਿੰਦ,
ਭਾਰਤ ਮਾਤਾ ਕੀ ਜੈ ਦੇ ਨਾਹਰਿਆਂ ਦੇ
ਸ਼ੋਰ 'ਚ ਅਗਨ-ਭੇਟ ਸੀ ਕੀਤੀ
ਪਿੰਡ 'ਚ ਮਾਤਮ ਸੀ ਛਾਇਆ
ਮਾਪਿਆਂ ਲਈ ਦਿਨੇਂ ਹਨੇਰ੍ਹਾ ਹੋਇਆ
ਭੰਗ ਦੇ ਭਾਣੇ
ਆਪਣਾ ਚਿਰਾਗ ਗੁਆਇਆ
ਫੌਜੀ ਅਫਸਰ ਧਰਵਾਸ ਸੀ ਦਿੱਤਾ
ਮਾਣ ਕਰੋ ਉਸ ਜਵਾਨ ਪੁੱਤਰ 'ਤੇ
ਜਿਸਨੇ ਮਰਕੇ ਦੇਸ ਦਾ ਮਾਣ ਵਧਾਇਆ
ਮਾਪਿਆਂ ਦੇ ਹਾਉਂਕੇ ਗਲ 'ਚ ਅਟਕੇ
ਸ਼ਹੀਦ ਫੌਜੀ ਦੇ ਮਾਪੇ ਹੋਣ ਦਾ ਜਦੋਂ
ਠੱਪਾ ਉਹਨਾਂ ਦੀ ਹਿੱਕ 'ਤੇ ਸਜਾਇਆ
ਉਹਨਾਂ ਨੂੰ ਕੀ ਪਤਾ
ਪੁੱਤ ਦੀ ਲਾਸ਼ ਸਰਹੱਦ ਤੋਂ ਨਹੀਂ ਸੀ ਆਈ
ਇਹ ਤਾਂ ਉਸ ਅਖਾੜੇ ਤੋਂ ਸੀ ਆਈ
ਜਿੱਥੇ ਮੁਲਕ ਦੇ ਹਾਕਮਾਂ ਵਲੋਂ
ਕਿਰਤ ਜਾਇਆਂ ਦਾ
ਖੂਨੀ ਦੰਗਲ ਰਚਾਇਆ ਜਾਂਦਾ
ਦੰਭੀ ਦੇਸ਼ ਭਗਤੀ ਦੇ ਢੋਲ-ਢਮੱਕੇ ਓਹਲੇ
ਰਿਜ਼ਕ ਲਈ ਭਰਤੀ ਹੋਏ ਮਾਂ-ਜਾਇਆਂ ਨੂੰ
ਛਲ-ਕਪਟ ਦੀ ਖੇਡ ਦਾ
ਚਾਰਾ ਬਣਾਇਆ ਜਾਂਦਾ
ਲਾਸ਼ਾਂ ਨੂੰ ਨਕਲੀ ਰਾਸ਼ਟਰਵਾਦ ਦੇ
ਮੁਲੰਮੇਦਾਰ
ਗੁੰਬਦ ਦੀਆਂ ਨੀਹਾਂ 'ਚ ਚਿਣਿਆ ਜਾਂਦਾ
ਗੁੰਬਦ ਦੇ ਮੁਲੰਮੇ ਦੀ ਚਕਾਚੌਂਧ ਨਾਲ
ਲੋਕਾਂ ਦੀਆਂ ਨਜ਼ਰਾਂ ਨੂੰ
ਚੁੰਧਿਆਇਆ ਜਾਂਦਾ
ਖਚਰੇ ਹਾਕਮ ਮਾਰ ਠਹਾਕਾ ਹੱਸਦੇ
ਲੋਕ-ਮਨਾਂ 'ਚੋਂ ਅਸਲ ਸਰਹੱਦ ਦਾ
ਤਸੱਵਰ ਗਾਇਬ ਹੁੰਦਾ
ਬੁਢੜੀ ਉਮਰ 'ਚ
ਸਾਲ-ਦਰ-ਸਾਲ ਜੁੜਦਾ
ਨਿਜ਼ਾਮ ਦਾ ਬੋਦਾ ਖੋਲਾ ਸਲਾਮਤ ਰਹਿੰਦਾ
ਸਰਹੱਦ ਖੇਤਾਂ 'ਚ ਬਿਫਰੀ ਫਿਰਦੀ
ਲਹਿਲਹਾਉਂਦੀਆਂ ਫਸਲਾਂ ਨੂੰ
ਚੱਟਮ ਕਰਦੀ
ਮਿੱਲਾਂ 'ਚ ਢਲਦੇ ਮਜੂਰ ਜਿਸਮਾਂ ਦੀ
ਨਿਚੁੱਟ ਰਹੀ ਰੱਤ ਨੂੰ ਸੜ੍ਹਾਕਦੀ
ਅੰਗੜਾਈ ਲੈ ਰਹੇ ਚੋਬਰ ਅਰਮਾਨਾਂ ਨੂੰ
ਬੇਕਿਰਕੀ ਨਾਲ ਮਲੀਆਮੇਟ ਕਰਦੀ
ਜਿੱਥੋਂ ਵੀ ਹੱਕ-ਸੱਚ ਦੀ ਹੇਕ ਉੱਚੀ ਹੁੰਦੀ
'ਅੱਤਵਾਦ' 'ਵੱਖਵਾਦ' ਦਾ
ਰਾਗ ਅਲਾਪਦੀ
ਇਹ ਆਦਮਖੋਰ ਸਰਹੱਦ ਲਪਕਦੀ
ਪਿੰਡਾਂ, ਜੰਗਲਾਂ 'ਚ ਖੌਰੂ ਪਾਉਂਦੀ
ਮਾਤਮ ਦੇ ਸੰਨਾਟਿਆਂ 'ਚ
ਖ਼ੂਨ ਚੋਂਦੀ ਖ਼ੰਜਰ ਨੂੰ ਲਹਿਰਾ
'ਸ਼ਾਂਤੀ' ਦਾ ਢੋਂਗੀ ਜਾਪ ਕਰਦੀ
ਤਿਰੰਗਾ ਹੋਰ ਉੱਚਾ ਉੱਠਦਾ ਜਾਂਦਾ
ਮਸਤੀ 'ਚ ਲਹਿਰਾਉਂਦਾ
ਲਾਸ਼ਾਂ ਦੇ ਗੁੰਬਦ ਦੀ ਟੀਸੀ ਅੰਬਰ ਛੂੰਹਦੀ
ਮਜ਼ਲੂਮਾਂ ਦੀ ਨਿਤਾਣੀ ਚੀਖ-ਪੁਕਾਰ
'ਕੌਮੀ ਤਰਾਨੇ'ਦੀਆਂ ਗੂੰਜਦੀਆਂ
ਸੁਰਾਂ ਦੇ ਸ਼ੋਰ 'ਚ ਦਫ਼ਨ ਹੋ ਰਹਿ ਜਾਂਦੀ
ਜਿੰਨਾ ਚਿਰ ਸਰਹੱਦ ਦਾ
ਇਹ ਖ਼ੂਨੀ ਦਸਤੂਰ ਚਲਦਾ ਰਹੂਗਾ
ਲਾਸ਼ਾਂ ਆਉਂਦੀਆਂ ਰਹਿਣਗੀਆਂ
ਮਾਪਿਆਂ ਦੀ ਗੋਦ ਉੱਜੜਦੀ ਰਹੂਗੀ
'ਦੇਸ-ਭਗਤੀ' ਦੇ ਸ਼ਾਮਿਆਨੇ 'ਚ ਬੈਠੇ
ਹਾਕਮਾਂ ਦੀਆਂ ਵਾਛਾਂ
ਖਿੜਦੀਆਂ ਰਹਿਣਗੀਆਂ।

**-ਗੁਰਤੇਜ ਸਿੰਘ ਖੋਖਰ**

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

## ਜਦ ਉਹ ਪਿਆਰ ਕਰਦਾ ਹੈ

ਇੱਕ ਆਮ ਆਦਮੀ
ਜਦ ਹੁੰਦਾ ਹੈ
ਕਿਸੇ ਦੇ ਪ੍ਰੇਮ 'ਚ ਲੀਨ

ਉਹ ਪ੍ਰੇਮ ਕਰਦਾ ਹੈ
ਉਸਦੀ ਹਰ ਅਦਾ ਨਾਲ
ਉਸਦੇ ਬੋਲ, ਉਸਦੇ ਹਾਸੇ
ਉਸਦੀ ਚੁੱਪ, ਗਮੀ-ਖੁਸ਼ੀ
ਪ੍ਰੇਮ ਕਰਨ ਲੱਗ ਜਾਂਦਾ ਹੈ
ਹਰ ਉਸ ਕਾਸੇ ਨਾਲ
ਜਿਸ ਨਾਲ ਜ਼ਰਾ ਵੀ ਹੋਵੇ
ਲਗਾਉ ਉਸਨੂੰ

ਪਰ ਇੰਨ੍ਹੀਂ ਦਿਨੀਂ
ਅਜਿਹਾ ਕੀ ਹੋ ਗਿਆ ਹੈ
ਜਦ ਕੋਈ ਕਰ ਰਿਹਾ ਹੁੰਦੈ
ਇਹ ਦਾਅਵਾ ਕਿ ਉਹ
ਕਿਸੇ ਨੂੰ ਪ੍ਰੇਮ ਕਰਦਾ ਹੈ
ਤਾਂ ਉਹੀ ਆਮ ਆਦਮੀ
ਇਸ ਗੱਲੋਂ ਡਰਦਾ ਹੈ
ਕਿ ਜਦ ਵੀ ਕੋਈ
ਪ੍ਰੇਮ ਦਾ ਦਾਅਵਾ ਕਰਦਾ ਹੈ
ਤਾਂ ਹੱਤਿਆ ਹੋ ਜਾਂਦੀ ਹੈ
ਕਿਸੇ ਨਾ ਕਿਸੇ ਦੀ

ਉਹ ਦੇਖਦਾ ਹੈ ਕਿ
ਜਿਸਨੇ ਕਿਹਾ
ਨਾਰੀ ਨਾਲ ਪ੍ਰੇਮ ਹੈ
ਉਹ ਮਾਰ ਦਿੱਤੀ ਗਈ

ਕਿਹਾ ਬੇਟੀਆਂ ਬਚਾਓ
ਉਹ ਵੱਧ ਸ਼ਿਕਾਰ ਹੋਈਆਂ
ਬਲਾਤਕਾਰ ਦੀਆਂ

ਕਿਹਾ ਨਦੀਆਂ ਸਾਫ਼ ਹੋਣ
ਉਹ ਪਲੀਤ ਹੋ ਗਈਆਂ
ਪਹਿਲਾਂ ਨਾਲੋਂ ਵੀ ਵਧੇਰੇ

ਕਿਹਾ ਰੁੱਖ ਬਚਾਓ
ਜੰਗਲ ਸੌਂਪ ਦਿੱਤੇ ਗਏ
ਲੱਕੜਹਾਰਿਆਂ ਨੂੰ

ਕਿਹਾ ਕੁਦਰਤ ਨਾਲ ਪ੍ਰੇਮ ਹੈ
ਉਸ ਨਾਲ ਕੀਤਾ ਖਿਲਵਾੜ
ਹੋਰ ਵੀ ਵਧੇਰੇ

ਤੇ ਉਹ ਖੁਦ
ਕੀ ਕਰਦਾ ਰਿਹਾ
ਮਿਲਕੇ ਕਾਤਲਾਂ ਨਾਲ
ਹਸਦਾ ਰਿਹਾ

ਹੁਣ ਜਦ ਕੁੱਝ ਲੋਕ
ਕਹਿ ਰਹੇ ਨੇ
ਚੀਕ ਚੀਕ ਕੇ
ਕਿ ਉਹ ਪ੍ਰੇਮ ਕਰਦੇ ਨੇ
ਇਸ ਦੇਸ਼ ਨੂੰ
ਤਾਂ ਉਹ ਆਮ ਆਦਮੀ
ਫਿਰ ਡਰਦਾ ਹੈ
ਇਹ ਸੋਚ ਕੇ ਕਿ
ਇਸ ਪ੍ਰੇਮ ਦੀ ਆੜ 'ਚ
ਹੁਣ ਉਹ ਕੀ ਕੀ ਕਰਨਗੇ
ਇਸ ਦੇਸ਼ ਨਾਲ

ਕਿਸਨੂੰ ਵੇਚਣਗੇ ਇਹ ਦੇਸ਼
ਕਿਸਦੇ ਖ਼ਿਲਾਫ਼
ਨਫ਼ਰਤ ਫੈਲਾਉਣਗੇ
ਕਿਸਦੀ
ਹੱਤਿਆ ਕਰਵਾਉਣਗੇ?

ਇੱਕ ਆਮ ਆਦਮੀ
ਜਦ ਵੀ ਚਾਹੁੰਦਾ ਹੈ
ਕਿਸੇ ਨੂੰ
ਬਹੁਤ ਯਤਨ ਕਰਕੇ ਵੀ
ਨਹੀਂ ਦੱਸ ਪਾਉਂਦਾ ਉਸਨੂੰ
ਕਿ ਉਹ ਉਸ ਨੂੰ
ਪਿਆਰ ਕਰਦਾ ਹੈ

ਅੱਜ ਉਹ ਡਰਦਾ ਹੈ
ਹਰ ਉਸ ਆਦਮੀ ਤੋਂ
ਜੋ ਕਹਿੰਦਾ ਫਿਰਦਾ ਹੈ
ਚੀਕ ਚੀਕ ਕੇ ਸੜਕ 'ਤੇ
ਕਿ ਉਹ
ਦੇਸ਼ ਨੂੰ ਪਿਆਰ ਕਰਦਾ ਹੈ

**ਜਸਿੰਤਾ ਕੇਰਕੇਟਾ**
**ਅਨੁ. : ਯਸ਼ ਪਾਲ ਵਰਗ ਚੇਤਨਾ**

## ਮੈਂ ਅੰਗਰੇਜ਼ੀ ਬੋਲੀ ਬੋਲਦੀ ਹਾਂ

ਮੈਨੂੰ ਤੇਰੀ ਕੋਈ ਸਮਝ ਨਹੀਂ ਆਉਂਦੀ
ਮੈਂ ਸੋਚਣ ਲੱਗਦੀ ਹਾਂ
ਮੱਥੇ ਤੇ ਤਿਉੜੀਆਂ ਪਾਉਂਦੀ ਹਾਂ
ਸਿਰ ਨੂੰ ਖੁਰਕਣ ਲੱਗਦੀ ਹਾਂ
ਤੂੰ ਅੱਜ ਭੰਗੜਾ ਪਾ ਰਿਹਾ ਹੈਂ
ਨੱਚ ਰਿਹਾ ਹੈਂ, ਟੱਪ ਰਿਹਾ ਹੈਂ
ਖ਼ੁਸ਼ੀ ਤੇਰੇ ਚਹਿਰੇ ਤੋਂ ਡੁੱਲ ਡੁੱਲ ਪੈਂਦੀ ਹੈ
ਤੂੰ ਲੱਡੂ ਵੰਡ ਰਿਹਾ ਹੈਂ
"ਸੰਨੀ ਡੇਅ" ਮਨਾ ਰਿਹਾ ਹੈ
ਤੂੰ ਕਹਿਨਾ ਹੈ ਕਿ
ਅੱਜ ਮੇਰਾ "ਮਾਂ ਬੋਲੀ ਦਿਵਸ" ਹੈ

ਤੇਰੀ ਯਾਦ ਸ਼ਕਤੀ ਬਹੁਤ ਥੋੜ੍ਹੀ ਹੈ
ਤੂੰ ਬਹੁਤ ਜਲਦੀ ਭੁੱਲ ਜਾਂਦਾ ਹੈ
ਤੂੰ ਥੋੜਾ ਚੇਤਾ ਕਰ!
ਥੋੜਾ ਆਪਣੇ ਸਿਰ ਨੂੰ ਖੁਰਕ
ਦਿਮਾਗ ਦੇ ਖੱਬੇ ਪਾਸੇ ਵਾਲੇ ਦਰਵਾਜ਼ੇ ਨੂੰ ਖੋਲ੍ਹ
ਇੱਥੇ 'ਤਰਕ' ਲੁਕਿਆ ਬੈਠਾ ਹੈ
ਇਸ ਨੂੰ ਹਵਾ ਲਵਾ
ਤੇਰੇ ਗੁਰੂ ਕਹਿੰਦੇ ਸੀ
ਹਮੇਸ਼ਾ ਤਰਕ ਨਾਲ ਗੱਲ ਕਰਿਆ ਕਰ
ਉਨ੍ਹਾਂ ਦੇ ਸ਼ਬਦ ਨੂੰ ਚੇਤੇ ਕਰ
ਮਨ ਰੇ ਹਉਮੈ ਛੋਡਿ ਗੁਮਾਨ॥
ਆਪਣੀ ਮਾਂ ਬੋਲੀ ਦਾ ਮਾਣ ਕਰ ਪਰ ਹੰਕਾਰ ਛੱਡ

ਤੂੰ ਚੇਤੇ ਕਰ!
ਤੇਰੀ ਮਾਂ ਬੋਲੀ ਪੰਜਾਬੀ ਨੇ ਕਿਹਾ ਸੀ:
ਮੇਰੇ ਕੋਲ ਤੇਰਾਂ ਢਿੱਡ ਭਰਨ ਲਈ ਕੁਝ ਨਹੀਂ ਹੈ
ਮੈਂ ਸੁੱਕੀਆਂ ਛਾਤੀਆਂ 'ਚੋਂ
ਤੈਨੂੰ ਦੁੱਧ ਨਹੀਂ ਚੁੰਘਾ ਸਕਦੀ
ਤੂੰ ਕਿਤੇ ਹੋਰ ਜਾਹ
ਕਿਸੇ ਹੋਰ ਬੋਲੀ ਨੂੰ ਆਪਣੇ ਗਲ ਲਾ
ਆਪਣੇ ਬੱਚਿਆਂ ਦੀ ਮਾਂ ਬਣਾ

ਤੂੰ ਇੱਥੇ ਆਇਆ
ਮੈਂ ਤੈਨੂੰ ਗੋਦ ਲਿਆ
ਤੇਰਾ ਢਿੱਡ ਭਰਿਆ
ਤੈਨੂੰ ਆਪਣਾ ਦੁੱਧ ਚੁੰਘਾਇਆ
ਹੁਣ ਵੀ ਤੂੰ ਮੈਨੂੰ 24 ਘੰਟੇ ਵਰਤਦਾ ਹੈ
ਮੇਰਾ ਦੁੱਧ ਪੀ ਕੇ
ਤਰੱਕੀ ਦੀਆਂ ਪੌੜੀਆਂ ਚੜ੍ਹ ਰਿਹਾ ਹੈ
ਚਾਲੀ ਚਾਲੀ ਹਜ਼ਾਰ ਦੇ ਵਰਕ ਪਰਮਿਟ ਤੇ
LMIO's ਵੇਚ ਰਿਹਾ ਹੈ
ਡਾਲਰਾਂ ਦੇ ਢੇਰ ਲਾ ਰਿਹਾ ਹੈ
ਵੱਡੇ ਵੱਡੇ ਟੂਰਨਾਮੈਂਟ ਕਰਾਉਂਦਾ ਹੈ
ਮੈਂ ਤੇਰੀਆਂ ਸਾਰੀਆਂ ਲੋੜਾਂ ਪੂਰੀਆਂ ਕਰਦੀ ਹਾਂ
ਤੈਨੂੰ ਭੁੱਖੇ ਪਿਆਸੇ, ਨੰਗ ਤੜੰਗ ਨੂੰ
'ਰਣਸੀਂਹ' ਦੀਆਂ ਰੂੜੀਆਂ ਤੇ ਖੇਡਦੇ ਨੂੰ
ਦੁਨੀਆਂ ਦੇ ਵਧੀਆ ਦੇਸ਼ ਵਿੱਚ
ਆਜ਼ਾਦੀ ਨਾਲ ਵਿਚਰਨ ਦਾ ਮੌਕਾ ਦਿੱਤਾ
ਤੈਨੂੰ ਬੇਝਿਜਕ ਮਨ ਦੀ ਗੱਲ ਲਿਖਣ
ਤੇ ਬੋਲਣ ਦਾ ਮੌਕਾ ਦਿੱਤਾ
'295' ਧਾਰਾ ਤੋਂ ਬਚਾਇਆ

ਤੈਨੂੰ ਪਤਾ!
ਤੇਰੇ ਕਿੰਨੇ ਰਿਸ਼ਤੇਦਾਰ, ਯਾਰ ਦੋਸਤ
ਖੱਬੇ ਪੱਖੀ, ਸੱਜੇ ਪੱਖੀ, ਵਿਚਕਾਰਲੇ ਪੱਖੀ
ਅਜੇ ਵੀ ਮੇਰਾ ਦੁੱਧ ਚੁੰਘਣ ਲਈ
ਤਰਸਦੇ ਫਿਰਦੇ ਹਨ
IELTS ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਨੇ
ਭੈਣ, ਭਰਾਵਾਂ ਨਾਲ ਵਿਆਹ ਕਰਵਾ ਕੇ ਵੀ
ਮੇਰੇ ਕੋਲ ਆਉਣਾ ਚਾਹੁੰਦੇ ਹਨ
ਮੇਰਾ ਦੁੱਧ ਚੁੰਘਣਾ ਚਾਹੁੰਦੇ ਹਨ
ਆਪਣੇ ਬੱਚਿਆਂ ਦੀ ਮਾਂ ਮੈਨੂੰ ਬਣਾਉਣਾ
ਚਾਹੁੰਦੇ ਨੇ
ਮੇਰੀਆ ਮਿੰਨਤਾਂ ਕਰਦੇ ਹਨ
ਪੈਰੀਂ ਹੱਥ ਲਾਉਂਦੇ ਹਨ
ਮੇਰੀ ਮਦਦ ਮੰਗਦੇ ਹਨ

ਮੈਨੂੰ ਤੇਰੀ ਸਮਝ ਨਹੀਂ ਆਉਂਦੀ
ਤੂੰ ਕੀ ਚੀਜ਼ ਹੈਂ
ਕਿਉਂ ਤੂੰ ਮੇਰੇ ਨਾਲ ਵਿਸਵਾਸ਼ਘਾਤ ਕਰਦਾ ਹੈਂ
ਤੂੰ ਤਾਂ ਮੈਨੂੰ ਦੂਜੀ ਮਾਂ ਦਾ ਦਰਜਾ ਵੀ ਨਹੀਂ ਦੇਂਦਾ
ਮੈਂ ਤੇਰੀਆਂ 'ਤੇ ਤੇਰੇ ਪਰਿਵਾਰ ਦੀਆਂ ਸਾਰੀਆਂ
ਲੋੜਾਂ ਪੂਰੀਆਂ ਕਰਦੀ ਹਾਂ
ਤੂੰ ਏਥੇ ਖ਼ੁਸ਼ ਹੈਂ, ਖ਼ੁਸ਼ ਰਹਿ
ਆਪਣੀ ਮਾਂ ਬੋਲੀ ਨਾਲ ਪਿਆਰ ਕਰਦਾ ਰਹਿ
ਸਤਿਕਾਰ ਕਰਦਾ ਰਹਿ
ਪੰਜਾਬੀ ਰੇਡੀਓ ਸੁਣਦਾ ਰਹਿ
ਪੰਜਾਬੀ ਟੀ. ਵੀ. ਦੇਖਦਾ ਰਹਿ
ਪੰਜਾਬੀ ਅਖ਼ਬਾਰ ਪੜ੍ਹਦਾ ਰਹਿ
ਪੰਜਾਬੀ ਵਿੱਚ ਲਿਖਦਾ ਰਹਿ

ਪਰ!
ਤੂੰ ਮਤਲਬ ਖੋਰ ਨਾ ਬਣ
ਮੇਰਾ ਵੀ ਥੋੜਾ ਸਤਿਕਾਰ ਕਰ
ਮੈਨੂੰ ਵੀ ਥੋੜਾ ਪਿਆਰ ਕਰ
ਮੇਰੇ ਨਾਲ ਵੀ ਗੱਲਾਂ ਕਰ
ਮੇਰੇ ਨਾਲ ਵੀ ਜੱਫੀਆਂ ਪਾ
ਮੇਰੀ ਵੀ ਬੁੱਕਲ ਵਿੱਚ ਬੈਠ
ਮੇਰੀਆਂ ਵੀ ਅੱਖਾਂ ਵਿੱਚ ਅੱਖਾਂ ਪਾਅ
ਮੇਰਾ ਦਿਨ ਵੀ
'ਮਾਂ ਬੋਲੀ ਦਿਵਸ ਵਾਂਗ ਮਨਾਇਆ ਕਰ'
ਚੱਲ ਤੂੰ 'ਦੂਜੀ ਬੋਲੀ ਦਾ ਦਿਵਸ'
ਹੀ ਮਨਾ ਲਿਆ ਕਰ
ਚੱਲ ਤੂੰ 'ਦੂਜੀ ਬੋਲੀ ਦਾ ਦਿਵਸ'
ਹੀ ਮਨਾ ਲਿਆ ਕਰ


**ਸਨੀ ਧਾਲੀਵਾਲ**

## ਮਾਂ-ਬੋਲੀ ਪੰਜਾਬੀ

ਆਪਣੀਆਂ ਸੋਚਾਂ ਦੇ ਅੰਦਰ, ਅਸਾਂ ਜੇ ਇਹ ਗੱਲ ਨਾ ਗੌਲ਼ੀ,
ਤਾਂ ਮਾਂ-ਬੋਲੀ ਪੰਜਾਬੀ ਸਾਡੀ ਇਕ ਦਿਨ ਬਣ ਜਾਏਗੀ ਗੋਲੀ।

ਮੁੱਦਤਾਂ ਪਹਿਲਾਂ ਫ਼ਰੀਦ ਤੇ ਨਾਨਕ ਸੀ ਇਸ ਨੂੰ ਅਪਨਾਇਆ,
ਆਪਣੀ ਬਾਣੀ ਇਸ ਵਿਚ ਰਚ ਕੇ, ਗੁੱਝੀ ਰਮਜ਼ ਸੀ ਖੋਲ੍ਹੀ।

'ਏਕ ਓਂਕਾਰ' ਲਿਖਣ ਦਾ ਮਾਣ ਵੀ, ਇਸ ਦੇ ਹਿੱਸੇ ਆਇਆ,
'ਆਦਿ-ਗ੍ਰੰਥ' ਨੂੰ ਰਚ ਕੇ ਗੁਰੂਆਂ, ਇਸ ਦੀ ਪਾਇਆ ਝੋਲੀ।




ਕਿੱਸਾ-ਕਾਵਿ ਰਚੇਤਾ ਸਾਰੇ ਹੀ, ਸੀ ਇਸ ਨੂੰ ਪਰਣਾਏ,
ਅੱਜ ਵੀ ਬੁੱਲ੍ਹੇ ਦੀਆਂ ਕਾਫ਼ੀਆਂ, ਜਾਵਣ ਮਿਸਰੀ ਘੋਲੀ।

ਮੋਹਨ, ਅੰਮ੍ਰਿਤਾ, ਸ਼ਿਵ, ਪਾਤਰ, ਪਾਸ਼ ਤੇ ਬਾਬਾ ਨਜਮੀ,
ਮੋਢੇ ਡਾਹ-ਡਾਹ ਮਾਂ-ਬੋਲੀ ਦੀ, ਉੱਚੀ ਕੀਤੀ ਏ ਡੋਲੀ।

ਜਿੰਨਾ ਮਰਜ਼ੀ ਲਾਡ ਲਡਾਏ, ਮਾਸੀ 'ਮਾਂ' ਨਹੀਂ ਬਣਦੀ,
ਮਾਸੀ 'ਮਾਂ' ਦੀ ਥਾਂ ਨਾ ਮੱਲ ਲਏ, ਕਿਧਰੇ ਹੌਲ਼ੀ-ਹੌਲ਼ੀ।




ਬੱਚੇ ਪੜ੍ਹਨ ਪੰਜਾਬੀ ਸਾਰੇ, ਆਪਾਂ ਅਹਿਦ ਇਹ ਕਰੀਏ,
ਫਿਰ ਵੇਖੀਂ 'ਝੰਡ' ਤੇਰੀ ਬੋਲੀ, ਅੱਜ ਮੌਲੀ, ਕੱਲ੍ਹ ਮੌਲੀ।

**ਡਾ. ਸੁਖਦੇਵ ਸਿੰਘ ਝੰਡ**
ਫ਼ੋਨ : +1 647 567 9128

## 295ਏ ਅਤੇ ਝੂਠੇ ਕੇਸਾਂ ਨੂੰ ਰੱਦ ਕਰਾਉਣ ਲਈ

# ਜਨਤਕ ਜਮਹੂਰੀ ਜਥੇਬੰਦੀਆਂ ਵਲੋਂ ਕਨਵੈਨਸ਼ਨ ਅਤੇ ਮੁਜ਼ਾਹਰਾ









ਜਲੰਧਰ, (ਬਲਜਿੰਦਰ ਸਿੰਘ ਪਟਿਆਲਾ) : ਇੱਥੇ ਦੇਸ਼ ਭਗਤ ਯਾਦਗਾਰ ਹਾਲ ਵਿਖੇ 295ਏ ਅਤੇ ਹੋਰ ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼ ਕਮੇਟੀ ਦੇ ਸੱਦੇ 'ਤੇ ਪੰਜਾਬ ਦੀਆਂ ਜਮਹੂਰੀ, ਤਰਕਸ਼ੀਲ ਅਤੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਨੌਜਵਾਨਾਂ, ਵਿਦਿਆਰਥੀਆਂ, ਕਲਾਕਾਰਾਂ, ਲੇਖਕਾਂ ਦੀਆਂ ਤਿੰਨ ਦਰਜਨ ਜਥੇਬੰਦੀਆਂ ਵੱਲੋਂ ਸਾਂਝੀ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਤੋਂ ਪਹਿਲਾਂ ਕਿਸਾਨ ਅੰਦੋਲਨ ਦੇ ਸ਼ਹੀਦ ਸ਼ੁਭਕਰਨ ਸਿੰਘ, ਹੋਰ ਕਿਸਾਨਾਂ, ਅੱਜ ਦੇ ਦਿਨ ਸ਼ਹੀਦ ਹੋਏ ਛੇ ਬੱਬਰ ਅਕਾਲੀਆਂ ਅਤੇ ਚੰਦਰਸ਼ੇਖ਼ਰ ਆਜ਼ਾਦ ਨੂੰ ਦੋ ਮਿੰਟ ਦਾ ਮੋਨ ਰੱਖਕੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਜਥੇਬੰਦੀਆਂ ਦੇ ਬੁਲਾਰਿਆਂ ਪ੍ਰੋਫੈਸਰ ਜਗਮੋਹਣ ਸਿੰਘ, ਰਾਜਿੰਦਰ ਭਦੌੜ, ਅਮੋਲਕ ਸਿੰਘ, ਡਾ.ਪਰਮਿੰਦਰ ਸਿੰਘ, ਪ੍ਰਿਤਪਾਲ ਸਿੰਘ, ਸੁਖਦੇਵ ਸਿੰਘ ਕੋਕਰੀ ਕਲਾਂ, ਮਾਨਵ, ਅਮਰੀਕ ਸਿੰਘ, ਸੁਰਿੰਦਰ ਸਿੰਘ, ਐਡਵੋਕੇਟ ਦਲਜੀਤ ਸਿੰਘ, ਹਰਮੇਸ਼ ਮਾਲੜੀ, ਅੰਗਰੇਜ਼ ਸਿੰਘ, ਸੁਖਪਾਲਸਿੰਘ ਖਿਆਲੀਵਾਲਾ, ਸੁਖਦਰਸ਼ਨ ਨੱਤ, ਅਸ਼ੋਕ ਭਾਰਤੀ, ਬਲਵੀਰ ਲੌਂਗੋਵਾਲ, ਰਾਮ ਸਵਰਨ ਆਜ਼ਾਦ, ਸੁਖਦੇਵ ਭੂੰਦੜੀ, ਸੁਰਿੰਦਰਪ੍ਰੀਤ ਘਣੀਆਂ, ਧੰਨਾਮੱਲ ਗੋਇਲ, ਧਰਮਪਾਲ, ਗੁਰਮੀਤ ਜੱਜ ਅਤੇ ਹੋਰ ਬੁਲਾਰਿਆਂ ਨੇ ਕਿਹਾ ਕਿ ਰਾਮਮੰਦਰ ਦੇ ਉਦਘਾਟਨ ਦੇ ਸਮੇਂ ਮਹਿਜ਼ ਆਲੋਚਨਾ ਕਰਦੀਆਂ ਸੋਸ਼ਲ ਮੀਡੀਆ ਪੋਸਟਾਂ ਦੇ ਆਧਾਰ 'ਤੇ 295ਏ/295 ਵਰਗੀਆਂ ਸੰਗੀਨ ਧਾਰਾਵਾਂ ਲਗਾ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਪਰਚੇ ਦਰਜ ਕਰਨੇ ਅਤੇ ਬਿਨਾਂ ਜਾਂਚ ਗ੍ਰਿਫ਼ਤਾਰੀਆਂ ਕਰਨਾ ਨਾ ਸਿਰਫ਼ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲਾ ਹੈ ਸਗੋਂ ਇਹ ਫਿਰਕਾਪ੍ਰਸਤ ਤਾਕਤਾਂ ਦੇ ਦਬਾਅ ਹੇਠ ਆ ਕੇ ਅਤੇ ਗ੍ਰਿਫ਼ਤਾਰੀ ਸੰਬੰਧੀ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਉਲੰਘਣਾ ਕਰਕੇ ਪੁਲਿਸ ਵੱਲੋਂ ਕੀਤੀ ਕਾਰਵਾਈ ਵੀ ਹੈ। ਬੁਲਾਰਿਆਂ ਨੇ ਕਿਹਾ ਕਿ ਕੱਟੜ ਅਤੇ ਸੌੜੀ ਸੋਚ ਵਾਲੀਆਂ ਤਾਕਤਾਂ ਉਸਾਰੂ ਆਲੋਚਨਾ ਉੱਪਰ ਸੰਵਾਦ ਰਚਾਉਣ ਦੀ ਬਜਾਏ ਮਾਮੂਲੀ ਸਵਾਲਾਂ ਨੂੰ ਆਧਾਰ ਬਣਾ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦੇ ਮੁੱਦੇ ਖੜ੍ਹੇ ਕਰ ਰਹੀਆਂ ਹਨ ਅਤੇ ਕੇਸ ਦਰਜ ਕਰਵਾ ਰਹੀਆਂ ਹਨ। ਜਦਕਿ ਤਰਕਸ਼ੀਲ ਅਤੇ ਹੋਰ ਸੂਝਵਾਨ ਵਿਅਕਤੀ ਸੰਵਿਧਾਨ ਦੇ ਆਰਟੀਕਲ 51ਏ(ਐੱਚ) ਵਿਚ ਦਰਜ ਵਿਗਿਆਨਕ ਟੈਂਪਰ, ਮਾਨਵਤਾਵਾਦ ਅਤੇ ਸਵਾਲ ਕਰਨ ਦਾ ਮਾਹੌਲ ਸਿਰਜਣ ਤੇ ਵਿਕਸਤ ਕਰਨ ਦੇ ਨਾਗਰਿਕਾਂ ਦੇ ਮੂਲ ਫਰਜ਼ ਅਨੁਸਾਰ ਕੰਮ ਕਰ ਰਹੇ ਹਨ ਅਤੇ ਆਮ ਲੋਕਾਂ ਨੂੰ ਧਰਮਨਿਰਲੇਪ ਤੇ ਵਿਗਿਆਨਕ ਸੋਚ ਅਪਨਾਉਣ ਅਤੇ ਧਾਰਮਿਕ ਆਸਥਾ ਦੇ ਨਾਂ 'ਤੇ ਫਿਰਕੇਦਾਰਾਨਾ ਨਫ਼ਰਤ ਫੈਲਾਉਣ ਵਾਲੀਆਂ ਤਾਕਤਾਂ ਤੋਂ ਬਚਣ ਲਈ ਜਾਗਰੂਕ ਕਰ ਰਹੇ ਹਨ। ਪੁਲਿਸ ਸ਼ਿਕਾਇਤ ਕਰਤਾਵਾਂ ਦੇ ਦਾਅਵਿਆਂ ਦੇ ਤੱਥਾਂ ਦੀ ਜਾਂਚ ਕੀਤੇ ਬਿਨਾਂ ਹੀ 295ਏ ਵਰਗੀਆਂ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕਰ ਰਹੀ ਹੈ ਜੋ ਨਾਗਰਿਕਾਂ ਦੇ ਸੰਵਿਧਾਨਕ ਅਤੇ ਜਮਹੂਰੀ ਹੱਕ ਦੇ ਖ਼ਿਲਾਫ਼ ਬੇਹੱਦ ਖ਼ਤਰਨਾਕ ਰੁਝਾਨ ਹੈ। ਉਨ੍ਹਾਂ ਕਿਹਾ ਕਿ ਵਿਗਿਆਨ, ਤਰੱਕੀ ਅਤੇ ਜਮਹੂਰੀ ਮੁੱਲਾਂ ਦੇ ਯੁਗ ਵਿਚ ਅਜਿਹੀਆਂ ਸੌੜੇ ਹਿਤਾਂ ਤੋਂ ਪ੍ਰੇਰਿਤ ਸ਼ਿਕਾਇਤਾਂ ਨੂੰ ਇਕਤਰਫ਼ਾ ਸੱਚ ਮੰਨਕੇ ਬੇਬੁਨਿਆਦ ਕੇਸ ਦਰਜ ਕਰਨ ਦਾ ਇਹ ਗੈਰਜਮਹੂਰੀ ਰੁਝਾਨ ਤੁਰੰਤ ਬੰਦ ਹੋਣਾ ਚਾਹੀਦਾ ਹੈ। ਅਤੇ ਧਾਰਾ 295ਏ ਉੱਪਰ ਤੁਰੰਤ ਰੋਕ ਲਗਾਈ ਜਾਣੀ ਚਾਹੀਦੀ ਹੈ। ਲੋਕ ਜਥੇਬੰਦੀਆਂ ਇਸ ਜਬਰ ਦਾ ਡੱਟਕੇ ਵਿਰੋਧ ਕਰਨੀਆਂ। ਬੁਲਾਰਿਆਂ ਨੇ ਮੁੱਖ ਮੰਤਰੀ ਵੱਲੋਂ ਸੰਘਰਸ਼ ਕਮੇਟੀ ਨੂੰ ਝੂਠੇ ਕੇਸਾਂ ਬਾਰੇ ਮਿਲਣ ਲਈ ਸਮਾਂ ਨਾ ਦੇਣ ਅਤੇ ਮੌਕੇ ਉੱਪਰ ਡਿਪਟੀ ਕਮਿਸ਼ਨ ਅਤੇ ਐੱਸਡੀਐੱਮ ਪੱਧਰ ਦਾ ਪ੍ਰਸ਼ਾਸਨਿਕ ਅਧਿਕਾਰੀ ਵੀ ਹਾਜ਼ਰ ਨਾ ਹੋਣ ਦੀ ਸਖ਼ਤ ਨਿਖੇਧੀ ਕੀਤੀ। ਕਨਵੈਨਸ਼ਨ ਉਪਰੰਤ ਸ਼ਹਿਰ ਵਿਚ ਮੁਜ਼ਾਹਰੇ ਕਰਕੇ ਡਿਪਟੀ ਕਮਿਸ਼ਨਰ ਅਤੇ ਐੱਸਡੀਐੱਮ ਦੀ ਗ਼ੈਰਹਾਜ਼ਰੀ 'ਚ ਰੋਸ ਵਜੋਂ ਤਹਿਸੀਲ ਜਲੰਧਰ ਰਾਹੀਂ 'ਆਪ ਦੀ ਸਰਕਾਰ, ਆਪ ਦੇ ਦੁਆਰ' ਦੇ ਦਾਅਵੇ ਕਰਨ ਵਾਲੇ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ-ਪੱਤਰ ਦਿੱਤਾ ਗਿਆ।






ਮੰਗ-ਪੱਤਰ ਅਤੇ ਕਨਵੈਨਸ਼ਨ ਵਿਚ ਪਾਸ ਕੀਤੇ ਮਤਿਆਂ ਵਿਚ ਧਰਮ ਦੀ ਸਿਆਸਤ ਲਈ ਵਰਤੋਂ ਬੰਦ ਕਰਨ, ਪੰਜਾਬ ਵਿਚ ਸੁਰਜੀਤ ਦੌਧਰ, ਭੁਪਿੰਦਰ ਫੌਜੀ, ਸ਼ਾਇਨਾ, ਇਕਬਾਲ ਧਨੌਲਾ ਅਤੇ ਦਵਿੰਦਰ ਰਾਣਾ ਵਿਰੁੱਧ ਦਰਜ 295ਏ ਦੇ ਪਰਚੇ ਰੱਦ ਕਰਨ, ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਘੱਟਗਿਣਤੀਆਂ ਦੇ ਧਾਰਮਿਕ ਅਸਥਾਨਾਂ ਤੇ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਫਿਰਕਾਪ੍ਰਸਤ ਅਨਸਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ, ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ,ਪੱਤਰਕਾਰਾਂ ਅਤੇ ਹੱਕਾਂ ਦੇ ਕਾਰਕੁਨਾਂ ਨੂੰ ਬਿਨਾਂਸ਼ਰਤ ਰਿਹਾ ਕਰਨ, ਸਜ਼ਾ ਪੂਰੀ ਕਰ ਚੁੱਕੇ ਸਾਰੇ ਕੈਦੀਆਂ ਨੂੰ ਰਿਹਾ ਕਰਨ, ਧਰਮ ਦੇ ਨਾਂ 'ਤੇ ਝੂਠੇ ਪਰਚੇ ਦਰਜ ਕਰਾਉਣ ਅਤੇ ਫਿਰਕੂ ਮਾਹੌਲ ਬਣਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਅਨਸਰਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ, ਜਾਣਕਾਰੀ ਅਤੇ ਆਪਾ ਪ੍ਰਗਟਾਵੇ ਦੇ ਹੱਕ ਦਾ ਘਾਣ ਕਰਨ ਵਾਲੇ ਟੈਲੀਗ੍ਰਾਫ਼ ਐਕਟ 2023 ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ। ਇਹ ਵੀ ਮੰਗ ਕੀਤੀ ਗਈ ਕਿ ਸ਼ੰਭੂ ਅਤੇ ਖ਼ਨੌਰੀ ਬਾਰਡਰਾਂ ਉੱਪਰ ਅੰਦੋਲਨਕਾਰੀ ਕਿਸਾਨਾਂ ਵਿਰੁੱਧ ਘਾਤਕ ਹਥਿਆਰ ਵਰਤਣ, ਬੇਤਹਾਸ਼ਾ ਜਬਰ ਢਾਹੁਣ ਅਤੇ ਇਕ ਨੌਜਵਾਨ ਕਿਸਾਨ ਦੀ ਹੱਤਿਆ ਕਰਨ ਲਈ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਕਤਲ ਅਤੇ ਹੋਰ ਢੁੱਕਵੀਆਂ ਧਾਰਾਵਾਂ ਲਗਾ ਕੇ ਕੇਸ ਦਰਜ ਕੀਤੇ ਜਾਣ ਅਤੇ ਅੰਦੋਲਨਕਾਰੀ ਕਿਸਾਨਾਂ ਦੇ ਦਿੱਲੀ ਜਾਣ ਉੱਪਰ ਲਾਈਆਂ ਤਾਨਾਸ਼ਾਹ ਰੋਕਾਂ ਤੁਰੰਤ ਹਟਾਈਆਂ ਜਾਣ। ਇਸ ਮੌਕੇ ਸੁਰਿੰਦਰ ਕੁਮਾਰੀ ਕੁਮਾਰੀ ਕੋਛੜ, ਕੇਸਰ, ਜਸਵਿੰਦਰ ਫਗਵਾੜਾ, ਸੁਖਦੇਵ ਫਗਵਾੜਾ, ਬਲਦੇਵ ਰਹਿਪਾ ਅਤੇ ਹੋਰ ਬਹੁਤ ਸਾਰੀਆਂ ਜਮਹੂਰੀ ਤੇ ਅਗਾਂਹਵਧੂ ਸ਼ਖ਼ਸੀਅਤਾਂ ਹਾਜ਼ਰ ਸਨ। ਕਨਵੈਨਸ਼ਨ ਵਿਚ ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ), ਪਲਸ ਮੰਚ, ਡੈਮੋਕਰੇਟਿਕ ਲਾਇਰਜ਼ ਐਸੋਸੀਏਸ਼ਨ, ਬੀ.ਕੇ.ਯੂ. (ਡਕੌਂਦਾ-ਧਨੇਰ), ਦੇਸ਼ਭਗਤ ਯਾਦਗਾਰ ਕਮੇਟੀ ਜਲੰਧਰ, ਕਾਰਖ਼ਾਨਾ ਮਜ਼ਦੂਰ ਯੂਨੀਅਨ, ਟੈਕਸਟਾਈਲ ਹੌਜ਼ਰੀ ਮਜ਼ਦੂਰ ਯੂਨੀਅਨ, ਨੌਜਵਾਨ ਭਾਰਤ ਸਭਾ, ਪੀਐਸਯੂ (ਲਲਕਾਰ), ਪੰਜਾਬ ਕਿਸਾਨ ਯੂਨੀਅਨ, ਡੈਮੋਕਰੇਟਿਕ ਟੀਚਰਜ਼ ਫਰੰਟ, ਆਰਸੀਐੱਫ ਇੰਪਲਾਈਜ਼ ਯੂਨੀਅਨ (ਰੇਲਕੋਚ ਫੈਕਟਰੀ ਕਪੂਰਥਲਾ), ਪੰਜਾਬ ਖੇਤ ਮਜ਼ਦੂਰ ਯੂਨੀਅਨ, , ਬੀਕੇਯੂ (ਕ੍ਰਾਂਤੀਕਾਰੀ), ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ), ਕ੍ਰਾਂਤੀਕਾਰੀ ਸੱਭਿਆਚਾਰ ਕੇਂਦਰ, ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ,ਇਨਕਲਾਬੀ ਮਜ਼ਦੂਰ ਕੇਂਦਰ,ਤਰਕਸ਼ੀਲ ਸੁਸਾਇਟੀ ਕੈਨੇਡਾ, ਪੀਐਸਯੂ (ਸ਼ਹੀਦ ਰੰਧਾਵਾ), ਕੇਂਦਰੀ ਪੰਜਾਬੀ ਲੇਖਕ ਸਭਾ, ਰੈਡੀਕਲ ਪੀਪਲਜ਼ ਫੋਰਮ, ਏਕਟੂ, ਜਮਹੂਰੀ ਅਧਿਕਾਰ ਸਭਾ (ਹਰਿਆਣਾ), ਸ਼ਹੀਦ ਭਗਤ ਸਿੰਘ ਵਿਚਾਰ ਮੰਚ (ਲੁਧਿਆਣਾ), ਆਦਿ ਜਥੇਬੰਦੀਆਂ ਨੇ ਹਿੱਸਾ ਲਿਆ।



# ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ : ਵਿਦਵਾਨ ਹਰਚਰਨ ਪਰਹਾਰ ਦਾ ਸਨਮਾਨ





ਗੁਰਸ਼ਰਨ ਕਲਾ ਭਵਨ ਵਿਖੇ ਉੱਘੇ ਵਿਦਵਾਨ ਚਿੰਤਕ ਹਰਚਰਨ ਪਰਹਾਰ ਸੰਪਾਦਕ ਸਿੱਖ ਵਿਰਸਾ ਮੈਗਜੀਨ ਕੈਲਗਰੀ, ਉਚੇਚੇ ਰੂਪ ਵਿੱਚ ਪਹੁੰਚੇ ਸਨ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੀ ਮੈਨੇਜਮੈਂਟ ਕਮੇਟੀ ਵੱਲੋਂ ਉਹਨਾਂ ਨਾਲ ਵਿਚਾਰ ਚਰਚਾ ਕੀਤੀ। ਗੁਰਸ਼ਰਨ ਕਲਾ ਭਵਨ ਦੀ ਪ੍ਰਗਤੀ ਬਾਰੇ ਵਿਚਾਰ ਚਰਚਾ ਹੋਈ। ਭਖਦੇ ਲੋਕ ਮੁੱਦਿਆਂ 'ਤੇ ਗੱਲਾਂ ਹੋਈਆਂ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਉਹਨਾਂ ਦਾ ਸਨਮਾਨ ਕੀਤਾ ਗਿਆ। ਉਹਨਾਂ ਨੇ ਲੋਕ ਕਲਾ ਮੰਚ ਨੂੰ ਦਸ ਹਜ਼ਾਰ ਰੁਪਏ ਭੇਟ ਕੀਤੇ। ਹਰਚਰਨ ਪਰਹਾਰ ਜੀ ਨੂੰ 'ਉੱਠਣ ਦਾ ਵੇਲਾ' ਲੇਖਕ 'ਹਰਕੇਸ਼ ਚੌਧਰੀ' ਦੁਆਰਾ ਲਿਖਿਤ ਕਿਸਾਨੀ ਸੰਘਰਸ਼ ਉੱਪਰ ਅਧਾਰਿਤ ਨਾਟਕਾਂ ਦੀ ਪੁਸਤਕ ਵੀ ਭੇਟ ਕੀਤੀ। ਇਸ ਮੌਕੇ 'ਤੇ ਪ੍ਰਿੰ. ਗੁਰਮੀਤ ਸਿੰਘ ਲੁੱਗਾ, ਹਰਕੇਸ਼ ਚੌਧਰੀ, ਪਰਗਟ ਸਿੰਘ, ਕਮਲਜੀਤ ਮੋਹੀ, ਦੀਪਕ ਰਾਏ, ਅੰਜੂ ਚੌਧਰੀ, ਭਾਗ ਸਿੰਘ, ਗੁਰਿੰਦਰ ਗੁਰੀ, ਨੈਨਾ ਸ਼ਰਮਾ, ਕਰਨਵੀਰ ਸਿੰਘ ਆਦਿ ਹਾਜ਼ਰ ਸਨ। ਪਰਹਾਰ ਜੀ ਦਾ ਧੰਨਵਾਦ ਉਹਨਾਂ ਸਾਡਾ ਸੱਦਾ ਪ੍ਰਵਾਨ ਅਤੇ ਮੰਚ ਦੀ ਆਰਥਿਕ ਮੱਦਦ ਵੀ ਕੀਤੀ।
















# ਸਰੋਕਾਰਾਂ ਦੀ ਆਵਾਜ਼ ਦੇ ਸੰਪਾਦਕ ਮਾ. ਭਜਨ ਸਿੰਘ ਦੀਆਂ ਸਮਾਜ ਲਈ ਦੇਣਾਂ ਪ੍ਰਤੀ ਸਨਮਾਨ

**ਬਲਜਿੰਦਰ ਸਿੰਘ ਪਟਿਆਲਾ**

ਕੈਨੇਡਾ ਵਾਸੀ ਮਾ. ਭਜਨ ਸਿੰਘ ਜਿਹਨਾਂ ਨੇ ਪੰਜਾਬ ਰਹਿੰਦਿਆਂ ਅਧਿਆਪਕ ਜੱਥੇਬੰਦੀ ਡੀ.ਟੀ.ਐਫ. ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਦੇ ਤੌਰ 'ਤੇ ਜੁੰਮੇਵਾਰੀ ਨਿਭਾਉਂਦਿਆਂ ਵੱਡੇ ਸੰਘਰਸ਼ ਜਿੱਤੇ। ਕੁੱਝ ਸਾਲ ਪਹਿਲਾਂ ਉਹ ਭਾਵੇਂ ਕੈਨੇਡਾ ਚਲੇ ਗਏ ਸਨ, ਪਰ ਉੱਥੇ ਵੀ ਉਹ ਲੋਕ ਮਸਲਿਆਂ ਪ੍ਰਤੀ ਜਾਗ੍ਰਤੀ ਮੁਹਿੰਮ ਚਲਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਅੱਜ ਕੱਲ੍ਹ ਉਹਨਾਂ ਨੇ ਪੰਜਾਬ ਆ ਕੇ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ (ਲੁਧਿਆਣਾ) ਵਿੱਖੇ ਨਵੇਂ ਪ੍ਰੋਜੈਕਟ ਸ਼ੁਰੂ ਕਰਨ ਅਤੇ ਪੂਰਾ ਕਰਨ ਲਈ ਲਗਾਤਾਰ ਸਰਗਰਮੀ ਨਾਲ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਉਹਨਾਂ ਦੀਆਂ ਵਡਮੁੱਲੀਆਂ ਲੋਕ ਪੱਖੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ ਅਤੇ ਸ਼ਹੀਦ ਬਾਬਾ ਭਾਨ ਸਿੰਘ ਗ਼ਦਰ ਮੈਮੋਰੀਅਲ ਟਰੱਸਟ ਵੱਲੋਂ ਉਹਨਾਂ ਨੂੰ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਦੀ ਫੋਟੋ ਦੇ ਕੇ ਸਨਮਾਨਤ ਕੀਤਾ ਗਿਆ। ਉਪਰੋਕਤ ਸੰਸਥਾਵਾਂ ਨਾਲ ਹੋਈ ਮੀਟਿੰਗ ਵਿੱਚ ਰੂਹਬਰੂ ਹੁੰਦਿਆਂ ਮਾ. ਭਜਨ ਸਿੰਘ ਨੇ ਆਪਣੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕਰਦਿਆਂ ਸਾਰੇ ਮੈਂਬਰਾਂ ਨੂੰ ਵੱਧ ਤੋਂ ਵੱਧ ਪੜ੍ਹਨ ਦੀ ਰੁਚੀ ਵਧਾਕੇ ਗਿਆਨ ਹਾਸਲ ਕਰਨ 'ਤੇ ਜ਼ੋਰ ਦਿੱਤਾ। ਉਹਨਾਂ ਕੈਨੇਡਾ ਵਿੱਚ ਲੋਕਪੱਖੀ ਮੈਗਜ਼ੀਨ 'ਸਰੋਕਾਰਾਂ ਦੀ ਆਵਾਜ਼' ਦੇ ਸਹਿ ਸੰਪਾਦਕ ਵਜੋਂ ਜੁੰਮੇਵਾਰੀ ਨਿਭਾਉਂਦਿਆਂ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਸਮਾਜ ਵਿੱਚ ਲੋਕਾਂ ਨੂੰ ਵਿਗਿਆਨਕ ਅਧਾਰ 'ਤੇ ਚੇਤਨ ਕਰਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਰਾਜ ਕਰਦਾ ਸ੍ਰੇਣੀ ਵੱਲੋਂ ਮਨੁੱਖ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਕਰਨ ਵਿੱਚ ਨਾਕਾਮ ਰਹਿਣ ਕਾਰਣ ਉਹ ਲੋਕਾਂ ਨੂੰ ਧਰਮਾਂ, ਜਾਤਾਂ, ਫਿਰਕਿਆਂ ਵਿੱਚ ਵੰਡਕੇ ਇੱਕ ਦੂਜੇ ਵਿੱਚ ਨਫਰਤ ਫੈਲਾਕੇ ਆਪਣੇ ਰਾਜ ਦੀ ਉਮਰ ਲੰਮਾ ਕਰਨ ਲਈ ਵਰਤ ਰਹੀ ਹੈ। ਇਸ ਲਈ ਲੋਕ ਹਿਤੈਸ਼ੀ ਜੱਥੇਬੰਦੀਆਂ ਨੂੰ ਲੋਕਾਂ ਨੂੰ ਆਪਸੀ ਭਾਈਚਾਰਾ ਬਣਾਈ ਰੱਖਣ ਲਈ ਮੁਹਿੰਮ ਚਲਾਉਣ ਦੀ ਲੋੜ ਹੈ। ਉਹਨਾਂ ਦੀਆਂ ਸਮਾਜ ਪ੍ਰਤੀ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਨੂੰ ਮੁੱਖ ਰੱਖਦਿਆਂ ਗ਼ਦਰੀ ਬਾਬਾ ਭਾਨ ਸਿੰਘ ਯਾਦਗਾਰ ਵਿੱਖੇ ਇਹ ਸਨਮਾਨ ਚਿੰਨ੍ਹ ਭੇਂਟ ਕਰਦਿਆਂ ਮਾਣ ਮਹਿਸੂਸ ਕੀਤਾ ਗਿਆ। ਇਸ ਸਮੇਂ ਉਪਰੋਕਤ ਟਰੱਸਟ ਅਤੇ ਨੌਜਵਾਨ ਸਭਾ ਦੇ ਆਗੂਆਂ ਜਸਵੰਤ ਜੀਰਖ, ਰਾਕੇਸ਼ ਆਜ਼ਾਦ, ਐਡਵੋਕੇਟ ਹਰਪ੍ਰੀਤ ਜੀਰਖ, ਅਰੁਣ ਕੁਮਾਰ, ਜਗਜੀਤ ਸਿੰਘ, ਪ੍ਰਤਾਪ ਸਿੰਘ, ਮਾਹਣਾ ਸਿੰਘ ਹਾਜ਼ਰ ਸਨ।




ਸਨਮਾਨਤ ਕਰਨ ਵੇਲੇ ਦਾ ਦ੍ਰਿਸ਼



















# ਗ਼ਦਰੀ ਵਿਰਾਸਤ ਲਈ ਨੌਜਵਾਨਾਂ ਦੀ ਪਹਿਲਕਦਮੀ







ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਗ਼ਦਰੀ ਸ਼ਹੀਦਾਂ ਦੀ ਵਿਚਾਰਧਾਰਾ ਦਾ ਲੋਕਾਂ ਵਿੱਚ ਪ੍ਰਚਾਰ ਕਰਨ ਲਈ "ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ" ਦਾ ਇਲਾਕਾ ਸੁਨੇਤ (ਭਾਈ ਰਣਧੀਰ ਸਿੰਘ ਨਗਰ ਲੁਧਿਆਣਾ) ਵਿੱਖੇ ਸਥਾਪਤ ਹੋਣਾ ਇੱਕ ਉਸਾਰੂ ਕਦਮ ਸਾਬਤ ਹੋਵੇਗਾ।ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਜੋ ਪਿੰਡ ਸੁਨੇਤ (ਲੁਧਿਆਣਾ) ਦੇ ਜੰਮ ਪਲ਼ ਸਨ, ਜਿਹਨਾਂ ਨੂੰ ਅੰਗਰੇਜ਼ ਹਕੂਮਤ ਵੱਲੋਂ ਕਾਲੇ ਪਾਣੀ (ਅੰਡੇਮਾਨ-ਨਿਕੋਬਾਰ) ਦੀ ਸੈਲੂਲਰ ਜੇਲ੍ਹ ਵਿੱਚ ਉਮਰ ਕੈਦ ਦੀ ਸਜਾ ਦੌਰਾਨ ਅਨੇਕਾਂ ਸਰੀਰਕ ਤਸੀਹੇ ਦਿੱਤੇ ਗਏ ਸਨ। ਇਹਨਾਂ ਅਣਮਨੁੱਖੀ ਤਸੀਹਿਆਂ ਕਾਰਣ ਉਹ ਜੇਲ੍ਹ ਵਿੱਚ ਹੀ ਸ਼ਹੀਦ ਹੋ ਗਏ ਸਨ। ਭਾਵੇਂ ਸੈਲੂਲਰ ਜੇਲ੍ਹ ਵਿੱਖੇ ਉਹਨਾਂ ਦਾ ਆਦਮ ਕੱਦ ਬੁੱਤ ਸਥਾਪਤ ਹੈ ਪਰ ਉਹਨਾਂ ਦੀ ਆਪਣੀ ਜਨਮ ਭੂੰਮੀ ਪਿੰਡ ਸੁਨੇਤ ਵਿੱਚ ਕੋਈ ਯਾਦਗਾਰ ਨਹੀਂ ਸੀ। ਇਸ ਘਾਟ ਨੂੰ ਪੂਰਾ ਕਰਨ ਲਈ ਇਸ ਇਲਾਕੇ ਵਿੱਚ ਕੁੱਝ ਅਗਾਂਹ ਵਧੂ ਲੋਕਾਂ ਦੇ ਉੱਦਮ ਨਾਲ ਮਹਾਂ ਸਭਾ ਲੁਧਿਆਣਾ ਨਾਂ ਦੀ ਸਮਾਜ ਸੇਵੀ ਸੰਸਥਾ (ਐਨ ਜੀ ੳ) ਬਣਾਕੇ ਉਸ ਵੱਲੋਂ ਲਗਾਤਾਰ ਕਈ ਸਾਲ ਇਲਾਕੇ ਵਿੱਚ ਇਸ ਗ਼ਦਰੀ ਸ਼ਹੀਦ ਦੀ ਕੁਰਬਾਨੀ ਬਾਰੇ ਨਾਟਕਾਂ, ਭਾਸ਼ਨਾ ਆਦਿ ਰਾਹੀਂ ਲੋਕਾਂ ਨੂੰ ਜਾਗਰੁਕ ਕੀਤਾ ਜਾਂਦਾ ਰਿਹਾ, ਜਿਸ ਦੇ ਸਿੱਟੇ ਵਜੋਂ ਪਿੰਡ ਦੇ ਮੋਹਤਬਰਾਂ ਵੱਲੋਂ ਮਤਾ ਪਾਸ ਕਰਕੇ ਬਾਬਾ ਭਾਨ ਸਿੰਘ ਦੀ ਯਾਦਗਾਰ ਉਸਾਰਨ ਲਈ ਪਿੰਡ ਦੀ ਸ਼ਾਮਲਾਟ ਜ਼ਮੀਨ ਮਹਾਂ ਸਭਾ ਲੁਧਿਆਣਾ ਦੇ ਹਵਾਲੇ ਕਰ ਦਿੱਤੀ। ਮਹਾਂ ਸਭਾ ਨੇ ਗ਼ਦਰ ਪਾਰਟੀ ਦੇ ਚਿਤਵੇ ਆਜ਼ਾਦੀ ਦੇ ਸੰਕਲਪ ਨੂੰ ਲੋਕਾਂ ਤੱਕ ਲੈ ਕੇ ਜਾਣ ਲਈ ਇਸ ਯਾਦਗਾਰ ਦੀ ਉਸਾਰੀ ਕਰਨ ਲਈ ਸ਼ਹੀਦ ਬਾਬਾ ਭਾਨ ਸਿੰਘ ਗ਼ਦਰ ਮੈਮੋਰੀਅਲ ਟ ?ਰੱਸਟ ਬਣਾਕੇ ਸਭ ਤੋਂ ਪਹਿਲਾਂ ਆਪਣੇ ਕੋਲੋਂ ਇਕੱਠੇ ਕੀਤੇ ਫੰਡ ਨਾਲ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ। ਪਿੱਛਲੇ 20-22 ਸਾਲਾਂ ਤੋਂ ਲਗਾਤਾਰ ਇਸ ਯਾਦਗਾਰ ਨੂੰ ਹੋਰ ਵਿਕਸਤ ਕਰਕੇ ਗ਼ਦਰੀ ਸੂਰਬੀਰਾਂ ਅਤੇ ਹੋਰ ਇਨਕਲਾਬੀਆਂ ਦੀ ਵਿਚਾਰਧਾਰਾ ਨੂੰ ਲੋਕਾਂ ਦੀ ਚੇਤਨਾ ਦਾ ਹਿੱਸਾ ਬਣਾਉਣ ਦੇ ਯਤਨ ਇਸ ਯਾਦਗਾਰ ਤੋਂ ਕਿਸੇ ਨਾ ਕਿਸੇ ਰੂਪ ਵਿੱਚ ਕੀਤੇ ਜਾ ਰਹੇ ਹਨ। ਇੱਥੇ ਸ਼ਹੀਦ ਬਾਬਾ ਭਾਨ ਸਿੰਘ ਦਾ ਘੋੜ ਸਵਾਰ ਬੁੱਤ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਯਾਦਗਾਰੀ ਬੁੱਤ ਇਸ ਯਾਦਗਾਰ ਦਾ ਮਾਣ ਵਧਾ ਰਹੇ ਹਨ।ਯਾਦ ਰਹੇ ਕਿ ਬਾਬਾ ਭਾਨ ਸਿੰਘ ਅੰਗਰੇਜਾਂ ਦੇ ਘੋੜ ਸਵਾਰ ਰਸਾਲੇ ਦੀ ਨੌਕਰੀ ਛੱਡ ਅਮਰੀਕਾ ਚਲੇ ਗਏ ਸਨ, ਜਿੱਥੇ ਉਹ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ।

ਹੁਣ ਇਸ ਇਲਾਕੇ ਦੇ ਨੌਜਵਾਨਾਂ ਵੱਲੋਂ ਗ਼ਦਰੀ ਸ਼ਹੀਦਾਂ ਦੀ ਵਿਚਾਰਧਾਰਾ ਨੂੰ ਇਲਾਕੇ ਭਰ ਵਿੱਚ ਹੋਰ ਵੱਧ ਸ਼ਿੱਦਤ ਨਾਲ ਪ੍ਰਚਾਰ ਪ੍ਰਸਾਰ ਕਰਨ ਲਈ "ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ" ਨਾਂ ਦੀ ਸੰਸਥਾ ਬਣਾਕੇ ਬਹੁਤ ਹੀ ਸਲਾਘਾਯੋਗ ਉਦਮ ਕੀਤਾ ਗਿਆ ਹੈ।ਗ਼ਦਰੀ ਸ਼ਹੀਦ ਦੇ ਨਾਂ ਤੇ ਬਣੀ ਇਸ ਨੌਜਵਾਨਾਂ ਦੀ ਜੱਥੇਬੰਦੀ ਨੇ ਇਲਾਕੇ ਭਰ ਦੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਵੱਡੇ ਫਲੈਕਸ ਲਗਾਕੇ ਸਮਾਜਿਕ ਕੁਰੀਤੀਆਂ ਵਿਰੁੱਧ ਆਵਾਜ਼ ਉਠਾਉਣ ਲਈ ਪਲਾਂਘ ਪੁੱਟੀ ਹੈ, ਜੋ ਸਮਾਜ ਵਿੱਚ ਫੈਲੀਆਂ ਗਲਤ ਗਤੀਵਿਧੀਆਂ ਨੂੰ ਰੋਕਣ ਲਈ ਵੀ ਸਹਾਈ ਹੋਵੇਗੀ।ਨੌਜਵਾਨ ਸਭਾ ਵੱਲੋਂ ਗ਼ਦਰੀ ਸ਼ਹੀਦਾਂ ਦੀ ਵਿਰਾਸਤ ਨਾਲ ਜੁੜਨ ਲਈਂ ਇਲਾਕੇ ਵਿਚ ਅਜਿਹੇ ਫਲੈਕਸ ਅਤੇ ਬੋਰਡਾਂ ਦੁਆਰਾ ਦਿੱਤੇ ਸੰਦੇਸ ਜਿੱਥੇ ਨੌਜਵਾਨਾ ਨੂੰ ਪ੍ਰੇਰਿਤ ਕਰਨਗੇ ਉੱਥੇ ਸਮਾਜ ਪ੍ਰਤੀ ਬਨਦੀਆਂ ਜੁੰਮੇਵਾਰੀਆਂ ਨਿਭਾਉਣ ਲਈ ਵੀ ਅੱਗੇ ਆਉਣ ਦਾ ਸਰੋਤ ਬਣਨਗੇ।ਨੌਜਵਾਨ ਸਭਾ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਕਾਰਕੁੰਨ ਰਾਕੇਸ਼ ਆਜ਼ਾਦ, ਐਡਵੋਕੇਟ ਹਰਪ੍ਰੀਤ ਜੀਰਖ, ਅਰੁਣ ਕੁਮਾਰ, ਪ੍ਰਤਾਪ ਸਿੰਘ, ਜਗਜੀਤ ਸਿੰਘ, ਰਜੀਵ ਕੁਮਾਰ, ਅੰਮ੍ਰਿਤਪਾਲ ਸਿੰਘ, ਮਾਨ ਸਿੰਘ , ਮਹੇਸ਼ ਕੁਮਾਰ ਆਦਿ ਤੇ ਅਧਾਰਤ ਟੀਮ ਵੱਲੋਂ ਇੱਥੇ ਚੱਲ ਰਹੀਆਂ ਗਤੀਵਿਧੀਆਂ ਨੂੰ ਹੋਰ ਤੇਜੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ।

ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਨੂੰ ਲੋਕਾਂ ਲਈ ਹੋਰ ਪ੍ਰੇਰਨਾਦਾਇਕ ਬਣਾਉਣ ਦੇ ਯਤਨਾ ਨੂੰ ਉਪਰੋਕਤ ਨੌਜਵਾਨਾ ਵੱਲੋਂ ਦਿੱਤੇ ਜਾ ਰਹੇ ਹੁੰਗਾਰੇ ਦੀ ਸ਼ਹੀਦ ਬਾਬਾ ਭਾਨ ਸਿੰਘ ਗ਼ਦਰ ਮੈਮੋਰੀਅਲ ਟਰੱਸਟ ਵੱਲੋਂ ਵੀ ਪ੍ਰਸੰਸਾ ਕੀਤੀ ਗਈ। ਟਰੱਸਟ ਦੇ ਪ੍ਰਧਾਨ ਕਰਨਲ ਜੇ ਐਸ ਬਰਾੜ, ਜਨਰਲ ਸਕੱਤਰ ਜਸਵੰਤ ਜੀਰਖ, ਵਿੱਤ ਸਕੱਤਰ ਗੁਰਮੇਲ ਸਿੰਘ ਸਮੇਤ ਕੈਨੇਡਾ ਵਾਸੀ ਮਾ ਭਜਨ ਸਿੰਘ ਜਿਹਨਾਂ ਦੇ ਵਿਸ਼ੇਸ਼ ਯਤਨਾਂ ਰਾਹੀਂ ਲਗਾਤਾਰ ਇਸ ਯਾਦਗਾਰ ਨੂੰ ਲੋਕ ਪੱਖੀ ਗਤੀਵਿਧੀਆਂ ਲਈ ਸਥਾਪਿਤ ਕਰਨ ਦੇ ਯਤਨ ਜਾਰੀ ਹਨ, ਨੇ ਨੌਜਵਾਨਾ ਦੇ ਉਦਮ ਦੀ ਸ਼ਲਾਘਾ ਕੀਤੀ ਹੈ।

ਉਪਰੋਕਤ ਨੌਜਵਾਨ ਸਭਾ ਬਾਰੇ ਜਾਣਕਾਰੀ ਦਿੰਦਿਆ ਨੌਜਵਾਨ ਸਭਾ ਦੇ ਪ੍ਰਧਾਨ ਐਡਵੋਕੇਟ ਹਰਪ੍ਰੀਤ ਸਿੰਘ ਜ਼ੀਰਖ, ਸਕੱਤਰ ਰਾਕੇਸ਼ ਆਜ਼ਾਦ ਅਤੇ ਪ੍ਰੈਸ ਸਕੱਤਰ ਅਰੁਣ ਕੁਮਾਰ ਨੇ ਕਿਹਾ ਕੇ ਸਭਾ ਵੱਲੋ ਨੌਜਵਾਨਾ ਨੂੰ ਗ਼ਦਰੀ ਸ਼ਹੀਦਾਂ ਦੀ ਵਿਰਾਸਤ ਤੇ ਵਿਚਾਰਧਾਰਾ ਨਾਲ ਜੁੜਨ ਲਈ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਖਿਲਾਫ ਲੜਾਈ ਦੇਣ, ਨੌਜਵਾਨਾਂ ਵਿੱਚ ਪੜ੍ਹਨ ਦਾ ਸੱਭਿਆਚਾਰ ਪੈਦਾ ਕਰਨ, ਨਫ਼ਰਤ ਦੀ ਰਾਜਨੀਤੀ ਤੋਂ ਉੱਪਰ ਉੱਠ ਕੇ ਆਪਸੀ ਭਾਈਚਾਰਕ ਸਾਂਝ ਪੈਦਾ ਕਰਨ, ਹਰ ਕਿਸਮ ਦੀ ਬੇਇਨਸਾਫੀ ਖਿਲਾਫ ਆਵਾਜ਼ ਬੁਲੰਦ ਕਰਨ, ਅਤੇ ਵਾਤਾਵਰਨ ਨੂੰ ਸਾਫ ਰੱਖਣ ਲਈ ਨੌਜਵਾਨਾ ਨੂੰ ਜਾਗ੍ਰਿਤ ਕੀਤਾ ਜਾਵੇਗਾ। ਇਸੇ ਬਾਬਤ ਸਭਾ ਵੱਲੋ ਸ਼ਹੀਦਾਂ ਦੀ ਵਿਰਾਸਤ ਨੂੰ ਦਰਸਾਉਂਦੇ ਫਲੈਕਸ ਇਲਾਕੇ ਵਿੱਚ ਲਗਾਏ ਗਏ ਹਨ। ਇਸੇ ਮੁਹਿੰਮ ਤਹਿਤ ਸੁਨੇਤ ਪਿੰਡ ਦੇ ਸਰਕਾਰੀ ਹਾਈ ਸਕੂਲ ਦਾ ਨਾਂ ਵੀ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਦੇ ਨਾ ਉੱਪਰ ਰੱਖਣ ਦੀ ਮੰਗ ਕੀਤੀ ਗਈ ਹੈ।

ਇਸ ਯਾਦਗਾਰ ਦੀ ਚਾਰ ਦਿਵਾਰੀ ਉੱਚਾ ਕਰਨ, ਸਮਾਗਮਾਂ ਵੇਲੇ ਲੋੜੀਂਦੇ ਬਾਥ ਰੂਮਾਂ ਦੀ ਉਸਾਰੀ ਅਤੇ 200 ਤੋਂ ਵੱਧ ਲੋਕਾਂ ਦੇ ਬੈਠਣ ਲਈ ਕੁਰਸੀਆਂ ਸਮੇਤ ਖੁਲ੍ਹੀ ਸਟੇਜ ਦਾ ਸੁਚੱਜਾ ਪ੍ਰਬੰਧ , ਦੇਸ਼- ਵਿਦੇਸ਼ ਵਿੱਚ ਵਸਦੇ ਸਹਿਯੋਗੀਆਂ ਦੀ ਸਹਾਇਤਾ ਨਾਲ ਪੂਰਾ ਕੀਤਾ ਜਾ ਚੁੱਕਾ ਹੈ। ਯਾਦਗਾਰ ਵਿੱਚ ਲੜਕੀਆਂ ਨੂੰ ਸਿਲਾਈ ਦਾ ਕੰਮ ਸਿਖਾਉਣ ਲਈ ਸਿਲਾਈ ਸੈਂਟਰ ਲਗਾਤਾਰ ਚੱਲ ਰਿਹਾ ਹੈ।

ਹੁਣ ਗ਼ਦਰੀ ਬਾਬਿਆਂ ਵੱਲੋਂ ਦੇਸ਼ ਦੀ ਅਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਅਤੇ ਕਾਲੇ ਪਾਣੀ (ਅੰਡੇਮਾਨ- ਨਿਕੋਬਾਰ) ਸੈਲੂਲਰ ਜੇਲ੍ਹ ਵਿੱਚ ਅੰਗਰੇਜ ਹਕੂਮਤ ਵੱਲੋਂ ਦਿੱਤੇ ਜਾਂਦੇ ਅਣਮਨੁੱਖੀ ਤਸੀਹਿਆਂ ਨੂੰ ਦ੍ਰਸਾਉਂਦਾ ਇਤਿਹਾਸਿਕ ਮਿਊਜੀਅਮ, ਇਸ ਯਾਦਗਾਰ ਦੀ ਉੱਚੀ ਕੀਤੀ ਚਾਰਦਿਵਾਰੀ ਉੱਪਰ ਪੇਂਟਿੰਗ ਅਤੇ ਲਿਖਤੀ ਰੂਪ ਵਿੱਚ ਚਿਤਰਨਾ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਟੀਚੇ ਨੂੰ ਵੀ ਮਿੱਤਰਾਂ, ਹਮਦਰਦਾਂ ਵੱਲੋਂ ਦਿੱਤੇ ਜਾ ਰਹੇ ਸੁਹਿਰਦ ਸਹਿਯੋਗ ਨਾਲ ਤਿਆਰ ਕੀਤਾ ਜਾਣਾ ਹੈ।

# ਸਤਿਆਪਾਲ ਮਲਿਕ ਤੋਂ ਸਰਕਾਰ ਕਿਉਂ ਡਰਦੀ ਹੈ

*ਸਤਿਆਪਾਲ ਮਲਿਕ ਦਾ ਨਾਂ ਇਤਿਹਾਸ ਦੇ ਪੰਨਿਆਂ 'ਚ ਦਰਜ ਹੋ ਗਿਆ ਹੈ ਕਿ ਸੱਤਾ ਦੇ ਗਲਿਆਰਿਆਂ ਵਿਚੋਂ ਵੀ ਕੋਈ ਆਵਜ਼ ਅਜਿਹੀ ਕੱਢ ਸਕਦਾ ਹੈ ਜਦੋਂ ਹੁਕਮਰਾਨ ਤੇ ਉਨ੍ਹਾਂ ਦੇ ਕੌਲੀ ਚੱਟ ਤਾਕਤ 'ਤੇ ਸੱਤਾ ਦੀ ਸਲਾਮੀ ਲਈ ਦਿਨ ਰਾਤ ਇਕ ਕਰ ਰਹੇ ਹਨ, ਪਰ ਜਿਸ ਕਿਸਮ ਨਾਲ ਸਤਿਆਪਾਲ ਮਲਿਕ ਨੇ ਕਿਸਾਨਾਂ ਦੇ ਪੱਖ 'ਚ ਆਵਾਜ਼ ਉਠਾਈ, ਉਹ ਉਸ ਦੀ ਜੁਰਅਤਮਈ ਸੋਚ, ਵਿਚਾਰ ਤੇ ਕਿਸਾਨਾਂ ਦੇ ਦਰਦ ਨੂੰ ਮਹਿਸੂਸ ਕਰਨ ਵਾਲੀ ਸਤਿਕਾਰਤ ਸ਼ਖਸੀਅਤ ਬਣ ਗਈ, ਹੁਣ ਉਸ ਦੀ ਆਵਾਜ਼ ਨੂੰ ਸੀਖਾਂ ਪਿਛੇ ਕਰਨ ਲਈ ਨਵੇਂ ਹੱਥਕੰਢੇ ਵਰਤੇ ਜਾ ਰਹੇ ਹਨ। – ਸੰਪਾਦਕ*



2024 ਦੀਆਂ ਮਹੱਤਵਪੂਰਨ ਸੰਸਦੀ ਚੋਣਾਂ ਦੇ ਮੱਦੇਨਜ਼ਰ, ਦੇਸ਼ ਕੇਂਦਰੀ ਏਜੰਸੀਆਂ ਦੁਆਰਾ ਛਾਪੇਮਾਰੀ ਦੀ ਇੱਕ ਰੁਕਾਵਟ ਦੇਖ ਰਿਹਾ ਹੈ - ਖਾਸ ਤੌਰ 'ਤੇ ਉਨ੍ਹਾਂ ਲੋਕਾਂ 'ਤੇ ਜਿਨ੍ਹਾਂ ਨੇ ਨਰਿੰਦਰ ਮੋਦੀ ਦੀ ਵਿਵਸਥਾ 'ਤੇ ਸਵਾਲ ਚੁੱਕੇ ਹਨ। ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆ ਪਾਲ ਮਲਿਕ ਦੇ ਦੱਖਣੀ ਦਿੱਲੀ ਸਥਿਤ ਘਰ 'ਤੇ ਵੀ ਛਾਪਾ ਮਾਰਿਆ ਗਿਆ। ਮਲਿਕ ਵੱਖ-ਵੱਖ ਮਾਮਲਿਆਂ 'ਤੇ ਮੋਦੀ ਸ਼ਾਸਨ ਦਾ ਜ਼ੋਰਦਾਰ ਆਲੋਚਕ ਰਿਹਾ ਹੈ। ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੇ ਲਗਭਗ 100 ਕਰਮਚਾਰੀ ਕਸ਼ਮੀਰ ਵਿੱਚ ਚੇਨਾਬ ਨਦੀ ਉੱਤੇ ਕਿਰੂ ਹਾਈਡ ?ਰੋ ਪਾਵਰ ਪ੍ਰੋਜੈਕਟ ਦੇ ਸਬੰਧ ਵਿੱਚ ਸੋਮ ਵਿਹਾਰ ਵਿੱਚ ਮਲਿਕ ਦੇ ਘਰ ਅਤੇ 29 ਹੋਰ ਕੰਪਲੈਕਸਾਂ ਵਿੱਚ ਗਏ। ਅਕਤੂਬਰ 2021 ਵਿੱਚ, ਮਲਿਕ ਨੇ ਬਹੁ-ਕਰੋੜੀ ਪ੍ਰੋਜੈਕਟ ਵਿੱਚ ਭ੍ਰਿਸ਼ਟਾਚਾਰ ਦੀ ਗੱਲ ਕੀਤੀ ਸੀ, ਅਤੇ ਦਾਅਵਾ ਕੀਤਾ ਸੀ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਦਾ ਰਾਜਪਾਲ ਹੁੰਦਿਆਂ ਉਨ੍ਹਾਂ ਨੂੰ ਦੋ ਫਾਈਲਾਂ ਨੂੰ ਕਲੀਅਰ ਕਰਨ ਲਈ 300 ਕਰੋੜ ਰੁਪਏ ਦੀ ਰਿਸ਼ਵਤ ਦੀ ਪੇਸ਼ਕਸ਼ ਵੀ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ ਇੱਕ ਇਸ ਪ੍ਰੋਜੈਕਟ ਦੀ ਸੀ। . ਉਹ ਇਸ ਅਹੁਦੇ 'ਤੇ 23 ਅਗਸਤ, 2018 ਤੋਂ 30 ਅਕਤੂਬਰ, 2019 ਤੱਕ ਸੇਵਾ ਨਿਭਾਅ ਚੁੱਕੇ ਹਨ। ਕੱਲ੍ਹ ਦੇ ਛਾਪੇ ਤੋਂ ਬਾਅਦ ਐਕਸ ਨੂੰ ਲੈ ਕੇ, ਮਲਿਕ ਨੇ ਮੋਦੀ ਨੂੰ ÷ਤਾਨਾਸ਼ਾਹ÷ ਕਰਾਰ ਦਿੱਤਾ, ਕਿਹਾ ਕਿ ÷ਤਾਨਾਸ਼ਾਹ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਮੈਨੂੰ ਡਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਮੈਂ ਇੱਕ ਕਿਸਾਨ ਦਾ ਪੁੱਤਰ ਹਾਂ; ਮੈਂ ਨਹੀਂ ਡਰਾਂਗਾ ਅਤੇ ਝੁਕਵਾਂਗਾ।" ਮਲਿਕ ਨੇ ਮੋਦੀ 'ਤੇ ਇਹ ਵੀ ਦੋਸ਼ ਲਗਾਇਆ ਸੀ ਕਿ ਉਹ 2019 ਵਿੱਚ ਪੁਲਵਾਮਾ ਵਿੱਚ ਸੀਆਰਪੀਐਫ ਦੇ ਜਵਾਨਾਂ ਨੂੰ ਲਿਜਾਣ ਲਈ ਕੇਂਦਰੀ ਗ੍ਰਹਿ ਮੰਤਰੀ ਦੁਆਰਾ ਹਵਾਈ ਜਹਾਜ਼ ਤੋਂ ਇਨਕਾਰ ਕਰਨ ਬਾਰੇ ਚੁੱਪ ਰਹਿਣ ਲਈ ਕਹਿ ਰਹੇ ਸਨ। ਇੱਕ ਅੱਤਵਾਦੀ ਹਮਲੇ ਵਿੱਚ ਸੀਆਰਪੀਐਫ ਦੇ 40 ਜਵਾਨਾਂ ਦੀ ਮੌਤ ਹੋ ਗਈ ਸੀ ਅਤੇ ਕਈ ਜ਼ਖਮੀ ਹੋ ਗਏ ਸਨ। ਉਸ ਨੇ ਫਿਰ ਦਲੀਲ ਦਿੱਤੀ ਸੀ ਕਿ 'ਇੰਨਾ ਵੱਡਾ ਕਾਫਲਾ ਕਦੇ ਵੀ ਸੜਕ ਤੋਂ ਨਹੀਂ ਜਾਂਦਾ' ਅਤੇ ਤ੍ਰਾਸਦੀ ਨੂੰ ਟਾਲਿਆ ਜਾ ਸਕਦਾ ਸੀ ਜੇਕਰ ਭਾਜਪਾ ਦੇ ਚੋਟੀ ਦੇ ਨੇਤਾ ਰਾਜਨਾਥ ਸਿੰਘ ਦੀ ਅਗਵਾਈ ਵਾਲਾ ਮੰਤਰਾਲਾ ਜਹਾਜ਼ ਪ੍ਰਦਾਨ ਕਰਨ ਲਈ ਸਹਿਮਤ ਹੁੰਦਾ। "ਮੈਂ ਸ਼ਾਮ ਨੂੰ (14 ਫਰਵਰੀ, 2019) ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਇਹ ਸਾਡੀ ਗਲਤੀ ਕਾਰਨ ਹੋਇਆ ਹੈ। ਜੇਕਰ ਅਸੀਂ ਜਹਾਜ਼ ਦਿੰਦੇ ਤਾਂ ਅਜਿਹਾ ਨਾ ਹੁੰਦਾ। ਜਿਸ ਲਈ ਉਸਨੇ ਮੈਨੂੰ ਕਿਹਾ ਕਿ ਮੈਨੂੰ ਹੁਣ ਚੁੱਪ ਰਹਿਣਾ ਚਾਹੀਦਾ ਹੈ, ਮਲਿਕ ਨੇ ਅੱਗੇ ਕਿਹਾ ਕਿ ਐਨਐਸਏ ਅਜੀਤ ਡੋਵਾਲ ਨੇ ਵੀ ਉਸਨੂੰ ਇਹ ਕਿਹਾ ਸੀ। ਇੱਕ ਸਪੱਸ਼ਟ ਬੋਲਣ ਵਾਲੇ ਮਲਿਕ ਨੇ ਬਾਅਦ ਵਿੱਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਦੀ ਮੰਗ ਕੀਤੀ। ਸੀਬੀਆਈ ਦੀ ਛਾਪੇਮਾਰੀ ਉਸ ਸਮੇਂ ਕੀਤੀ ਗਈ ਜਦੋਂ ਮਲਿਕ ਨੂੰ ਦਿੱਲੀ ਦੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ। ਇੱਕ ਦਿਨ ਬਾਅਦ, ਆਪਣੇ ਹਸਪਤਾਲ ਦੇ ਬਿਸਤਰੇ ਤੋਂ ਦਿ ਵਾਇਰ ਨੂੰ ਇੱਕ ਇੰਟਰਵਿਊ ਵਿੱਚ, ਉਸਨੇ ਕਿਹਾ, "ਮੇਰੇ ਉੱਤੇ ਛਾਪਾ ਮਾਰਿਆ ਗਿਆ ਕਿਉਂਕਿ ਮੈਂ ਕਿਸਾਨਾਂ ਦੇ ਕਾਰਨਾਂ ਦਾ ਸਮਰਥਨ ਕਰਦਾ ਹਾਂ; ਭ੍ਰਿਸ਼ਟਾਚਾਰ 'ਤੇ ਸਵਾਲ ਚੁੱਕੇ ਹਨ; ਅਤੇ ਦੁਰਵਿਵਹਾਰ ਜਿਸ ਕਾਰਨ 2019 ਦੇ ਪੁਲਵਾਮਾ ਦੁਖਾਂਤ ਦਾ ਕਾਰਨ ਬਣਿਆ ਜਿੱਥੇ ਸਾਡੇ ਬਹੁਤ ਸਾਰੇ ਸੀਆਰਪੀਐਫ ਜਵਾਨਾਂ ਦੀ ਜਾਨ ਚਲੀ ਗਈ।"ਜਦੋਂ ਦਿੱਲੀ ਵਿੱਚ ਤੁਹਾਡੇ ਘਰ ਸੀਬੀਆਈ ਦਾ ਛਾਪਾ ਮਾਰਿਆ ਗਿਆ ਤਾਂ ਤੁਸੀਂ ਕਿੱਥੇ ਸੀ? ਛਾਤੀ ਵਿੱਚ ਗੰਭੀਰ ਇਨਫੈਕਸ਼ਨ ਕਾਰਨ ਮੈਂ ਪਿਛਲੇ ਪੰਜ ਦਿਨਾਂ ਤੋਂ ਹਸਪਤਾਲ ਵਿੱਚ ਹਾਂ। ਮੈਨੂੰ ਡਾਇਬਿਟੀਜ ਦੀ ਸ਼ਿਕਾਇਤ ਹੈ; ਬਲੱਡ ਸ਼ੂਗਰ ਦਾ ਪੱਧਰ ਵੀ ਕਾਫ਼ੀ ਵੱਧ ਗਿਆ ਸੀ ਅਤੇ ਇਸ ਲਈ, ਮੈਨੂੰ ਹਸਪਤਾਲ ਵਿੱਚ ਦਾਖਲ ਹੋਣਾ ਪਿਆ। ਸੀਬੀਆਈ ਦੇ ਮੁਲਾਜ਼ਮ ਮੇਰੇ ਸੋਮ ਵਿਹਾਰ ਫਲੈਟ ਵਿੱਚ ਆਏ; ਮੈਂ ਕਿਹਾ ਉਨ੍ਹਾਂ ਨੂੰ ਉਥੇ ਮੇਰੇ ਕੱਪੜਿਆਂ ਤੋਂ ਇਲਾਵਾ ਕੀ ਮਿਲੇਗਾ? ਉਨ੍ਹਾਂ ਨੇ ਮੇਰੇ ਡਰਾਈਵਰ ਅਤੇ ਸਹਾਇਕ ਦੀ ਵੀ ਕੁੱਟਮਾਰ ਕੀਤੀ ਅਤੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ। ਮੈਂ ਇਹ ਸਮਝਣ ਵਿੱਚ ਅਸਫਲ ਹਾਂ ਕਿ ਮੇਰੇ ਉੱਤੇ ਛਾਪਾ ਕਿਉਂ ਮਾਰਿਆ ਗਿਆ ਸੀ; ਮੇਰੇ ਖਿਲਾਫ ਕੋਈ ਐਫਆਈਆਰ ਨਹੀਂ ਹੈ। ਜਿਨ੍ਹਾਂ ਬਾਰੇ ਮੈਂ ਕਿਹਾ ਕਿ ਬਹੁ-ਕਰੋੜੀ ਪ੍ਰੋਜੈਕਟ ਦੀ ਫਾਈਲ ਕਲੀਅਰ ਕਰਨ ਲਈ ਮੈਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ ਸੀ, ਉਨ੍ਹਾਂ ਦੀ ਜਾਂਚ ਕਰਨ ਦੀ ਬਜਾਏ ਸੀਬੀਆਈ ਸ਼ਿਕਾਇਤਕਰਤਾ 'ਤੇ ਛਾਪੇਮਾਰੀ ਕਰ ਰਹੀ ਹੈ। ਇਸ ਦਾ ਮਤਲਬ ਹੈ ਕਿ ਭ੍ਰਿਸ਼ਟਾਚਾਰ ਵਿਰੁੱਧ ਆਵਾਜ਼ ਉਠਾਉਣ ਲਈ ਮੇਰੇ 'ਤੇ ਛਾਪਾ ਮਾਰਿਆ ਗਿਆ ਸੀ। ਤੁਸੀਂ ਐਕਸ 'ਤੇ ਇਹ ਵੀ ਕਿਹਾ ਸੀ ਕਿ ਤੁਸੀਂ ਕਿਸਾਨਾਂ ਦੇ ਪੁੱਤਰ ਹੋ ਅਤੇ ਤੁਸੀਂ ਇਸ ਤੋਂ ਡਰੋਗੇ ਨਹੀਂ। ਹਾਂ, ਮੈਂ ਕੋਈ ਗਲਤ ਕੰਮ ਨਹੀਂ ਕੀਤਾ; ਤਾਂ ਮੈਨੂੰ ਕਿਉਂ ਡਰਨਾ ਚਾਹੀਦਾ ਹੈ? ਮੈਂ ਕਿਸਾਨ ਦਾ ਸਮਰਥਨ ਕਰਦਾ ਹਾਂ। ਮੈਂ ਕਿਸਾਨ ਦਾ ਪੁੱਤਰ ਹਾਂ। ਮੇਰੇ 'ਤੇ ਇਸ ਲਈ ਵੀ ਛਾਪਾ ਮਾਰਿਆ ਗਿਆ ਕਿਉਂਕਿ ਮੈਂ ਪੁਲਵਾਮਾ ਤ੍ਰਾਸਦੀ ਬਾਰੇ ਮੋਦੀ ਸਰਕਾਰ ਤੋਂ ਸਵਾਲ ਕੀਤਾ ਸੀ; ਪ੍ਰਧਾਨ ਮੰਤਰੀ ਨੇ ਮੈਨੂੰ ਇਸ ਬਾਰੇ ਚੁੱਪ ਰਹਿਣ ਲਈ ਕਿਹਾ ਸੀ। ਕਿ ਮੈਂ ਜਨਤਕ ਤੌਰ 'ਤੇ ਸੱਤਾਧਾਰੀਆਂ ਨੂੰ ਨਾਰਾਜ਼ ਕੀਤਾ। ਕਿਸਾਨਾਂ ਦੀ ਦਿਲੀ ਚੱਲੋ ਰੈਲੀ ਨੂੰ ਪੰਜਾਬ-ਹਰਿਆਣਾ ਸਰਹੱਦ 'ਤੇ ਰੋਕ ਦਿੱਤਾ ਗਿਆ ਹੈ। ਤੁਸੀਂ ਆਪਣੇ ਆਪ ਨੂੰ ਕਿਸਾਨ ਦਾ ਪੁੱਤਰ ਕਹਿੰਦੇ ਹੋ; ਕਥਿਤ ਤੌਰ 'ਤੇ ਪੁਲਿਸ ਕਾਰਵਾਈ ਵਿਚ ਚੱਲ ਰਹੇ ਪ੍ਰਦਰਸ਼ਨ ਵਿਚ ਇਕ ਕਿਸਾਨ ਦੇ ਪੁੱਤਰ ਦੀ ਵੀ ਜਾਨ ਚਲੀ ਗਈ ਹੈ। ਕੀ ਤੁਸੀਂ ਇਸ 'ਤੇ ਟਿੱਪਣੀ ਕਰਨਾ ਚਾਹੁੰਦੇ ਹੋ? ਇਸ ਤੋਂ ਪਹਿਲਾਂ ਦੇ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਨੂੰ (ਸੱਤਾਧਾਰੀ ਪਾਰਟੀ ਵੱਲੋਂ) ਖਾਲਿਸਤਾਨੀ, ਅੱਤਵਾਦੀ, ਦੇਸ਼ ਵਿਰੋਧੀ ਹੋਣ ਦਾ ਦੋਸ਼ ਲਾਇਆ ਗਿਆ ਸੀ। ਆਖਰ ਮੋਦੀ ਸਰਕਾਰ ਨੂੰ ਕਿਸਾਨ ਵਿਰੋਧੀ ਕਾਨੂੰਨ ਵਾਪਸ ਲੈਣਾ ਪਿਆ। ਹੁਣ ਵੀ ਉਨ੍ਹਾਂ ਨੂੰ ਮਾੜੀ ਰੌਸ਼ਨੀ ਵਿੱਚ ਦਿਖਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਨੌਜਵਾਨ ਕਿਸਾਨ ਦੀ ਮੌਤ ਦੁਖਦਾਈ ਹੈ; ਨਹੀਂ ਹੋਣਾ ਚਾਹੀਦਾ ਸੀ। ਮੋਦੀ ਸਰਕਾਰ ਨੂੰ ਪਹਿਲਾਂ ਵਾਂਗ ਹੀ ਕਿਸਾਨਾਂ ਦੀਆਂ ਮੰਗਾਂ ਮੰਨਣੀਆਂ ਹੀ ਪੈਣਗੀਆਂ। ਮੇਰੇ 'ਤੇ ਵੀ ਛਾਪਾ ਮਾਰਿਆ ਗਿਆ ਕਿਉਂਕਿ ਮੈਂ ਕਿਸਾਨ ਅਤੇ ਦੇਹਤ (ਅੰਦਰੂਨੀ) ਲਈ ਬੋਲਿਆ ਸੀ। ਦਿੱਲੀ ਪੁਲਿਸ ਵੱਲੋਂ ਵੀ ਦਿੱਲੀ-ਹਰਿਆਣਾ ਅਤੇ ਦਿੱਲੀ-ਉੱਤਰ ਪ੍ਰਦੇਸ਼ ਸਰਹੱਦਾਂ 'ਤੇ ਬੈਰੀਅਰ ਲਗਾਏ ਗਏ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪ੍ਰਦਰਸ਼ਨਕਾਰੀ ਕਿਸਾਨ ਰਾਮ ਲੀਲਾ ਮੈਦਾਨ ਵਿੱਚ ਆਪਣੀ ਆਵਾਜ਼ ਬੁਲੰਦ ਕਰਨ ਲਈ ਰਾਸ਼ਟਰੀ ਰਾਜਧਾਨੀ ਵਿੱਚ ਦਾਖਲ ਨਾ ਹੋ ਸਕਣ। ਹਾਂ, ਪ੍ਰਬੰਧ ਇੰਝ ਜਾਪਦਾ ਹੈ ਜਿਵੇਂ ਇਹ ਭਾਰਤ-ਪਾਕਿਸਤਾਨ ਅਤੇ ਭਾਰਤ-ਚੀਨ ਸਰਹੱਦਾਂ ਹਨ। ਮੈਂ ਕਹਾਂਗਾ, ਜੇਕਰ ਸਰਕਾਰ ਨੇ ਫਰਵਰੀ 2019 ਵਿੱਚ ਪੁਲਵਾਮਾ ਵਿੱਚ ਇੰਨੀ ਦੇਖਭਾਲ ਕੀਤੀ ਹੁੰਦੀ, ਤਾਂ ਸਾਡੇ ਬਹੁਤ ਸਾਰੇ ਫੌਜੀ ਜਵਾਨ ਨਾ ਗਵਾਏ ਹੁੰਦੇ।

ਵਾਇਰ ਤੋਂ ਧੰਨਵਾਦ ਸਹਿਤ

# ਜੀਵਿਆ ਵੀ ਲੋਕਾਂ ਲਈ ਤੇ ਮਰ ਕੇ ਵੀ ਲੋਕਾਂ ਦਾ ਬਣਿਆ: ਗੁਰਮੇਲ ਸਿੰਘ ਭਰੋਵਾਲ

*ਵਰ੍ਹਾ 1978 ਵਿਚ ਜਦੋਂ ਪੰਜਾਬ ਸਟੂਡੈਂਟ ਯੂਨੀਅਨ ਦੇ ਸਿਰਮੌਰ ਆਗੂ ਪ੍ਰਿਥੀਪਾਲ ਰੰਧਾਵਾ ਦੀ ਸ਼ਹਾਦਤ ਹੋਈ ਤਾਂ ਉਸ ਸਮੇਂ ਸਮੁੱਚਾ ਪੰਜਾਬ ਵਿਸ਼ੇਸ਼ ਕਰਕੇ ਵਿਦਿਆਰਥੀ ਅਤੇ ਨੌਜਵਾਨ ਸੰਘਰਸ਼ਸ਼ੀਲ ਬਣ ਗਏ। ਇਸ ਦੌਰ ਵਿਚ ਹੀ ਜਗਰਾਓਂ ਇਲਾਕੇ ਦੇ ਪ੍ਰਸਿੱਧ ਸਾਇੰਸ ਕਾਲਜ ਪੜ੍ਹਦੇ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਸ੍ਰ. ਹਰਬੰਸ ਸਿੰਘ ਵੀ ਜੀਅ ਜਾਨ ਨਾਲ ਇਸ ਲਹਿਰ ਵਿਚ ਕੁੱਦ ਪਏ। ਉਨ੍ਹਾਂ ਦਾ ਰੈਣ ਬਸੇਰਾ ਭਰੋਵਾਲ ਹੋਣ ਕਰਕੇ ਹਰਬੰਸ ਅਤੇ ਗੁਰਮੇਲ ਦੀ ਜੋੜੀ ਬਣ ਗਈ। ਜਿਨ੍ਹਾਂ ਨੇ ਇਕਜੁਟ ਹੋ ਕੇ ਵੱਖ ਵੱਖ ਸੰਘਰਸ਼ਾਂ ਵਿਚ ਕਾਰਜ ਕੀਤਾ ਅਤੇ ਵਿਚਾਰਾਂ ਦੇ ਪੱਧਰ 'ਤੇ ਇਸ ਤਰ੍ਹਾਂ ਪਕਿਆਈ ਹਾਸਲ ਕਰ ਲਈ ਜੋ ਤਾਉਮਰ ਅਗਾਂਹਵਧੂ ਲਹਿਰਾਂ ਵਿਚ ਯੋਗਦਾਨ ਪਾਉਣ ਲੱਗੇ। ਹਰਬੰਸ ਸਿੰਘ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਉਸ ਦਾ ਸੰਘਰਸ਼ੀ ਸਾਥੀ ਛੇਤੀ ਵਿਛੋੜਾ ਦੇ ਗਿਆ। ਜਿਸ ਨੇ ਹੋਰ ਸੰਘਰਸ਼ਾਂ ਵਿਚ ਯੋਗਦਾਨ ਪਾਉਣਾ ਸੀ। ਇਸ ਅਕਹਿ ਅਤੇ ਅਸਹਿ ਘਾਟੇ ਲਈ ਸਮੁੱਚਾ 'ਸਰੋਕਾਰਾਂ ਦੀ ਆਵਾਜ਼' ਦਾ ਪਰਿਵਾਰ ਉਨ੍ਹਾਂ ਦੇ ਚਲੇ ਜਾਣ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹੈ। ਪਰ ਜੋ ਲੜਾਈ ਅੱਧਵਾਟੇ ਛੱਡ ਕੇ ਉਹ ਚਲਿਆ ਗਿਆ ਉਸ ਨੂੰ ਪੂਰਾ ਕਰਨ ਵਿਚ ਸਮਰੱਥਾ ਅਨੁਸਾਰ ਯੋਗਦਾਨ ਪਾਉਂਦੇ ਰਹਾਂਗੇ। – ਸੰਪਾਦਕ*

ਚੜ੍ਹਦੀ ਜਵਾਨੀ ਚ ਸ਼ਹੀਦ ਭਗਤ ਸਿੰਘ ਦੀ ਉਸਾਰੀ ਇਨਕਲਾਬੀ ਨੌਜਵਾਨ ਜਥੇਬੰਦੀ ਨੌਜਵਾਨ ਭਾਰਤ ਸਭਾ ਚ ਸਰਗਰਮੀ ਨਾਲ ਕੰਮ ਕਰਦਿਆਂ ਸੰਘਰਸ਼ਸ਼ੀਲ ਰਹੇ, ਸਹਿਕਾਰੀ ਸੁਸਾਇਟੀਆਂ ਕਰਮਚਾਰੀ ਯੂਨੀਅਨ ਦੇ ਪੰਜਾਬ ਦੇ ਸੂਬਾ ਪ੍ਰਧਾਨ ਰਹੇ, ਦਸ ਸਾਲ ਪਹਿਲਾਂ ਸੇਵਾ ਮੁਕਤੀ ਉਪਰੰਤ ਕਿਸਾਨ ਯੂਨੀਅਨ 'ਚ ਸੰਘਰਸ਼ਸ਼ੀਲ ਰਹੇ, ਖਾਸਕਰ ਦਿੱਲੀ ਕਿਸਾਨ ਸੰਘਰਸ਼ ਚ ਮੋਹਰੀ ਰੋਲ ਅਦਾ ਕਰਦੇ ਰਹੇ ਲੁਧਿਆਣਾ ਜਿਲੇ ਦੇ ਪਿੰਡ ਭਰੋਵਾਲ ਦੇ ਵਸਨੀਕ ਗੁਰਮੇਲ ਸਿੰਘ ਭਰੋਵਾਲ ਬੀਤੇ ਦਿਨੀਂ ਵਿਛੋੜਾ ਦੇ ਗਏ। 67 ਸਾਲ ਦੀ ਉਮਰ ਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬਲਾਕ ਸਿਧਵਾਂ ਬੇਟ ਦੇ ਸਕੱਤਰ ਗੁਰਮੇਲ ਸਿੰਘ ਭਰੋਵਾਲ ਦੇ ਵਿਛੋੜੇ ਉਪਰੰਤ ਉਨ੍ਹਾਂ ਦੀ ਮ੍ਰਿਤਕ ਦੇਹ ਉਨ੍ਹਾਂ ਦੀ ਇੱਛਾ ਅਨੁਸਾਰ ਡੀਐਮਸੀ ਹਸਪਤਾਲ ਲੁਧਿਆਣਾ ਨੂੰ ਮੈਡੀਕਲ ਖੋਜ ਕਾਰਜਾਂ ਲਈ ਦਾਨ ਕਰ ਦਿੱਤੀ ਗਈ।

ਕਿਸਾਨ ਆਗੂ ਦੇ ਇਸ ਬੇਵਕਤ ਵਿਛੋੜੇ ਨੇ ਸਮੁੱਚੇ ਪਿੰਡ ਅਤੇ ਇਲਾਕੇ ਨੂੰ ਡੂੰਘੇ ਦੁੱਖ ਤੇ ਗਮ ਚ ਸੁੱਟ ਦਿੱਤਾ। ਕਿਸਾਨ ਆਗੂਆਂ ਨੇ ਇਸ ਖੱਪੇ ਨੂੰ ਇਨਕਲਾਬੀ ਕਿਸਾਨ ਲਹਿਰ ਲਈ ਵੱਡਾ ਘਾਟਾ ਕਰਾਰ ਦਿੱਤਾ ਹੈ। ਇਕ ਸਫਲ ਵਕਤਾ, ਵਧੀਆ ਜਥੇਬੰਦਕ, ਸਮਰਪਿਤ ਸਖਸ਼ੀਅਤ ਨੇ ਇਲਾਕੇ ਭਰ 'ਚ ਅਪਣੀ ਹਰਮਨਪਿਆਰਤਾ ਕਾਇਮ ਕੀਤੀ ਹੋਈ ਸੀ। ਸਿੱਖੀ ਦੀ ਅਸਲ ਤੇ ਅਗਾਂਹਵਧੂ ਗਿਰੀ ਨੂੰ ਮਿਸਾਲਾਂ ਦੇ ਕੇ ਲੋਕ ਮਨਾਂ 'ਚ ਵਸਾਉਣ ਦੀ ਕਲਾ ਦੇ ਉਹ ਮਾਹਿਰ ਸਨ। ਮੌਕਾਪ੍ਰਸਤ ਸਿਆਸਤ ਨੂੰ ਲੰਮੇ ਜੀਵਨ ਦੇ ਤਜਰਬੇ ਚੋਂ ਉਨ੍ਹਾਂ ਬਹੁਤ ਗਹਿਰਾਈ 'ਚ ਸਮਝ ਲਿਆ ਸੀ ਤੇ ਇਸ ਵਰਤਾਰੇ ਨੂੰ ਨਫਰਤ ਕਰਦੇ ਸਨ।

15 ਅਗਸਤ 1956 ਨੂੰ ਨਕੋਦਰ ਲਾਗੇ ਅਪਣੇ ਨਾਨਕੇ ਪਿੰਡ ਮਹਿਮੂਦ ਪੁਰਾ ਚ ਜਨਮੇ ਗੁਰਮੇਲ ਸਿੰਘ ਦੀ ਕਰਮਭੂਮੀ ਪਿੰਡ ਭਰੋਵਾਲ ਜਾਂ ਭੂੰਦੜੀ ਹੀ ਬਣੀ ਰਹੀ। ਮਾਤਾ ਹਰਬੰਸ ਕੌਰ ਅਤੇ ਪਿਤਾ ਨਿਰੰਜਣ



ਦੇ ਇਸ ਵਿਲੱਖਣ ਬੇਟੇ ਨੇ ਮਦਰਾਸ ਤੋਂ ਸੀ ਪੀ ਐਡ ਕੀਤੀ। ਬੀ ਏ ਕਰਨ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਤੋਂ ਐਮ ਏ ਪੰਜਾਬੀ ਕੀਤੀ। ਸੱਤਰਵਿਆਂ ਦੇ ਦੌਰ 'ਚ ਨੌਜਵਾਨ ਭਾਰਤ ਸਭਾ ਦੇ ਆਗੂ ਵਜੋਂ ਬੇਰੁਜ਼ਗਾਰ ਅਧਿਆਪਕਾਂ ਦੇ ਪਚਾਸੀ ਦਿਨਾਂ ਲੰਬੇ ਘੋਲ 'ਚ ਜੇਲ ਕੱਟੀ। 1988 'ਚ ਬੇਟ ਇਲਾਕੇ ਚ ਆਏ ਹੜ੍ਹ 'ਚ ਹੋਏ ਭਾਰੀ ਜਾਨੀ ਤੇ ਮਾਲੀ ਨੁਕਸਾਨ ਸਮੇਂ ਨੌਜਵਾਨ ਭਾਰਤ ਸਭਾ ਦੀ ਅਗਵਾਈ 'ਚ ਦੋ ਮਹੀਨੇ ਲਗਾਤਾਰ ਲੋਕਾਂ ਦੀ ਬਾਂਹ ਫੜ ਕੇ ਰੱਖੀ। ਇਲਾਕੇ ਭਰ ਦੇ ਚਾਲੀ ਪਿੰਡਾਂ ਚੋਂ ਘਰੋਘਰੀ ਰਾਸ਼ਨ ਤੇ ਫੰਡ ਇਕੱਠਾ ਕਰ ਪੀੜਤ ਲੋਕਾਂ ਨੂੰ ਰੋਟੀ, ਕੱਪੜਾ ਤੇ ਦਵਾਈ ਮੁਹੱਈਆ ਕਰਾਈ।

7 ਫਰਵਰੀ 1985 ਨੂੰ ਸਹਿਕਾਰੀ ਖੇਤੀ ਬਾੜੀ ਸਭਾ ਭੂੰਦੜੀ ਤੋਂ ਬਤੌਰ ਸਹਿਕਾਰੀ ਸਕੱਤਰ ਸੇਵਾ ਸ਼ੁਰੂ ਕੀਤੀ। ਸੇਵਾ ਦੌਰਾਨ ਮੁਲਾਜਮ ਦਲ ਚ ਵੀ ਕੰਮ ਕਰਦੇ ਰਹੇ। ਸਹਿਕਾਰੀ ਖੇਤੀਬਾੜੀ ਕਰਮਚਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਵਜੋ ਸਹਿਕਾਰੀ ਸਭਾਵਾਂ ਦੇ ਕਰਮਚਾਰੀ ਹਿਤਾਂ ਲਈ ਅਨੇਕਾਂ ਸੰਘਰਸ਼ ਲੜੇ। ਸਹਿਕਾਰੀ ਮੁਲਾਜਮਾਂ 'ਚ ਉਨ੍ਹਾਂ ਦੀ ਮਾਤਾ ਅੱਜ ਵੀ ਕਾਇਮ ਹੈ। ਲੰਮਾ ਸਮਾਂ ਇਫਕੋ ਅਤੇ ਕਰਿਭਕੋ ਦੇ ਡੈਲੀਗੇਟ ਰਹੇ। ਪਿਛਲੇ ਸਮੇਂ ਤੋ ਕੋਆਪ੍ਰੇਟਿਵ ਰੂਰਲ ਡਿਵੈਲਪਮੈਂਟ ਟਰਸਟ ਕਲੋਲ, ਗੁਜਰਾਤ ਦੇ ਡਾਇਰੈਕਟਰ ਬਣੇ ਤੁਰੇ ਆ ਰਹੇ ਸਨ। ਖੇਤੀ ਸੈਕਟਰ ਦੀ ਸਮਸਿਆਵਾਂ ਤੇ ਡੂੰਘੀ ਪਕੜ ਰੱਖਣ ਵਾਲੇ ਸਾਥੀ ਭਰੋਵਾਲ ਨੇ ਸੇਵਾ ਮੁਕਤੀ ਉਪਰੰਤ ਅਪਣੇ ਜੀਵਨ ਨੂੰ ਕਿਸਾਨ ਹਿਤਾਂ ਲਈ ਸਮਰਪਿਤ ਕਰ ਦਿੱਤਾ ਸੀ। ਪਿਛਲੇ ਦੋ ਤਿੰਨ ਮਹੀਨਿਆਂ ਤੋਂ ਸ਼ਰੀਰਕ ਬੀਮਾਰੀ ਨਾਲ ਲੜਣ ਚ ਕਾਮਯਾਬ ਨਾ ਹੋਣ ਤੇ ਕਿਸਾਨ ਲਹਿਰ ਨੇ ਅਪਣਾ ਇਕ ਬੇਸ਼ਕੀਮਤੀ ਹੀਰਾ ਗਵਾ ਲਿਆ ਹੈ। ਦਿੱਲੀ ਕਿਸਾਨ ਅੰਦੋਲਨ ਅਤੇ ਇਲਾਕੇ ਭਰ ਚ ਚਲ ਰਹੇ ਕਿਸਾਨ ਸੰਘਰਸ਼ਾਂ ਚ ਮੋਹਰੀ ਸਫਾਂ 'ਚ ਰਹੇ ਗੁਰਮੇਲ ਸਿੰਘ ਭਰੋਵਾਲ ਦੇ ਮਰਨ ਉਪਰੰਤ ਉਨ੍ਹਾਂ ਦੇ ਦੋ ਪੁੱਤਰਾਂ ਵਲੋਂ ਉਨ੍ਹਾਂ ਦਾ ਮ੍ਰਿਤਕ ਸ਼ਰੀਰ ਮੈਡੀਕਲ ਖੋਜਾਂ ਲਈ ਡੀ ਐਮ ਸੀ ਹਸਪਤਾਲ ਨੂੰ ਦਾਨ ਕਰਨ ਦੀ ਘਟਨਾ ਨੇ ਉਨਾਂ ਦੇ ਜੀਵਨ ਦੀ ਮਹਾਨਤਾ ਨੂੰ ਹੋਰ ਗੂੜਾ ਕਰ ਦਿੱਤਾ ਹੈ। ਇਥੇ ਹੀ ਬਸ ਨਹੀਂ ਉਨ੍ਹਾਂ ਦੀ ਪਤਨੀ ਨੇ ਵੀ ਮਰਨ ਉਪਰੰਤ ਅਪਣਾ ਸਰੀਰ ਦਾਨ ਕਰਨ ਦੀ ਵਸੀਅਤ ਕਰਾ ਰੱਖੀ ਹੈ।

# ਇਕ ਸ਼ਰਧਾਂਜਲੀ : ਅਨਿਲ ਮੈਨਨ ਨੂੰ ਸਲਾਮ

ਸਮਾਜ ਵਿੱਚ ਕੁੱਝ ਵਿਅਕਤੀ ਜ਼ਿੰਦਗੀ ਦੇ ਛੋਟੇ ਸਫਰ ਵਿੱਚ ਵੀ ਅਜਿਹੀਆਂ ਪੈੜਾਂ ਪਾ ਜਾਂਦੇ ਹਨ, ਜੋ ਉਸ ਦੇ ਜਿਸਮਾਨੀ ਰੂਪ 'ਚ ਚਲੇ ਜਾਣ ਤੋਂ ਬਾਅਦ ਵੀ ਲੋਕ ਮਨਾਂ ਦਾ ਹਿੱਸਾ ਬਣ ਜਾਂਦੀਆਂ ਹਨ। ਛੋਟੀ ਉਮਰੇ ਵੱਡੀਆਂ ਪੁਲਾਂਘਾਂ ਪੁੱਟਣ ਵਾਲਾ ਅਜਿਹਾ ਹੀ ਇੱਕ ਸਖਸ਼ ਸੀ ਅਨਿਲ ਮੈਨਨ। ਅਪ੍ਰੈਲ 2014 ਦੀ ਕੁਲਹਿਣੀ ਰਾਤ ਸਪੋਕਸਮੈਨ ਦੇ ਦਫਤਰ ਤੋਂ ਆਪਣੀ ਜ਼ਿੰਮੇਵਾਰੀ ਨਿਭਾਕੇ ਵਾਪਸ ਜੀਰਕਪੁਰ ਜਾਂਦਿਆਂ ਚੰਡੀਗੜ੍ਹ ਦੀਆਂ ਜਗਮਗਾਉਂਦੀਆਂ ਸੜਕਾਂ ਤੇ ਅਜਿਹਾ ਘਿਨਾਉਣਾ ਹਾਦਸਾ ਵਾਪਰਿਆ ਕਿ ਸਾਡਾ ਅਨਿਲ 8 ਫਰਵਰੀ 2024 ਨੂੰ ਦੁਨੀਆਂ ਤੋਂ ਸਦਾ ਲਈ ਰੁਖਸਤ ਹੋ ਗਿਆ।

ਅਨਿਲ ਮੈਨਨ ਨੇ ਪਰਜਾ ਮੰਡਲ ਲਹਿਰ ਦੇ ਬਾਨੀ ਸ਼ਹੀਦ ਸੇਵਾ ਸਿੰਘ ਠੀਕਰੀਵਾਲ ਦੀ ਧਰਤੀ ਉੱਤੇ ਮਾਤਾ ਸਵਿੱਤਰੀ ਦੇਵੀ ਦੀ ਕੁੱਖੋਂ 10 ਸਤੰਬਰ 1967 ਨੂੰ ਜਨਮ ਲਿਆ। ਪੜ੍ਹਨ ਲਿਖਣ ਵਿੱਚ ਹੁਸ਼ਿਆਰ ਹੋਣ ਕਰਕੇ ਦਸਵੀਂ ਸਥਾਨਕ ਸਰਕਾਰੀ ਸਕੂਲ ਤੋਂ ਹੀ ਪਹਿਲੇ ਦਰਜੇ ਵਿੱਚ ਪਾਸ ਕੀਤੀ। ਮੈਨਨ ਪੜ੍ਹਾਈ ਦੇ ਨਾਲ-ਨਾਲ ਕਲਾ ਦਾ ਵੀ ਸ਼ੌਂਕ ਰੱਖਦਾ ਹੋਣ ਕਰਕੇ ਮਹਾਂਸ਼ਕਤੀ ਕਲਾ ਮੰਦਿਰ ਬਰਨਾਲਾ ਵਿੱਚ ਹੁੰਦੇ ਹਨ ਸਾਲ ਨਾਟਕ ਮੇਲੇ ਵਿੱਚ ਮਰਹੂਮ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲ਼ਖ ਦੇ ਨਾਟਕ 'ਜਦੋਂ ਬੋਹਲ ਰੋਂਦੇ ਹਨ' ਵਿੱਚ ਚੰਗੇ ਕਲਾਕਾਰ ਦਾ ਸਨਮਾਨ ਹਾਸਲ ਕੀਤਾ। 1990 ਵਿੱਚ ਸੂਬਾਈ ਸਿਖਲਾਈ ਤੇ ਪੇਸ਼ਕਾਰੀ ਕਾਰਜਸ਼ਾਲਾ ਚੰਡੀਗੜ੍ਹ ਵਿੱਚ ਨਾਟਕ ਅਤੇ ਭੰਗਲਾ ਕਲਾਕਾਰ ਵਜੋਂ ਭਾਗ ਲਿਆ। ਕਲਾ ਦੇ ਨਾਲ-ਨਾਲ ਨਾਨਕੇ ਪਿੰਡ ਰਾਮਪੁਰਾ ਤੋਂ ਲੋਕ ਜਮਹੂਰੀ ਲਹਿਰ ਵਿੱਚ ਸਰਗਰਮ ਆਪਣੇ ਮਾਮਾ ਡੀਡੀ ਵਾਤਿਸ਼ ਹੋਰਾਂ ਤੋਂ ਲੋਕ ਪੱਖੀ ਵਿਗਿਆਨਕ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਹੋਈ। ਪੱਤਰ ਵਿਵਹਾਰ ਰਾਹੀਂ ਐਮ. ਏ. ਪੰਜਾਬੀ ਅਤੇ ਐਮ. ਏ. ਜਨਰਲਿਜਮ ਪਾਸ ਕੀਤੀ। 1995 ਵਿੱਚ ਪੱਤਰਕਾਰਤਾ ਵੱਲ ਝੁਕਾਅ ਹੋ ਗਿਆ। ਸੰਗਰਾਮਾਂ ਦੀ ਧਰਤੀ ਮਹਿਲਕਲਾਂ ਤੋਂ ਪੰਜਾਬੀ ਟ੍ਰਿਬਿਊਨ ਦੇ ਪੱਤਰਕਾਰ ਵਜੋਂ ਕੰਮ ਸ਼ੁਰੂ ਕੀਤਾ। ਵੱਡੇ ਖੱਬੀ ਖਾਨ ਕਹਾਉਂਦੇ ਘਰਾਣਿਆਂ ਖਿਲਾਫ਼ ਬੇਖੌਫ਼ ਹੋਕੇ ਆਪਣੀ ਕਲਮ ਅਤੇ ਵਿਵੇਕ ਦੀ ਵਰਤੋਂ ਕੀਤੀ।

ਪਿੰਡ ਕਿਰਪਾਲ ਸਿੰਘ ਵਾਲਾ ਦੇ ਮਜਦੂਰ ਪਿਆਰਾ ਸਿੰਘ ਦੇ ਥਾਣੇ ਵਿੱਚ ਪੁਲਿਸ ਵੱਲੋਂ ਕੀਤੇ ਤਸ਼ੱਦਦ ਕਾਰਨ ਹੋਈ ਮੌਤ ਦੀ ਰਿਪੋਰਟਿੰਗ ਕਰਨ ਸਮੇਂ ਵੱਡੇ-ਵੱਡੇ ਖਤਰੇ ਸਹੇੜੇ। ਅਡੋਲ ਰਿਹਾ, ਪੁਲਿਸ, ਸਿਆਸਤਦਾਨਾਂ, ਗੁੰਡਾਢਾਣੀ ਅਨਿਲ ਮੈਨਨ ਦੀ ਲੋਕ ਪ੍ਰਤੀਬੱਧਤਾ ਵਿੱਚ ਰੋੜਾ ਨਹੀਂ ਬਣ ਸਕੀ। 1996-98 ਵਿੱਚ ਨਵਾਂ ਜਮਾਨਾ ਅਖਬਾਰ ਦੇ ਦਫਤਰ ਵਿੱਚ ਵੱਖ-ਵੱਖ ਅਹੁਦਿਆਂ ਉੱਪਰ ਕੰਮ ਕੀਤਾ। ਇੱਥੇ ਕੰਮ ਕਰਦਿਆਂ ਪੱਤਰਕਾਰਤਾ ਦੇ ਖੇਤਰ ਨੂੰ ਹੋਰ ਵਧੇਰੇ ਜਾਨਣ-ਸਿੱਖਣ ਦਾ ਮੌਕਾ ਮਿਲਿਆ। 1999-2004 ਤੱਕ ਦੇਸ਼ ਸੇਵਕ ਅਖਬਾਰ ਵਿੱਚ ਸਬ-ਐਡੀਟਰ ਵਜੋਂ ਅਹਿਮ ਜ਼ਿੰਮੇਵਾਰੀ ਨਿਭਾਈ। 2006-09 ਰੋਜ਼ਾਨਾ ਸਪੋਕਸਮੈਨ ਵਿੱਚ ਸਬ ਐਡੀਟਰ ਵਜੋਂ ਸੇਵਾਵਾਂ ਦਿੱਤੀਆਂ। 2009-10 ਵਿੱਚ ਰੋਜ਼ਾਨਾ ਪਹਿਰੇਦਾਰ ਵਿੱਚ ਸਬ-ਐਡੀਟਰ ਵਜੋਂ ਜ਼ਿੰਮੇਵਾਰੀ ਨਿਭਾਈ।

ਨਿੱਡਰ, ਅਣਖੀਲਾ ਅਤੇ ਲੋਕ ਹਿੱਤਾਂ ਨੂੰ ਪ੍ਰਣਾਇਆ, ਕਿਰਤੀ ਲੋਕਾਈ ਦੇ ਦਰਦਾਂ ਨੂੰ ਰੰਗਮੰਚ ਤੇ ਕਲਾਤਮਕ ਭੂਮਿਕਾ ਅਦਾ ਕਰਨ ਅਤੇ ਸੱਚੀ-ਸੁੱਚੀ ਤੇ ਨਿੱਡਰ ਪੱਤਰਕਾਰੀ ਦੀ ਕਲਮ ਵਾਹੁਣ ਵਾਲਾ ਕਲਮਕਾਰ ਯੋਧਾ ਕਿਰਤੀਆਂ ਦਾ ਯਾਰ ਸੀ ਸਾਡਾ ਸਭਨਾਂ ਦਾ ਪਿਆਰਾ ਅਨਿਲ ਮੈਨਨ। ਘਰੇਲੂ ਜ਼ਿੰਮੇਵਾਰੀਆਂ



ਤੇ ਸਮੱਸਿਆਵਾਂ 'ਚ ਜਕੜਿਆ, ਆਰਥਿਕ ਤੰਗੀਆਂ-ਤੁਰਸ਼ੀਆਂ ਦਾ ਝੰਬਿਆਂ ਮੈਨਨ ਸਮੂਹਿਕ ਕਿਰਤੀ ਸੰਘਰਸ਼ਾਂ, ਗੈਰ-ਸਮਾਜਿਕ ਅਨਸਰਾਂ ਨਾਲ ਭਿੜਨਾ, ਫ਼ਿਰਕੂ ਜਾਨੂੰਨੀ



-ਅਮੋਲਕ ਸਿੰਘ
98778-68710


ਕਾਲੀਆਂ ਤਾਕਤਾਂ ਅਤੇ ਸਰਕਾਰੀ ਜ਼ਬਰ ਮੂਹਰੇ ਹਿੱਕ ਡਾਹ ਕੇ ਭਿੜਨਾ ਉਸਦੀ ਵਿਚਾਰਧਾਰਿਕ ਪ੍ਰਤੀਬੱਧਤਾ ਅਤੇ ਸੁਭਾਅ ਦਾ ਹਿੱਸਾ ਸੀ। ਰੋਟੀ-ਰੋਜ਼ੀ ਲਈ ਕਈ ਪਾਪੜ ਵੀ ਵੇਲੇ ਪਰ ਇਮਾਨਦਾਰੀ ਅਤੇ ਵਿਗਿਆਨਕ ਵਿਚਾਰਧਾਰਾ ਦਾ ਪੱਲਾ ਨਹੀਂ ਛੱਡਿਆ। 2012-14 ਤੱਕ ਜੱਗ ਬਾਣੀ/ਪੰਜਾਬ ਕੇਸਰੀ ਵਿੱਚ ਨਿਊਜ਼ ਐਡੀਟਰ ਵਜੋਂ ਸੇਵਾ ਨਿਭਾ ਰਹੇ ਲੋਕਾਂ ਦਾ ਪਿਆਰਾ ਅਨਿਲ ਮੈਨਨ ਰਾਤ ਸਮੇਂ ਡਿਊਟੀ ਤੋਂ ਪਰਤਦੇ ਸਮੇਂ ਅਪ੍ਰੈਲ 2014 ਵਿੱਚ ਕਥਿਤ ਸੜਕ ਹਾਦਸੇ ਦਾ ਸ਼ਿਕਾਰ ਹੋਇਆ। ਸਿਰ ਵਿੱਚ ਗੰਭੀਰ ਸੱਟ ਵੱਜੀ ਹੋਣ ਕਾਰਨ ਅਧਰੰਗ ਦਾ ਸ਼ਿਕਾਰ ਹੋ ਗਿਆ। ਇਲਾਜ ਲਈ ਪੀਜੀਆਈ ਤੱਕ ਗੰਭੀਰ ਯਤਨ ਜੁਟਾਉਣ ਦੇ ਬਾਵਜੂਦ ਵੀ ਅਧਰੰਗ ਦੇ ਹਮਲੇ 'ਚੋਂ ਪੂਰੀ ਤਰ੍ਹਾਂ ਉਭਰ ਨਾ ਸਕਿਆ। ਉਹ ਆਪਣੀ ਯਾਦ ਸ਼ਕਤੀ ਵੱਲ ਮੁੜ ਪਰਤਣ ਲਈ ਗੰਭੀਰ ਯਤਨ ਕਰਦਾ ਰਿਹਾ। ਥੋੜਾ ਇਸ਼ਾਰਿਆਂ ਨਾਲ ਸਮਝਾਕੇ ਵੀ ਲਿਖਣ/ਪੜ੍ਹਨ ਦੀ ਪ੍ਰਬਲ ਇੱਛਾ ਦਾ ਇਜਹਾਰ ਕਰਦਾ। 99% ਮਰਨ ਅਵਸਥਾ ਵਿੱਚ ਹੋਣ ਦੇ ਬਾਵਜੂਦ ਵੀ 2019 ਵਿੱਚ ਮਹਿਲਕਲਾਂ ਲੋਕ ਘੋਲ ਦੇ ਇੱਕ ਆਗੂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਵਾਉਣ ਲਈ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਜੇਲ੍ਹ ਅੱਗੇ ਲੱਗੇ ਪੱਕੇ ਮੋਰਚੇ ਵਿੱਚ ਆਪਣੇ ਜਿਗਰੀ ਯਾਰਾਂ ਨੂੰ ਆਖ ਵੀਲ੍ਹ ਚੇਅਰ ਉੱਪਰ ਸਵਾਰ ਹੋਕੇ ਸ਼ਾਮਲ ਹੋਇਆ। ਲੋਕਾਂ ਦੇ ਲਟ-ਲਟ ਕਰਕੇ ਰੋਹਲੇ ਅੰਗਿਆਰਾਂ ਨੇ ਅਨਿਲ ਮੈਨਨ ਨੂੰ ਇੱਕ ਨਵੀਂ ਉਰਜਾ ਪ੍ਰਦਾਨ ਕੀਤੀ। ਵੱਡੇ-ਵੱਡੇ ਖੱਬੀ ਖਾਨਾਂ ਨੂੰ ਵੀ ਜਦ ਅਜਿਹੇ ਵੱਡੇ ਸੰਕਟ/ਹਾਦਸੇ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਆਪਣੇ ਅਕੀਦੇ ਤੋਂ ਡੋਲ ਜਾਂਦੇ ਹਨ, ਪਰ ਅਨਿਲ ਮੈਨਨ ਕਿਸੇ ਗੈਬੀ ਸ਼ਕਤੀ ਦੀ ਥਾਂ ਇਲਾਜ ਕਰਵਾਉਣ ਲਈ ਹਮੇਸ਼ਾ ਮੈਡੀਕਲ ਪ੍ਰਬੰਧ ਉੱਪਰ ਟੇਕ ਰੱਖੀ, ਆਪਣੇ ਅਕੀਦੇ ਉੱਪਰ ਦ੍ਰਿੜ ਰਿਹਾ।

10 ਸਾਲ ਪੂਰੇ ਸਿਰੜ ਨਾਲ ਅਧਰੰਗ ਵਰਗੀ ਬਿਮਾਰੀ ਨਾਲ ਯੁੱਧ ਲੜਿਆ। ਮੌਤ ਵਰਗੀ ਅਟੱਲ ਸੱਚਾਈ ਦਾ ਸਾਹਮਣਾ ਕਰਦਿਆਂ ਵੀ ਆਪਣਾ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਭੇਂਟ ਕਰਨ ਦਾ ਅਹਿਦ ਕਰਕੇ 8 ਫਰਵਰੀ ਨੂੰ ਰੁਖਸਤ ਹੋ ਗਿਆ। ਪੂਰੇ ਪ੍ਰੀਵਾਰ ਦੀ ਸਹਿਮਤੀ ਨਾਲ ਅਨਿਲ ਮੈਨਨ ਦਾ ਮ੍ਰਿਤਕ ਸਰੀਰ ਆਦੇਸ਼ ਮੈਡੀਕਲ ਕਾਲਜ ਬਠਿੰਡਾ ਨੂੰ ਮੈਡੀਕਲ ਖੋਜਾਂ ਲਈ ਪੂਰੇ ਸਨਮਾਨ ਨਾਲ ਭੇਂਟ ਕਰ ਦਿੱਤਾ ਗਿਆ। ਅਨਿਲ ਮੈਨਨ ਤਾਂ ਇਸ ਇਸ ਕਾਣੀ ਵੰਡ ਵਾਲੇ ਸਮਾਜ ਨੂੰ ਸਹੀ ਮਾਅਨਿਆਂ ਵਿੱਚ ਬਰਾਬਰਤਾ ਵਾਲਾ ਨਵਾਂ ਜਮਹੂਰੀ ਪ੍ਰਬੰਧ ਸਿਰਜਣ ਲਈ ਚੱਲ ਰਹੀ ਜਮਾਤੀ ਜੱਦਜਹਿਦ ਦਾ ਹਿੱਸਾ ਬਨਣਾ ਲੋਚਦਾ ਸੀ। ਉਸਨੇ ਆਪਣੀ ਬੌਧਿਕ ਵਿਵੇਕ ਰਾਹੀਂ ਸਮਾਜ ਦੀਆਂ ਬਾਰੀਕੀਆਂ ਨੂੰ ਸਮਝਣ ਲਈ ਬਹੁਤ ਸਾਰੇ ਲੇਖ ਲਿਖੇ। ਬਿਨ੍ਹਾਂ ਕਿਸੇ ਧਾਰਮਿਕ ਰਸਮ ਤੋਂ ਉਸ ਦੇ ਮਿੱਤਰ, ਦੋਸਤ, ਲੋਕ ਪੱਖੀ ਵਿਚਾਰਾਂ ਦੇ ਸੰਗੀ ਸਾਥੀ 11 ਫਰਬਰੀ ਐਤਵਾਰ ਨੂੰ ਹਾਰਮੋਨੀ ਲਾਇਨਜ਼ ਕਲੱਬ ਸੇਖਾ ਰੋਡ ਬਰਨਾਲਾ ਵਿਖੇ ਆਪਣੇ ਪਿਆਰੇ ਪੱਤਰਕਾਰ ਨੂੰ ਸ਼ਰਧਾਂਜਲੀਆਂ ਭੇਂਟ ਕਰਨਗੇ। ਚੰਡੀਗੜ੍ਹ ਦੀਆਂ ਚੌੜੀਆਂ ਸੜਕਾਂ ਤੇ ਅੱਧੀ ਰਾਤ ਸੜਕ ਦੁਰਘਟਨਾਂ ਤਾਂ ਮਹਿਜ਼ ਡਰਾਮਾ ਸੀ ਜਾਂ ਸਾਜਿਸ਼ੀ ਢੰਗ ਨਾਲ ਇੱਕ ਕਤਲ ਸੀ? ਹਾਕਮਾਂ ਨੂੰ ਚੰਡੀਗੜ੍ਹ ਦੀਆਂ ਸੜਕਾਂ ਤੇ ਕਤਲਨੁਮਾ ਹਾਦਸੇ ਦੀ ਹਾਲੇ ਤੱਕ ਪੈੜ ਨਹੀਂ ਲੱਭੀ, ਇਹ ਗੰਭੀਰ ਸਵਾਲ ਸਭ ਲੋਕ-ਹਿਤੈਸ਼ੀਆਂ ਸਾਹਮਣੇ ਦਰਪੇਸ਼ ਹੈ।

ਪਿਆਰੇ ਅਨਿਲ ਮੈਨਨ ਨੂੰ ਸੂਹੀ ਸਲਾਮ!!


DM TRANSPORT
ace ACI US & Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator



Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਕਾਮਾਗਾਟਾਮਾਰੂ ਜਹਾਜ਼ : ਇਤਿਹਾਸ ਦੀਆਂ ਯਾਦਾਂ ਅਤੇ ਅਜੋਕੀ ਸਥਿਤੀ



*ਜਦੋਂ ਅਸੀਂ ਬਸਤੀਵਾਦ ਦੀ ਅਧੀਨਤਾ ਅਤੇ ਨਸਲਵਾਦ ਦਾ ਸ਼ਿਕਾਰ ਹੋਏ ਆਪਣੇ ਪੁਰਖਿਆਂ ਦੇ ਇਤਿਹਾਸ 'ਤੇ ਝਾਤ ਮਾਰਦੇ ਹਾਂ, ਤਾਂ ਅਸੀਂ ਆਪਣੇ ਆਪ ਨੂੰ ਪ੍ਰਤੀਕਾਂ ਦੇ ਦਿਖਾਵਿਆਂ ਤੋਂ ਰਹਿਤ ਤਬਦੀਲੀ ਦੀ ਮੰਗ ਵਿੱਚ ਅਡੋਲ ਰਹਿਣ ਦੀ ਯਾਦ ਦਿਵਾਉਂਦੇ ਹਾਂ। ਇਸ ਦੀ ਬਜਾਏ ਨਸਲਵਾਦੀ ਅਤੇ ਬਸਤੀਵਾਦੀ ਹਿੰਸਾ ਨੂੰ ਰੋਕਣ ਲਈ ਪਦਾਰਥਕ ਪੱਧਰ ਉੱਤੇ ਸਮੱਸਿਆ ਦੇ ਨਿਵਾਰਣ ਅਤੇ ਵਚਨਬੱਧਤਾ ਦੀ ਮੰਗ ਕਰਦੇ ਹਾਂ। ਜਦੋਂ ਤੱਕ ਅਸੀਂ ਸਾਰੇ ਆਜ਼ਾਦ ਨਹੀਂ ਹਾਂ, ਸਾਡੇ ਵਿੱਚੋਂ ਕੋਈ ਵੀ ਆਜ਼ਾਦ ਨਹੀਂ ਹੈ। - ਸੰਪਾਦਕ*

9 ਫਰਵਰੀ, 2024 ਨੂੰ ਸੁੱਖੀ ਗਿੱਲ (Sukhi Gill) ਨੇ ਵੈਨਕੂਵਰ ਵਿੱਚ, ਇਥੋਂ ਦੇ ਮੇਅਰ ਕੇਨ ਸਿਮ (Ken Sim) ਨੂੰ 'ਕਾਮਾਗਾਟਾ ਮਾਰੂ ਯਾਦਗਾਰੀ ਚਿੰਨ੍ਹ' ਦੀ ਘੁੰਡ- ਚੁਕਾਈ ਮੌਕੇ ਘੇਰਿਆ। ਗਿੱਲ, ਜੋ ਕਿ ਉਸ ਸਮੇਂ ਕਾਮਾ ਗਾਟਾ ਮਾਰੂ ਜਹਾਜ਼ ਵਿੱਚ ਸਵਾਰ ਇੱਕ ਮੁਸਾਫਰ ਦੇ ਵੰਸ਼ਜ ਹਨ, ਵਲੋਂ ਸਿਮ ਨੂੰ ਇਜ਼ਰਾਈਲ ਵੱਲੋਂ ਫਲਸਤੀਨੀਆਂ ਦੀ ਹੋ ਰਹੀ ਨਸਲਕੁਸ਼ੀ ਵਿਰੁੱਧ ਬੋਲਣ ਲਈ ਕਿਹਾ।

1914 ਵਿੱਚ, ਕਾਮਾਗਾਟਾਮਾਰੂ ਜਹਾਜ, ਜਿਸ ਵਿਚ ਬਹੁਤੇ ਪੰਜਾਬੀ ਸਿੱਖ ਯਾਤਰੀਆਂ, ਜਿੰਨਾਂ ਵਿੱਚ 39 ਪੰਜਾਬੀ ਮੁਸਲਮਾਨ ਅਤੇ ਹਿੰਦੂ ਯਾਤਰੀ ਵੀ ਸਨ, ਨੂੰ ਵੈਨਕੂਵਰ ਤੋਂ ਮੋੜ ਦਿੱਤਾ ਗਿਆ ਸੀ। 376 ਯਾਤਰੀਆਂ ਨੂੰ ਮਹੀਨਿਆਂ ਬੱਧੀ ਅੱਗੇ ਜਾਣ ਤੋਂ ਰੋਕੀ ਰੱਖਿਆ ਸੀ।

ਸਿਮ ਨੇ ਸਿਟੀ ਹਾਲ ਨੂੰ ਇਜ਼ਰਾਈਲ ਦੇ ਰੰਗਾਂ ਵਿੱਚ ਪ੍ਰਕਾਸ਼ ਕਰਨ ਦਾ ਸਮਰਥਨ ਕੀਤਾ ਹੈ, ਹਾਲਾਂਕਿ ਉਹ ਹੁਣ ਤੱਕ ਇਜ਼ਰਾਈਲੀ ਕਬਜੇ ਵਾਲੇ ਫਲਸਤੀਨ ਵਿੱਚ ਕੀਤੀਆਂ ਗਈਆਂ ਨਸਲਕੁਸ਼ੀ ਦੀਆਂ ਕਾਰਵਾਈਆਂ 'ਤੇ ਚੁੱਪ ਹੈ। ਮੇਅਰ ਨੇ ਅਕਤੂਬਰ 2023 ਤੱਕ ਲਗਭਗ 30,000 ਫਲਸਤੀਨੀ ਲੋਕਾਂ ਦੇ ਮਾਰੇ ਜਾਣ ਤੇ ਕੋਈ ਵੀ ਚਿੰਤਾ ਜਾਂ ਹਮਦਰਦੀ ਪ੍ਰਗਟ ਨਹੀਂ ਕੀਤੀ ਹੈ।

ਇਹ ਖ਼ਬਰ ਲਿਖਦੇ ਸਮੇਂ, ਸਾਡੇ ਦਿਲ ਰਾਫਾਹ ਲਈ ਟੁੱਟਦੇ ਹਨ। ਇਜ਼ਰਾਈਲ ਨੇ 10 ਲੱਖ ਤੋਂ ਵੱਧ ਗਾਜ਼ਾ ਵਾਸੀਆਂ ਨੂੰ ਘੇਰ ਕੇ ਬੰਬਾਰੀ ਸ਼ੁਰੂ ਕਰ ਦਿੱਤੀ ਹੈ।

ਜਦੋਂ ਗਿੱਲ ਨੇ ਸਿਮ ਨੂੰ ਫਿਲਸਤੀਨੀ ਜੀਵਨ ਦੀ ਸਚਾਈ ਨੂੰ ਸਵੀਕਾਰ ਕਰਨ ਲਈ ਕਿਹਾ, ਤਾਂ ਸਿਮ' ਉਥੋਂ ਖਿਸਕ ਗਿਆ। ਉਹ 'ਫਲਸਤੀਨੀ' ਸ਼ਬਦ ਵੀ ਮੂੰਹੋਂ ਕੱਢਣ ਲਈ ਤਿਆਰ ਨਹੀਂ ਸੀ। ਜਦੋਂ ਗਿੱਲ ਮੇਅਰ ਨੂੰ ਅਖ਼ੀਰ ਵਿੱਚ ਪੁੱਛਦਾ ਹੈ, 'ਪਰ ਕੀ ਤੁਸੀਂ ਵਿਸ਼ੇਸ਼ ਤੌਰ 'ਤੇ 'ਫਿਲਸਤੀਨੀਆਂ' ਬਾਰੇ ਕੁਝ ਕਹਿ ਸਕਦੇ ਹੋ?' ਤਾਂ ਸਿਮ ਬੜਾ ਅਸੰਗਤ ਜਿਹਾ ਜਵਾਬ ਦਿੰਦਾ ਹੈ 'ਹਰੇਕ ਦੀ ਤਰ੍ਹਾਂ' ਅਤੇ ਉਹ ਤੇਜ਼ੀ ਨਾਲ ਚੱਕਰ ਕੱਟ ਕੇ ਉਥੋਂ ਭੱਜਣਾ ਸ਼ੁਰੂ ਕਰ ਦਿੰਦਾ ਹੈ।

ਗਿੱਲ ਦੇ ਮਰਹੂਮ ਪੜਦਾਦਾ ਜੀ ਸ.ਜੀਵਨ ਸਿੰਘ ਗਿੱਲ ਕਾਮਾਗਾਟਾਮਾਰੂ ਦੇ ਯਾਤਰੀ ਸਨ। ਬੀਤੇ ਦਿਨੀਂ ਇੱਕ ਭਾਸ਼ਣ ਦੌਰਾਨ, ਗਿੱਲ ਨੇ ਉਹ ਤੱਥ ਸਾਂਝਾ ਕੀਤਾ ਕਿ ਉਸਦੇ ਪੜਦਾਦਾ ਜੀ ਨੇ ਵੈਨਕੂਵਰ ਜਾਣ ਤੋਂ ਪਹਿਲਾਂ, ਪੰਜਾਬ ਵਿੱਚ ਆਪਣੀ ਜ਼ਮੀਨ ਵੇਚ ਕੇ $200, ਉਸ ਰਕਮ ਦੀ ਅਦਾਇਗੀ ਲਈ ਇੱਕਠਾ ਕੀਤਾ ਸੀ, ਜੋ ਕੈਨੇਡਾ ਵਿੱਚ ਦਾਖ਼ਲ ਹੋਣ ਲਈ 'ਏਸ਼ੀਆਟਿਕ' ਮੰਨੇ ਜਾਣ ਵਾਲੇ ਪ੍ਰਵਾਸੀਆਂ ਨੂੰ 'ਟੈਕਸ' ਦੇ ਰੂਪ ਵਿੱਚ ਦੇਣੀ ਪੈਂਦੀ ਸੀ। ਜੀਵਨ ਸਿੰਘ ਕਾਮਾਗਾਟਾਮਾਰੂ ਤੋਂ ਵਾਪਸੀ ਦੇ ਸਫ਼ਰ ਦੇ ਇੱਕ ਪੜਾਅ ਦੌਰਾਨ ਬਚ ਨਿਕਲੇ ਸਨ। ਗਿੱਲ ਦੇ ਅਨੁਸਾਰ, ਜਦੋਂ ਕਾਮਾ ਗਾਟਾ ਮਾਰੂ ਜਹਾਜ਼ ਕਲਕੱਤਾ ਵਾਪਸ ਆਇਆ ਤਾਂ ਉਸ ਦੇ ਪੜਦਾਦਾ ਮਾਰੇ ਗਏ ਜਾਂ ਕੈਦ ਹੋਏ ਯਾਤਰੀਆਂ ਵਿੱਚੋਂ ਇੱਕ ਨਹੀਂ ਸੀ।

ਬੇਦਖਲੀ ਦੇ ਇਸ ਘਟਨਾਕ੍ਰਮ ਨੇ ਪੰਜਾਬੀਆਂ ਵਿਚ ਨਿਰਾਸ਼ਾ ਪੈਦਾ ਕੀਤੀ ਅਤੇ ਪ੍ਰਵਾਸੀ ਚੇਤਨਾ ਨੂੰ ਜਗਾਇਆ। ਪੰਜਾਬੀਆਂ ਨੇ ਮਹਿਸੂਸ ਕੀਤਾ ਕਿ ਉਹ ਆਪਣੇ ਹਮਰੁਤਬਾ ਗੋਰੇ ਸਾਥੀਆਂ ਦੇ ਮੁਕਾਬਲੇ ਬਸਤੀਵਾਦੀ ਬ੍ਰਿਟਿਸ਼ ਸਾਮਰਾਜ ਦੇ ਅਧੀਨ ਨਸਲਵਾਦ ਦੇ ਦੋਹਰੇ ਮਾਪਦੰਡਾਂ ਦਾ ਸ਼ਿਕਾਰ ਹਨ। ਇਸਨੇ ਪੰਜਾਬ ਵਿਚ ਬਸਤੀਵਾਦ ਵਿਰੋਧੀ, ਗ਼ਦਰ ਲਹਿਰ ਦੀ ਰਫ਼ਤਾਰ ਨੂੰ ਵੀ ਤੇਜ਼ ਕੀਤਾ ਜਿਸ ਨੇ ਅੱਗੋਂ ਟਰਟਲ ਆਈਲੈਂਡ ਦੇ ਪੱਛਮੀ ਤੱਟ 'ਤੇ ਵੈਨਕੂਵਰ ਅਤੇ ਸਾਨ ਫਰਾਂਸਿਸਕੋ ਦੇ ਖਾੜੀ ਖੇਤਰ ਵਿੱਚ ਅਤੇ ਭਾਰਤ ਵਿਚਲੇ ਬਸਤੀਵਾਦ ਨੂੰ ਖਤਮ ਕਰਨ ਵਿੱਚ ਯੋਗਦਾਨ ਪਾਇਆ।

ਕਾਮਾਗਾਟਾ ਮਾਰੂ ਦੀ ਯਾਦ ਵਿਚ ਬਣੇ ਸਥਾਨ 'ਤੇ, ਬਰਾਰਡ ਇਨਲੇਟ (Burrard Inlet) ਦੇ ਨੇੜੇ ਨਵਾਂ ਚਿੰਨ੍ਹ ਸਥਾਪਿਤ ਕਰਨਾ, ਅਲਹਿਦਗੀ ਦਾ ਸ਼ਿਕਾਰ ਹੋਏ ਪੰਜਾਬੀ ਪ੍ਰਵਾਸੀਆਂ ਦੇ ਨੁਕਸਾਨ ਦੀ ਇੱਕ ਮਹੱਤਵਪੂਰਨ ਅਤੇ ਜਾਇਜ਼ ਮਾਨਤਾ ਹੈ-ਪਰ ਇਹ ਕਾਰਜ ਵੱਖ-ਵੱਖ ਰੂਪਾਂ ਵਿੱਚ ਜਾਰੀ ਬਸਤੀਵਾਦੀ ਹਿੰਸਾ ਵਿੱਚ ਸ਼ਮੂਲੀਅਤ ਅਤੇ ਸਮਰਥਨ ਦਾ ਬਹਾਨਾ ਹਰਗਿਜ਼ ਨਹੀਂ ਹੋ ਸਕਦਾ।

ਸੁੱਖੀ ਗਿੱਲ ਸਾਡੇ ਦੇਸ਼ ਦੇ ਬਸਤੀਵਾਦ ਵਿਰੋਧੀ ਸੰਘਰਸ਼ ਨੂੰ ਫਿਲਸਤੀਨ ਨਾਲ ਜੋੜਨ ਵਾਲਾ ਇਕੱਲਾ ਸਥਾਨਕ ਪੰਜਾਬੀ ਨਹੀਂ ਹੈ।

ਬਹੁਤ ਸਾਰੇ ਪੰਜਾਬੀਆਂ ਨੇ ਇਸ ਰੈਲੀ ਵਿੱਚ ਸ਼ਿਰਕਤ ਕੀਤੀ, ਜਿਸਦੀ ਅਗਵਾਈ ਐਨ ਡੀ ਪੀ ਸੇਲੀਨਾ ਰੌਬਿਨਸਨ ਨੇ ਕੀਤੀ ਅਤੇ ਰੈਲੀ ਖੁੱਲ੍ਹੇਆਮ ਟੈਰਾ ਨੁਲੀਅਸ ਰਾਜਨੀਤੀ ਨੂੰ ਉਤਸ਼ਾਹਿਤ ਕਰਨ ਵਾਲੀ ਸੀ।

ਅਨਮੋਲ ਸਵੈਚ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਬਸਤੀਵਾਦੀ ਹਿੰਸਾ ਨੂੰ ਪੰਜਾਬ ਵਿੱਚ ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਨਾਲ ਜੋੜਿਆ, ਜਿੱਥੇ ਬ੍ਰਿਟਿਸ਼ ਬਸਤੀਵਾਦੀ ਫੌਜ ਨੇ ਇੱਕ ਨਿਹੱਥੀ ਭੀੜ 'ਤੇ ਗੋਲੀਆਂ ਚਲਾਈਆਂ। ਸੈਂਕੜੇ ਲੋਕ ਮਾਰੇ ਗਏ। ਉਸਨੇ ਰੌਬਿਨਸਨ ਨੂੰ 'ਨਸਲਕੁਸ਼ੀ ਲਈ ਇੱਕ ਚੀਅਰਲੀਡਰ' ਕਿਹਾ। ਟਾਈਸਨ ਸਿੰਘ (Tyson Singh) ਨੇ ਸਾਬਕਾ ਮੋਨਲੈਂਡਰ ਟੁਕੜੇ ਵਿੱਚ ਸੰਬੋਧਨ ਕਰਦਿਆਂ, ਅੰਤਰਰਾਸ਼ਟਰੀ ਬਸਤੀਵਾਦ ਦੇ ਮੌਜੂਦਾ ਰੂਪ ਨੂੰ [ਅਲ ਨਕਬਾ Al Nakba (1948) ਤੋਂ ਪਹਿਲਾਂ] ਓਵਰਲੈਪਿੰਗ ਬਸਤੀਵਾਦੀ ਸ਼ਕਤੀਆਂ ਨਾਲ ਜੋੜਿਆ, ਜਿਨ੍ਹਾਂ ਨੇ ਕਦੇ ਪੰਜਾਬ ਅਤੇ ਫਲਸਤੀਨ ਦੀ ਵੰਡ ਕਰਨ ਵਿਚ ਭੂਮਿਕਾ ਅਦਾ ਕੀਤੀ ਸੀ। ਉਦਾਹਰਣ ਦੇ ਤੌਰ 'ਤੇ 'ਹਿੰਸਕ' ਸਰਹੱਦਾਂ, 1947 ਵਿੱਚ ਲਾਗੂ ਕੀਤੀਆਂ ਗਈਆਂ ਸਨ। ਫਿਲਸਤੀਨੀ ਏਕਤਾ ਨੂੰ ਦਰਸਾਉਣ ਲਈ ਸਮਾਗਮਾਂ ਵਿੱਚ ਨਿਯਮਿਤ ਤੌਰ 'ਤੇ ਗੁਰਮੁਖੀ ਲਿੱਪੀ ਵਰਤੀ ਜਾਂਦੀ ਹੈ। ਵੈਨਕੂਵਰ ਦੀ ਬੰਦਰਗਾਹ ਨੂੰ ਬੰਦ ਕਰਨ ਵਾਲੀ ਹਾਲੀਆ ਟਰੱਕਰ ਦੀ ਰੈਲੀ ਵੀ ਇਹਨਾਂ ਸਮਾਗਮਾਂ ਵਿੱਚ ਸ਼ਾਮਿਲ ਹੈ।

ਪੰਜਾਬੀ ਪ੍ਰਵਾਸੀ, ਵੈਨਕੂਵਰ ਤੋਂ ਬਾਹਰਲੇ ਖੇਤਰਾਂ ਵਿੱਚ ਵਸਦੇ ਫਲਸਤੀਨੀਆਂ ਨਾਲ ਖੜ੍ਹੇ ਹੋਏ ਹਨ। ਇਸ ਦੇ ਸਮਰਥਨ ਵਿੱਚ ਬਰੈਂਪਟਨ ਨੌਜਵਾਨ ਸਪੋਰਟ ਨੈੱਟਵਰਕ ਵੀ ਸ਼ਾਮਲ ਹੈ।

2023 ਵਿੱਚ ਬੰਦੀ ਛੋੜ ਦਿਵਸ ਦੇ ਮੌਕੇ ਉੱਤੇ, ਏ ਕੇ (AK Sid) ਸਿਦ ਨੇ ਲਿਖਿਆ:

ਇਨਕਲਾਬ ਅਤੇ ਇੰਤਿਫਾਦਾ ਦੇ ਵੰਨ-ਸੁਵੰਨੇ ਸੱਭਿਆਚਾਰਾਂ ਦੇ ਦਿਲ ਵਿੱਚ ਧੜਕਦੀਆਂ ਮਿੱਠੀਆਂ ਰੂਹਾਨੀ ਧੁਨਾਂ ਵਾਂਗ ਹਨ ਜੋ ਇੱਕੋ ਸਮੇਂ ਵਿਰੋਧ ਅਤੇ ਲਚਕੀਲੇਪਨ ਦੇ ਗੀਤ ਅਲਾਪਦੀਆਂ ਹਨ।

ਇਨਕਲਾਬ ਦਾ ਭਾਵ ਹੈ- ਕ੍ਰਾਂਤੀ। ਇਸ ਕ੍ਰਾਂਤੀ ਦੀ ਨਬਜ਼, ਪੰਜਾਬੀ ਇਤਿਹਾਸ ਵਿਚਲੀ ਆਜ਼ਾਦੀ ਦੀ ਤਾਂਘ ਦੇ ਨਾਲ-ਨਾਲ ਚਲਦੀ ਹੈ। ਇਹ ਇਤਿਹਾਸ, ਜਿਸ ਦੇ ਨਿਰਮਾਤਾ ਬਹੁਤ ਸਾਰੇ ਦੱਬੇ-ਕੁਚਲੇ ਲੋਕ ਹਨ, ਦੀ ਇਕਸੁਰਤਾ ਦਾ ਤਰਾਨਾ ਹੈ। ਇਹਨਾਂ ਲੋਕਾਂ ਨੇ ਬਸਤੀਵਾਦੀ ਜ਼ੰਜੀਰਾਂ ਨੂੰ ਚੁਣੌਤੀ ਦੇਣ ਦਾ ਹੌਸਲਾ ਕੀਤਾ ਹੈ। ਸੰਸਾਰ ਦੇ ਦੂਜੇ ਪਾਸੇ, ਇੰਤਿਫਾਦਾ- ਜਿਸਦਾ ਭਾਵ ਹੈ-ਬਗਾਵਤ, ਫਿਲਸਤੀਨੀਆਂ ਦੀ ਤੀਬਰ ਵਿਦਰੋਹ ਦੀ ਭਾਵਨਾ ਨੂੰ ਦਰਸਾਉਂਦਾ ਹੈ। ਇਹ ਸਵੈ-ਪ੍ਰਤਿਗਿਆ ਦਾ ਬੇਰੋਕ ਜਜ਼ਬਾ ਹੈ, ਜੋ ਵਿਸ਼ਵ -ਪ੍ਰਤੀਰੋਧ ਦੇ ਪ੍ਰਸੰਗ ਵਿੱਚ ਗਾਈ ਜਾਣ ਵਾਲੀ ਸਦੀਵੀ ਗਾਥਾ ਵਾਂਗ ਹੈ।

ਪੰਜਾਬੀ ਲੋਕ ਲੰਮੇਂ ਸਮੇਂ ਤੋਂ ਅਵਾਜ਼ ਉਠਾ ਰਹੇ ਹਨ ਕਿ ਜੇਕਰ ਮੁਆਫ਼ੀ ਮੰਗਣ ਵਾਲੀਆਂ ਸੰਸਥਾਵਾਂ ਵੱਲੋਂ ਹਿੰਸਾ ਅਤੇ ਬੇਇਨਸਾਫ਼ੀ ਦੀ ਪ੍ਰੰਪਰਾ ਜਾਰੀ ਰੱਖੀ ਜਾਂਦੀ ਹੈ ਤਾਂ ਕਾਮਾਗਾਟਾਮਾਰੂ ਕਾਂਡ ਲਈ ਮੁਆਫ਼ੀ ਮੰਗਣੀ ਮਗਰਮੱਛ ਦੇ ਹੰਝੂ ਵਹਾਉਣ ਵਾਲੀ ਗੱਲ ਹੈ।

ਹਰਸ਼ਾ ਵਾਲੀਆ ਨੇ 2008 ਵਿਚ ਸਰੀ ਵਿੱਚ ਗਦਰੀ ਬਾਬਿਆਂ ਦੇ ਮੇਲੇ ਵਿੱਚ ਸਟੀਫਨ ਹਾਰਪਰ ਵੱਲੋਂ ਕਥਿਤ ਤੌਰ 'ਤੇ ਮੰਗੀ ਮੁਆਫ਼ੀ ਦੇ ਜਵਾਬ ਵਿੱਚ ਲਿਖਿਆ ਸੀ ਕਿ "ਪ੍ਰਤੀਕਵਾਦ ਦੀ ਰਾਜਨੀਤੀ... ਕੈਨੇਡੀਅਨ ਬਹੁ-ਸੱਭਿਆਚਾਰਵਾਦ ਅਤੇ ਪਰਉਪਕਾਰ ਦਾ ਦਿਖਾਵਾ ਕਰਦੀ ਹੈ ਜਦਕਿ ਅਸਲ ਵਿੱਚ ਇਹ ਇਸਨੂੰ ਢਾਹ ਲਾਉਣ ਦਾ ਇੱਕ ਲੁਕਵਾਂ ਤਰੀਕਾ ਹੈ।"

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ 2016 ਵਿੱਚ ਕਾਮਾ ਗਾਟਾ ਮਾਰੂ ਘਟਨਾ ਵਿਚ ਕੈਨੇਡਾ ਦੀ ਭੂਮਿਕਾ ਲਈ ਮੁਆਫੀ ਮੰਗਣ ਤੋਂ ਬਾਅਦ, ਸੁੱਖੀ ਘੁੰਮਣ ਨੇ ਪੁੱਛਿਆ, "ਇਸ ਮੁਆਫ਼ੀ ਦਾ ਕੀ ਮਤਲਬ ਰਹਿ ਜਾਂਦਾ ਹੈ, ਜੇਕਰ ਅੱਜ ਵੀ ਸੰਘੀ ਅਤੇ ਸੂਬਾਈ ਸਰਕਾਰਾਂ ਦੇ ਹੁੰਦਿਆਂ ਕਮਜ਼ੋਰ ਭਾਈਚਾਰਿਆਂ ਨੂੰ ਕੈਨੇਡਾ ਵਿੱਚ ਬੇਦਖਲੀ, ਵਿਤਕਰੇ ਅਤੇ ਨਸਲਵਾਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ?"

ਘੁਮਾਣ, ਜਿਸ ਦੇ ਪੜਦਾਦਾ ਹਰਨਾਮ ਸਿੰਘ ਵੀ ਇਸ ਜਹਾਜ਼ ਵਿੱਚ ਯਾਤਰੀ ਸਨ, ਨੇ ਲਿਖਿਆ, "ਇਹ ਮੁਆਫ਼ੀ ਉਦੋਂ ਤੱਕ ਅਰਥਹੀਣ ਹੈ ਜਦੋਂ ਤੱਕ ਕੈਨੇਡਾ ਦੇ ਕਮਜ਼ੋਰ ਅਤੇ ਹਾਸ਼ੀਆਗਤ ਲੋਕਾਂ ਪ੍ਰਤੀ ਹਮਦਰਦੀ ਭਰੀ ਸੁਹਿਰਦ ਪਹੁੰਚ ਨਹੀਂ ਅਪਣਾਈ ਜਾਂਦੀ।"

ਵਿਸਥਾਪਨ ਅਤੇ ਹਿੰਸਾ ਵਜੋਂ ਵੱਖ ਹੋਣਾ

ਕਾਮਾਗਾਟਾ ਮਾਰੂ ਘਟਨਾ ਦੀ ਤੋਂ ਆਪਣੇ ਆਪ ਨੂੰ ਵੱਖ ਕਰ ਲੈਣਾ ਉਸ ਨਸਲਵਾਦੀ ਨੀਤੀ ਦਾ ਅੰਤ ਨਾ ਤਾਂ ਹੈ ਅਤੇ ਨਾ ਹੀ ਸੀ, ਜਿਸ ਅਧੀਨ ਬਹੁਤ ਸਾਰੇ ਹੋਰ ਲੋਕਾਂ ਦੀ ਤਰ੍ਹਾਂ, ਪੰਜਾਬੀਆਂ ਨੂੰ ਫੈਡਰਲ ਇਮੀਗ੍ਰੇਸ਼ਨ ਐਕਟ, 1952 ਦੁਆਰਾ ਅਤੇ ਬਾਅਦ ਵਿੱਚ ਵੱਖ-ਵੱਖ ਇਮੀਗ੍ਰੇਸ਼ਨ ਨੀਤੀਆਂ ਦੁਆਰਾ ਬੇਦਖ਼ਲੀ ਦਾ ਸਾਹਮਣਾ ਕਰਨਾ ਪਿਆ। ਇਹ ਐਕਟ ਆਪਣੇ ਨਸਲਵਾਦੀ ਭਾਵਾਂ ਲਈ ਸਪਸ਼ਟ ਸੀ, ਜਿਸ ਵਿੱਚ ਨਾਗਰਿਕਤਾ ਮੰਤਰੀ ਦੁਆਰਾ ਗੈਰ-ਅਮਰੀਕੀ ਅਤੇ ਯੂਰਪੀਅਨ ਪ੍ਰਵਾਸੀਆਂ ਨੂੰ ਸਿਰਫ਼ ਨਸਲ/ਜਾਤੀ ਦੇ ਅਧਾਰ 'ਤੇ ਰੱਦ ਕਰਨ ਦੀ ਸ਼ਕਤੀ ਦੇਣਾ ਸ਼ਾਮਲ ਹੈ।

1950 ਅਤੇ 60 ਦੇ ਦਹਾਕੇ ਵਿੱਚ, ਕੈਨੇਡਾ ਵਿੱਚ ਪਰਵਾਸ ਕਰਨ ਵਾਲੇ ਪੰਜਾਬੀ ਪਰਿਵਾਰਾਂ ਨੇ ਪਰਿਵਾਰਕ ਅਲਹਿਦਗੀ ਦਾ ਅਨੁਭਵ ਕੀਤਾ, ਕਿਉਂਕਿ ਪਰਿਵਾਰਾਂ ਦਾ ਪਾਲਣ ਕਰਨ ਅਤੇ ਮੁੜ ਇਕੱਠੇ ਰਹਿਣ ਦੀ ਇਜਾਜ਼ਤ ਪ੍ਰਾਪਤ ਕਰਨ ਤੋਂ ਪਹਿਲਾਂ ਪੰਜਾਬੀਆਂ ਨੂੰ ਆਰਥਿਕ ਤੌਰ 'ਤੇ ਕੈਨੇਡਾ ਵਿੱਚ ਆਪਣੀ ਉਪਯੋਗਤਾ ਸਾਬਤ ਕਰਨੀ ਪੈਂਦੀ ਸੀ।

ਅੱਜ, ਜਦੋਂ ਫ਼ਲਸਤੀਨੀ ਸਰਗਰਮ ਨਸਲੀ ਸਫ਼ਾਈ ਤੋਂ ਭੱਜਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਕੈਨੇਡਾ ਨੇ ਉਹਨਾਂ ਲਈ ਆਪਣੀ ਸ਼ਰਨਾਰਥੀ ਨੀਤੀ ਵਿੱਚ ਬੇਦਖਲੀ ਦੀ ਨੀਤੀ ਨੂੰ ਸ਼ਾਮਲ ਕੀਤਾ ਹੈ। ਕੈਨੇਡਾ ਨੇ ਇਸ ਸੰਖਿਆ ਨੂੰ 1,000 ਲੋਕਾਂ ਤੱਕ ਸੀਮਤ ਕਰ ਦਿੱਤਾ ਹੈ ਅਤੇ ਪ੍ਰਕਿਰਿਆ ਨੂੰ ਤੀਬਰ ਅਤੇ ਗੁੰਝਲਦਾਰ ਬਣਾ ਦਿੱਤਾ ਹੈ। ਕੈਨੇਡਾ ਨੇ ਇਹ ਸਪਸ਼ਟ ਨਹੀਂ ਕੀਤਾ ਹੈ ਕਿ ਨਸਲਕੁਸ਼ੀ ਤੋਂ ਬਚਣ ਲਈ ਕਿੰਨੇ ਲੋਕਾਂ ਨੂੰ ਸ਼ਰਣ ਦਿੱਤੀ ਗਈ ਹੈ? ਇਸ ਦੌਰਾਨ, ਸੰਘੀ ਸਰਕਾਰ ਨੇ ਪਿਛਲੇ ਸਾਲ ਵਿੱਚ ਗਾਜ਼ਾ-ਅਧਾਰਤ ਸੰਯੁਕਤ ਰਾਸ਼ਟਰ ਰਾਹਤ ਕਾਰਜ ਏਜੰਸੀ ਦੇ ਫੰਡਾਂ ਵਿੱਚ ਕਈ ਵਾਰ ਕਟੌਤੀ ਕੀਤੀ ਹੈ। ਸਭ ਤੋਂ ਤਾਜ਼ਾ ਕਟੌਤੀਆਂ, ਫੈਡਰਲ ਮੰਤਰੀ ਅਹਿਮਦ ਹੁਸੈਨ ਲਈ ਹੋਈਆਂ ਹਨ। ਹੁਸੈਨ ਨੂੰ ਇਜ਼ਰਾਈਲੀ ਪ੍ਰਚਾਰ ਨੂੰ ਜਾਰੀ ਰੱਖਣ ਕਾਰਨ, ਆਪਣੇ ਪਰਿਵਾਰ ਤੋਂ ਜਨਤਕ ਤੌਰ 'ਤੇ ਦੂਰ ਕਰ ਦਿੱਤਾ ਗਿਆ। ਹੁਸੈਨ ਦੇ ਹਿੰਸਕ ਫੈਸਲੇ ਦੇ ਜਵਾਬ ਵਿੱਚ ਉਸਦੇ ਚਚੇਰੇ ਭਰਾਵਾਂ ਨੇ ਉਸਨੂੰ ਪੁੱਛਿਆ, 'ਕੀ ਤੁਸੀਂ ਉਸ ਨਿਰਮਾਤਾ ਤੋਂ ਡਰਦੇ ਹੋ, ਜਿਸ ਕੋਲ ਤੁਸੀਂ ਵਾਪਸ ਆਉਣਾ ਹੈ?', and Tsleil-Waututh lands

ਕੇਨ ਸਿਮ ਦੇ ਅਧੀਨ, ਵੈਨਕੂਵਰ, ਜੋ ਕਿ ਕਬਜ਼ੇ ਵਾਲੇ ਮਸ਼ਕੈਮ (Musqueam), ਸਕੈਮਿਸ਼ (Squamish) ਅਤੇ ਤਸਲੈਲ ਵਾਟੁਥ (Tsleil-Waututh lands) ਦੀ ਧਰਤੀ 'ਤੇ ਮੌਜੂਦ ਹੈ, ਵਿੱਚ ਵੀ ਹਿੰਸਕ, ਮਿਉਂਸਪਲ ਵਿਸਥਾਪਨ ਵਿੱਚ ਵਾਧਾ ਦੇਖਿਆ ਹੈ। ਪੁਲਿਸ ਅਤੇ ਪਾਰਕ ਰੇਂਜਰਾਂ ਨੇ ਨਿਯਮਿਤ ਤੌਰ 'ਤੇ ਬਾਹਰ ਰਹਿੰਦੇ ਆਦਿਵਾਸੀ ਵਸਨੀਕਾਂ ਨੂੰ ਉਜਾੜ ਦਿੱਤਾ ਹੈ ਅਤੇ ਲੋਕਾਂ ਦਾ ਸਮਾਨ ਸਿੱਧਾ ਕੂੜੇ ਦੇ ਟਰੱਕਾਂ ਵਿੱਚ ਸੁੱਟਣਾ ਸ਼ੁਰੂ ਕਰ ਦਿੱਤਾ ਹੈ। ਇੱਕ ਸੱਜੇ ਪੱਖੀ ਅਰਬਪਤੀ ਅਤੇ ਵੈਨਕੂਵਰ ਪੁਲਿਸ ਯੂਨੀਅਨ ਦੁਆਰਾ ਸਮਰਥਨ ਪ੍ਰਾਪਤ ਸਿਮ ਨੇ ਆਪਣੀ ਮੇਅਰ ਮੁਹਿੰਮ ਤੋਂ ਬਾਅਦ ਬਸਤੀਵਾਦੀ ਪੁਲਿਸ ਵਿੱਚ ਵਾਧਾ ਕਰਨ ਲਈ ਢੰਢੋਰਾ ਪਿੱਟਿਆ ਹੈ।

ਦਿ ਮੇਨਲੈਂਡਰ ਨੂੰ ਦਿੱਤੇ ਇੱਕ ਬਿਆਨ ਵਿੱਚ, ਗਿੱਲ ਨੇ ਲਿਖਿਆ: "ਅਸੀਂ ਵਾਸਤਵਿਕ ਸਮੇਂ ਵਿੱਚ ਖੜ੍ਹੇ ਨਹੀਂ ਹੋਵਾਂਗੇ ਅਤੇ ਨਾ ਹੀਂ ਦੇਖਾਂਗੇ ਕਿ ਸਾਡੇ ਪੁਰਖਿਆਂ ਨਾਲ ਕੀ ਹੋਇਆ ਸੀ? ਮੇਰੇ ਪੜਦਾਦਾ ਜੀ ਅਤੇ ਸਾਡੇ ਤੋਂ ਪਹਿਲਾਂ ਆਏ ਲੋਕਾਂ ਕਾਰਨ ਮੈਂ ਕਿਸੇ ਵੀ ਰੂਪ ਦੇ ਵਿਤਕਰੇ ਵਿਰੁੱਧ ਖੜ੍ਹਾ ਹਾਂ। ਭਾਵੇਂ ਇਹ ਇਜ਼ਰਾਈਲ ਦੀ ਸਰਕਾਰ ਹੈ (ਕੈਨੇਡੀਅਨ ਸਰਕਾਰ ਦੁਆਰਾ ਸਮਰਥਤ) ਜੋ ਫਲਸਤੀਨੀਆਂ ਦੇ ਵਿਰੁੱਧ ਜੰਗੀ ਅਪਰਾਧ ਕਰ ਰਹੀ ਹੈ ਜਾਂ ਵੈਨਕੂਵਰ ਸ਼ਹਿਰ, ਜੋ ਸਾਡੇ ਗੁਆਂਢੀਆਂ ਨੂੰ ਬੇਘਰ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਕੈਂਪਾਂ ਚੋਂ ਬਾਹਰ ਕੱਢ ਰਿਹਾ ਹੈ। ਸਾਨੂੰ, ਖਾਸ ਕਰਕੇ ਪੰਜਾਬੀ ਹੋਣ ਦੇ ਨਾਤੇ,ਇਕਜੁੱਟਤਾ ਨਾਲ ਅਵਾਜ਼ ਉਠਾਉਣੀ ਚਾਹੀਦੀ ਹੈ।"

ਸਿਮ ਦੀ ਤਰ੍ਹਾਂ, ਪ੍ਰੀਮੀਅਰ ਡੇਵਿਡ ਏਬੀ ਦੀ ਸੂਬਾਈ ਲੀਡਰਸ਼ਿਪ ਨੂੰ ਵੀ ਬਸਤੀਵਾਦੀ ਸ਼ਕਤੀ ਦੀ ਪੁਨਰ ਸੁਰਜੀਤੀ ਵਜੋਂ ਪੇਸ਼ ਕੀਤਾ ਜਾ ਸਕਦਾ ਹੈ।

ਉਸਦੀ ਅਗਵਾਈ ਹੇਠ ਡੇਢ ਸਾਲ ਤੋਂ ਵੀ ਘੱਟ ਸਮੇਂ ਵਿੱਚ, ਐਥੇ ਦੀ ਐਨ.ਡੀ.ਪੀ. ਸਰਕਾਰ ਨੇ ਮਿਉਂਸਪਲ ਜਨਤਕ ਵਿਸਥਾਪਨ ਵਿੱਚ ਯੋਗਦਾਨ ਪਾਇਆ ਹੈ। ਇੱਕ ਗੈਰ-ਨਿਯੰਤ੍ਰਿਤ ਨਸ਼ੀਲੇ ਪਦਾਰਥ ਦੀ ਸਪਲਾਈ ਵਿੱਚ ਦਖਲ ਦੇਣ ਤੋਂ ਕਿਨਾਰਾ ਕੀਤਾ ਗਿਆ ਹੈ, ਜੋ ਫ਼ਸਟ ਨੇਸ਼ਨ ਦੇ ਲੋਕਾਂ ਨੂੰ ਕੁਦਰਤੀ ਮੌਤ ਤੋਂ ਛੇ ਗੁਣਾ ਵੱਧ ਦਰ 'ਤੇ ਮਾਰਨਾ ਜਾਰੀ ਰੱਖਦਾ ਹੈ। ਸਰਕਾਰ ਨੇ ਇੱਕ ਉਦਯੋਗ ਪੁਲਿਸ ਬਲ ਨੂੰ ਫੰਡ ਵਜੋਂ ਮੁਹੱਈਆ ਕਰਵਾਇਆ ਹੈ ਜੋ ਸਵਦੇਸ਼ੀ ਭੂਮੀ ਰੱਖਿਆ ਕਰਨ ਵਾਲਿਆਂ ਵਿਰੁੱਧ ਫੌਜੀ ਛਾਪੇਮਾਰੀ ਕਰਦਾ ਹੈ (ਅਤੇ ਉਸ ਨੂੰ ਫਲਸਤੀਨੀ ਪੱਖੀ ਵਿਰੋਧ ਪ੍ਰਦਰਸ਼ਨਾਂ ਲਈ ਤਾਇਨਾਤ ਕੀਤਾ ਗਿਆ ਹੈ) ਬਿੱਲ ਨੰਬਰ 34 ਪਾਸ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਲੋਕਾਂ ਨੂੰ ਅਣਇੱਛਤ ਤੌਰ 'ਤੇ ਉਜਾੜਨ ਲਈ ਪੁਲਿਸ ਸ਼ਕਤੀਆਂ ਦਾ ਵਿਸਤਾਰ ਕਰਦਾ ਹੈ। ਈਬੀ, ਨਸ਼ੇ ਦੀ ਓਵਰਡੋਜ਼ ਲੈਣ ਵਾਲਿਆਂ ਵਿਰੁੱਧ ਹਥਿਆਰ ਬਣਾਉਣ ਲਈ ਨਸਲਵਾਦੀ ਅਤੇ ਬਸਤੀਵਾਦੀ ਨਜ਼ਰਬੰਦੀ ਦੇ ਮਾਪਦੰਡਾਂ ਦੇ ਵਿਸਥਾਰ ਨਾਲ ਵੀ ਖੇਡਿਆ ਹੈ। ਹਾਲਾਂਕਿ ਸਪੱਸ਼ਟ ਸਬੂਤ ਮੌਜੂਦ ਹਨ ਕਿ ਇਸ ਉਪਾਅ ਦੇ ਨਤੀਜੇ ਵਜੋਂ ਲੋਕਾਂ ਦੀ ਮੌਤ ਹੋਵੇਗੀ। ਈਬੀ ਨੇ ਨਸਲਵਾਦੀ ਸੇਲੀਨਾ ਰੌਬਿਨ ਸਨ, ਨੂੰ ਵੀ ਆਪਣੀ ਪਾਰਟੀ ਵਿੱਚ ਥਾਂ ਦਿੱਤੀ ਹੈ।

ਕੈਨੇਡਾ ਅਤੇ ਇਸਦੇ ਪ੍ਰਾਂਤਾਂ (ਬੀ.ਸੀ. ਸਮੇਤ) ਨੇ ਇੱਕ ਸਿਸਟਮ ਦਾ ਨਿਰਮਾਣ ਕੀਤਾ ਹੈ, ਜਿਸ ਵਿੱਚ ਪੰਜਾਬ ਤੋਂ ਗਏ ਵਿਦਿਆਰਥੀਆਂ ਦਾ ਪਾਈਪਲਾਈਨ ਦੀ ਇੱਕ ਭਰਤੀ, 'ਪਰੀਡੈਟਰੀ ਰਿਕਰੂਟਮੈਂਟ'-ਦੁਆਰਾ ਸ਼ੋਸ਼ਣ ਕੀਤਾ ਜਾਂਦਾ ਹੈ ਅਤੇ ਜੋ ਸੈਲਿਸ਼ ਸਾਗਰ ਤੋਂ ਜਲੰਧਰ ਤੱਕ ਆਪਣੇ ਪੰਜੇ ਫੈਲਾਉਂਦੀ ਹੈ। ਵਿਦਿਆਰਥੀਆਂ ਦੇ ਆਉਣ ਤੋਂ ਬਾਅਦ, ਰਿਪੋਟ ਹੈ ਕਿ ਗੁਰਦੁਆਰਿਆਂ ਨੇ ਉੱਚ ਦਰਾਂ 'ਤੇ ਇਹਨਾਂ ਮ੍ਰਿਤਕ ਵਿਦਿਆਰਥੀਆਂ ਨੂੰ ਬਾਡੀ ਬੈਗਾਂ ਵਿੱਚ, ਉਹਨਾਂ ਦੇ ਪਰਿਵਾਰਾਂ ਨੂੰ ਸੌਂਪਣ ਲਈ ਵਾਪਸ ਭੇਜਿਆ ਹੈ, ਜੋ ਗੈਰ-ਨਿਯੰਤ੍ਰਿਤ ਡਰੱਗ ਸਪਲਾਈ ਦੁਆਰਾ ਮਾਰੇ ਗਏ ਹਨ। ਸਾਡੇ ਰਿਸ਼ਤੇਦਾਰ ਨਸ਼ੀਲੇ ਪਦਾਰਥਾਂ ਦੀ ਨਾਲ ਜੁੜੇ ਇਸ ਅਨਿਯਮਿਤ ਕਾਰੋਬਾਰ ਦਾ ਲਗਾਤਾਰ ਨਿਸ਼ਾਨਾ ਬਣ ਰਹੇ ਹਨ।

ਗੌਰ ਤਲਬ ਹੈ, ਨਾ ਤਾਂ ਈਬੀ, ਅਤੇ ਨਾ ਹੀ ਸਿਮ ਨੇ ਖਾਸ ਤੌਰ 'ਤੇ ਫ਼ਲਸਤੀਨ ਜੰਗਬੰਦੀ ਲਈ ਅੰਤਰਰਾਸ਼ਟਰੀ ਸੱਦਿਆਂ ਵਿੱਚ ਸ਼ਾਮਲ ਹੋਏ ਅਤੇ ਨਾ ਹੀ ਬਸਤੀਵਾਦੀ ਕਬਜ਼ੇ ਨੂੰ ਖਤਮ ਕਰਨ ਦੀ ਕੋਈ ਗੱਲ ਕੀਤੀ ਹੈ।

ਸਿਮ ਨਾਲ ਗਿੱਲ ਦਾ ਟਾਕਰਾ, ਬੀ ਸੀ ਵਿੱਚ ਪੰਜਾਬੀਆਂ ਦੁਆਰਾ ਵਧ-ਚੜ੍ਹ ਕੇ ਬਸਤੀਵਾਦੀ ਅਤੀਤ ਅਤੇ ਵਰਤਮਾਨ ਵਿਰੁੱਧ ਅਵਾਜ਼ ਉਠਾਉਣ ਅਤੇ ਬਸਤੀਵਾਦ ਵਿਰੋਧੀ ਲਹਿਰਾਂ ਵਿੱਚ ਇੱਕਜੁੱਟ ਹੋ ਕੇ ਸ਼ਾਮਲ ਹੋਣ ਦੇ ਅਹਿਦ ਨਾਲ ਹੁੰਦਾ ਹੈ।

ਜਦੋਂ ਅਸੀਂ ਬਸਤੀਵਾਦ ਦੀ ਅਧੀਨਤਾ ਅਤੇ ਨਸਲਵਾਦ ਦਾ ਸ਼ਿਕਾਰ ਹੋਏ ਆਪਣੇ ਪੁਰਖਿਆਂ ਦੇ ਇਤਿਹਾਸ 'ਤੇ ਝਾਤ ਮਾਰਦੇ ਹਾਂ, ਤਾਂ ਅਸੀਂ ਆਪਣੇ ਆਪ ਨੂੰ ਪ੍ਰਤੀਕਾਂ ਦੇ ਦਿਖਾਵਿਆਂ ਤੋਂ ਰਹਿਤ ਤਬਦੀਲੀ ਦੀ ਮੰਗ ਵਿੱਚ ਅਡੋਲ ਰਹਿਣ ਦੀ ਯਾਦ ਦਿਵਾਉਂਦੇ ਹਾਂ। ਇਸ ਦੀ ਬਜਾਏ ਨਸਲਵਾਦੀ ਅਤੇ ਬਸਤੀਵਾਦੀ ਹਿੰਸਾ ਨੂੰ ਰੋਕਣ ਲਈ ਪਦਾਰਥਕ ਪੱਧਰ ਉੱਤੇ ਸਮੱਸਿਆ ਦੇ ਨਿਵਾਰਣ ਅਤੇ ਵਚਨਬੱਧਤਾ ਦੀ ਮੰਗ ਕਰਦੇ ਹਾਂ। ਜਦੋਂ ਤੱਕ ਅਸੀਂ ਸਾਰੇ ਆਜ਼ਾਦ ਨਹੀਂ ਹਾਂ, ਸਾਡੇ ਵਿੱਚੋਂ ਕੋਈ ਵੀ ਆਜ਼ਾਦ ਨਹੀਂ ਹੈ।

# ਪਾਕਿਸਤਾਨ : ਜਮਹੂਰੀਅਤ ਦਾ ਕਰੂਪ ਚਿਹਰਾ



*ਪਾਕਿਸਤਾਨ ਦੀ ਤਰਾਸਦੀ ਨਵੇਂ ਸੰਕਟਾਂ 'ਚ ਪਰਵੇਸ਼ ਕਰਦੀ ਜਾ ਰਹੀ ਹੈ, ਜਿਸ ਕਿਸਮ ਨਾਲ ਇਹ ਦੇਸ਼ ਅੰਦਰੋਂ ਕੌਮਾਂ ਦੇ ਵਿਤਕਰੇ ਤੇ ਟਕਰਾਵਾਂ ਨਾਲ ਲੜ ਕੇ ਤਬਾਹ ਹੋ ਰਿਹਾ ਹੈ, ਆਰਥਿਕ ਮੰਦਵਾੜਾ ਲੋਕਾਂ ਦੀ ਜਾਨ ਕੱਢ ਰਿਹਾ ਹੈ, ਰਾਜਨੀਤਕ ਅਸਥਿਰਤਾ ਰੋਜ਼ਮਰਾਂ ਦਾ ਹਿਸਾ ਬਣ ਗਈਹ ਹੈ, ਮਿਲਟਰੀ ਤਾਕਤ ਹਰੇਕ ਅਦਾਰੇ ਉਪਰ ਕਾਬਜ਼ ਹੋ ਗਈ ਹੈ, ਅਜਿਹੀਆਂ ਸਥਿਤੀਆਂ ਵੀ ਚੋਣਾਂ ਕਰਵਾ ਕੇ ਲੋਕਾਂ ਦਾ ਬਾਹਰ ਆ ਜਾਣਾ ਅਹਿਮ ਪ੍ਰਾਪਤੀ ਹੈ, ਪੀਰ ਜੋ ਦੋਵਾਂ ਤੋਂ ਬਾਅਦ ਸੱਤਾ ਦੀ ਲੜਾਈ ਚਲਦੀ ਹੈ, ਉਹ ਸਾਰੀ ਦੁਨੀਆ ਨੂੰ ਦਰਸਾਉਂਦੀ ਹੈ ਕਿ ਅਜਿਹੇ ਸੰਸਾਰ 'ਚ ਅਜਿਹੇ ਮੁਲਕਾਂ ਦਾ ਕੀ ਭਵਿੱਖ ਹੋਵੇ, ਕਿਵੇਂ ਇਹ ਮੁਲਕ ਚਲਣਗੇ ਇਹ ਸਵਾਲ ਹਰੇਕ ਦੇ ਜ਼ਹਿਨ 'ਚ ਹੈ। – ਸੰਪਾਦਕ*

ਦੇਸ਼ ਵਿਚ 8 ਫਰਵਰੀ ਨੂੰ ਹੋਈਆਂ ਚੋਣਾਂ ਵਿਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਉਨ੍ਹਾਂ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਨੂੰ ਬੇਦਖਲ ਅਤੇ ਜੇਲ੍ਹ ਵਿਚ ਬੰਦ ਕੀਤੇ ਗਏ ਮਜ਼ਬੂਤ ਸਮਰਥਨ ਨੇ ਇਕ ਵੱਡੀ ਸਿਆਸੀ ਪ੍ਰੇਸ਼ਾਨੀ ਪੈਦਾ ਕਰ ਦਿੱਤੀ ਹੈ। ਇਹ ਮੰਨਿਆ ਜਾ ਰਿਹਾ ਸੀ ਕਿ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਅਗਵਾਈ ਵਾਲੀ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਪਾਰਟੀ (ਪੀ.ਐੱਮ.ਐੱਲ.ਐੱਨ.) ਆਸਾਨੀ ਨਾਲ ਜਿੱਤੇਗੀ ਪਰ ਇਹ ਬੁਰੀ ਤਰ੍ਹਾਂ ਗਲਤ ਸਾਬਤ ਹੋਇਆ। ਹਾਲਾਂਕਿ ਸ਼ਰੀਫ ਨੂੰ ਪਾਕਿਸਤਾਨ ਦੀ ਸ਼ਕਤੀਸ਼ਾਲੀ ਫੌਜੀ ਸਥਾਪਨਾ ਦਾ ਸਮਰਥਨ ਪ੍ਰਾਪਤ ਸੀ, ਪੀਟੀਆਈ ਨਾਲ ਜੁੜੇ ਆਜ਼ਾਦ ਉਮੀਦਵਾਰਾਂ ਨੇ ਪੀਐੱਮਐੱਲਐੱਨ ਦੀਆਂ 75 ਸੀਟਾਂ 'ਤੇ 93 ਸੀਟਾਂ ਲੈ ਲਈਆਂ, ਜਦਕਿ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) 54 ਸੀਟਾਂ ਨਾਲ ਤੀਜੇ ਸਥਾਨ 'ਤੇ ਰਹੀ। ਕਿਉਂਕਿ ਕਿਸੇ ਵੀ ਪਾਰਟੀ ਨੇ ਸੰਸਦ ਵਿੱਚ ਬਹੁਮਤ ਬਣਾਉਣ ਲਈ ਲੋੜੀਂਦੀਆਂ 169 ਸੀਟਾਂ ਨਹੀਂ ਜਿੱਤੀਆਂ, ਇਸ ਲਈ ਇਹ ਅਸਪਸ਼ਟ ਰਿਹਾ ਕਿ ਅਗਲੀ ਸਰਕਾਰ ਬਣਾਉਣ ਦੀ ਸਥਿਤੀ ਵਿੱਚ ਕੌਣ ਹੋਵੇਗਾ। ਖਾਨ ਅਗਸਤ ਤੋਂ ਜੇਲ੍ਹ ਵਿੱਚ ਹਨ, ਪੀਟੀਆਈ ਨੇਤਾ ਦੇ ਇੱਕ ਏਆਈ ਦੁਆਰਾ ਤਿਆਰ ਕੀਤੇ ਸੰਸਕਰਣ ਦੀ ਵਰਤੋਂ ਸਮਰਥਕਾਂ ਨੂੰ 'ਹੁਣ ਆਪਣੀ ਵੋਟ ਦੀ ਰੱਖਿਆ ਕਰਨ ਦੀ ਤਾਕਤ ਦਿਖਾਉਣ' ਲਈ ਅਪੀਲ ਕਰਨ ਲਈ ਕੀਤੀ ਗਈ ਸੀ। ਸ਼ਰੀਫ, ਆਪਣੇ ਹਿੱਸੇ ਲਈ, ਆਪਣੀ ਪਾਰਟੀ ਦੇ ਵੋਟ ਦੇ ਨਿਰਾਸ਼ਾਜਨਕ ਹਿੱਸੇ ਦਾ ਜਵਾਬ ਦਿੰਦੇ ਹੋਏ ਦ੍ਰਿੜਤਾ ਨਾਲ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਨੂੰ ਅਸਲ ਵਿੱਚ ਸਮਰਥਨ ਦਾ ਸਭ ਤੋਂ ਵੱਡਾ ਹਿੱਸਾ ਪ੍ਰਾਪਤ ਹੋਇਆ ਹੈ। ਚੋਣ ਨਤੀਜੇ ਆਉਣ ਤੋਂ ਬਾਅਦ, ਪਾਕਿਸਤਾਨ ਦੇ ਥਲ ਸੈਨਾ ਮੁਖੀ ਜਨਰਲ ਸਈਅਦ ਅਸੀਮ ਮੁਨੀ ਨੇ ਅਸ਼ਲੀਲਤਾ ਨਾਲ ਸੁਝਾਅ ਦਿੱਤਾ ਕਿ 'ਰਾਸ਼ਟਰ ਨੂੰ ਅਰਾਜਕਤਾ ਅਤੇ ਧਰੁਵੀਕਰਨ ਦੀ ਰਾਜਨੀਤੀ ਤੋਂ ਅੱਗੇ ਵਧਣ ਲਈ ਸਥਿਰ ਹੱਥਾਂ ਅਤੇ ਇੱਕ ਚੰਗਾ ਅਹਿਸਾਸ ਦੀ ਲੋੜ ਹੈ।' ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇੱਕ ਸਿਆਸੀ ਗਠਜੋੜ ਖਾਨ ਨੂੰ ਬਾਹਰ ਰੱਖਿਆ ਗਿਆ ਸੀ, ਜਨਰਲ ਨੇ ਅੱਗੇ ਕਿਹਾ ਕਿ 'ਪਾਕਿਸਤਾਨ ਦੀ ਵਿਭਿੰਨ ਰਾਜਨੀਤੀ ਅਤੇ ਬਹੁਲਵਾਦ ਦੀ ਰਾਸ਼ਟਰੀ ਉਦੇਸ਼ ਨਾਲ ਜੁੜੀਆਂ ਸਾਰੀਆਂ ਜਮਹੂਰੀ ਤਾਕਤਾਂ ਦੀ ਇਕਮੁੱਠ ਸਰਕਾਰ ਦੁਆਰਾ ਚੰਗੀ ਤਰ੍ਹਾਂ ਨੁਮਾਇੰਦਗੀ ਕੀਤੀ ਜਾਵੇਗੀ।' ਇਹ ਚੋਣਾਂ ਨਿਰਪੱਖਤਾ ਨਾਲ ਨਾ ਹੋਣ ਦੀਆਂ ਵਿਆਪਕ ਚਿੰਤਾਵਾਂ ਦੇ ਵਿਚਕਾਰ ਸਾਹਮਣੇ ਆਈਆਂ ਸਨ। 9 ਫਰਵਰੀ ਨੂੰ, ਹਿੰਸਕ 'ਪ੍ਰਦਰਸ਼ਨ ਪਹਿਲਾਂ ਹੀ ਸ਼ੁੱਕਰਵਾਰ ਨੂੰ ਵੋਟਾਂ 'ਚ ਧਾਂਦਲੀ ਦੇ ਦੋਸ਼ਾਂ ਅਤੇ ਹੌਲੀ ਵੋਟ ਗਿਣਤੀ ਨੂੰ ਲੈ ਕੇ ਸ਼ੁਰੂ ਹੋ ਗਏ ਸਨ, ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਚੇਤਾਵਨੀਆਂ ਦੇ ਵਿਚਕਾਰ ਕਿ ਚੋਣ ਨਤੀਜਿਆਂ ਦੇ ਐਲਾਨ ਵਿੱਚ ਦੇਰੀ ਦੇ ਆਲੇ ਦੁਆਲੇ 'ਪਾਰਦਰਸ਼ਤਾ ਦੀ ਘਾਟ' ਸੀ। ਡੂੰਘਾਈ ਨਾਲ ਸਬੰਧਤ।' ਖੈਬਰ ਪਖਤੂਨਖਵਾ ਵਿੱਚ, ਸਥਾਨਕ ਪੀਟੀਆਈ ਨਾਲ ਸਬੰਧਤ ਉਮੀਦਵਾਰ ਸਈਦ ਫਰੀਨ ਨੇ ਸੀਐੱਨਐੱਨ ਨੂੰ ਦੱਸਿਆ ਕਿ ਉਹ ਇੱਕ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਨ ਜਦੋਂ ਪੁਲਿਸ ਨੇ ਪ੍ਰਦਰਸ਼ਨਕਾਰੀਆਂ 'ਤੇ ਗੋਲੀਬਾਰੀ ਕੀਤੀ, ਜਿਸ ਵਿੱਚ ਦੋ ਵਰਕਰਾਂ ਦੀ ਮੌਤ ਹੋ ਗਈ ਅਤੇ ਘੱਟੋ-ਘੱਟ 24 ਜ਼ਖਮੀ ਹੋ ਗਏ। ਇਹ ਵਿਆਪਕ ਤੌਰ 'ਤੇ ਮੰਨਿਆ ਜਾਂਦਾ ਸੀ ਕਿ ਦੇਸ਼ ਦੀ ਦੇਖਭਾਲ ਕਰਨ ਵਾਲੀ ਸਰਕਾਰ ਅਤੇ ਫੌਜ ਕੰਮ ਕਰ ਰਹੀ ਸੀ। 'ਖਾਨ ਅਤੇ ਉਸਦੇ ਸਮਰਥਕਾਂ ਨੂੰ ਦਬਾਓ'। ਇਸ ਦੋਸ਼ ਵਾਲੀ ਸਥਿਤੀ ਵਿੱਚ, ਵੋਟਾਂ ਪਹਿਲਾਂ ਹੀ ਮਹੀਨਿਆਂ ਤੋਂ ਲੇਟ ਹੋਣ ਦੇ ਨਾਲ, 'ਪੀਟੀਆਈ ਦੇ ਵੋਟਰ ਤਾਰਾਂ ਨਾਲ ਤਾਲਮੇਲ ਕਰਨ ਲਈ ਬਾਹਰ ਆ ਗਏ ਸਨ, ਕਿ ਉਹ ਕਿਸੇ ਚੋਣ ਦੇ ਨਤੀਜੇ ਨੂੰ ਫੌਜ ਨੂੰ ਇਹ ਨਹੀਂ ਕਹਿਣ ਦੇਣਗੇ ਕਿ ਉਹ ਉਨ੍ਹਾਂ ਨੂੰ ਬੁਰੀ ਤਰ੍ਹਾਂ ਚਾਹੁੰਦਾ ਹੈ। ਗੁਆਉਣ ਲਈ।' ਪੀਟੀਆਈ ਦਾ ਸਮਰਥਨ ਕਰਨ ਵਾਲੇ ਉਮੀਦਵਾਰਾਂ ਨੂੰ ਅਦਾਲਤ ਦੇ ਫੈਸਲੇ ਦੁਆਰਾ ਆਜ਼ਾਦ ਵਜੋਂ ਚੋਣ ਲੜਨ ਲਈ ਮਜ਼ਬੂਰ ਕੀਤਾ ਗਿਆ ਸੀ ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਅਜਿਹੀ ਸਰਕਾਰ ਬਣਾਉਣ ਦੀ ਕੋਸ਼ਿਸ਼ ਜੋ ਖਾਨ ਨੂੰ ਸੱਤਾ ਸੰਭਾਲਣ ਤੋਂ ਰੋਕ ਸਕਦੀ ਹੈ, ਵਿੱਚ ਕੁਝ ਚੁਣੇ ਹੋਏ ਨੁਮਾਇੰਦਿਆਂ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਸ਼ਾਮਲ ਹੋਣਗੀਆਂ ਜਿਨ੍ਹਾਂ ਨੇ ਉਸਦਾ ਸਮਰਥਨ ਕੀਤਾ ਸੀ। ਇਹ ਸਪੱਸ਼ਟ ਹੈ ਕਿ ਸ਼ਰੀਫ ਪੀਪੀਪੀ ਨਾਲ ਗੱਠਜੋੜ ਬਣਾਉਣ ਲਈ ਕੰਮ ਕਰ ਰਹੇ ਹਨ ਪਰ ਇਹ ਸੁਝਾਅ ਦਿੱਤਾ ਗਿਆ ਹੈ ਕਿ ਇਸ ਦੇ ਨਤੀਜੇ ਵਜੋਂ 'ਕਮਜ਼ੋਰ ਅਤੇ ਅਸਥਿਰ ਗੱਠਜੋੜ' ਅਤੇ 'ਰਾਜਨੀਤਿਕ ਅਸਥਿਰਤਾ ਦੀ ਲੰਮੀ ਮਿਆਦ' ਹੋਵੇਗੀ। ਇਹ ਸਮਝਣਾ ਚਾਹੀਦਾ ਹੈ ਕਿ ਪਾਕਿਸਤਾਨ ਦੇ ਰਾਜਨੀਤਿਕ ਜੀਵਨ ਵਿੱਚ ਫੌਜ ਦੀ ਭੂਮਿਕਾ ਮਹੱਤਵਪੂਰਨ ਹੈ ਅਤੇ ਲੰਬੇ ਸਮੇਂ ਦੌਰਾਨ ਨਾਗਰਿਕ ਸਰਕਾਰਾਂ ਨੂੰ ਦਬਾਇਆ ਗਿਆ ਹੈ। ਇਸ ਸਥਿਤੀ ਵਿੱਚ, 'ਸਾਰੀਆਂ ਨਿਗਾਹਾਂ ਉਨ੍ਹਾਂ ਤਾਕਤਵਰ ਜਰਨੈਲਾਂ 'ਤੇ ਟਿਕੀਆਂ ਹੋਈਆਂ ਹਨ, ਜੋ ਲੰਬੇ ਸਮੇਂ ਤੋਂ ਇਸ ਦੇਸ਼ ਵਿੱਚ ਰਾਜਨੀਤੀ ਦੇ ਅੰਤਮ ਸਾਲਸ ਵਜੋਂ ਦੇਖੇ ਜਾ ਰਹੇ ਹਨ।' ਇਸ ਸੰਭਾਵਤ ਸਥਿਤੀ ਵਿੱਚ ਵੀ ਕਿ ਪੀਟੀਆਈ ਸਫਲਤਾਪੂਰਵਕ ਸ਼ਾਸਨ ਤੋਂ ਬਾਹਰ ਹੋ ਜਾਂਦੀ ਹੈ, 'ਹੁਣ ਮੁੱਖ ਸਵਾਲ ਇਹ ਹੈ। ਪਾਰਟੀ ਨੂੰ ਸਿਆਸੀ ਤੌਰ 'ਤੇ ਪਾਸੇ ਕਰਨ ਦੀ ਉਨ੍ਹਾਂ ਦੀ ਬੇਮਿਸਾਲ ਅਸਫਲਤਾ ਲਈ ਸਥਾਪਨਾ ਕਿਵੇਂ ਜਵਾਬ ਦੇਵੇਗੀ।' ਉਸ ਅਸਫਲਤਾ ਨੇ ਨਿਸ਼ਚਿਤ ਤੌਰ 'ਤੇ ਪਾਕਿਸਤਾਨ ਦੀ ਰਾਜਨੀਤਿਕ ਅਸਥਿਰਤਾ ਵਿੱਚ ਬਹੁਤ ਵਾਧਾ ਕੀਤਾ ਹੈ। 'ਦੋ ਸਾਲ ਪਹਿਲਾਂ ਖਾਨ ਦੇ ਫੌਜੀ ਹਮਲੇ ਤੋਂ ਬਾਅਦ, ਪਾਕਿਸਤਾਨੀ ਅਧਿਕਾਰੀਆਂ ਨੇ ਉਸਦੀ ਪਾਰਟੀ ਨੂੰ ਤੋੜ ਦਿੱਤਾ ਸੀ। ਇਸ ਦੇ ਕਈ ਨੇਤਾਵਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ – ਖਾਨ ਸਮੇਤ, ਜਿਨ੍ਹਾਂ ਨੂੰ ਹੁਣ ਤੱਕ ਤਿੰਨ ਵੱਖ-ਵੱਖ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ – ਅਤੇ ਚੋਣਾਂ ਦੇ ਹਫ਼ਤੇ ਪਾਰਟੀ ਦੇ ਦਫਤਰਾਂ 'ਤੇ ਛਾਪੇਮਾਰੀ ਕੀਤੀ ਗਈ ਸੀ। ਫਿਰ ਵੀ ਇੱਕ ਸਮੱਸਿਆ ਜਿਸ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ ਹੁਣ ਸ਼ਾਨਦਾਰ ਢੰਗ ਨਾਲ ਵਾਪਸ ਆ ਗਿਆ ਹੈ। 'ਬਹੁਤ ਸਾਰੇ ਖਾਨ ਸਮਰਥਕਾਂ ਲਈ, ਉਨ੍ਹਾਂ ਦਾ ਵੋਟ ਸਥਾਪਤੀ ਵਿਰੋਧੀ ਸੰਦੇਸ਼ ਭੇਜਣ ਬਾਰੇ ਸੀ ਜਿੰਨਾ ਇਹ ਜੇਲ੍ਹ ਵਿੱਚ ਬੰਦ ਸਾਬਕਾ ਪ੍ਰਧਾਨ ਮੰਤਰੀ ਦਾ ਸਮਰਥਨ ਕਰਨ ਬਾਰੇ ਸੀ।' ਘੁਸਪੈਠ ਵਾਲੀ ਫੌਜੀ ਮੌਜੂਦਗੀ ਅਤੇ ਦੇਸ਼ ਨੂੰ ਦਰਪੇਸ਼ ਬਹੁਤ ਵੱਡੀਆਂ ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਦੇ ਵਿਰੁੱਧ ਇੱਕ ਡੂੰਘੀ ਸ਼ਿਕਾਇਤ ਖਾਨ ਲਈ ਸਮਰਥਨ ਦੀ ਸ਼ਕਤੀਸ਼ਾਲੀ ਲਹਿਰ ਵਿੱਚ ਪ੍ਰਗਟ ਕੀਤਾ ਗਿਆ ਹੈ। ਹਾਲਾਂਕਿ, ਇਹ ਕਲਪਨਾ ਕਰਨਾ ਇੱਕ ਗਲਤੀ ਹੋਵੇਗੀ ਕਿ ਖਾਨ ਅਤੇ ਉਸਦੀ ਪਾਰਟੀ ਇੱਕ ਰਾਜਨੀਤਿਕ ਦਿਸ਼ਾ ਦੀ ਨੁਮਾਇੰਦਗੀ ਕਰਦੇ ਹਨ ਜੋ ਪਾਕਿਸਤਾਨ ਵਿੱਚ ਵੱਡੀ ਜਨਤਾ ਲਈ ਕੋਈ ਅਸਲ ਹੱਲ ਪੇਸ਼ ਕਰਦੀ ਹੈ। ਸਾਬਕਾ ਕ੍ਰਿਕੇਟ ਸਟਾਰ ਦੇ ਫੌਜੀ ਦਬਦਬੇ ਵਾਲੀ ਸਥਾਪਨਾ ਨਾਲ ਮਤਭੇਦ ਕਿਸੇ ਬੁਨਿਆਦੀ ਕਿਸਮ ਦੇ ਨਹੀਂ ਹਨ, ਹਾਲਾਂਕਿ ਉਹ ਕੌੜ ਨਾਲ ਖੇਡੇ ਹਨ। ਖਾਨ ਨੇ ਕੋਈ ਵੀ ਕੱਟੜਪੰਥੀ ਵਿਕਲਪਾਂ ਨੂੰ ਅੱਗੇ ਨਹੀਂ ਵਧਾਇਆ ਹੈ ਪਰ ਉਸ ਦੀ ਖੋਖਲੀ 'ਲੋਕਪ੍ਰਿਯ ਬਗਾਵਤ' ਨੇ ਫਿਰ ਵੀ ਇਹ ਉਮੀਦਾਂ ਪੈਦਾ ਕੀਤੀਆਂ ਹਨ ਕਿ ਇੱਕ ਅੜੀਅਲ ਅਤੇ ਭ੍ਰਿਸ਼ਟ ਸ਼ਕਤੀ ਢਾਂਚੇ ਦੀ ਪਕੜ ਟੁੱਟ ਸਕਦੀ ਹੈ।

ਸੱਤਾ 'ਚ ਰਹਿੰਦਿਆਂ ਆਪਣੇ ਨੀਤੀਗਤ ਉਪਾਅ ਕੀਤੇ, 'ਇਹ ਵੀ ਹੈਰਾਨੀਜਨਕ ਤੌਰ 'ਤੇ ਸਪੱਸ਼ਟ ਹੈ ਕਿ 'ਖਾਨ ਨੇ ਪਾਕਿਸਤਾਨ ਦੇ ਹੇਠਲੇ ਵਰਗਾਂ ਅਤੇ ਤੀਹ ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ, ਜੋ ਦੇਸ਼ ਦੀ ਆਬਾਦੀ ਦਾ 60 ਪ੍ਰਤੀਸ਼ਤ ਤੋਂ ਵੱਧ ਬਣਦੇ ਹਨ, ਵਿੱਚ ਵੀ ਪ੍ਰਸਿੱਧੀ ਦੇ ਵਿਸ਼ਾਲ ਭੰਡਾਰ ਲੱਭੇ ਹਨ।' ਨਿਰਾਸ਼ਾ ਅਤੇ ਗੁੱਸੇ ਦੇ ਸਰੋਤਾਂ ਦੀ ਪ੍ਰਸ਼ੰਸਾ ਕਰਨਾ ਆਸਾਨ ਹੈ ਜਿਸ ਨੂੰ ਖਾਨ ਆਪਣੇ ਵੱਲ ਖਿੱਚਣ ਦੇ ਯੋਗ ਹੋ ਗਿਆ ਹੈ ਅਤੇ ਜੋ ਕਿ ਹਾਲ ਹੀ ਵਿੱਚ ਹੋਈਆਂ ਚੋਣਾਵੀ ਪਰੇਸ਼ਾਨੀਆਂ ਵਿੱਚ ਬਹੁਤ ਸਪੱਸ਼ਟ ਤੌਰ 'ਤੇ ਪ੍ਰਗਟ ਹੋਇਆ ਸੀ। ਪਾਕਿਸਤਾਨੀ ਰਾਜ 'ਤੇ 120 ਬਿਲੀਅਨ ਡਾਲਰ ਤੋਂ ਵੱਧ ਦਾ ਵਿਦੇਸ਼ੀ ਕਰਜ਼ਾ ਅਤੇ ਇਸ ਤੋਂ ਵੀ ਵੱਧ ਘਰੇਲੂ ਕਰਜ਼ਾ ਹੈ। ਇਹ ਕਰਜ਼ੇ ਦੇ ਬੋਝ ਅਤੇ ਫੌਜੀ ਖਰਚਿਆਂ ਦੀ ਸੇਵਾ ਕਰਨ 'ਤੇ ਰਾਜ ਦੇ ਮਾਲੀਏ ਦਾ ਦੋ ਤਿਹਾਈ ਤੋਂ ਵੱਧ ਖਰਚ ਕਰ ਰਿਹਾ ਹੈ (ਜ਼ਿਆਦਾਤਰ ਪ੍ਰਤੀਕਿਰਿਆਸ਼ੀਲ, ਅਸਿੱਧੇ ਟੈਕਸਾਂ ਦੁਆਰਾ ਪ੍ਰਾਪਤ ਕੀਤਾ ਗਿਆ)। ਇਸ ਦੇ ਨਾਲ ਹੀ, ਮਹਿੰਗਾਈ '30 ਪ੍ਰਤੀਸ਼ਤ 'ਤੇ ਹੈ, ਲਗਭਗ 40 ਪ੍ਰਤੀਸ਼ਤ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ।' ਪਾਕਿਸਤਾਨ ਵੀ 2022 ਵਿੱਚ ਭਾਰੀ ਹੜ੍ਹਾਂ ਦੁਆਰਾ ਤਬਾਹ ਹੋਇਆ ਸੀ ਜਿਸ ਨੇ '80 ਲੱਖ ਲੋਕਾਂ ਨੂੰ ਉਜਾੜ ਦਿੱਤਾ ਸੀ ਅਤੇ ਦੇਸ਼ ਨੂੰ $30 ਬਿਲੀਅਨ ਦਾ ਨੁਕਸਾਨ ਹੋਇਆ ਸੀ। ਕਪਾਹ ਦੀਆਂ ਫਸਲਾਂ ਦੇ ਨੁਕਸਾਨ ਨੇ ਦੇਸ਼ ਦੇ ਟੈਕਸਟਾਈਲ ਉਦਯੋਗ ਨੂੰ ਤਬਾਹ ਕਰ ਦਿੱਤਾ, ਜੋ ਕਿ ਨਿਰਯਾਤ ਦਾ ਇੱਕ ਮੁੱਖ ਸਰੋਤ ਹੈ।' ਇਨ੍ਹਾਂ ਹੜ੍ਹਾਂ ਦਾ ਪ੍ਰਭਾਵ ਪਾਕਿਸਤਾਨ ਵਿੱਚ ਲੋਕਾਂ ਦੇ ਜੀਵਨ ਨੂੰ ਪ੍ਰਭਾਵਤ ਕਰਨਾ ਜਾਰੀ ਹੈ ਅਤੇ ਠੀਕ ਢੰਗ ਨਾਲ ਮੁੜ ਨਿਰਮਾਣ ਅਤੇ ਮੁੜ ਨਿਰਮਾਣ ਦੇ ਸਾਧਨਾਂ ਦੀ ਘਾਟ ਹੈ। ਪਿਛਲੇ ਸਾਲ, ਆਪਣੇ ਕਰਜ਼ਿਆਂ 'ਤੇ ਡਿਫਾਲਟ ਹੋਣ ਦੇ ਬਿਲਕੁਲ ਕਿਨਾਰੇ 'ਤੇ, ਪਾਕਿਸਤਾਨ ਨੇ 'IMF ਤੋਂ 3 ਬਿਲੀਅਨ ਡਾਲਰ ਦਾ ਕਰਜ਼ਾ ਪ੍ਰਾਪਤ ਕੀਤਾ – 1958 ਤੋਂ ਇਸਦਾ 23ਵਾਂ ਫੰਡ ਪ੍ਰੋਗਰਾਮ। ਹਾਲਾਂਕਿ, ਉਧਾਰ ਪੈਕੇਜ ਸਖਤ ਸ਼ਰਤਾਂ ਅਤੇ ਗੈਰ-ਪ੍ਰਸਿੱਧ ਸੁਧਾਰਾਂ ਦੇ ਨਾਲ ਆਇਆ ਸੀ।' 'ਤੇ ਨਵੇਂ ਟੈਕਸ ਲਗਾਏ ਗਏ ਸਨ। ਬਿਜਲੀ ਖੇਤਰ ਅਤੇ ਸਰਕਾਰ ਨੂੰ 'ਉਪਯੋਗਤਾ ਸਬਸਿਡੀਆਂ ਨੂੰ ਘਟਾਉਣ ਲਈ ਮਜਬੂਰ ਕੀਤਾ ਗਿਆ, ਜਿਸ ਕਾਰਨ ਬਿਜਲੀ ਦੀਆਂ ਕੀਮਤਾਂ ਵਿੱਚ ਤਿੱਖਾ ਵਾਧਾ ਹੋਇਆ, ਖਾਸ ਤੌਰ 'ਤੇ ਗਰੀਬ ਪਰਿਵਾਰਾਂ ਨੂੰ ਭਾਰੀ ਮਾਰ ਪਈ।' ਪਾਕਿਸਤਾਨ ਵਿੱਚ ਲੋਕ ਇੱਕ ਗੰਭੀਰ ਅਤੇ ਤੇਜ਼ੀ ਨਾਲ ਵਿਗੜਦੀ ਆਰਥਿਕ ਸਥਿਤੀ ਦਾ ਸਾਹਮਣਾ ਕਰ ਰਹੇ ਹਨ। ਉਹ ਅੰਤਰਰਾਸ਼ਟਰੀ ਕਰਜ਼ੇ ਨੂੰ ਕੁਚਲਣ ਅਤੇ ਜਲਵਾਯੂ ਤਬਦੀਲੀ ਦੇ ਪੂਰੇ ਪ੍ਰਭਾਵ ਦਾ ਸਾਹਮਣਾ ਕਰਦੇ ਹਨ। ਉਨ੍ਹਾਂ ਦੇ ਜੀਵਨ 'ਤੇ ਇੱਕ ਭ੍ਰਿਸ਼ਟ ਅਤੇ ਖੰਡਿਤ ਰਾਜਨੀਤਿਕ ਵਿਵਸਥਾ ਦਾ ਦਬਦਬਾ ਹੈ ਜੋ ਇੱਕ ਸ਼ਕਤੀਸ਼ਾਲੀ ਅਤੇ ਹਮਲਾਵਰ ਫੌਜੀ ਸਥਾਪਨਾ ਦੀ ਨਿਗਰਾਨੀ ਹੇਠ ਕੰਮ ਕਰਦਾ ਹੈ। ਇਹ ਉਹ ਕੌੜੀ ਹਕੀਕਤ ਹੈ ਜਿਸ ਨੇ ਇਮਰਾਨ ਖ਼ਾਨ ਅੱਗੇ ਰੱਖੇ ਇੱਕ ਸਾਰਥਕ ਬਦਲ ਦੇ ਭਰਮ ਦਾ ਰਾਹ ਖੋਲ੍ਹਿਆ ਹੈ। ਹਾਲਾਂਕਿ, ਬਹੁਤ ਹੀ ਅਸਲ ਅਤੇ ਡੂੰਘੀਆਂ ਸ਼ਿਕਾਇਤਾਂ ਨੇ ਹਾਲ ਹੀ ਦੀਆਂ ਚੋਣਾਂ ਵਿੱਚ ਉਹਨਾਂ ਦੇ ਪ੍ਰਗਟਾਵੇ ਨੂੰ ਲੱਭਿਆ ਜਿਸ ਨੂੰ ਕਾਬੂ ਕਰਨਾ ਆਸਾਨ ਨਹੀਂ ਹੋਵੇਗਾ। ਖਾਨ ਅਤੇ ਪੀ.ਟੀ.ਆਈ ਦਾ ਬੰਦ ਹੋਣਾ ਹੀ ਸੱਤਾਧਾਰੀ ਹਿੱਤਾਂ ਦੇ ਭ੍ਰਿਸ਼ਟ ਅਤੇ ਲੋਕਤੰਤਰ ਵਿਰੋਧੀ ਸੁਭਾਅ ਨੂੰ ਉਜਾਗਰ ਕਰੇਗਾ। ਜੇ ਨਵਾਜ਼ ਸ਼ਰੀਫ਼ ਜਨਰਲਾਂ ਦੀ ਮਨਜ਼ੂਰੀ ਨਾਲ ਸਰਕਾਰ ਬਣਾਉਣ ਦੇ ਯੋਗ ਹੋ ਜਾਂਦੇ ਹਨ, ਤਾਂ ਇਹ ਸ਼ੁਰੂ ਤੋਂ ਹੀ ਇੱਕ ਬਦਨਾਮ ਸੰਸਥਾ ਵਜੋਂ ਕੰਮ ਕਰੇਗੀ। ਚੋਣਾਂ ਦੌਰਾਨ ਸਾਹਮਣੇ ਆਏ ਵਿਸਫੋਟਕ ਗੁੱਸੇ ਦੇ ਸਿਆਸੀ ਤਾਕਤ ਦੇ ਦਲਾਲਾਂ ਦੇ ਮੁਕਾਬਲੇ ਵਾਲੇ ਹਿੱਤਾਂ ਦੀ ਲੜਾਈ ਨਾਲੋਂ ਬਹੁਤ ਡੂੰਘੇ ਕਾਰਨ ਹਨ, ਪਰ ਲੋਕਤੰਤਰੀ ਪ੍ਰਕਿਰਿਆ ਨੂੰ ਅਸਫਲ ਕਰਨ ਲਈ ਉਨ੍ਹਾਂ ਦੀ ਬੇਸ਼ਰਮੀ ਭਰੀ ਤਤਪਰਤਾ ਬੇਇੱਜ਼ਤੀ ਨੂੰ ਸੱਟ ਦਿੰਦੀ ਹੈ। ਪਾਕਿਸਤਾਨ ਦੀਆਂ ਚੋਣਾਂ ਵਿਚ ਪਰੇਸ਼ਾਨੀ ਅਤੇ ਸਿਆਸੀ ਸਮੱਸਿਆਵਾਂ ਨੂੰ ਹੱਲ ਕਰਨ ਦੀ ਬੇਢੰਗੀ ਕੋਸ਼ਿਸ਼ ਨੇ ਆਉਣ ਵਾਲੇ ਦਿਨਾਂ ਵਿਚ ਸਮਾਜਿਕ ਸੰਘਰਸ਼ ਜਾਰੀ ਰੱਖਣ ਦਾ ਸੰਕੇਤ ਦਿੱਤਾ ਹੈ।

# ਅਲਬਰਟ ਆਇਨਸਟਾਈਨ ਵੱਲੋਂ ਆਪਣੀ ਧੀ ਨੂੰ ਇੱਕ ਚਿੱਠੀ

ਅਲਬਰਟ ਆਇਨਸਟਾਈਨ ਵੱਲੋਂ ਆਪਣੀ ਧੀ ਨੂੰ ਇੱਕ ਚਿੱਠੀ 1980 ਦੇ ਦਹਾਕੇ ਦੇ ਅਖੀਰ ਵਿੱਚ, ਮਸ਼ਹੂਰ ਪ੍ਰਤਿਭਾ ਦੀ ਧੀ, ਲੀਜ਼ਰਲ ਨੇ ਆਈਨਸਟਾਈਨ ਦੁਆਰਾ ਲਿਖੀਆਂ 1,400 ਚਿੱਠੀਆਂ, ਹਿਬਰੂ ਯੂਨੀਵਰਸਿਟੀ ਨੂੰ ਦਾਨ ਕੀਤੀਆਂ, ਉਹਨਾਂ ਦੀ ਮੌਤ ਤੋਂ ਦੋ ਦਹਾਕਿਆਂ ਤੱਕ ਉਹਨਾਂ ਦੀ ਸਮੱਗਰੀ ਨੂੰ ਪ੍ਰਕਾਸ਼ਿਤ ਨਾ ਕਰਨ ਦੇ ਆਦੇਸ਼ ਦੇ ਨਾਲ। ਇਹ ਉਹਨਾਂ ਵਿੱਚੋਂ ਇੱਕ ਹੈ, ਲੀਜ਼ਰਲ ਆਈਨਸਟਾਈਨ ਲਈ। 'ਜਦੋਂ ਮੈਂ ਸਾਪੇਖਤਾ ਦੇ ਸਿਧਾਂਤ ਦਾ ਪ੍ਰਸਤਾਵ ਕੀਤਾ, ਬਹੁਤ ਘੱਟ ਲੋਕਾਂ ਨੇ ਮੈਨੂੰ ਸਮਝਿਆ, ਅਤੇ ਜੋ ਮੈਂ ਹੁਣ ਮਨੁੱਖਜਾਤੀ ਨੂੰ ਸੰਚਾਰਿਤ ਕਰਨ ਲਈ ਪ੍ਰਗਟ ਕਰਾਂਗਾ, ਉਹ ਸੰਸਾਰ ਵਿੱਚ ਗਲਤਫਹਿਮੀ ਅਤੇ ਪੱਖਪਾਤ ਨਾਲ ਵੀ ਟਕਰਾ ਜਾਵੇਗਾ। ਮੈਂ ਤੁਹਾਨੂੰ ਚਿੱਠੀਆਂ ਦੀ ਰੱਖਿਆ ਕਰਨ ਲਈ ਕਹਿੰਦਾ ਹਾਂ ਜਿੰਨਾ ਚਿਰ ਲੋੜ ਹੋਵੇ, ਸਾਲਾਂ, ਦਹਾਕਿਆਂ ਤੱਕ, ਜਦੋਂ ਤੱਕ ਸਮਾਜ ਇਸ ਗੱਲ ਨੂੰ ਸਵੀਕਾਰ ਕਰਨ ਲਈ ਕਾਫ਼ੀ ਉੱਨਤ ਨਹੀਂ ਹੁੰਦਾ ਜੋ ਮੈਂ ਹੇਠਾਂ ਦੱਸਾਂਗਾ। ਇੱਥੇ ਇੱਕ ਬਹੁਤ ਹੀ ਸ਼ਕਤੀਸ਼ਾਲੀ ਸ਼ਕਤੀ ਹੈ ਜਿਸਦਾ, ਹੁਣ ਤੱਕ, ਵਿਗਿਆਨ ਨੂੰ ਕੋਈ ਰਸਮੀ ਵਿਆਖਿਆ ਨਹੀਂ ਮਿਲੀ ਹੈ। ਇਹ ਇੱਕ ਸ਼ਕਤੀ ਹੈ ਜਿਸ ਵਿੱਚ ਬਾਕੀ ਸਾਰੇ ਸ਼ਾਮਲ ਹਨ ਅਤੇ ਉਹਨਾਂ ਨੂੰ ਨਿਯੰਤ੍ਰਿਤ ਕਰਦੇ ਹਨ ਅਤੇ ਬ੍ਰਹਿਮੰਡ ਵਿੱਚ ਕੰਮ ਕਰਨ ਵਾਲੇ ਕਿਸੇ ਵੀ ਵਰਤਾਰੇ ਦੇ ਪਿੱਛੇ ਵੀ ਹੈ ਅਤੇ ਅਜੇ ਤੱਕ ਸਾਡੇ ਦੁਆਰਾ ਪਛਾਣਿਆ ਨਹੀਂ ਗਿਆ ਹੈ। ਇਹ ਵਿਸ਼ਵਵਿਆਪੀ ਸ਼ਕਤੀ ਪਿਆਰ ਹੈ। ਜਦੋਂ ਵਿਗਿਆਨੀਆਂ ਨੇ ਬ੍ਰਹਿਮੰਡ ਦੇ ਇੱਕ ਏਕੀਕ੍ਰਿਤ ਸਿਧਾਂਤ ਦੀ ਖੋਜ ਕੀਤੀ ਤਾਂ ਉਹ ਸਭ ਤੋਂ ਸ਼ਕਤੀਸ਼ਾਲੀ ਅਣਦੇਖੀ ਸ਼ਕਤੀ ਨੂੰ ਭੁੱਲ ਗਏ। ਪਿਆਰ ਰੋਸ਼ਨੀ ਹੈ, ਜੋ ਉਹਨਾਂ ਨੂੰ ਪ੍ਰਕਾਸ਼ਮਾਨ ਕਰਦਾ ਹੈ ਜੋ ਇਸਨੂੰ ਦਿੰਦੇ ਹਨ ਅਤੇ ਪ੍ਰਾਪਤ ਕਰਦੇ ਹਨ। ਪਿਆਰ ਗੰਭੀਰਤਾ ਹੈ, ਕਿਉਂਕਿ ਇਹ ਕੁਝ ਲੋਕਾਂ ਨੂੰ ਦੂਜਿਆਂ ਪ੍ਰਤੀ ਆਕਰਸ਼ਿਤ ਮਹਿਸੂਸ ਕਰਦਾ ਹੈ। ਪਿਆਰ ਸ਼ਕਤੀ ਹੈ, ਕਿਉਂਕਿ ਇਹ ਸਾਡੇ ਕੋਲ ਸਭ ਤੋਂ ਉੱਤਮ ਗੁਣਾਂ ਨੂੰ ਵਧਾਉਂਦਾ ਹੈ ਅਤੇ ਮਨੁੱਖਤਾ ਨੂੰ ਆਪਣੇ ਅੰਨ੍ਹੇ ਸੁਆਰਥ ਵਿੱਚ ਬੁਝਣ ਨਹੀਂ ਦਿੰਦਾ ਹੈ। ਪਿਆਰ ਪ੍ਰਗਟ ਹੁੰਦਾ ਹੈ ਅਤੇ ਪ੍ਰਗਟ ਹੁੰਦਾ ਹੈ। ਪਿਆਰ ਲਈ ਅਸੀਂ ਜੀਉਂਦੇ ਹਾਂ ਅਤੇ ਮਰਦੇ ਹਾਂ। ਪਿਆਰ ਰੱਬ ਹੈ ਅਤੇ ਰੱਬ ਪਿਆਰ ਹੈ। ਇਹ ਸ਼ਕਤੀ ਹਰ ਚੀਜ਼ ਦੀ ਵਿਆਖਿਆ ਕਰਦੀ ਹੈ ਅਤੇ ਜੀਵਨ ਨੂੰ ਅਰਥ ਦਿੰਦੀ ਹੈ। ਇਹ ਉਹ ਵੇਰੀਏਬਲ ਹੈ ਜਿਸ ਨੂੰ ਅਸੀਂ ਬਹੁਤ ਲੰਬੇ ਸਮੇਂ ਤੋਂ ਨਜ਼ਰਅੰਦਾਜ਼ ਕੀਤਾ ਹੈ, ਹੋ ਸਕਦਾ ਹੈ



ਕਿਉਂਕਿ ਅਸੀਂ ਪਿਆਰ ਤੋਂ ਡਰਦੇ ਹਾਂ ਕਿਉਂਕਿ ਇਹ ਬ੍ਰਹਿਮੰਡ ਵਿੱਚ ਇੱਕੋ ਇੱਕ ਊਰਜਾ ਹੈ ਜੋ ਮਨੁੱਖ ਨੇ ਆਪਣੀ ਮਰਜ਼ੀ ਨਾਲ ਗੱਡੀ ਚਲਾਉਣਾ ਨਹੀਂ ਸਿੱਖਿਆ ਹੈ। ਪਿਆਰ ਨੂੰ ਦਿੱਖ ਦੇਣ ਲਈ, ਮੈਂ ਆਪਣੇ ਸਭ ਤੋਂ ਮਸ਼ਹੂਰ ਸਮੀਕਰਨ ਵਿੱਚ ਇੱਕ ਸਧਾਰਨ ਬਦਲ ਬਣਾਇਆ ਹੈ। ਜੇਕਰ 5=mc2 ਦੀ ਬਜਾਏ, ਅਸੀਂ ਸਵੀਕਾਰ ਕਰਦੇ ਹਾਂ ਕਿ ਸੰਸਾਰ ਨੂੰ ਠੀਕ ਕਰਨ ਦੀ ਊਰਜਾ ਪ੍ਰਕਾਸ਼ ਵਰਗ ਦੀ ਗਤੀ ਨਾਲ ਗੁਣਾ ਪਿਆਰ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ, ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਪਿਆਰ ਸਭ ਤੋਂ ਸ਼ਕਤੀਸ਼ਾਲੀ ਸ਼ਕਤੀ ਹੈ, ਕਿਉਂਕਿ ਇਸਦੀ ਕੋਈ ਸੀਮਾ ਨਹੀਂ ਹੈ। ਬ੍ਰਹਿਮੰਡ ਦੀਆਂ ਹੋਰ ਸ਼ਕਤੀਆਂ ਜੋ ਸਾਡੇ ਵਿਰੁੱਧ ਹੋ ਗਈਆਂ ਹਨ, ਦੀ ਵਰਤੋਂ ਅਤੇ ਨਿਯੰਤਰਣ ਵਿੱਚ ਮਨੁੱਖਤਾ ਦੀ ਅਸਫਲਤਾ ਤੋਂ ਬਾਅਦ, ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਆਪ ਨੂੰ ਇੱਕ ਹੋਰ ਕਿਸਮ ਦੀ ਊਰਜਾ ਨਾਲ ਪੋਸ਼ਣ ਕਰੀਏ ... ਜੇ ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਨਸਲਾਂ ਬਚੀਆਂ ਰਹਿਣ, ਜੇ ਅਸੀਂ ਜੀਵਨ ਵਿੱਚ ਅਰਥ ਲੱਭਣਾ ਚਾਹੁੰਦੇ ਹਾਂ, ਜੇ ਅਸੀਂ ਸੰਸਾਰ ਨੂੰ ਬਚਾਉਣਾ ਚਾਹੁੰਦੇ ਹਾਂ ਅਤੇ ਇਸ ਵਿੱਚ ਵੱਸਣ ਵਾਲੇ ਹਰੇਕ ਸੰਵੇਦਨਸ਼ੀਲ ਜੀਵ ਨੂੰ ਬਚਾਉਣਾ ਚਾਹੁੰਦੇ ਹਾਂ, ਤਾਂ ਪਿਆਰ ਹੀ ਇੱਕੋ ਇੱਕ ਜਵਾਬ ਹੈ। ਸ਼ਾਇਦ ਅਸੀਂ ਅਜੇ ਤੱਕ ਪਿਆਰ ਦਾ ਬੰਬ ਬਣਾਉਣ ਲਈ ਤਿਆਰ ਨਹੀਂ ਹਾਂ, ਇੱਕ ਅਜਿਹਾ ਯੰਤਰ ਜੋ ਐਨਾ ਸ਼ਕਤੀਸ਼ਾਲੀ ਹੈ ਕਿ ਧਰਤੀ ਨੂੰ ਤਬਾਹ ਕਰਨ ਵਾਲੇ ਨਫ਼ਰਤ, ਸਵਾਰਥ ਅਤੇ ਲਾਲਚ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਸਕੇ। ਹਾਲਾਂਕਿ, ਹਰੇਕ ਵਿਅਕਤੀ ਆਪਣੇ ਅੰਦਰ ਪਿਆਰ ਦਾ ਇੱਕ ਛੋਟਾ ਪਰ ਸ਼ਕਤੀਸ਼ਾਲੀ ਜਨਰੇਟਰ ਰੱਖਦਾ ਹੈ ਜਿਸਦੀ ਊਰਜਾ ਜਾਰੀ ਹੋਣ ਦੀ ਉਡੀਕ ਕਰ ਰਹੀ ਹੈ। ਜਦੋਂ ਅਸੀਂ ਇਸ ਵਿਸ਼ਵਵਿਆਪੀ ਊਰਜਾ ਨੂੰ ਦੇਣਾ ਅਤੇ ਪ੍ਰਾਪਤ ਕਰਨਾ ਸਿੱਖਦੇ ਹਾਂ, ਪਿਆਰੇ ਲੀਜ਼ਰਲ, ਅਸੀਂ ਇਸ ਗੱਲ ਦੀ ਪੁਸ਼ਟੀ ਕਰ ਲਵਾਂਗੇ ਕਿ ਪਿਆਰ ਸਭ ਨੂੰ ਜਿੱਤ ਲੈਂਦਾ ਹੈ, ਹਰ ਚੀਜ਼ ਅਤੇ ਕਿਸੇ ਵੀ ਚੀਜ਼ ਨੂੰ ਪਾਰ ਕਰਨ ਦੇ ਯੋਗ ਹੁੰਦਾ ਹੈ, ਕਿਉਂਕਿ ਪਿਆਰ ਜੀਵਨ ਦਾ ਤੱਤ ਹੈ। ਮੈਂ ਆਪਣੇ ਦਿਲ ਦੀ ਗੱਲ ਨੂੰ ਬਿਆਨ ਨਹੀਂ ਕਰ ਸਕਿਆ, ਜੋ ਸਾਰੀ ਉਮਰ ਤੁਹਾਡੇ ਲਈ ਚੁੱਪ-ਚਾਪ ਧੜਕਦਾ ਰਿਹਾ। ਹੋ ਸਕਦਾ ਹੈ ਕਿ ਮਾਫੀ ਮੰਗਣ ਵਿੱਚ ਬਹੁਤ ਦੇਰ ਹੋ ਗਈ ਹੋਵੇ, ਪਰ ਜਿਵੇਂ ਕਿ ਸਮਾਂ ਰਿਸ਼ਤੇਦਾਰ ਹੈ, ਮੈਨੂੰ ਤੁਹਾਨੂੰ ਇਹ ਦੱਸਣ ਦੀ ਜ਼ਰੂਰਤ ਹੈ ਕਿ ਮੈਂ ਤੁਹਾਨੂੰ ਪਿਆਰ ਕਰਦਾ ਹਾਂ ਅਤੇ ਤੁਹਾਡਾ ਧੰਨਵਾਦ ਮੈਂ ਅੰਤਮ ਜਵਾਬ ਤੱਕ ਪਹੁੰਚ ਗਿਆ ਹਾਂ! 'ਤੇਰਾ ਪਿਤਾ, ਐਲਬਰਟ ਆਇਨਸਟਾਈਨ'


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# HOMELIFE SILVERCITY
REALTY INC.,BROKERAGE
(Independently Owned and Operated)

HOMELIFE HIGHER STANDARDS

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 900 REALTORS

HOMELIFE HIGHER STANDARDS

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
**905.913.8500**
www.HomelifeSilvercityTeam.com




**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton





# DEBT PROBLEMS?

ਵਿੱਤੀ ਸਮੱਸਿਆਵਾਂ ਨੂੰ ਅਲਵਿਦਾ ਕਹੋ, ਚੰਗੇ ਸਮਿਆਂ ਨੂੰ ਜੀ ਆਇਆਂ ਕਹੋ

with **Steve Talwar**

"Our Thoughts Are Beyond Your Limits"

**Goodbye Problems.com**

- Help in Consumer Proposal
- Help in Bankruptcy
- Help in Credit Repair
- Help in Debt Consolidation
- Helping Small Business Owners
- Free Consultation
- Will Motivate You Thur The Dark Phases
- Check out our Website for More Information and Our Testimonials

23 Years Experienced Credit Counselor

ਕਿਸੇ ਟਰੱਸਟੀ ਨਾਲ ਗੱਲ ਕਰਨ ਤੋਂ ਪਹਿਲਾਂ ਆਪਣੇ ਅਧਿਕਾਰਾਂ ਨੂੰ ਸਮਝੋ

## Feeling Stressed By your Debts

We Help In

- Harassing Calls from Creditors?
- Students loan & Payday loans
- Missing EMI Payment?
- Looking for debt settlements?
- Legal action due to your debts?
- CRA issues & Salary Garnishment
- Corporate Bankruptcy
- Corporate Proposal
- Debt management

We are here to resolve all your Debt Problems

Avoid Bankruptcy We can help



Steve Talwar
Credit Consultant

**(905) 272 0090**

2 County Ct Blvd Suite : 434, Brampton, On L6W 3W8

steve@goodbyeproblems.com | www.GoodByeProblems.com



# Thinking of Buying or Selling Your Home?

ਕਿਸੇ ਤਰ੍ਹਾਂ ਦਾ ਵੀ ਘਰ ਖਰੀਦਣਾ ਜਾਂ ਵੇਚਣਾ ਹੋਵੇ ਤਾਂ ਅੱਜ ਹੀ ਸੰਪਰਕ ਕਰੋ

## GS MANN

**587-777-7000**

www.myfirsthomeincalgary.ca

RE/MAX IREALTY INNOVATIONS





# Taralake Dental

Taralake Dental offers Full Range of General and Cosmetic Dental Services

TARALAKE DENTAL

**We Offer**

Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction

**Ph. : 403-455-1600 | Fax : 403-764-9788**

contact@taralakedental.com | www.taralakedental.com

Unit 321 (2nd Floor) 7171 80th Ave NE Calgary, AB T3J 0P6

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.) ਵਲੋਂ

ਸਿੱਖ ਵਿਰਸਾ ਇੰਟਰਨੈਸ਼ਨਲ, ਮੀਡੀਆ ਅਤੇ ਸਪਾਂਸਰਜ਼ ਵੀਰਾਂ ਦੇ ਸਹਿਯੋਗ ਦੇ ਨਾਲ

*ਸਵ. ਸੋਹਣ ਮਾਨ ਯਾਦਗਾਰੀ 13ਵਾਂ ਸਲਾਨਾ ਅਗਾਂਹਵਧੂ ਸਭਿਆਚਾਰਕ*

## ਨਾਟਕ ਸਮਾਗਮ

23 ਜੂਨ 2024 ਦਿਨ ਐਤਵਾਰ ਨੂੰ ਸ਼ਾਮ 5.00 ਤੋਂ 8.00 ਵਜੇ ਤੱਕ

Red Stone Theatre, 5 Red Stone Heights NE Calgary AB T3N 0T6 ਵਿਖੇ ਕਰਵਾਇਆ ਜਾ ਰਿਹਾ ਹੈ

ਨਾਟਕ ਤੇ ਕੋਰੀਓਗ੍ਰਾਫੀ ਵਿਚ ਭਾਗ ਲੈਣ ਲਈ ਕਮਲਪ੍ਰੀਤ ਪੰਧੇਰ ਨਾਲ 403-479-4220 'ਤੇ ਸੰਪਰਕ

*ਹੋਰ ਜਾਣਕਾਰੀ ਲਈ ਮਾ. ਭਜਨ ਸਿੰਘ 403-455-4220 ਅਤੇ ਹਰਚਰਨ ਪਰਹਾਰ 403-681-8689 'ਤੇ ਸੰਪਰਕ ਕਰੋ*